ਕਨੇਡਾ ਵਿੱਚ ਪੰਜਾਬੀ ਬੋਲੀ

ਕਨੇਡਾ
ਅਤੇ ਖਾਸ ਕਰ
ਬ੍ਰਿਟਿਸ਼ ਕੋਲੰਬੀਆ ਵਿੱਚ
ਪੰਜਾਬੀ ਬੋਲੀ ਦੇ ਵਿਕਾਸ ਹਿੱਤ ਹੋਈਆਂ
ਸਰਗਰਮੀਆਂ
ਦਾ
ਦਸਤਾਵੇਜ

ਸਾਧੂ ਬਿਨਿੰਗ

ਕਨੇਡਾ ਵਿੱਚ ਪੰਜਾਬੀ ਬੋਲੀ

ਕਨੇਡਾ ਅਤੇ ਖਾਸ ਕਰ ਬ੍ਰਿਟਿਸ਼ ਕੋਲੰਬੀਆ ਵਿੱਚ
ਪੰਜਾਬੀ ਬੋਲੀ ਦੇ ਵਿਕਾਸ ਹਿੱਤ ਹੋਈਆਂ
ਸਰਗਰਮੀਆਂ ਦਾ
ਦਸਤਾਵੇਜ

ਸਾਧੂ ਬਿਨਿੰਗ

ਚੇਤਨਾ ਪ੍ਰਕਾਸ਼ਨ
ਪੰਜਾਬੀ ਭਵਨ, ਲੁਧਿਆਣਾ

ਲੇਖਕ ਦੀਆਂ ਹੋਰ ਕਿਤਾਬਾਂ:

2025 **ਨਾਸਤਿਕ ਹੋਣਾ** ਨਾਸਤਿਕਤਾ ਬਾਰੇ ਪੰਜਾਬੀ ਕਾਵਿ ਸੰਗ੍ਰਹਿ

2023 **ਨਾਸਤਿਕ ਬਾਣੀ** (ਤੀਸਰਾ ਵਧਾਇਆ ਐਡੀਸ਼ਨ। ਪਹਿਲਾ 2012 ਵਿੱਚ, ਦੂਜਾ 2013 ਵਿੱਚ)

2017 **ਬੇਇੱਜ਼ਤ** (ਸਰਬਜੀਤ ਕੌਰ ਅਠਵਾਲ ਦੀ ਪੁਸਤਕ Shamed ਦਾ ਅਨੁਵਾਦ - ਸੁਖਵੰਤ ਹੁੰਦਲ ਤੇ ਗੁਰਮੇਲ ਰਾਏ ਨਾਲ ਸਾਂਝਾ)

2015 **ਜੁਗਤੂ** (ਨਾਵਲ) (ਪਹਿਲਾ ਐਡੀਸ਼ਨ 2002 ਵਿਚ)

2014 **Fauji Banta Singh and Other Stories** (Short Fiction in English) **ਫੌਜੀ ਬੰਤਾ ਸਿੰਘ ਐਂਡ ਅਦਰ ਸਟੋਰੀਜ਼**

2013 **ਨਾਸਤਿਕ ਬਾਣੀ** (ਦੂਸਰਾ ਐਡੀਸ਼ਨ। ਪਹਿਲਾ 2012 ਵਿੱਚ)

2001 **ਬੱਢ ਢਿੱਲੋਂ ਅਤੇ ਤੋਤੇ ਦੀ ਚੁੰਝ** (ਕਰਤਾਰ ਢਿੱਲੋਂ ਦੀ ਲਿਖਤ ਦਾ ਅਨੁਵਾਦ)

2001 **ਲੱਤਾਂ ਦੇ ਭੂਤ** (ਨਾਟਕ ਸੰਗ੍ਰਹਿ - ਸੁਖਵੰਤ ਹੁੰਦਲ ਨਾਲ ਸਾਂਝਾ)

2001 **ਲੀਹੋਂ ਲੱਥੇ** (ਕਹਾਣੀ ਸੰਗ੍ਰਹਿ) (ਪਹਿਲਾ-1994 ਵਿੱਚ)

2001 **ਯਾਰ ਮੇਰਾ ਦਰਿਆ** (ਕਾਵਿ-ਸੰਗ੍ਰਹਿ)

2001 **ਕਿਸ ਦਾ ਕਸੂਰ** (ਕਹਾਣੀ-ਸੰਗ੍ਰਹਿ) (ਪਹਿਲਾ 1982 ਵਿੱਚ)

2000 **ਸੰਘਰਸ਼ ਦੇ ਸੌ ਵਰ੍ਹੇ: ਕਨੇਡਾ ਵਿੱਚ ਪੰਜਾਬੀ ਪ੍ਰਗਤੀਸ਼ੀਲ ਲਹਿਰ** (ਸੁਖਵੰਤ ਹੁੰਦਲ ਨਾਲ ਸਾਂਝੀ ਖੋਜ)

2000 **ਕਥਾ ਕਨੇਡਾ** (ਸਹਿ-ਸੰਪਾਦਿਤ (ਸੁਖਵੰਤ ਹੁੰਦਲ ਨਾਲ) ਕਹਾਣੀ ਸੰਗ੍ਰਹਿ)

1997 **ਭਾਰਤੀਆਂ ਨੇ ਕਨੇਡਾ ਵਿੱਚ ਵੋਟ ਦਾ ਹੱਕ ਕਿਵੇਂ ਲਿਆ** (ਸੁਖਵੰਤ ਹੁੰਦਲ ਨਾਲ ਸਾਂਝੀ ਖੋਜ)

1995 **ਪਿਕਟ ਲਾਈਨ** (ਨਾਟਕ ਸੰਗ੍ਰਹਿ - ਸੁਖਵੰਤ ਹੁੰਦਲ ਨਾਲ ਸਾਂਝਾ)

1994 **No More Watno Dur** (Bilingual Poetry Collection) **ਵਤਨੋਂ ਦੂਰ ਨਹੀਂ** (ਦੋਭਾਸ਼ੀ ਕਾਵਿ-ਸੰਗ੍ਰਹਿ)

1990 **ਰਿਸ਼ਤੇ ਦਰਿਆਵਾਂ ਦੇ** (ਕਾਵਿ-ਸੰਗ੍ਰਹਿ)

1988 **ਮਲੂਕਾ** (ਸਾਧੂ ਸਿੰਘ ਧਾਮੀ ਦਾ ਨਾਵਲ - ਸੁਖਵੰਤ ਹੁੰਦਲ ਤੇ ਗੁਰਮੇਲ ਰਾਏ ਨਾਲ ਸਾਂਝਾ ਅਨੁਵਾਦ)

1986 **ਜੰਗਲ ਦੇ ਵਿਰੁੱਧ** (ਸਹਿ-ਸੰਪਾਦਿਤ (ਸੁਖਪਾਲ ਨਾਲ) ਕਾਵਿ-ਸੰਗ੍ਰਹਿ)

1976 **ਸੋਨੇ ਰੰਗੀ ਸੜਕ** (ਕਾਵਿ-ਸੰਗ੍ਰਹਿ)

ਸਾਧੂ ਬਿਨਿੰਗ ਦੀਆਂ ਰਚਨਾਵਾਂ ਪੰਜਾਬੀ ਅਤੇ ਅੰਗਰੇਜ਼ੀ ਦੇ ਸੱਠ ਤੋਂ ਉੱਪਰ ਸੰਗ੍ਰਹਿਆਂ ਵਿੱਚ ਸ਼ਾਮਲ ਹਨ।

ਉੱਪਰਲੀ ਸੂਚੀ ਵਿੱਚ ਦਰਜ ਕੁਝ ਕਿਤਾਬਾਂ ਸਾਧੂ ਦੇ ਨਾਮ ਥੱਲੇ ਛਪੀਆਂ ਸਨ।

ਕਨੇਡਾ ਵਿੱਚ ਪੰਜਾਬੀ ਬੋਲੀ

ਕਨੇਡਾ ਅਤੇ ਖਾਸ ਕਰ ਬ੍ਰਿਟਿਸ਼ ਕੋਲੰਬੀਆ ਵਿੱਚ
ਪੰਜਾਬੀ ਬੋਲੀ ਦੇ ਵਿਕਾਸ ਹਿੱਤ ਹੋਈਆਂ
ਸਰਗਰਮੀਆਂ ਦਾ
ਦਸਤਾਵੇਜ

ਸਾਧੂ ਬਿਨਿੰਗ

ਚੇਤਨਾ ਪ੍ਰਕਾਸ਼ਨ
ਪੰਜਾਬੀ ਭਵਨ, ਲੁਧਿਆਣਾ

Punjabi Language in Canada

By
Sadhu Binning
4333 Portland Street
Burnaby, BC, Canada, V5J 2N5
Email: sadhu.binning@gmail.com

Sadhu Binning D. Litt. ©

ISBN: 978-93-5112-140-4

2016

Published by
Chetna Parkashan
Punjabi Bhawan, Ludhiana

ਸਮਰਪਣ

ਬ੍ਰਿਟਿਸ਼ ਕੋਲੰਬੀਆ ਵਿਚ ਪੰਜਾਬੀ ਬੋਲੀ ਦੇ
ਸੰਘਰਸ਼ ਵਿੱਚ ਲੰਮੇ ਸਮੇਂ ਤੋਂ ਪਾਏ ਜਾ ਰਹੇ ਯੋਗਦਾਨ ਲਈ
ਬਲਵੰਤ ਸੰਘੇੜਾ, ਪਾਲ ਬਿਨਿੰਗ, ਇੰਦਰ ਮੇਹਟ, ਅੰਮ੍ਰਿਤ ਮਾਨ ਤੇ
ਮੋਹ ਸਹੋਤਾ, ਨੂੰ ...
ਅਤੇ ਸੈਂਕੜੇ ਉਨ੍ਹਾਂ ਪੰਜਾਬੀਆਂ ਨੂੰ
ਜਿਨ੍ਹਾਂ ਆਪਣੀ ਮਾਂ-ਬੋਲੀ ਨੂੰ ਕਨੇਡਾ ਵਿੱਚ ਪੱਕੇ ਪੈਰੀਂ ਕਰਨ ਲਈ
ਪੰਜਾਬੀ ਲੈਂਗੁਏਜ ਐਜੂਕੇਸ਼ਨ ਐਸੋਸੀਏਸ਼ਨ (ਪਲੀ) ਅਤੇ ਹੋਰ ਜਥੇਬੰਦੀਆਂ ਰਾਹੀਂ
ਆਪਣਾ ਯੋਗਦਾਨ ਪਾਇਆ ਹੈ ਅਤੇ ਪਾ ਰਹੇ ਹਨ।

ਤਤਕਰਾ

ਧੰਨਵਾਦ

ਮੁੱਢਲੇ ਸ਼ਬਦ

1 ਜਾਣ ਪਛਾਣ ....

2 ਕਨੇਡਾ ਵਿੱਚ ਪੰਜਾਬੀ ਭਾਸ਼ਾ ....

2.1 ਪਹਿਲੇ ਸੱਤਰ ਸਾਲ (1897-1967)...................

2.2 ਅਜੋਕਾ ਦੌਰ (1967 ਤੋਂ...)............................

2.2.1 ਸਾਹਿਤਕ ਤੇ ਸੱਭਿਆਚਾਰਕ ਸਰਗਰਮੀਆਂ....

2.2.2 ਪੰਜਾਬੀ ਵਪਾਰ, ਸੰਚਾਰ ਮਾਧਿਅਮ ਅਤੇ ਭਾਸ਼ਾ...

2.2.3 ਸਰਕਾਰੀ ਤੇ ਗੈਰ-ਸਰਕਾਰੀ ਏਜੰਸੀਆਂ ਵਲੋਂ ਵਰਤੋਂ.......................................

3 ਕਨੇਡਾ ਵਿੱਚ ਪੰਜਾਬੀ ਭਾਸ਼ਾ ਨੂੰ ਸਾਂਭਣ ਦੀ ਲੋੜ.............

3.1 ਅਗਲੀਆਂ ਪੀੜ੍ਹੀਆਂ ਨਾਲ਼ ਰਿਸ਼ਤਾ...........

3.1.1 ਏਥੇ ਜੰਮ ਪਲ਼ ਰਹੇ ਬੱਚੇ ਪੰਜਾਬੀ ਕਿਉਂ ਪੜ੍ਹਨ? ਜਾਂ ਅਗਲੀ ਪੀੜ੍ਹੀ ਨੂੰ ਪੰਜਾਬੀ ਪੜ੍ਹਾਉਣੀ ਕਿਉਂ ਜ਼ਰੂਰੀ ਹੈ?...........

3.1.2 ਕਨੇਡਾ ਦੇ ਪੰਜਾਬੀ ਘਰਾਂ ਵਿੱਚ ਜੰਮ-ਪਲ਼ ਰਹੇ ਬੱਚਿਆਂ ਦੀ ਮਾਂ-ਬੋਲੀ ਕਿਹੜੀ ਹੈ?....

3.1.3 ਬੱਚਿਆਂ ਲਈ ਇੱਕ ਤੋਂ ਵੱਧ ਬੋਲੀਆਂ ਸਿੱਖਣਾ ਉਨ੍ਹਾਂ ਦੇ ਬੌਧਿਕ ਅਤੇ ਅਕਾਦਮਿਕ ਵਿਕਾਸ ਵਾਸਤੇ ਸਹਾਈ ਹੁੰਦਾ ਹੈ ਜਾਂ ਰੁਕਾਵਟ ਬਣਦਾ ਹੈ?............................

3.1.4 ਪੰਜਾਬੀ ਭਾਸ਼ਾ ਦੀ ਜਾਣਕਾਰੀ ਬੱਚਿਆਂ ਦੇ ਕਨੇਡੀਅਨ ਜੀਵਨ ਵਿੱਚ ਕਿਸ ਕਿਸਮ ਦਾ ਅਤੇ ਕਿਸ ਤਰ੍ਹਾਂ ਵਾਧਾ ਕਰੇਗੀ?.........

3.1.5 ਕੀ ਸਾਡੇ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਲਈ ਕਨੇਡੀਅਨ ਸਮਾਜ/ਸਟੇਟ ਦੀ ਵੀ ਕੋਈ ਜ਼ੁੰਮੇਵਾਰੀ ਬਣਦੀ ਹੈ?........

4 ਬ੍ਰਿਟਿਸ਼ ਕੋਲੰਬੀਆ (ਬੀ ਸੀ) ਵਿੱਚ ਪੰਜਾਬੀ ਦੀ ਪੜ੍ਹਾਈ.............

4.1 ਇਤਿਹਾਸਕ ਪਿਛੋਕੜ..............

4.2 ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ (ਯੂ ਬੀ ਸੀ) ਵਿੱਚ ਪੰਜਾਬੀ ਭਾਸ਼ਾ, ਸਾਹਿਤ ਅਤੇ ਸਿੱਖ ਅਧਿਅਨ ਚੇਅਰ ਦੀ ਸਥਾਪਨਾ........

4.3 ਬੀ ਸੀ ਦੇ ਪਬਲਿਕ (ਸਰਕਾਰੀ) ਸਕੂਲਾਂ ਵਿੱਚ ਪੰਜਾਬੀ ਦੀ ਪੜ੍ਹਾਈ

4.3.1 ਨਵੀਂ ਭਾਸ਼ਾ ਨੀਤੀ ਦਾ ਪਿਛੋਕੜ..

4.3.2 ਸੰਸਾਰ ਪੱਧਰ ’ਤੇ ਬਦਲੀਆਂ ਸਥਿਤੀਆਂ..

4.3.3 ਬੀ ਸੀ ਦੀ ਨਵੀਂ ਭਾਸ਼ਾ ਉੱਪਰ ਸੰਖੇਪ ਝਾਤ..

4.3.4 ਨਵੀਂ ਭਾਸ਼ਾ ਨੀਤੀ ਨੂੰ ਸਕੂਲਾਂ ਵਿੱਚ ਲਾਗੂ ਕਰਵਾਉਣ ਦਾ ਅਮਲ

4.3.5 ਨਵੀਂ ਭਾਸ਼ਾ ਨੀਤੀ ਦੇ ਲਾਗੂ ਹੋਣ ਵਿੱਚ ਮੁਸ਼ਕਲਾਂ..........
4.3.6 ਪਬਲਿਕ ਸਕੂਲਾਂ ਵਿੱਚ ਪੰਜਾਬੀ ਦੀ ਪੜ੍ਹਾਈ ਲਾਗੂ ਕਰਵਾਉਣ ਲਈ ਹੋਈਆਂ ਕੋਸ਼ਿਸ਼ਾਂ ਅਤੇ ਪ੍ਰਾਪਤੀਆਂ ..

5 ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ (ਪਲੀ)....
5.1 ਜਾਣ ਪਛਾਣ...................
5.2 ਪਲੀ ਦੀ ਸਵੈ-ਪਛਾਣ
5.3 ਪਲੀ ਦਾ ਕਾਰਜ ਖੇਤਰ
5.3.1 ਬਰਨਬੀ......................................
5.3.2 ਰਿਚਮੰਡ.....................................
5.3.3 ਵੈਨਕੂਵਰ......................................
5.3.4 ਸਰ੍ਰੀ......................................
5.3.5 ਡੈਲਟਾ ਤੇ ਨਿਊ ਵੈਸਟਮਿਨਸਟਰ................
5.3.6 ਸਾਈਮਨ ਫਰੇਜ਼ਰ ਯੂਨੀਵਰਸਿਟੀ (ਐੱਸ ਐੱਫ ਯੂ)......
5.3.7 ਕਵਾਂਟਲਿਨ ਪੀਲੀਟੈਕਨਿਕ ਯੂਨੀਵਰਸਿਟੀ...
5.4 ਪਲੀ ਦੀਆਂ ਕੁਝ ਹੋਰ ਮੱਤਵਪੂਰਨ ਸਰਗਰਮੀਆਂ..............
5.4.1 ਅੰਤਰਰਾਸ਼ਟਰੀ ਮਾਂ-ਬੋਲੀ ਦਿਨ.........................
5.4.2 ਪੰਜਾਬੀ ਜਸ਼ਨ............
6 ਪੰਜਾਬੀਆਂ ਦਾ ਆਪਣੀ ਬੋਲੀ ਵਲ ਰਵੱਈਆ.................
7. ਕਨੇਡਾ ਵਿੱਚ ਪੰਜਾਬੀ ਦੀ ਮੌਜੂਦਾ ਸਥਿਤੀ
7.1 ਪੰਜਾਬੀ ਭਾਸ਼ਾ ਦੀ ਕਨੇਡਾ ਵਿੱਚ ਮਾਨਤਾ ਦਾ ਮਸਲਾ..............
7.2 ਕਨੇਡੀਅਨ ਸਰਕਾਰ ਦੀ ਭਾਸ਼ਾ ਨੀਤੀ.................
8 ਪੰਜਾਬੀ ਦੀਆਂ ਕਨੇਡਾ ਵਿੱਚ ਸੰਭਾਵਨਾਵਾਂ, ਭਵਿੱਖ ਤੇ ਕਾਰਜ............
8.1 ਆਪਣੀ ਸੂਝ ਅਤੇ ਪਹੁੰਚ ਨੂੰ ਨਵੀਆਂ ਸਥਿਤੀਆਂ ਦੇ ਹਾਣ ਦਾ ਬਣਾਉਣਾ....
8.2 ਅਗਲੀ ਪੀੜ੍ਹੀ ਨੂੰ ਜੱਦੋਜਹਿਦ ਵਿੱਚ ਸ਼ਾਮਲ ਕਰਨਾ..............
8.3 ਨਵੀਂ ਸੂਝ ਅਤੇ ਵਿਸ਼ਵ ਦੀਆਂ ਸਥਿਤੀਆਂ ਅਨੁਸਾਰ ਅੰਤਰਰਾਸ਼ਟਰੀ ਪੱਧਰ ਦਾ ਜਥੇਬੰਦਕ ਢਾਂਚਾ ਕਾਇਮ ਕਰਨ ਦੀ ਲੋੜ.
9 ਆਖਰ ਵਿਚ ਕੁਝ ਵਿਚਾਰ
9.1 ਪੰਜਾਬੀ ਦੀ ਆਮ ਸਥਿਤੀ ਬਾਰੇ
9.2 ਪੰਜਾਬੀ ਦੀ ਕਨੇਡਾ ਵਿਚਲੀ ਸਥਿਤੀ ਬਾਰੇ
10 ਪੰਜਾਬੀ ਸੋਮੇ................
11 ਅੰਗ੍ਰੇਜ਼ੀ ਸੋਮੇ

ਧੰਨਵਾਦ

ਪੰਜਾਬੀਆਂ ਦੀ ਕਨੇਡਾ ਵਿਚ ਹੋਂਦ ਦੇ ਸ਼ੁਰੂ ਤੋਂ ਪੰਜਾਬੀ ਭਾਸ਼ਾ ਨੂੰ ਏਥੇ ਸਥਾਪਤ ਕਰਨ ਲਈ ਜਿਨ੍ਹਾਂ ਲੋਕਾਂ ਨੇ ਸਰਗਰਮ ਯੋਗਦਾਨ ਪਾਇਆ ਹੈ ਉਹ ਸਾਰੇ ਹੀ ਮੇਰੇ ਧੰਨਵਾਦ ਦੇ ਪਾਤਰ ਹਨ। ਉਨ੍ਹਾਂ ਦੀ ਘਾਲਣਾ ਤੋਂ ਬਿਨਾਂ ਅਜੋਕੇ ਸਮੇਂ ਪੰਜਾਬੀ ਲਈ ਹੋ ਰਹੀਆਂ ਕੋਸ਼ਿਸ਼ਾਂ, ਸਣੇ ਇਸ ਕਿਤਾਬ ਦੇ, ਸੰਭਵ ਨਹੀਂ ਸੀ ਹੋਣੀਆਂ।

ਮੈਂ ਇਹ ਕਿਤਾਬ ਪਿਛਲੇ ਕਈ ਸਾਲਾਂ ਤੋਂ ਲਿਖਣ ਦੇ ਅਮਲ ਵਿਚ ਰਿਹਾ ਹਾਂ। ਇਸ ਦੌਰਾਨ ਅਨੇਕਾਂ ਦੋਸਤਾਂ ਤੇ ਕਨੇਡਾ ਵਿਚ ਪੰਜਾਬੀ ਦੇ ਵਿਕਾਸ ਦੇ ਚਾਹਵਾਨ ਲੋਕਾਂ ਨੇ ਮੇਰੀ ਪੈਰ ਪੈਰ 'ਤੇ ਮੱਦਦ ਕੀਤੀ ਹੈ। ਇਨ੍ਹਾਂ ਸਭ ਦਾ ਨਾਂਅ ਲਿਖ ਕੇ ਧੰਨਵਾਦ ਕਰਨਾ ਸੰਭਵ ਨਹੀਂ ਪਰ ਮੈਂ ਇਨ੍ਹਾਂ ਸਭ ਦਾ ਦਿਲੋਂ ਧੰਨਵਾਦੀ ਹਾਂ। ਇਨ੍ਹਾਂ ਵਿਚ ਸ਼ਾਮਲ ਹਨ ਪੰਜਾਬੀ ਲਈ ਸਰਗਰਮ ਕੋਸ਼ਿਸ਼ਾਂ ਕਰਨ ਵਾਲੇ, ਇਨ੍ਹਾਂ ਕੋਸ਼ਿਸ਼ਾਂ ਨਾਲ ਸਹਾਨਭੂਤੀ ਰੱਖਣ ਵਾਲੇ, ਯੂ ਬੀ ਸੀ ਦੀਆਂ ਪੰਜਾਬੀ ਜਮਾਤਾਂ ਵਿਚ ਮੇਰੇ ਕੋਲੋਂ ਪੜ੍ਹੇ ਮੇਰੇ ਵਿਦਿਆਰਥੀ, ਉਹ ਮਾਪੇ ਜਿਨ੍ਹਾਂ ਨੇ ਪੰਜਾਬੀ ਹਿਤੈਸ਼ਿਆਂ ਦੀਆਂ ਕੋਸ਼ਿਸ਼ਾਂ ਦੇ ਹੁੰਗਾਰੇ ਵਜੋਂ ਆਪਣੇ ਬੱਚਿਆਂ ਨੂੰ ਪੰਜਾਬੀ ਪੜ੍ਹਨ ਲਈ ਸਥਾਨਕ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਦਾਖਲ ਕਰਵਾਇਆ, ਇਨ੍ਹਾਂ ਵਿਦਿਅਕ ਅਦਾਰਿਆਂ ਵਿਚ ਪੜ੍ਹਾਉਂਦੇ ਅਧਿਆਪਕ ਤੇ ਹੋਰ ਅਨੇਕਾਂ ਲੋਕ। ਸਥਾਨਕ ਪੰਜਾਬੀ ਸੰਚਾਰ ਮਾਧਿਅਮ (ਮੀਡੀਆ) ਜਿਸ ਵਿਚ ਰੇਡੀਓ, ਟੈਲੀਵਿਯਨ ਤੇ ਅਖਬਾਰਾਂ, ਰਸਾਲੇ ਸ਼ਾਮਲ ਹਨ। ਸਥਾਨਕ ਲੇਖਕ, ਖਾਸ ਕਰ ਪੰਜਾਬੀ ਲੇਖਕ ਮੰਚ ਜਿਨ੍ਹਾਂ ਮੇਰੇ ਵਲੋਂ ਸਮੇਂ ਸਮੇਂ ਲਿਖੇ ਗਏ ਲੇਖਾਂ ਨੂੰ ਸੁਣਿਆਂ ਤੇ ਪੜ੍ਹਿਆ ਅਤੇ ਮੈਨੂੰ ਲੋੜੀਂਦੇ ਸੁਝਾਅ ਤੇ ਹੌਸਲਾ ਦਿੱਤਾ।

ਪਿਛਲੇ ਢਾਈ ਤਿੰਨ ਦਹਾਕੇ ਤੋਂ ਪੰਜਾਬੀ ਦੇ ਵਿਕਾਸ ਹਿੱਤ ਸਰਗਰਮ ਜਥੇਬੰਦੀਆਂ ਜਿਨ੍ਹਾਂ ਨਾਲ ਮੈਂ ਜੁੜਿਆ ਰਿਹਾ ਹਾਂ ਤੇ ਖਾਸ ਕਰ ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ (ਪਲੀ) ਵਿਚ ਸਰਗਰਮੀ ਨਾਲ ਹਿੱਸਾ ਲੈਣ ਵਾਲੇ ਅਨੇਕਾਂ ਲੋਕ ਵੀ ਮੇਰੇ ਧੰਨਵਾਦ ਦੇ ਪਾਤਰ ਹਨ। ਏਥੇ ਦਰਜ ਨਾਵਾਂ ਦੀ ਇਹ ਸੂਚੀ ਅਧੂਰੀ ਹੈ ਤੇ ਇਹ ਨਾਂਅ ਕਿਸੇ ਵਿਸ਼ੇਸ਼ ਤਰਤੀਬ ਵਿਚ ਵੀ ਦਰਜ ਨਹੀਂ ਕੀਤੇ ਗਏ: ਅਮਨਪਾਲ ਸਾਰਾ ਹਰਿਜੰਦਰ ਸਾਂਗਰਾ, ਦਰਸ਼ਨ ਮਾਨ, ਰਜਿੰਦਰ ਪੰਧੇਰ, ਰਣਬੀਰ ਜੌਹਲ, ਪ੍ਰੀਤ ਢਿੱਲੋਂ, ਪਰਵਿੰਦਰ ਧਾਰੀਵਾਲ, ਅਮਨ ਤੱਗੜ, ਰਮਿੰਦਰਜੀਤ ਧਾਮੀ, ਸੁੱਖੀ ਬੈਂਸ, ਹਰਪ੍ਰੀਤ ਸੇਖਾ, ਹਰਮੋਹਨਜੀਤ ਪੰਧੇਰ, ਦਵਿੰਦਰ ਪਾਵਾ, ਬੀਟਰਸ ਪਾਇਰਜ਼, ਡਾਕਟਰ ਐਨ ਮਰਫੀ, ਕੁਲਵੰਤ ਕੌਰ ਸੇਖੋਂ, ਜੌਨਾਥਨ ਕਾਰਲੀਜ਼, ਜਸਬੀਰ ਬਿਨਿੰਗ, ਹਰਭਜਨ ਸਿੰਘ ਮਨੋਚਾ (ਮਰਹੂਮ), ਪ੍ਰੀਤਮ ਸਿੰਘ ਔਲਖ, ਸਾਧੂ ਸਿੰਘ ਢੇਸੀ (ਮਰਹੂਮ), ਅਮਨਦੀਪ ਛੀਨਾ, ਗੁਰਜੀਤ ਪੱਤੜ, ਹਰਮੀਤ ਬਾਠ, ਗੁਰਪ੍ਰੀਤ ਬੈਂਸ, ਜਸਲੀਨ, ਗੁਰਮੀਤ ਬੈਂਸ, ਹਰਮੀਤ ਮਾਂਗਟ, ਮਨਜਿੰਦਰ ਕੈਲ਼ਾ, ਰਾਣੀ ਗੰਡਮ,

ਦੀਪ ਸਿੰਘ ਸਾਂਗਰਾ, ਮਨਜੀਤ ਖੁਨਖੁਨ, ਕੁਲਵੰਤ ਬਾਸੀ, ਅਕਿੰਦਰ ਬੈਂਸ, ਮਨਜੀਤ ਬਰਾੜ, ਸੁਰਿੰਦਰ ਸੰਘੇੜਾ, ਸਤਨਾਮ ਸਿੰਘ ਸਾਂਗਰਾ, ਅਮਰ ਸੱਲ, ਕੁਲਵਿੰਦਰ ਕੰਦੋਲਾ, ਅਬਨਾਸ਼ ਗਿੱਲ, ਪ੍ਰੀਆ ਬਿਨਿੰਗ, ਸੁਮਨਪਾਲ ਢਿੱਲੋਂ, ਜਗਮੋਹਨ ਦੱਤ, ਸੁਰਿੰਦਰ ਸਿੰਘ ਘੁੰਮਣ, ਪ੍ਰਿਤਪਾਲ ਕੌਰ, ਲਸ਼ਕਰ ਸਿੰਘ ਕੈਲ਼ਾ, ਨਛੱਤਰ ਰੋਡੇ, ਕੰਵਲ ਸਿੰਘ ਨੀਲ, ਹਰਜੀਤ ਦੌਧਰੀਆ, ਗੁਰਚਰਨ ਟੱਲੇਵਾਲੀਆ, ਨਦੀਮ ਪਰਮਾਰ, ਸਤਵੰਤ ਦੀਪਕ, ਪਵੀਨ ਮਾਨ, ਗੁਰਲੀਨ ਭਾਟੀਆ, ਮਨਿੰਦਰ ਮਾਹਲ, ਦਲਜੀਤ ਮਾਹਲ, ਨਿਰਮਲ ਗਿੱਲ, ਅਬਨਾਸ਼ ਗਿੱਲ, ਕੁਲਦੀਪ ਬਾਸੀ, ਹਰਿੰਦਰਜੀਤ ਸਿੰਘ, ਅਮਰੀਕ ਸੱਲ, ਗੁਰਪ੍ਰੀਤ ਸਿੰਘ, ਰਵੀ ਬਿਨਿੰਗ ਬਲਵੰਤ ਕੈਂਥ ਕੇਵਲ ਸਿੰਘ ਤੱਗੜ, ਕੰਵਲਜੀਤ ਸਿੰਘ ਸੰਧੂ, ਗੁਰਿਦਆਲ ਸਿੰਘ ਨੀਲ, ਪੂਰਨ ਸਿੰਘ ਗਿੱਲ, ਚਰਨਜੀਤ ਸਿੰਘ ਰੰਧਾਵਾ, ਅਮਰ ਸਿੰਘ ਧਾਲੀਵਾਲ, ਡਾਕਟਰ ਮੇਜਰ ਸਿੰਘ ਰੰਧਾਵਾ, ਸਵਰਨਜੀਤ ਕੌਰ ਨੀਲ, ਸੁਰਜੀਤ ਸਿੰਘ ਸੰਧੂ।

ਮੈਂ ਵਿਸ਼ੇਸ਼ ਤੌਰ ’ਤੇ ਉਨ੍ਹਾਂ ਦੋਸਤਾਂ ਦਾ ਹਾਰਦਿਕ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਕਿਤਾਬ ਦੀ ਲਿਖਤ ਦੇ ਵੱਖਰੇ ਵੱਖਰੇ ਮੁਕਾਮ ’ਤੇ ਇਸ ਨੂੰ ਪੜ੍ਹਿਆ ਅਤੇ ਮੈਨੂੰ ਬੇਹੱਦ ਵੱਡਮੁੱਲੇ ਸੁਝਾਅ ਦਿੱਤੇ। ਇਨ੍ਹਾਂ ਵਿਚ ਸ਼ਾਮਲ ਹਨ ਸੋਹਣ ਸਿੰਘ ਪੂੰਨੀ, ਸੁਖਵੰਤ ਹੁੰਦਲ, ਬਲਵੰਤ ਸੰਘੇੜਾ, ਡਾਕਟਰ ਸਾਧੂ ਸਿੰਘ, ਡਾਕਟਰ ਰਘਬੀਰ ਸਿੰਘ, ਡਾਕਟਰ ਦਰਸ਼ਨ ਸਿੰਘ ਤਾਤਲਾ, ਡਾਕਟਰ ਜੋਗਾ ਸਿੰਘ ਵਿਰਕ, ਡਾਕਟਰ ਰਜਿੰਦਰਪਾਲ ਸਿੰਘ ਤੇ ਡਾਕਟਰ ਬਲਦੇਵ ਸਿੰਘ ਕੰਦੋਲਾ।

ਇਸ ਕਿਤਾਬ ਨੂੰ ਪਾਠਕਾਂ ਦੇ ਹੱਥਾਂ ਤੱਕ ਪਹੁੰਚਦਾ ਕਰਨ ਲਈ ਚੇਤਨਾ ਪ੍ਰਕਾਸ਼ਨ ਦੇ ਸਤੀਸ਼ ਗੁਲਾਟੀ ਦਾ ਵੀ ਮੈਂ ਦਿਲੋਂ ਧੰਨਵਾਦੀ ਹਾਂ। ਵਪਾਰਕ ਪੱਖੋਂ ਸ਼ਾਇਦ ਇਹ ਪੁਸਤਕ ਛਾਪਣੀ ਕੋਈ ਏਨੀ ਲਾਹੇਵੰਦ ਨਾ ਹੋਵੇ ਤੇ ਇਸ ਨੂੰ ਛਾਪਣ ਦੇ ਫੈਸਲੇ ਪਿੱਛੇ ਉਨ੍ਹਾਂ ਦੀ ਪੰਜਾਬੀ ਦੀ ਬੇਹਤਰੀ ਲਈ ਬਚਨਬੱਧਤਾ ਹੀ ਲੱਗਦੀ ਹੈ।

ਅਖੀਰ ਵਿਚ ਮੈਂ ਆਪਣੇ ਪਰਿਵਾਰ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ। ਇਨ੍ਹਾਂ ਵਲੋਂ ਮਿਲਦਾ ਪਿਆਰ ਤੇ ਮੇਰੇ ਕੰਮਾਂ ਲਈ ਸਤਿਕਾਰ ਮੈਨੂੰ ਹਮੇਸ਼ਾ ਹੋਰ ਮਹਿਨਤ ਕਰਨ ਲਈ ਉਤਸ਼ਾਹਿਤ ਕਰਦਾ ਹੈ। ਮੇਰੀ ਜੀਵਨ ਸਾਥਣ ਜਗਦੀਸ਼ ਨੇ ਜਿੱਥੇ ਘਰ ਦੇ ਕੰਮਾਂ ਦੀ ਵੱਡੀ ਜ਼ੁੰਮੇਵਾਰੀ ਆਪ ਸਾਂਭ ਕੇ ਮੈਨੂੰ ਇਸ ਕਾਬਲ ਬਣਾਇਆ ਕਿ ਮੈਂ ਪੰਜਾਬੀ ਲਈ ਕੰਮ ਕਰ ਸਕਾਂ ਉੱਥੇ ਨਾਲ ਹੀ ਉਸ ਨੇ ਆਪ ਵੀ ਇਨ੍ਹਾਂ ਸਰਗਰਮੀਆਂ ਵਿਚ ਹਿੱਸਾ ਲਿਆ ਹੈ। ਮੇਰਾ ਬੇਟਾ ਪ੍ਰੀਤ ਤੇ ਉਸ ਦੀ ਪਤਨੀ ਰੁਪਿੰਦਰ ਹਮੇਸ਼ਾ ਪਲੀ ਦੀਆਂ ਜਨਤਕ ਇਕੱਤਰਤਾਵਾਂ ਵਿਚ ਪਹੁੰਚਦੇ ਹਨ ਤੇ ਲੋੜ ਤੇ ਸਮਰੱਥਾ ਅਨੁਸਾਰ ਪ੍ਰਬੰਧਕੀ ਕੰਮਾਂ ਵਿਚ ਹੱਥ ਵੰਡਾਉਂਦੇ ਹਨ। ਮੇਰੀ ਧੀ ਪ੍ਰੀਆ ਵੀ ਸਮੇਂ ਸਮੇਂ ਪਲੀ ਦੀਆਂ ਕੋਸ਼ਿਸ਼ਾਂ ਵਿਚ ਹਿੱਸਾ ਲੈਂਦੀ ਰਹੀ ਹੈ। ਉਸ ਨੇ ਯੂ ਬੀ ਸੀ ਪੜ੍ਹਦਿਆਂ ਪੰਜਾਬੀ ਪੜ੍ਹਨੀ ਸਿੱਖੀ ਤੇ ਫੇਰ ਦੋ ਸਾਲ ਆਪਣੇ ਸਕੂਲ ਬਰਨਬੀ ਸਾਊਥ ਸੈਕੰਡਰੀ ਵਿਚ ਪੰਜਾਬੀ ਪੜ੍ਹਾਈ ਵੀ। ਇਨ੍ਹਾਂ ਦਾ ਪੰਜਾਬੀ ਭਾਸ਼ਾ ਵੱਲ ਤੇ ਮੇਰੀਆਂ ਕੋਸ਼ਿਸ਼ਾਂ ਵੱਲ ਹਾਂ-ਪੱਖੀ ਰਵੱਈਆ ਮੇਰਾ ਹਮੇਸ਼ਾ ਮਦਦਗਾਰ ਰਿਹਾ ਹੈ।

ਮੁੱਢਲੇ ਸ਼ਬਦ

ਇਹ ਕਿਤਾਬ ਕਨੇਡਾ ਦੇ ਪੱਛਮੀ ਤੱਟ ਦੇ ਸੂਬੇ ਬ੍ਰਿਟਿਸ਼ ਕੋਲੰਬੀਆ (ਬੀ ਸੀ) ਵਿੱਚ ਪੰਜਾਬੀ ਭਾਸ਼ਾ ਬਾਰੇ ਪਿਛਲੇ ਢਾਈ ਤਿੰਨ ਦਹਾਕਿਆਂ ਦੌਰਾਨ ਹੋਈਆਂ ਸਰਗਰਮ ਕੋਸ਼ਿਸ਼ਾਂ, ਪ੍ਰਾਪਤੀਆਂ ਅਤੇ ਨਿਰਾਸ਼ਤਾਵਾਂ ਬਾਰੇ ਹੈ। ਇਹ ਮੁੱਖ ਤੌਰ 'ਤੇ ਬੀ ਸੀ ਦੇ ਪਬਲਿਕ (ਸਰਕਾਰੀ) ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਪੰਜਾਬੀ ਦੀ ਪੜ੍ਹਾਈ ਚਾਲੂ ਕਰਵਾਉਣ ਦੀਆਂ ਸਰਗਰਮੀਆਂ 'ਤੇ ਕੇਂਦਰਤ ਹੈ। ਇਹ ਗੱਲ ਪਹਿਲਾਂ ਹੀ ਕਹਿ ਦੇਣੀ ਜ਼ਰੂਰੀ ਹੈ ਕਿ ਇਹ ਕਿਤਾਬ ਲਿਖਣਾ ਮੇਰੇ ਲਈ ਕੋਈ ਅਕਾਦਮਿਕ ਅਭਿਆਸ ਨਹੀਂ ਸਗੋਂ ਪੰਜਾਬੀ ਬੋਲੀ ਲਈ ਚਿੰਤਤ ਵਿਅਕਤੀ ਦੇ ਵਿਚਾਰ ਹਨ। ਹੋਰ ਲੋਕਾਂ ਵਾਂਗ ਮੈਂ ਵੀ ਪਿਛਲੇ ਲੰਮੇ ਸਮੇਂ ਤੋਂ ਪੰਜਾਬੀ ਦੇ ਕਨੇਡਾ ਵਿੱਚ ਪੈਰ ਪੱਕੇ ਕਰਨ ਲਈ ਯਤਨਸ਼ੀਲ ਹਾਂ। ਇਹ ਲੇਖਾ ਜੋਖਾ ਕਿਸੇ ਯੋਜਨਾਬੱਧ ਤਰੀਕੇ ਨਾਲ਼ ਕੀਤੀ ਖੋਜ ਦਾ ਨਤੀਜਾ ਨਹੀਂ। ਬੀ ਸੀ ਅਤੇ ਕਨੇਡਾ ਵਿੱਚ ਪੰਜਾਬੀ ਭਾਸ਼ਾ ਦੀ ਬਿਹਤਰੀ ਅਤੇ ਵਿਕਾਸ ਲਈ ਹੋਈਆਂ ਸਮੁੱਚੀਆਂ ਕੋਸ਼ਿਸ਼ਾਂ ਅਤੇ ਪ੍ਰਾਪਤੀਆਂ ਬਾਰੇ ਇਸ ਵਿਸ਼ੇ 'ਚ ਦਿਲਚਸਪੀ ਲੈਣ ਵਾਲੇ ਖੋਜੀ ਹੀ ਭਵਿੱਖ ਵਿੱਚ ਪੂਰੀ ਤਸਵੀਰ ਬਣਾ ਸਕਣਗੇ। ਆਸ ਹੈ ਕਿ ਇਹ ਲਿਖਤ ਉਨ੍ਹਾਂ ਦੇ ਕੰਮ ਵਿੱਚ ਸਹਾਈ ਹੋਵੇਗੀ।

ਇਸ ਪੁਸਤਕ ਦਾ ਆਧਾਰ ਵੈਨਕੂਵਰ ਅਤੇ ਆਸ ਪਾਸ ਦੇ ਇਲਾਕਿਆਂ ਵਿੱਚ ਪੰਜਾਬੀ ਦੀ ਪੜ੍ਹਾਈ ਸੰਬੰਧੀ ਹੋਈਆਂ ਸਰਗਰਮੀਆਂ ਅਤੇ ਮੇਰੇ ਉਹ ਲੇਖ ਹਨ ਜੋ ਮੈਂ 1990ਵਿਆਂ ਦੇ ਸ਼ੁਰੂ ਤੋਂ ਲੈ ਕੇ ਲਿਖਦਾ ਰਿਹਾ ਹਾਂ।[1] ਆਪਣੇ ਇਹ ਵਿਚਾਰ ਵੈਨਕੂਵਰ, ਕੈਲਗਰੀ, ਐਡਮੰਟਨ, ਟੋਰਾਂਟੋ ਅਤੇ ਔਟਵਾ ਆਦਿ ਥਾਵਾਂ 'ਤੇ ਪੰਜਾਬੀ ਬੋਲੀ ਨਾਲ਼ ਸੰਬੰਧਿਤ ਸੈਮੀਨਾਰਾਂ ਅਤੇ ਕਾਨਫਰੰਸਾਂ ਸਮੇਂ ਪੇਸ਼ ਕਰਦਾ ਰਿਹਾ ਹਾਂ। ਮੈਂ 1967 'ਚ ਕਨੇਡਾ ਆਇਆ ਸਾਂ। 1960ਵਿਆਂ ਦੇ ਅੱਧ ਤੋਂ ਬਹੁਤ ਸਾਰੇ ਪੰਜਾਬੀ ਆਵਾਸੀ ਪਰਿਵਾਰ ਵੈਨਕੂਵਰ ਦੇ ਇਲਾਕੇ ਵਿੱਚ ਆ ਰਹੇ ਸਨ। ਇਨ੍ਹਾਂ ਪਰਿਵਾਰਾਂ ਨਾਲ਼ ਆਏ ਕੁਝ ਨੌਜਵਾਨ ਜੋ ਏਥੋਂ ਦੇ ਹਾਈ ਸਕੂਲਾਂ ਵਿੱਚ ਦਾਖਲ ਹੋਏ, ਉਨ੍ਹਾਂ ਨੇ 1969 ਵਿੱਚ ਪੰਜਾਬੀ ਕਲਚਰਲ ਐਸੋਸੀਏਸ਼ਨ (ਪੀ ਸੀ ਏ) ਨਾਂ ਦੀ ਜਥੇਬੰਦੀ ਬਣਾਈ। ਇਨ੍ਹਾਂ ਵੱਲੋਂ ਸ਼ੁਰੂ ਵਿੱਚ ਭੰਗੜਾ ਤੇ ਬਾਅਦ ਵਿੱਚ ਪੰਜਾਬੀ ਨਾਟਕ ਆਦਿ ਦੀਆਂ ਸਰਗਰਮੀਆਂ ਕੀਤੀਆਂ ਗਈਆਂ ਜੋ ਉਸ ਸਮੇਂ ਏਥੇ ਨਵੀਂ ਸ਼ੁਰੂਆਤ ਸੀ।[2] 1973 ਵਿੱਚ ਵੈਨਕੂਵਰ

---

[1] ਪੰਜਾਬੀ ਬਾਰੇ ਪਹਿਲਾ ਲੇਖ ਮੈਂ 1994 ਵਿੱਚ ਲਿਖਿਆ ਸੀ – 'ਪੰਜਾਬੀ ਬੋਲੀ ਦਾ ਸੰਕਟ ਅਤੇ ਕੈਨੇਡਾ ਵਿੱਚ ਇਸ ਦਾ ਵਿਕਾਸ' ਇਹ ਲੇਖ ਇਸ ਸਾਈਟ 'ਤੇ ਪੜ੍ਹਿਆ ਜਾ ਸਕਦਾ ਹੈ: http://plea4punjabi.wordpress.com/

[2] ਮੇਰਾ ਛੋਟਾ ਭਰਾ ਪਾਲ ਭੰਗੜੇ ਵਿੱਚ ਕਾਫੀ ਸਰਗਰਮ ਸੀ, ਮੈਂ ਖੁਦ ਭੰਗੜਾ ਨਹੀਂ ਸਾਂ ਪਾਉਂਦਾ ਪਰ। ਉਮਰ ਵਿੱਚ ਬਾਕੀਆਂ ਨਾਲੋਂ ਕੁਝ ਵੱਡਾ ਹੋਣ ਕਾਰਨ ਉਨ੍ਹਾਂ ਨੇ ਮੈਨੂੰ ਆਪਣਾ ਮੁਹਰੀ ਬੁਲਾਰਾ ਬਣਾ ਲਿਆ। ਇਹ ਜਥੇਬੰਦੀ ਲੰਮਾ ਸਮਾਂ ਸਰਗਰਮ ਰਹੀ ਅਤੇ ਇਸ ਦੇ ਮੈਂਬਰਾਂ ਨੇ ਵਲੰਟੀਅਰਾਂ ਵਜੋਂ ਵੈਨਕੂਵਰ ਦੇ ਆਸ ਪਾਸ ਹੀ ਨਹੀਂ, ਬੀ ਸੀ, ਕਨੇਡਾ ਅਤੇ ਅਮਰੀਕਾ ਦੇ ਅਨੇਕਾਂ ਸ਼ਹਿਰਾਂ ਵਿੱਚ ਪੰਜਾਬੀ ਲੋਕ-ਨਾਚ ਨੂੰ ਪਹਿਲੀ ਵਾਰੀ ਗੈਰ-ਪੰਜਾਬੀਆਂ ਅੱਗੇ ਪੇਸ਼ ਕੀਤਾ। ਇਸ ਜਥੇਬੰਦੀ ਵੱਲੋਂ 1974 ਵਿੱਚ ਅਮਰੀਕਾ ਦੇ ਸ਼ਹਿਰ ਸਪੋਕੈਨ ਦੇ

ਦੀ ਪੰਜਾਬੀ ਸਾਹਿਤ ਸਭਾ ਬਣੀ ਅਤੇ ਏਥੋਂ ਹੀ ਉਸ ਸਮੇਂ ਪੰਜਾਬੀ ਮੈਗਜ਼ੀਨ 'ਨਵੀਂ ਧਰਤੀ' ਤੇ 'ਵਤਨੋ ਦੂਰ' ਸ਼ੁਰੂ ਹੋਏ। ਇਨ੍ਹਾਂ ਸੱਭਿਆਚਾਰਕ, ਸਾਹਿਤਕ ਤੇ ਨਾਲ਼ ਹੀ ਖੱਬੇ-ਪੱਖੀ ਸਿਆਸੀ ਸਰਗਰਮੀਆਂ ਨਾਲ਼ ਜੁੜਿਆ ਹੋਣ ਕਾਰਨ ਮੇਰਾ ਪੰਜਾਬੀ ਭਾਈਚਾਰੇ ਤੇ ਬੋਲੀ ਨਾਲ਼ ਰਿਸ਼ਤਾ ਬੜਾ ਗੂੜ੍ਹਾ ਬਣਿਆ ਰਿਹਾ।

ਰੋਜ਼ੀ ਰੋਟੀ ਕਮਾਉਂਦਿਆਂ ਤੇ ਸਾਹਿਤਕ, ਰੰਗਮੰਚ ਅਤੇ ਸਿਆਸੀ ਸਰਗਰਮੀਆਂ ਦੇ ਨਾਲ਼ ਮੈਂ ਹੌਲੀ ਹੌਲੀ ਆਪਣੀ ਪੜ੍ਹਾਈ ਵੀ ਕਰਦਾ ਰਿਹਾ। ਸਾਈਮਨ ਫਰੇਜ਼ਰ ਯੂਨੀਵਰਸਿਟੀ (ਐਸ ਐਫ ਯੂ) ਤੋਂ ਸਮਾਜਿਕ ਵਿਗਿਆਨ ਦੀ ਐੱਮ ਏ ਕਰਨ ਬਾਅਦ 1988 ਤੋਂ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ (ਯੂ ਬੀ ਸੀ) ਵਿੱਚ ਸ਼ੁਰੂ ਹੋਈ ਪੰਜਾਬੀ ਦੀ ਪੜ੍ਹਾਈ ਨਾਲ਼ ਜੁੜ ਗਿਆ। ਇਸ ਪੱਧਰ 'ਤੇ ਪੰਜਾਬੀ ਪੜ੍ਹਾਉਣ ਦੀ ਸਾਰੇ ਉੱਤਰੀ ਅਮਰੀਕਾ ਵਿੱਚ ਇਹ ਪਹਿਲੀ ਕੋਸ਼ਿਸ਼ ਸੀ। ਕੀ ਪੜ੍ਹਾਇਆ ਜਾਵੇ? ਕਿਸ ਤਰ੍ਹਾਂ ਪੜ੍ਹਾਇਆ ਜਾਵੇ? ਤੇ ਢੁੱਕਵਾਂ ਮੈਟਰ ਕਿੱਥੋਂ ਆਵੇ? ਆਦਿ ਬਹੁਤ ਸਾਰੇ ਫੌਰੀ ਮਸਲੇ ਸਨ ਜਿਨ੍ਹਾਂ ਬਾਰੇ ਸਾਨੂੰ ਗੰਭੀਰਤਾ ਨਾਲ਼ ਸੋਚਣਾ ਪਿਆ। ਇਸ ਨਾਲ਼ ਪੰਜਾਬੀ ਭਾਸ਼ਾ ਨਾਲ ਸਬੰਧਤ ਬਹੁਤ ਸਾਰੇ ਪਹਿਲੂਆਂ ਬਾਰੇ ਅਤੇ ਇਸ ਦੀ ਭਾਰਤੀ ਅਤੇ ਪਾਕਿਸਤਾਨੀ ਪੰਜਾਬਾਂ ਵਿੱਚ ਸਥਿਤੀ ਤੇ ਪੰਜਾਬੀ ਲੋਕਾਂ ਦਾ ਆਪਣੀ ਬੋਲੀ ਵਲ ਰਵੱਈਆ ਆਦਿ ਮਸਲਿਆਂ ਬਾਰੇ ਗੰਭੀਰਤਾ ਨਾਲ ਜਾਨਣ ਦਾ ਅਮਲ ਸ਼ੁਰੂ ਹੋਇਆ।

ਇਸ ਸਮੇਂ ਤੱਕ ਮੈਂ ਚੇਤਨ ਤੌਰ 'ਤੇ 'ਵਤਨੋਂ ਦੂਰ' ਤੋਂ 'ਵਤਨ' ਦਾ ਸਫਰ ਤਹਿ ਕਰ ਚੁੱਕਾ ਸਾਂ ਅਤੇ ਬੜੀ ਸ਼ਿੱਦਤ ਨਾਲ਼ ਕਨੇਡਾ ਨੂੰ ਆਪਣਾ ਵਤਨ ਕਹਿਣਾ ਸ਼ੁਰੂ ਕਰ ਦਿੱਤਾ ਸੀ।[3] ਇਸ ਫੈਸਲੇ ਨਾਲ਼ ਮੇਰੇ ਜੀਵਨ ਵਿੱਚ ਵੱਡੀ ਤਬਦੀਲੀ ਇਹ ਆਈ ਕਿ ਹੁਣ ਜੋ ਕੁਝ ਵੀ ਕਰਨਾ ਸੀ ਆਪਣੇ ਇਸ ਨਵੇਂ ਵਤਨ ਕਨੇਡਾ ਰਹਿ ਕੇ ਕਨੇਡੀਅਨ ਸ਼ਹਿਰੀ ਵਜੋਂ ਕਰਨਾ ਸੀ। ਇਸ ਤਰ੍ਹਾਂ ਕਨੇਡਾ ਵਿੱਚ ਪੰਜਾਬੀ ਬੋਲੀ ਦੀ ਸਾਂਭ ਤੇ ਵਿਕਾਸ ਦਾ ਮੁੱਦਾ ਮੇਰੇ ਲਈ ਜੀਵਨ ਦਾ ਸਭ ਤੋਂ ਮਹੱਤਵਪੂਰਨ ਮਸਲਾ ਬਣ ਗਿਆ[4]। ਆਲੇ ਦੁਆਲੇ ਦੇਖਣਾ ਜਾਨਣਾ ਸ਼ੁਰੂ ਕੀਤਾ ਕਿ ਏਥੇ ਰਹਿਣ ਵਾਲੇ ਦੂਜੇ ਲੋਕ

'ਵਰਲਡ ਫੇਅਰ', 1976 ਵਿੱਚ ਮਾਂਟਰੀਆਲ ਦੀਆਂ ਓਲੰਪਿਕ ਖੇਡਾਂ ਅਤੇ ਫੇਰ 1986 'ਚ ਵੈਨਕੂਵਰ ਦੀ ਸਥਾਪਤੀ ਦਾ ਸੌਵਾਂ ਵਰ੍ਹਾ ਮਨਾਉਣ ਲਈ ਲੱਗੇ ਦੁਨੀਆਂ ਦੀ ਪੱਧਰ ਦੇ ਮੇਲੇ 'ਐਕਸਪੋ' ਸਮੇਂ ਵੀ ਅਨੇਕਾਂ ਪ੍ਰੋਗਰਾਮ ਕੀਤੇ। ਇਸ ਬਾਰੇ ਵਿਸਥਾਰ ਵਿੱਚ ਜਾਨਣ ਲਈ ਦੇਖੋ ਮੁਹਿੰਦਰ ਸੂਮਲ ਦੀ ਪੁਸਤਕ 'ਖੱਟਣ ਗਏ ਪ੍ਰਦੇਸ' (1985)। ਜਾਂ ਇਸ ਸਾਈਟ 'ਤੇ ਕਨੇਡਾ ਵਿੱਚ ਭੰਗੜੇ ਬਾਰੇ ਵੈਨਕੂਵਰ ਦੇ ਅਜਾਇਬ ਘਰ ਵੱਲੋਂ 2011 ਵਿੱਚ ਨਵੀਨ ਗਿਰਨ ਦੀ ਅਗਵਾਈ ਵਿੱਚ ਲਾਈ ਗਈ ਨੁਮਾਇਸ਼ ਦੇਖੀ ਜਾ ਸਕਦੀ ਹੈ:

http://www.museumofvancouver.ca/exhibitions/exhibit/bhangrame-vancouvers-bhangra-story

[3] ਇਸ ਸੰਬੰਧ 'ਚ ਉਸ ਵੇਲੇ ਮੈਂ 'ਰਿਸ਼ਤੇ ਦਰਿਆਵਾਂ ਦੇ' ਅਤੇ 'ਵਤਨੋਂ ਦੂਰ ਨਹੀਂ' ਆਦਿ ਕਵਿਤਾਵਾਂ ਲਿਖੀਆਂ ਅਤੇ 1989 ਵਿੱਚ ਅਸੀਂ ਆਪਣੇ ਪਰਚੇ 'ਵਤਨੋਂ ਦੂਰ' ਨੂੰ ਦੁਬਾਰਾ ਸ਼ੁਰੂ ਕਰਨ ਵੇਲੇ ਉਸ ਦਾ ਨਾਂ ਬਦਲ ਕੇ 'ਵਤਨ' ਕਰ ਲਿਆ।

[4] ਅਗਾਂਹਵਧੂ ਸਾਹਿਤ ਨਾਲ ਬਚਪਨ ਤੋਂ ਹੀ ਵਾਹ ਪੈਣ ਕਰਕੇ ਮੇਰਾ ਝੁਕਾਅ ਹਮੇਸ਼ਾ ਖੱਬੀ ਸੋਚ ਤੇ ਸਿਆਸਤ ਵਲ ਰਿਹਾ ਹੈ ਭਾਵੇਂ ਮੈਂ ਕਦੇ ਕਿਸੇ ਪਾਰਟੀ ਦਾ ਮੈਂਬਰ ਨਹੀਂ

ਆਪਣੀਆਂ ਬੋਲੀਆਂ ਬਾਰੇ ਕਿਸ ਤਰ੍ਹਾਂ ਮਹਿਸੂਸ ਕਰਦੇ ਹਨ ਅਤੇ ਕਿਸ ਕਿਸਮ ਦੀਆਂ ਕੋਸ਼ਿਸ਼ਾਂ ਕਰਦੇ ਹਨ। ਇਸ ਮਕਸਦ ਲਈ ਬੀ ਸੀ ਹੈਰੀਟੇਜ ਲੈਂਗੂਏਜ ਐਸੋਸੀਏਸ਼ਨ (ਵਿਰਾਸਤੀ ਭਾਸ਼ਾ ਜਥੇਬੰਦੀ) ਵਿੱਚ ਹਿੱਸਾ ਲੈਣਾ ਸ਼ੁਰੂ ਕੀਤਾ।

ਇਸ ਜਥੇਬੰਦੀ ਦੇ ਨਵੰਬਰ 1993 ਦੇ ਸੈਮੀਨਾਰ ਦੌਰਾਨ ਪੰਜਾਬੀ ਪਿਛੋਕੜ ਦੇ ਇੱਕ ਅਧਿਆਪਕ ਇੰਦਰ ਮੇਹਟ ਨੇ ਇਹ ਜਾਣਕਾਰੀ ਦਿੱਤੀ ਕਿ ਬੀ ਸੀ ਦੀ ਸਰਕਾਰ ਸਕੂਲੀ ਵਿੱਦਿਆ ਦੀ ਨਵੀਂ ਭਾਸ਼ਾ ਨੀਤੀ ਤਿਆਰ ਕਰ ਰਹੀ ਹੈ। ਇੰਦਰ ਮੇਹਟ ਸਰ੍ਹੀ ਵਿੱਚ ਸਕੂਲ ਅਧਿਆਪਕ ਸੀ ਪਰ ਉਸ ਵੇਲੇ ਉਹ ਚਾਰ ਸਾਲ ਵਾਸਤੇ ਇਸ ਨਵੀਂ ਭਾਸ਼ਾ ਨੀਤੀ ਘੜਨ ਵਾਲੀ ਕਮੇਟੀ ਦੇ ਇੱਕ ਡਾਇਰੈਕਟਰ ਵਜੋਂ ਵਿਕਟੋਰੀਆ ਵਿੱਚ ਕੰਮ ਕਰ ਰਿਹਾ ਸੀ[5]। ਸੈਮੀਨਾਰ ਤੋਂ ਪਿੱਛੋਂ ਮੈਂ ਉਹਨੂੰ ਪੁੱਛਿਆ ਕਿ ਇਸ ਗੱਲ ਦਾ ਪੰਜਾਬੀ ਭਾਈਚਾਰੇ ਵਿੱਚ ਤਾਂ ਕਿਸੇ ਨੂੰ ਕੋਈ ਪਤਾ ਨਹੀਂ, ਤੁਸੀਂ ਇਸ ਬਾਰੇ ਲੋਕਾਂ ਨੂੰ ਕਿਉਂ ਨਹੀਂ ਦੱਸ ਰਹੇ? ਇੰਦਰ ਮੇਹਟ ਨੇ ਜੋ ਦੱਸਿਆ ਉਹ ਹੈਰਾਨੀ ਵਾਲ਼ਾ ਸੀ। ਉਹਦੇ ਕਹਿਣ ਅਨੁਸਾਰ ਉਹ ਜਾਣਕਾਰੀ ਦੇਣ ਗੁਰਦੁਆਰੇ ਗਿਆ ਸੀ ਪਰ ਉਹਦੀ ਗੱਲ ਵਲ ਕਿਸੇ ਨੇ ਬਹੁਤਾ ਧਿਆਨ ਨਹੀਂ ਦਿੱਤਾ। ਉੱਥੇ ਉਹਨੂੰ ਪੁੱਛਿਆ ਤੇ ਦੱਸਿਆ ਗਿਆ ਕਿ ਉਹ ਕਿਹੋ ਜਿਹਾ ਬੰਦਾ ਹੈ ਜੋ ਆਪਣੇ ਨਾਂ ਨਾਲ਼ ਸਿੰਘ ਨਹੀਂ ਲਾਉਂਦਾ ਅਤੇ ਜਿਸ ਨੂੰ ਆਪਣੇ 'ਪਿਓ' ਬਾਰੇ ਵੀ ਪਤਾ ਨਹੀਂ ਹੈ।

ਉਸ ਵੇਲੇ ਅਸੀਂ ਤਹੱਈਆ ਕੀਤਾ ਕਿ ਪੰਜਾਬੀ ਬੋਲੀ ਵਾਸਤੇ ਸੈਕੂਲਰ ਲੀਹਾਂ ’ਤੇ ਜਥੇਬੰਦ ਹੋ ਕੇ ਕੰਮ ਕੀਤਾ ਜਾਵੇ। ਅਸੀਂ ਦੋ ਹੋਰ ਅਧਿਆਪਕਾਂ ਨਾਲ਼ ਮਿਲ ਕੇ ਬ੍ਰਿਟਿਸ਼ ਕੋਲੰਬੀਆ ਐਸੋਸੀਏਸ਼ਨ ਫਾਰ ਪੰਜਾਬੀ ਲੈਂਗੂਏਜ ਐਜੂਕੇਸ਼ਨ (ਬੀ ਸੀ ਏ ਪੀ ਐੱਲ ਈ - ਬੀ ਸੀ ਐਪਲ) ਦੀ ਸਥਾਪਨਾ ਕੀਤੀ। ਬੀ ਸੀ ਵਿੱਚ ਪੰਜਾਬੀ ਬੋਲੀ ਦੀ ਪੜ੍ਹਾਈ ਨੂੰ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਲਾਗੂ ਕਰਾਉਣ ਦੀ 1993 ਵਿੱਚ ਸ਼ੁਰੂ ਹੋਈ ਇਹ ਸਰਗਰਮੀ ਅਜੇ ਵੀ ਮੇਰੇ ਜੀਵਨ ਦਾ ਅਟੁੱਟ ਹਿੱਸਾ ਹੈ। ਇਨ੍ਹਾਂ

ਬਣਿਆਂ। ਪੰਜਾਬੀ ਬੋਲੀ ਦੀਆਂ ਸਮੱਸਿਆਵਾਂ ਵਲ ਧਿਆਨ ਕੇਂਦਰਤ ਕਰਨ ਵੇਲੇ ਖੱਬੀ ਸੋਚ ਮੇਰੇ ਲਈ ਸਮੱਸਿਆ ਬਣ ਰਹੀ ਸੀ। ਪਰ ਇਸ ਵਲ ਹੋਰ ਡੂੰਘਾਈ ਨਾਲ ਦੇਖਣ ’ਤੇ ਹੌਲੀ ਹੌਲੀ ਇਹ ਵਿਚਾਰ ਬਣਿਆਂ ਕਿ ਅਜੋਕੇ ਸਮੇਂ ਦੁਨੀਆ ਦੀਆਂ ਬਹੁਤ ਸਾਰੀਆਂ ਬੋਲੀਆਂ ਨੂੰ ਆ ਰਹੀਆਂ ਮੁਸ਼ਕਿਲਾਂ ਦੀ ਜੜ੍ਹ ਬਸਤੀਵਾਦ ਤੇ ਅਜੋਕੇ ਵਿਸ਼ਵੀਕਰਨ ਵਿਚ ਹੈ ਤੇ ਆਪਣੀ ਬੋਲੀ ਲਈ ਸੰਘਰਸ਼ ਇਸ ਵੱਡੇ ਸੰਘਰਸ਼ ਦੇ ਹਿੱਸੇ ਵਜੋਂ ਦੇਖਿਆ ਜਾ ਸਕਦਾ ਹੈ। ਸੁਖਵੰਤ ਹੁੰਦਲ ਵਲੋਂ ਲਿਖਿਆ ਲੇਖ 'ਦੁਨੀਆ ਵਿਚ ਅੰਗ੍ਰੇਜ਼ੀ ਦਾ ਗਲਬਾ' (http://sukhwanthundal.wordpress.com/) ਮੇਰੀ ਇਹ ਸੋਚ ਬਣਾਉਣ ਵਿਚ ਬੜਾ ਸਹਾਈ ਹੋਇਆ।

[5] ਇੰਦਰ ਮੇਹਟ ਬਹੁਤ ਛੋਟੀ ਉਮਰੇ ਪੰਜਾਬ ਫਗਵਾੜੇ ਲਾਗੇ ਪੈਂਦੇ ਪਿੰਡ ਮੇਹਟਾਂ ਤੋਂ ਆਪਣੇ ਪਰਿਵਾਰ ਨਾਲ਼ ਕਨੇਡਾ ਆ ਗਿਆ ਸੀ। ਉਸ ਸਮੇਂ ਪੰਜਾਬੀਆਂ ਦੀ ਵਸੋਂ ਵਿਰਲੀ ਹੋਣ ਕਾਰਨ ਉਹ ਵੀ ਹੋਰ ਬਹੁਤ ਸਾਰੇ ਪੰਜਾਬੀ ਪਿਛੋਕੜ ਦੇ ਕਨੇਡਾ ’ਚ ਪਲਣ ਵਾਲੇ ਨੌਜਵਾਨਾਂ ਵਾਂਗ ਆਪਣੀ ਗੱਲਬਾਤ ਤੇ ਸੁਭਾਅ ਵਜੋਂ ਜ਼ਿਆਦਾ 'ਕਨੇਡੀਅਨ' ਜਾਪਦਾ ਹੈ। ਉਹ ਪੰਜਾਬੀ ਸੱਭਿਆਚਾਰ ਤੇ ਬੋਲੀ ਨੂੰ ਪਿਆਰ ਕਰਨ ਵਾਲਾ ਬਹੁਤ ਹੀ ਸਿਆਣਾ ਤੇ ਸਾਫ ਸੁਥਰੀ ਸੋਚ ਵਾਲਾ ਅਧਿਆਪਕ ਹੈ।

ਸਾਲਾਂ ਦੌਰਾਨ ਕਨੇਡਾ ਵਿੱਚ ਪੰਜਾਬੀ ਬੋਲੀ ਦੇ ਵਰਤਮਾਨ ਅਤੇ ਭਵਿੱਖ ਬਾਰੇ ਵਿਚਾਰਾਂ ਅਤੇ ਸਰਗਰਮੀਆਂ ਦਾ ਲੇਖਾ ਜੋਖਾ ਇਸ ਕਿਤਾਬ ਦੇ ਰੂਪ ਵਿੱਚ ਮੈਂ ਤੁਹਾਡੇ ਨਾਲ਼ ਸਾਂਝਾ ਕਰ ਰਿਹਾ ਹਾਂ।

1.

ਜਾਣ ਪਛਾਣ

ਬੋਲੀ ਜਾਂ ਭਾਸ਼ਾ[6] ਸੱਭਿਆਚਾਰ ਦਾ ਮਹੱਤਵਪੂਰਨ ਚਿੰਨ੍ਹ ਹੀ ਨਹੀਂ, ਸਗੋਂ ਅਜਿਹਾ ਮਾਧਿਅਮ ਵੀ ਹੁੰਦੀ ਹੈ ਜਿਸ ਰਾਹੀਂ ਸਮਾਜਿਕ ਕਦਰਾਂ-ਕੀਮਤਾਂ, ਰੀਤੀ-ਰਿਵਾਜ, ਜੀਵਨ-ਦਰਸ਼ਨ, ਵਿਸ਼ਵਾਸ ਆਦਿ ਸਭ ਕੁਝ ਇੱਕ ਪੀੜ੍ਹੀ ਤੋਂ ਦੂਜੀ ਤੱਕ ਪਹੁੰਚਦੇ ਹਨ। ਅਸੀਂ ਆਪਣੇ ਸਾਹਿਤ, ਗੀਤ-ਸੰਗੀਤ, ਧਰਮ, ਰਸਮ-ਰਿਵਾਜ, ਸਮਾਜਿਕ-ਮੇਲਜੋਲ ਜਿਹੀਆਂ ਗੱਲਾਂ ਦਾ ਜੋ ਆਨੰਦ ਮਾਂ-ਬੋਲੀ ਵਿੱਚ ਮਾਣਦੇ ਹਾਂ ਉਹ ਦੂਜੀ ਬੋਲੀ ਵਿੱਚ ਸੰਭਵ ਨਹੀਂ। ਬੋਲੀ ਦੀ ਵਿਆਖਿਆ ਵਿੱਚ ਦੁਨੀਆ ਭਰ ਦੇ ਚਿੰਤਕਾਂ ਤੇ ਭਾਸ਼ਾ-ਵਿਗਿਆਨੀਆਂ ਨੇ ਬਹੁਤ ਕੁਝ ਲਿਖਿਆ ਹੈ। ਭਾਸ਼ਾ ਵਿਗਿਆਨੀ ਡਾ: ਜੋਗਾ ਸਿੰਘ ਅਨੁਸਾਰ:

> ਭਾਸ਼ਾ ਸਿਰਫ਼ ਗੱਲਬਾਤ ਦਾ ਸਾਧਨ ਮਾਤਰ ਨਹੀਂ ਹੈ। ਇਹ ਮਨੁੱਖ ਦੇ ਗਿਆਨ ਹਾਸਲ ਕਰਨ ਦਾ ਆਧਾਰ ਹੈ। ਇਹ ਵਿਅਕਤੀ ਨੂੰ ਆਪਣੇ ਸੱਭਿਆਚਾਰ, ਆਪਣੇ ਇਤਿਹਾਸ, ਆਪਣੇ ਵਿਰਸੇ ਨਾਲ ਜੋੜਨ ਵਾਲੀ ਬਹੁਤ ਜ਼ਰੂਰੀ ਤੰਦ ਹੈ। ਇਹ ਕਿਸੇ ਕੌਮੀਅਤ ਦੀਆਂ ਸਾਂਝੀਆਂ ਸਿਮਰਤੀਆਂ ਦਾ ਮਾਧਿਅਮ ਹੈ ਅਤੇ ਇਹ ਕਿਸੇ ਕੌਮੀਅਤ ਨੂੰ ਕੌਮੀਅਤ ਦੇ ਰੂਪ ਵਿਚ ਬੰਨ੍ਹਣ ਵਾਲੀ ਕੜੀ ਹੈ।[7]

ਇਸੇ ਤਰ੍ਹਾਂ ਡਾ: ਗੁਰੂਮੇਲ ਸਿੱਧੂ ਵਲੋਂ ਕੀਤੀ ਇਹ ਵਿਆਖਿਆ ਵੀ ਬੋਲੀ ਬਾਰੇ ਜਾਨਣ ਵਿੱਚ ਸਹਾਈ ਹੁੰਦੀ ਹੈ:

> ਬੋਲੀ ਦੇ ਨਿਕਾਸ/ਵਿਕਾਸ ਅਤੇ ਉਚਾਰਨ ਵਿੱਚ ਭੌਤਿਕ ਅਤੇ ਸਮਾਜਿਕ (Physical and Social) ਵਾਤਾਵਰਣ ਦਾ ਅਹਿਮ ਰੋਲ ਹੁੰਦਾ ਹੈ। ਭੌਤਿਕ ਵਾਤਾਵਰਣ ਵਿੱਚ ਬੋਲੀ ਦੀ ਭੂਗੋਲਿਕ ਸਥਿਤੀ, ਜਿਸ ਵਿੱਚ

[6] ਬਹੁਤੀ ਵਾਰੀ ਭਾਸ਼ਾ ਤੇ ਬੋਲੀ ਨੂੰ ਇਕੋ ਅਰਥ ਵਜੋਂ ਵਰਤਿਆ ਜਾਂਦਾ ਹੈ ਅਤੇ ਏਥੇ ਵੀ ਇਸੇ ਤਰ੍ਹਾਂ ਹੀ ਕੀਤਾ ਗਿਆ ਹੈ, ਪਰ ਇਨ੍ਹਾਂ ਸ਼ਬਦਾਂ ਦੇ ਅਰਥਾਂ ਵਿੱਚਲਾ ਫਰਕ ਵੀ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਭਾਸ਼ਾ ਦੇ ਅਰਥ ਵੱਡੇ ਹਨ ਜਿਸ ਵਿੱਚ ਲਿਖਣਾ, ਪੜ੍ਹਨਾ ਆਦਿ ਵੀ ਸ਼ਾਮਲ ਹੁੰਦਾ ਹੈ। ਪੰਜਾਬ ਦੀ ਭਾਸ਼ਾ ਪੰਜਾਬੀ ਹੈ ਪਰ ਬੋਲੀ ਵਿਚ ਇਲਾਕਿਆਂ ਅਨੁਸਾਰ ਫਰਕ ਆ ਜਾਂਦਾ ਹੈ, ਜਿਵੇਂ ਮਾਝੀ, ਮਾਲਵੀ, ਦੁਆਬੀ ਆਦਿ।

[7] ਡਾਕਟਰ ਜੋਗਾ ਸਿੰਘ, 'ਪੰਜਾਬੀ ਭਾਸ਼ਾ ਸਬੰਧੀ ਨਵੀਂ ਸਰਕਾਰ ਦੀ ਪਹੁੰਚ ਕੀ ਹੋਵੇ ?', ਡਾਕਟਰ ਜੋਗਾ ਸਿੰਘ ਦੀਆਂ ਪੰਜਾਬੀ ਭਾਸ਼ਾ ਬਾਰੇ ਲਿਖਤਾਂ ਏਥੇ ਪੜ੍ਹੀਆਂ ਜਾ ਸਕਦੀਆਂ ਹਨ: https://punjabiuniversity.academia.edu/JogaSingh

> ਧਰਤੀ ਅਤੇ ਅੰਬਰ ਦੀ ਸਿੰਫਨੀ, ਪੌਣਾਂ ਦੀ ਸਰ ਸਰ, ਪਾਣੀ ਦੀ ਕਲ ਕਲ, ਰੁੱਤਾਂ ਦੇ ਹੇਰ ਫੇਰ, ਜੀਆ ਜੰਤ ਦੀ ਚਹਿਲ-ਪਹਿਲ, ਬਨਸਪਤੀ ਦਾ ਨਾਦ ਆਦਿ ਸ਼ਾਮਲ ਹਨ। ਸਮਾਜਿਕ ਵਾਤਾਵਰਣ ਵਿੱਚ ਕਿਸੇ ਕੌਮ ਦੇ ਲੋਕਾਂ ਵਿਚਕਾਰ ਆਪਣੇ ਹਾਵਾਂ ਭਾਵਾਂ ਦਾ ਆਦਾਨ ਪ੍ਰਦਾਨ ਗਿਣਿਆ ਜਾਂਦਾ ਹੈ ਜੋ ਰੋਜ਼ਾਨਾ ਵਿਵਹਾਰ, ਕਾਰੋਬਾਰ, ਲੈਣ-ਦੇਣ, ਰਸਮੋ ਰਿਵਾਜ ਅਤੇ ਸਾਂਝੇ ਹਿੱਤਾਂ ਰਾਹੀਂ ਵਿਅਕਤ ਹੁੰਦਾ ਹੈ। ਭੌਤਿਕ ਅਤੇ ਸਮਾਜਿਕ ਵਾਤਾਵਰਣ ਦੇ ਟਕਰਾਅ ਵਿੱਚੋਂ ਪੈਦਾ ਹੋਣ ਵਾਲੀਆਂ ਧੁਨੀਆਂ ਅਤੇ ਉਚਾਰਨ, ਇਨਸਾਨ ਦੀਆਂ ਲੋੜਾਂ ਅਨੁਸਾਰ ਢਲ ਕੇ, ਬੋਲੀ ਦਾ ਆਧਾਰ ਬਣਦੇ ਹਨ।[8]

ਕਿਸੇ ਵੀ ਸੱਭਿਆਚਾਰ ਨੂੰ ਉਸ ਦੇ ਆਪਣੇ ਰੰਗਾਂ, ਮਹਿਕਾਂ ਤੇ ਸੁਹਜ ਸੁਆਦਾਂ ਵਿੱਚ ਕਾਇਮ ਰੱਖਣ ਵਾਸਤੇ ਬੋਲੀ ਦਾ ਕਾਇਮ ਰਹਿਣਾ ਜ਼ਰੂਰੀ ਹੈ। ਸੱਭਿਆਚਾਰ ਦੀ ਰੂਹ ਨੂੰ ਅਗਲੀਆਂ ਪੀੜ੍ਹੀਆਂ ਤੱਕ ਪਹੁੰਚਾਉਣ ਵਾਸਤੇ ਕਨੇਡਾ ਵਿੱਚ ਜੰਮ-ਪਲ਼ ਰਹੇ ਬੱਚਿਆਂ ਲਈ ਪੰਜਾਬੀ ਭਾਸ਼ਾ ਬੋਲਣ, ਪੜ੍ਹਨ ਤੇ ਲਿਖਣ ਦੀ ਜਾਣਕਾਰੀ ਅਤਿ ਜ਼ਰੂਰੀ ਹੈ।

ਭਾਸ਼ਾ ਦੀ ਇਸ ਮਹੱਤਤਾ ਦੇ ਬਾਵਜੂਦ ਕਈ ਦਿਸਦੇ ਅਣਦਿਸਦੇ ਕਾਰਨਾਂ ਵੱਸ ਬਹੁਤੇ ਪੰਜਾਬੀ ਆਪਣੀ ਬੋਲੀ ਨੂੰ ਬਣਦੀ ਮਹੱਤਤਾ ਨਹੀਂ ਦਿੰਦੇ। ਸੰਭਵ ਹੈ ਕਿ ਇਨ੍ਹਾਂ ਕਾਰਨਾਂ ਵਿੱਚ ਇੱਕ ਕਾਰਨ ਇਹ ਵੀ ਹੋਵੇ ਕਿ ਤਾਕਤ ਦੇ ਗਲਿਆਰਿਆਂ ਤੋਂ ਸਦਾ ਬਾਹਰ ਰਹੀ ਬੋਲੀ ਨੂੰ ਪੰਜਾਬੀ ਖੁਦ ਵੀ ਇੱਕ ਪਛੜੀ ਹੋਈ ਬੋਲੀ ਸਮਝਦੇ ਹੋਣ। ਭਾਵੇਂ ਹੁਣ ਸਿੱਧਾ ਸਵਾਲ ਕਰਨ 'ਤੇ ਕੋਈ ਇਹ ਨਹੀਂ ਕਹੇਗਾ ਕਿ ਅੰਗ੍ਰੇਜ਼ੀ, ਹਿੰਦੀ ਜਾਂ ਹੋਰ ਜ਼ਬਾਨਾਂ ਦੇ ਮੁਕਾਬਲੇ ਪੰਜਾਬੀ ਪੱਛੜੀ ਹੋਈ ਜ਼ਬਾਨ ਹੈ। ਪਰ ਇਹ ਗੱਲ ਹਮੇਸ਼ਾ ਇਸ ਤਰ੍ਹਾਂ ਨਹੀਂ ਸੀ। ਉਦਾਹਰਨ ਵਜੋਂ, ਅਸੀਂ ਪ੍ਰਕਾਸ਼ ਟੰਡਨ ਦੇ ਪੰਜਾਬੀ ਬਾਰੇ ਇਹ ਵਿਚਾਰ ਦੇਖ ਸਕਦੇ ਹਾਂ ਜਿਹੜੇ ਉਸ ਨੇ 1961 ਵਿੱਚ ਆਪਣੀ ਮਸ਼ਹੂਰ ਕਿਤਾਬ 'ਪੰਜਾਬੀ ਸੈਂਚਰੀ' : 1847-1947[9] ਵਿੱਚ ਲਿਖੇ ਸਨ:

> ਸਾਡੀ ਜ਼ਬਾਨ ਦੀ ਕੋਈ ਲਿਪੀ ਨਹੀਂ ਹੈ ਅਤੇ ਨਾ ਹੀ ਮੁਸ਼ਕਿਲ ਨਾਲ਼ ਥੋੜ੍ਹੀ ਦੇਰ ਪਹਿਲਾਂ ਤੱਕ, ਧਰਮ ਤੋਂ ਬਿਨਾਂ ਕੋਈ ਸਾਹਿਤ। ...ਜ਼ਬਾਨ ਦੀ ਸ਼ੁੱਧਤਾ ਖਤਮ ਹੋਣੀ ਸ਼ੁਰੂ ਹੋ ਗਈ, ਅਤੇ ਮੇਰੇ ਸਮੇਂ ਤੱਕ ਇਹ ਉਰਦੂ ਨਾਲ਼ ਏਨੀ ਰਲਗੱਡ ਹੋ ਚੁੱਕੀ ਸੀ ਕਿ ਕਿਰਿਆ-ਅੰਤ ਅਤੇ ਸੰਬੰਧਕਾਂ (ਪਰੈਪੋਜ਼ੀਸ਼ਨ) ਤੋਂ ਬਿਨਾਂ ਇਹ ਤਕਰੀਬਨ ਉਰਦੂ ਹੀ ਬਣ ਗਈ ਸੀ।

---

8 ਡਾ: ਗੁਰੂਮੇਲ ਸਿੱਧੂ, *'ਪੰਜਾਬੀ ਬੋਲੀ ਅਤੇ ਸੱਭਿਆਚਾਰ ਨੂੰ ਕਿਵੇਂ ਬਚਾਇਆ ਜਾਵੇ'* - Indo-Canadian Times International Inc. April2-8, 2009. p. 59.

9 Prakash Tandon, Punjabi Century 1847-1947. Harcourt, Brace and World, Inc. New York. 1961. pp. 67-68 :

ਪ੍ਰਕਾਸ਼ ਟੰਡਨ ਦੀ ਅੰਗ੍ਰੇਜ਼ੀ ਵਿੱਚ ਲਿਖੀ ਇਹ ਪੁਸਤਕ ਬਾਹਰਲੀਆਂ ਯੂਨੀਵਰਸਿਟੀਆਂ ਵਿੱਚ ਪੰਜਾਬ ਬਾਰੇ ਜਾਨਣ ਲਈ ਆਮ ਵਰਤੀ ਜਾਂਦੀ ਰਹੀ ਹੈ। ਪੰਜਾਬੀ ਬੋਲੀ ਬਾਰੇ ਚਰਚਾ ਕਰਦਿਆਂ ਟੰਡਨ ਪੰਜਾਬੀ ਨੂੰ ਅੰਗ੍ਰੇਜ਼ੀ ਬੋਲੀ ਤੋਂ ਹਰ ਪੱਧਰ 'ਤੇ ਘਟੀਆ ਸਾਬਤ ਕਰਦਾ ਹੈ। ਉਸ ਅਨੁਸਾਰ ਇਸ ਦੀ ਇੱਕੋ ਇੱਕ ਸਿਫਤ ਹੈ ਕਿ ਇਹ ਗਾਲ਼ਾਂ ਕੱਢਣ ਵਾਸਤੇ ਸਭ ਤੋਂ ਉੱਤਮ ਹੈ।

ਟੰਡਨ ਵਲੋਂ ਪੇਸ਼ ਕੀਤੇ ਨਜ਼ਰੀਏ ਤੋਂ ਅਸੀਂ ਦੇਖ ਸਕਦੇ ਹਾਂ ਕਿ ਅਜੇ ਕੁਝ ਦੇਰ ਪਹਿਲਾਂ ਤੱਕ ਪੰਜਾਬੀ ਬੋਲੀ ਬਾਰੇ ਪੰਜਾਬੀਆਂ ਵਿੱਚੋਂ ਹੀ ਕੁਝ ਲੋਕ ਇਸ ਕਿਸਮ ਦੇ ਖਿਆਲ ਸਿਰਫ ਰੱਖਦੇ ਹੀ ਸਨ ਸਗੋਂ ਇਨ੍ਹਾਂ ਨੂੰ ਬੜੇ ਮਾਣ ਨਾਲ਼ ਪੇਸ਼ ਵੀ ਕਰਦੇ ਸਨ। ਇਸ ਦੇ ਨਾਲ਼ ਹੀ ਪੰਜਾਬੀ ਨੂੰ ਹਿੰਦੀ ਦੀ ਇੱਕ ਉੱਪਭਾਸ਼ਾ ਵੀ ਕਿਹਾ ਜਾਂਦਾ ਰਿਹਾ ਹੈ। ਭਾਸ਼ਾ ਵਿਗਿਆਨੀ ਜੀ ਏ ਗਰੀਅਰਸਨ ਅਤੇ ਜੇ ਜੇ ਗੁੰਮਪਰਜ਼ ਦੀਆਂ ਲਿਖਤਾਂ ਨੂੰ ਆਧਾਰ ਬਣਾ ਕੇ ਡਾਕਟਰ ਆਤਮਜੀਤ ਸਿੰਘ ਲਿਖਦਾ ਹੈ: ''ਇਹ ਕਹਿਣਾ ਕਿ ਪੰਜਾਬੀ ਇੱਕ ਉੱਪਭਾਸ਼ਾ ਤੋਂ ਵਧ ਕੁਝ ਨਹੀਂ, ਭਾਸ਼ਾਈ ਤੱਥਾਂ ਦੇ ਉਲਟ ਹੈ। ਜਿਹੜੇ ਇਲਾਕਿਆਂ ਵਿੱਚ ਪੰਜਾਬੀ ਬੋਲੀ ਜਾਂਦੀ ਹੈ ਉਹ ਬਿਲਕੁਲ ਵੱਖਰੇ ਹਨ।''[10]

ਹੁਣ ਘੱਟੋ ਘੱਟ ਭਾਰਤੀ ਪੰਜਾਬ ਵਿੱਚ ਪੰਜਾਬੀ ਬਾਰੇ ਇਸ ਕਿਸਮ ਦੀ ਰਾਇ ਕੋਈ ਉੱਚੀ ਆਵਾਜ਼ ਵਿੱਚ ਦੇਣ ਦਾ ਹੌਸਲਾ ਨਹੀਂ ਕਰਦਾ। ਸੰਭਵ ਹੈ ਕਿ ਇਹ ਗੱਲ ਪਾਕਿਸਤਾਨੀ ਪੰਜਾਬ ਵਿੱਚ ਲਾਗੂ ਨਾ ਹੁੰਦੀ ਹੋਵੇ ਕਿਉਂਕਿ ਉੱਥੇ ਅਜੇ ਵੀ ਕਾਫੀ ਲੋਕ ਹਨ ਜੋ ਪੰਜਾਬੀ ਨੂੰ ਉਰਦੂ ਨਾਲੋਂ ਨਿਖੱਧ ਸਮਝਦੇ ਹਨ।

ਪੰਜਾਬੀਆਂ ਦਾ ਵੱਖਰੇ ਵੱਖਰੇ ਧਰਮਾਂ ਵਿੱਚ ਵੰਡਿਆ ਹੋਣਾ ਵੀ ਪੰਜਾਬੀ ਲਈ ਬੇਹੱਦ ਘਾਤਕ ਸਿੱਧ ਹੋਇਆ ਹੈ। ਆਤਮਜੀਤ ਸਿੰਘ ਅਨੁਸਾਰ:

> ਪਾਕਿਸਤਾਨ ਬਣਨ ਬਾਅਦ ਜਾਨਸ਼ੀਨੀ ਦੀ ਜੰਗ ਸ਼ੁਰੂ ਹੋ ਗਈ, ਹਿੰਦੂ ਹਿੰਦੀ ਲਈ ਤੇ ਸਿੱਖ ਪੰਜਾਬੀ ਲਈ ਲੜਨ ਲੱਗੇ। ਹਿੰਦੂ, ਬਹੁਗਿਣਤੀ ਵਜੋਂ ਆਪਣੀ ਪਛਾਣ ਹਿੰਦੀ ਨਾਲ਼ ਕਰਵਾਉਣ ਲੱਗੇ, ਤੇ ਪਾਕਿਸਤਾਨ ਵਿੱਚ ਮੁਸਲਮਾਨਾਂ ਨੇ ਪੰਜਾਬੀ ਨੂੰ ਤਿਲਾਂਜਲੀ ਦੇ ਕੇ ਉਰਦੂ ਨੂੰ ਆਪਣੇ ਫਿਰਕੇ ਦੇ ਚਿੰਨ੍ਹ ਵਜੋਂ ਅਪਣਾ ਲਿਆ। ਬਰਤਾਨਵੀ ਪੰਜਾਬ ਵਿੱਚ ਵੀ ਉਹ ਉਰਦੂ ਨਾਲ਼ ਪ੍ਰਤੀਬੱਧ ਸਨ ਕਿਉਂਕਿ ਇਹ ਜ਼ਬਾਨ ਉਨ੍ਹਾਂ ਦੀ ਧਾਰਿਮਕ ਪਛਾਣ ਦਾ ਹਿੱਸਾ ਸੀ। ਭਾਰਤੀ ਪੰਜਾਬ ਵਿੱਚ ਹਿੰਦੂਆਂ ਨੇ ਬਹੁਤ ਕੱਟੜਤਾ ਨਾਲ਼ ਹਿੰਦੀ ਨੂੰ ਪਾਲਣਾ ਸ਼ੁਰੁ ਕਰ ਦਿੱਤਾ ਅਤੇ ਪੰਜਾਬੀ ਸਿੱਖਾਂ ਦੀ ਸਿਆਸੀ ਅਤੇ ਸੱਭਿਆਚਾਰਕ ਪਛਾਣ ਦਾ ਚਿੰਨ੍ਹ ਬਣ ਗਈ। ਆਰੀਆ ਸਮਾਜ, ਹਿੰਦੂ ਸਮਾਜ ਸੁਧਾਰਕ ਜਥੇਬੰਦੀ, ਦੇ ਅਸਰ ਥੱਲੇ ਹਿੰਦੂਆਂ ਨੇ ਪਹਿਲਾਂ ਹੀ ਹਿੰਦੀ ਨੂੰ ਆਪਣੇ ਧਰਮ ਦਾ ਕੌਮੀ ਚਿੰਨ੍ਹ ਮੰਨ ਲਿਆ ਸੀ, ਅਤੇ ਸਿੱਖਾਂ ਨੇ ਸਿੰਘ ਸਭਾ ਲਹਿਰ ਦੇ ਅਸਰ ਥੱਲੇ ਆਪਣੀ

---

[10] Atamjit Singh, 'The Language Divide in Punjab', *South Asian Graduate Research Journal, Volume 4, No. 1, Spring 1997*

ਘੱਟ ਗਿਣਤੀ ਦੀ ਪਛਾਣ ਪੰਜਾਬੀ ਬੋਲੀ ਅਤੇ ਸਾਹਿਤ ਰਾਹੀਂ ਕਾਇਮ ਕਰਨੀ ਸ਼ੁਰੂ ਕਰ ਦਿੱਤੀ।[11]

ਪੰਜਾਬੀ ਨਾਲ਼, ਖਾਸ ਕਰ ਪੰਜਾਬ ਦੇ ਬਟਵਾਰੇ ਬਾਅਦ ਜੋ ਅਨਰਥ ਹੋਇਆ ਹੈ, ਉਸ ਦਾ ਮੁੱਖ ਕਾਰਨ ਪੰਜਾਬੀਆਂ ਵੱਲੋ ਜ਼ਬਾਨ ਨੂੰ ਆਪਣੀ ਧਾਰਿਮਕ ਸ਼ਨਾਖਤ ਵਿੱਚ ਸ਼ਾਮਲ ਕਰਨਾ ਹੈ। ਪੰਜਾਬੀ ਵਸੋਂ ਦੇ ਇਕ ਹਿੱਸੇ ਨੂੰ ਧਾਰਿਮਕ ਪੱਖੋਂ ਇਹ ਕਹਿ ਕੇ ਉਕਸਾਇਆ ਗਿਆ ਕਿ ਆਪਣੀ ਮਾਂ-ਬੋਲੀ ਹਿੰਦੀ ਦੱਸ ਕੇ ਉਹ ਭਾਰਤ ਦੇ ਵੱਡੇ ਹਿੱਸੇ ਦਾ ਅੰਗ ਬਣ ਸਕਦੇ ਹਨ। ਇਸ ਸਬੰਧ ਵਿਚ ਸਰਦਾਰ ਪਟੇਲ ਦੇ ਇਹ ਵਿਚਾਰ ਦੇਖੇ ਜਾ ਸਕਦੇ ਹਨ:

> ਓ ਪੰਜਾਬ ਦੇ ਹਿੰਦੂਓ, ਤੁਸੀਂ ਹਿੰਦੂ ਹੋ (ਭਾਵੇਂ ਪੰਜਾਬੀ ਹਿੰਦੂ ਹੀ ਸਹੀ), ਭਾਰਤ ਦੇ ਕੁਲ ਹਿੰਦੂਆਂ ਦਾ ਇਕ ਅਨਿੱਖੜਵਾਂ ਭਾਗ … ਤੁਸੀਂ ਸੂਰਜਬੰਸੀ ਤੇ ਚੰਦਰਬੰਸੀ ਹੋ … ਵੇਦ ਸ਼ਾਸਤਰਾਂ ਦੀ ਹਿੰਦੂ ਸੰਸਕ੍ਰਿਤੀ ਤੁਹਾਡੇ ਹੱਥਾਂ ਵਿਚ ਰਚੀ ਹੋਈ ਹੈ। ਆਪਣੇ ਅਤੀਤ ਅਤੇ ਅਸਲ ਨੂੰ ਪਛਾਣੋ। ਰਾਸ਼ਟਰੀ ਭਾਰਤ ਦੇ ਬਲਵਾਨ ਹਿੰਦੂਆਂ ਦਾ ਤੁਸੀਂ ਭਾਗ ਹੋ। ਤੁਸਾਂ ਕੁਲ ਭਾਰਤ ਉੱਤੇ ਰਾਜ ਕਰਨਾ ਹੈ। … ਮਾਂ ਬੋਲੀ ਦੀ ਗੱਲ ਭੁੱਲ ਜਾਓ। ਜੱਟ ਗਵਾਰਾਂ ਨੂੰ ਪੰਜਾਬੀ ਬੋਲਣ ਦਿਓ। ਤੁਸੀਂ ਸਰਕਾਰੀ ਕਾਗਜ਼ਾਂ ਵਿਚ ਆਪਣੀ ਮਾਂ-ਬੋਲੀ ਹਿੰਦੀ ਲਿਖਵਾਓ। ਹਿੰਦੀ ਬੋਲੋ, ਹਿੰਦੀ ਪੜ੍ਹੋ।[12]
> …

ਨਤੀਜੇ ਵਜੋਂ, ਪੰਜਾਬ ਦੇ ਹਿੰਦੂ ਭਾਈਚਾਰੇ ਨਾਲ ਸਬੰਧਤ ਲੋਕਾਂ 1951 ਦੀ ਮਰਦਮਸ਼ੁਮਾਰੀ ਵਿਚ ਆਪਣੀ ਮਾਂ-ਬੋਲੀ ਹਿੰਦੀ ਲਿਖਵਾਈ ਅਤੇ ਜਿਸ ਦੇ ਅਧਾਰ ’ਤੇ 1966 ਵਿਚ ਪੰਜਾਬੀ ਸੂਬੇ ਦੀ ਸਥਾਪਨਾ ਹੋਈ[13]। ਇਸ ਤਰ੍ਹਾਂ ਜਿੱਥੇ ਪਾਕਿਸਤਾਨੀ ਪੰਜਾਬ ਵਿੱਚ ਪੰਜਾਬੀ ਬੋਲੀ ਦਾ ਕੋਈ ਸਥਾਨ ਨਹੀਂ ਬਣ ਸਕਿਆ, ਉੱਥੇ ਭਾਰਤੀ ਪੰਜਾਬ ਵਿੱਚ ਵੀ ਧਰਮ ਦੇ ਕਾਰਨ ਇਸ ਦੇ ਵਿਕਾਸ ਨੂੰ ਵੱਡਾ ਧੱਕਾ ਲੱਗਾ। ਹੁਣ ਇਸ ਸਥਿਤੀ ਵਿੱਚ ਸੁਧਾਰ ਆਇਆ ਹੈ। ਭਾਰਤੀ ਪੰਜਾਬ ਦੇ ਬਹੁਤੇ ਲੋਕ ਪੰਜਾਬੀ ਨੂੰ ਆਪਣੀ ਬੋਲੀ ਮੰਨਣ ਲੱਗ ਪਏ ਹਨ। ਕੁਝ ਹੱਦ ਤੱਕ ਵਿੱਦਿਅਕ ਪ੍ਰਣਾਲੀ ਵਿੱਚ ਪੰਜਾਬੀ ਸਥਾਪਿਤ ਹੋ ਗਈ ਹੈ ਤੇ ਇਸ ਦਾ ਅਜੋਕੀਆਂ ਤਕਨੀਕਾਂ ਦੀ ਵਰਤੋਂ ਨਾਲ਼ ਵੀ ਕੁਝ ਵਿਕਾਸ ਹੋਣਾ ਸ਼ੁਰੂ ਹੋਇਆ ਹੈ।

---

[11] ਉਹੀ

[12] ਹੀਰਾ ਸਿੰਘ ਢੀਂਢਸਾ, 'ਭਾਸ਼ਾਈ ਯੋਜਨਾਬੰਦੀ ਅਤੇ ਰਾਜ ਸੰਸਥਾਵਾਂ' । ਅਲੋਚਨਾ: ਪੰਜਾਬੀ ਭਾਸ਼ਾ ਵਿਸ਼ੇਸ਼ ਅੰਕ, ਅਪ੍ਰੈਲ-ਸਤੰਬਰ 2008। ਸਫਾ 143 ’ਤੇ ਦਿੱਤੀ ਉਕਤੀ।

[13] ਪੂਰਬੀ ਪੰਜਾਬ ਦੇ ਲੋਕਾਂ ਵਿਚਲੇ ਧਾਰਿਮਕ ਵੱਖਰੇਵੇਂ ਕਾਰਨ 1966 ਵਿੱਚ ਪੰਜਾਬ ਨੂੰ ਤਿੰਨ ਪ੍ਰਾਂਤਾਂ ਵਿੱਚ ਵੰਡ ਦਿੱਤਾ ਗਿਆ। ਇਸ ਨਾਲ਼ ਪੰਜਾਬੀ ਬੋਲਦੇ ਕਈ ਇਲਾਕੇ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦਾ ਹਿੱਸਾ ਬਣ ਗਏ। ਪੰਜਾਬੀ ਸੂਬੇ ਦਾ ਆਕਾਰ ਬਹੁਤ ਛੋਟਾ ਰਹਿ ਗਿਆ।

ਪਰ ਅਜੇ ਵੀ ਅਨੇਕਾਂ ਅਜਿਹੇ ਪੱਖ ਹਨ ਜਿੱਥੇ ਪੰਜਾਬੀ ਵਸਦੇ ਰਸਦੇ ਘਰ ਵਿੱਚ ਇੱਕ ਗਰੀਬੜੇ ਜੀਅ ਦੀ ਤਰ੍ਹਾਂ ਖੂੰਜੇ ਲੱਗੀ ਨਜ਼ਰ ਆਉਂਦੀ ਹੈ। ਪੰਜਾਬੀਆਂ ਦਾ ਆਪਣੀ ਬੋਲੀ ਨਾਲ਼ ਰਿਸ਼ਤਾ ਅਜੇ ਵੀ ਪੂਰੀ ਤਰ੍ਹਾਂ ਸੁਭਾਵਕ ਨਹੀਂ ਕਿਹਾ ਜਾ ਸਕਦਾ। ਬਸਤੀਵਾਦੀ ਗੁਲਾਮੀ ਥੱਲਿਓਂ ਪੰਜਾਬੀ ਅਜੇ ਨਿਕਲ ਨਹੀਂ ਸੀ ਸਕੀ ਤੇ ਉੱਪਰੋਂ ਹੁਣ ਵਿਸ਼ਵੀਕਰਨ ਦੇ ਅਸਰ ਥੱਲੇ ਇਸ ਉੱਤੇ ਅੰਗ੍ਰੇਜ਼ੀ ਦਾ ਖਤਰਾ ਪਹਿਲਾਂ ਨਾਲੋਂ ਵੀ ਵਧ ਗਿਆ ਹੈ। ਪੰਜਾਬੀ ਚਿੰਤਕ ਗੁਰਬਚਨ ਅਨੁਸਾਰ:

> ਗਿਆਨ/ਵਿਗਿਆਨ ਤੇ ਤਕਨਾਲੋਜੀ ਦੀ ਤਾਕਤ, ਪ੍ਰਮਾਣੂ ਅਸਲੇ ਦੀ ਤਾਕਤ ਤੋਂ ਇਲਾਵਾ, ਪ੍ਰਥਮ ਸੰਸਾਰ ਕੋਲ਼ ਹੋਣ ਕਰਕੇ ਸਥਿਤੀ ਅੱਜ ਇਹ ਹੈ: ਪ੍ਰਥਮ ਸੰਸਾਰ ਅੱਜ ਆਰਥਿਕ ਜੁਗਤਾਂ ਦੇ ਨਾਲੋ-ਨਾਲ਼ ਭਾਸ਼ਾ/ਪ੍ਰਵਚਨ ਰਾਹੀਂ ਆਪਣੀ ਸੰਸਾਰੀ ਪ੍ਰਭੁਤਾ ਨੂੰ ਅੰਤਹੀਣ ਸਿਲਿਸਲੇ ਵਿੱਚ ਤਬਦੀਲ ਕਰਨ 'ਚ ਚੋਖੇ ਸਫਲ ਹੋ ਰਹੇ ਹਨ। 'ਸਮਾਜਵਾਦੀ' ਸੰਸਾਰ ਆਪਣੀ ਵੱਖਰੀ ਪਛਾਣ ਤੇ ਸਿਆਸੀ ਵੱਖਰਤਾ ਤੋਂ ਹੱਥ ਧੋ ਕੇ ਖੁੱਲ੍ਹੀ ਮੰਡੀ ਨੂੰ ਸਵੀਕਾਰ ਕਰ ਬੈਠਾ ਹੈ। ਪ੍ਰਥਮ ਸੰਸਾਰ ਦੀ ਆਰਥਿਕ ਮਨੁੱਖ ਵਾਲੇ ਥਿਰ-ਚਿੰਨ੍ਹ ਇਸ ਸੰਸਾਰ ਵਿੱਚ ਵੀ ਤਾਕਤ ਫੜ ਰਹੇ ਹਨ। ਤੀਜੇ ਸੰਸਾਰ ਦੇ ਲੋਕ ਵਿਕਾਸ ਤੇ ਤਬਦੀਲੀ ਕਾਰਨ ਪੈਦਾ ਹੋਈ ਸਮਾਜਿਕ ਉਥਲ-ਪੁਥਲ ਕਾਰਨ ਭਾਸ਼ਾ/ਕਲਚਰ ਦੇ ਟਿਕਾਉ-ਮੁਕਤ ਦੌਰ 'ਚੋਂ ਗੁਜ਼ਰ ਰਹੇ ਹਨ ਤੇ ਵਹੀਰਾਂ ਘੱਤ ਕੇ ਤਕਾਨਲੋਜੀ/ਸੂਚਨਾ ਕ੍ਰਾਂਤੀ ਦੇ ਕਲਚਰ, ਜਿਸ ਦੀ ਰਾਜਧਾਨੀ ਅਮਰੀਕਾ ਹੈ, ਵਲ ਖਿੱਚੇ ਜਾ ਰਹੇ ਹਨ।[14]

ਮੌਜੂਦਾ ਸਥਿਤੀ ਅਨੁਸਾਰ ਚੰਗੀਆਂ ਨੌਕਰੀਆਂ ਤੇ ਚੰਗੇ ਭਵਿੱਖ ਖਾਤਰ ਪੰਜਾਬ ਵਿੱਚ ਰਹਿੰਦੇ ਵਿਅਕਤੀ ਲਈ ਵੀ ਅੰਗ੍ਰੇਜ਼ੀ ਲਾਜ਼ਮੀ ਬਣੀ ਹੋਈ ਹੈ। ਆਜ਼ਾਦ ਭਾਰਤ ਵਿਚ ਪੰਜਾਬੀ ਸਮਾਜ ਦੇ ਵਧਣ ਫੁੱਲਣ ਦੇ ਨਾਲ਼ ਨਾਲ਼ ਜੋ ਵਿਕਾਸ ਬੋਲੀ ਨੇ ਵੀ ਕਰਨਾ ਸੀ ਉਹ ਹੋ ਨਹੀਂ ਰਿਹਾ। ਆਮ ਬੰਦਾ ਆਪਣੀ ਮਾਂ-ਬੋਲੀ ਨੂੰ ਜਿੰਨਾ ਮਰਜ਼ੀ ਪਿਆਰ ਕਰਦਾ ਹੋਵੇ, ਤੇ ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਪੰਜਾਬੀ ਵੀ ਆਪਣੀ ਮਾਂ-ਬੋਲੀ ਨੂੰ ਪਿਆਰ ਕਰਦੇ ਹਨ, ਪਰ ਮੌਜੂਦਾ ਆਰਥਿਕ ਤੇ ਸੱਭਿਆਚਾਰਕ ਸਥਿਤੀਆਂ ਵਿੱਚ ਉਸ ਦਾ ਅੰਗ੍ਰੇਜ਼ੀ ਵਲ ਝੁਕਾਅ ਹੋਣਾ ਲਾਜ਼ਮੀ ਹੈ।

ਇਸ ਸਾਰੀ ਸਥਿਤੀ ਨੂੰ ਹੋਰ ਵੀ ਗੰਭੀਰ ਬਣਾਉਂਦੀ ਹੈ ਮੌਜੂਦਾ ਸਮੇਂ ਟੈਲੀਵਿਯਨ ਉੱਪਰ ਮੁੰਬਈ ਦੇ ਫਿਲਮੀ ਸਤਾਰਿਆਂ ਅਤੇ ਹੋਰ ਖੇਤਰਾਂ ਦੇ ਮਹੱਤਵਪੂਰਨ ਵਿਅਕਤੀਆਂ ਵੱਲੋਂ ਬੋਲੀ ਜਾਂਦੀ ਅੰਗ੍ਰੇਜ਼ੀ ਜਾਂ ਹਿੰਦੀ। ਆਮ ਵਿਅਕਤੀ ਦੀ ਮਾਨਿਸਕਤਾ ਉੱਪਰ (ਖਾਸ ਕਰ ਛੋਟੀ ਉਮਰ ਦੇ ਬੱਚਿਆਂ 'ਤੇ) ਇਹ ਗੱਲਾਂ ਬੇਹੱਦ ਪ੍ਰਭਾਵ ਪਾਉਂਦੀਆਂ ਹਨ ਅਤੇ ਅਚੇਤਨ ਹੀ ਉਹਦੇ ਮਨ ਵਿੱਚ ਟੈਲੀਵਿਯਨ ਵਿਚਲੇ

---

[14] ਗੁਰਬਚਨ, *ਸੰਸਾਰੀਕਰਨ ਤੇ ਪੰਜਾਬੀ ਭਾਸ਼ਾ*, ਲਕੀਰ, ਅਪ੍ਰੈਲ-ਜੂਨ 2000, ਸਫਾ 5.

ਲੋਕਾਂ ਵਰਗਾ ਬਣਨ ਦੀ ਲਾਲਸਾ ਪੈਦਾ ਹੁੰਦੀ ਹੈ। ਇਸ ਦਾ ਅਸਰ ਪੰਜਾਬੀ ਲੋਕਾਂ ਦੇ ਵਰਤਾਵ ਵਿੱਚ ਦੇਖਿਆ ਜਾ ਸਕਦਾ ਹੈ।[15]

ਅਜੋਕੀ ਉਲਝਣ ਵਾਲੀ ਸਥਿਤੀ ਦੇ ਅਸਰ ਥੱਲੇ ਆਮ ਪੰਜਾਬੀ ਬੰਦੇ ਨੂੰ ਕਿਸੇ ਗੈਰ-ਪੰਜਾਬੀ ਦਿਸਦੇ ਵਿਅਕਤੀ ਮੂੰਹੋਂ ਪੰਜਾਬੀ ਸੁਣ ਕੇ ਕੁਝ ਪਲ ਸਮਝ ਹੀ ਨਹੀਂ ਲਗਦੀ ਕਿ ਉਹਦਾ ਕੀ ਪ੍ਰਤੀਕਰਮ ਹੋਵੇ। ਦੂਜੀਆਂ ਬੋਲੀਆਂ ਦੇ ਲੋਕਾਂ ਨਾਲ਼ ਵਾਹ ਪੈਣ ਵੇਲੇ ਪੰਜਾਬੀਆਂ ਦੇ ਵਰਤਾਰੇ ਵਿੱਚੋਂ ਅਨੇਕਾਂ ਅਜਿਹੀਆਂ ਉਦਾਹਰਨਾਂ ਮਿਲ ਜਾਂਦੀਆਂ ਹਨ। ਜੇ ਕੋਈ ਗੈਰ-ਪੰਜਾਬੀ ਵਿਅਕਤੀ ਪੰਜਾਬੀ ਬੋਲਣ ਦੀ ਕੋਸ਼ਿਸ਼ ਕਰ ਰਿਹਾ ਹੋਵੇ ਤਾਂ ਆਮ ਪੰਜਾਬੀ ਮੱਲੋ-ਮੱਲੀ ਅਗਲੇ ਦੀ ਬੋਲੀ ਬੋਲਣ ਦੀ ਕੋਸ਼ਿਸ਼ ਕਰਦਾ ਹੈ। ਪੰਜਾਬ ਵਿੱਚ ਪਰਵਾਸੀ ਮਜ਼ਦੂਰਾਂ ਨਾਲ਼ ਹਿੰਦੀ ਬੋਲਣ ਸੰਬੰਧੀ ਅਨੇਕਾਂ ਚੁਟਕਲੇ ਸੁਣੇ ਸੁਣਾਏ ਜਾਂਦੇ ਹਨ। ਏਸੇ ਤਰ੍ਹਾਂ ਕਨੇਡਾ ਵਿੱਚ ਜਿਹੜੇ ਗੈਰ-ਪੰਜਾਬੀਆਂ ਨੇ ਪੰਜਾਬੀ ਸਿੱਖੀ ਹੋਵੇ ਜਾਂ ਸਿੱਖ ਰਹੇ ਹੋਣ, ਉਨ੍ਹਾਂ ਲਈ ਸਭ ਤੋਂ ਵੱਡੀ ਮੁਸ਼ਕਲ ਹੁੰਦੀ ਹੈ ਕਿ ਉਨ੍ਹਾਂ ਨੂੰ ਅਭਿਆਸ ਕਰਨ ਵਾਸਤੇ ਪੰਜਾਬੀ ਬੋਲਣ ਵਾਲ਼ਾ ਵਿਅਕਤੀ ਨਹੀਂ ਮਿਲਦਾ। ਉਹ ਜਿਹੜੇ ਵੀ ਪੰਜਾਬੀ ਨਾਲ਼ ਗੱਲ ਕਰਦੇ ਹਨ ਉਹ ਅੱਗਿਉਂ ਉਹਦੇ ਨਾਲ਼ ਅੰਗ੍ਰੇਜ਼ੀ ਵਿੱਚ ਹੀ ਗੱਲ ਕਰਦਾ ਹੈ। ਅਸਲੀਅਤ ਇਹ ਹੈ ਕਿ ਪੰਜਾਬੀ ਸਾਹਿਤ ਨਾਲ਼ ਜੁੜਿਆਂ ਨੂੰ ਛੱਡ ਕੇ ਥੋੜ੍ਹੇ ਹੀ ਪੰਜਾਬੀ ਹਨ ਜਿਹੜੇ ਪੂਰੇ ਭਰੋਸੇ ਨਾਲ਼ ਮਾਂ-ਬੋਲੀ ਦੇ ਹੱਕ ਵਿੱਚ ਖੜ੍ਹਨ ਜਾਂ ਜਜ਼ਬਾਤੀ ਪੱਧਰ ਤੋਂ ਅੱਗੇ ਇਸ ਉੱਪਰ ਮਾਣ ਕਰਨ।

ਕੁਝ ਵਰ੍ਹੇ ਪਹਿਲਾਂ ਪੰਜਾਬ ਦੀ ਅਕਾਲੀ ਸਰਕਾਰ ਨੇ ਪਹਿਲੀ ਜਮਾਤ ਤੋਂ ਅੰਗ੍ਰੇਜ਼ੀ ਦੀ ਪੜ੍ਹਾਈ ਸ਼ੁਰੂ ਕਰਨ ਦਾ ਫੈਸਲਾ ਭਾਵੇਂ ਵਿਹਾਰਕ (ਪਰੈਗਮੈਟਿਕ) ਸੋਚ ਦੇ ਆਧਾਰ ਉੱਤੇ ਕੀਤਾ ਹੋਵੇ ਪਰ ਸੰਭਵ ਹੈ ਕਿ ਉਨ੍ਹਾਂ ਦੇ ਮਨਾਂ ਅੰਦਰ ਵੀ ਪੰਜਾਬੀ ਦੇ ਦੂਜੀਆਂ ਬੋਲੀਆਂ ਦੇ ਟਾਕਰੇ ਘਟੀਆ ਹੋਣ ਬਾਰੇ ਵਿਚਾਰ ਛੁਪੇ ਹੋਏ ਹੋਣ। ਇਸ ਸੰਬੰਧੀ ਲੇਖਕਾਂ ਅਤੇ ਬੁੱਧੀਜੀਵੀਆਂ ਨੇ ਤਾਂ ਜ਼ਰੂਰ ਆਵਾਜ਼ ਉਠਾਈ ਸੀ ਪਰ ਆਮ ਲੋਕ ਇਸ ਦੇ ਹੱਕ ਵਿੱਚ ਜਾਪਦੇ ਸਨ। ਇਸ ਵਰਤਾਰੇ ਵਿਰੁੱਧ ਲੋਕਾਂ ਵੱਲੋਂ ਆਵਾਜ਼ ਨਾ ਉਠਾਉਣਾ ਇਹੀ ਦਰਸਾਉਂਦਾ ਹੈ। ਇਸ ਸੰਦਰਭ ਵਿੱਚ ਭਾਸ਼ਾ ਵਿਗਿਆਨੀ ਟੋਵ ਸਕੂਟਨਾਬ-ਕਾਂਗਾਸ ਦੀ ਰਾਇ ਦੁਹਰਾਉਣੀ ਏਥੇ ਕੁਥਾਂ ਨਹੀਂ ਹੋਵੇਗੀ:

> ਭਾਸ਼ਾ-ਵਿਗਿਆਨ ਦੇ ਨਜ਼ਰੀਏ ਤੋਂ ਕਿਸੇ ਸਮੂਹ ਦੇ ਲੋਕਾਂ ਵੱਲੋਂ ਬੋਲੀਆਂ ਜਾਂਦੀਆਂ ਸਭ ਬੋਲੀਆਂ ਦਾ ਇੱਕੋ ਜਿਹਾ ਮੁੱਲ ਜਾਂ ਕਦਰ ਹੁੰਦੀ ਹੈ। ਸਾਰੀਆਂ ਬੋਲੀਆਂ ਤਰਕ ਤੇ ਗਿਆਨ-ਬੋਧ ਪੱਖੋਂ ਜਟਿਲ ਅਤੇ ਕਿਸੇ ਵੀ ਖਿਆਲ ਨੂੰ ਪ੍ਰਗਟਾਉਣ ਯੋਗ ਹੁੰਦੀਆਂ ਹਨ ਜੇ ਉਨ੍ਹਾਂ ਦੇ ਵਿਕਾਸ ਵਾਸਤੇ ਲੋੜੀਂਦੇ ਸਾਧਨ ਜੁਟਾਏ ਗਏ ਹੋਣ (ਹੋਰ ਗੱਲਾਂ ਦੇ ਨਾਲ਼ ਨਾਲ਼

[15] ਇਸ ਸਥਿਤੀ ਨੂੰ ਸੁਰਿੰਦਰ ਕੈਲੇ (ਸੰਪਾਦਕ ਅਣੂ) ਦੀਆਂ ਲਿਖੀਆਂ ਦੋ ਮਿੰਨੀ ਕਹਾਣੀਆਂ ਬਹੁਤ ਖੂਬੀ ਨਾਲ਼ ਪੇਸ਼ ਕਰਦੀਆਂ ਹਨ। ਪਹਿਲੀ ਕਹਾਣੀ ਵਿੱਚ ਮਰਦਮਸ਼ੁਮਾਰੀ ਵੇਲੇ ਇੱਕ ਵਿਅਕਤੀ ਠੇਠ ਪੰਜਾਬੀ ਵਿੱਚ ਉੱਤਰ ਦਿੰਦਾ ਹੈ ਕਿ ਉਸ ਦੀ ਮਾਂ-ਬੋਲੀ ਹਿੰਦੀ ਹੈ। ਤੇ ਦੂਜੀ ਕਹਾਣੀ ਵਿੱਚ ਉਹੀ ਵਿਅਕਤੀ ਕੁਝ ਵਰ੍ਹਿਆਂ ਬਾਅਦ ਹੋਈ ਮਰਦਮਸ਼ੁਮਾਰੀ ਸਮੇਂ ਹਿੰਦੀ ਵਿੱਚ ਕਹਿੰਦਾ ਹੈ ਕਿ ਉਸ ਦੀ ਮਾਂ-ਬੋਲੀ ਪੰਜਾਬੀ ਹੈ।

> ਨਵੀਂਆਂ ਸ਼ਾਬਦਿਕ ਰਚਨਾਵਾਂ ਕਰਨ ਵਿੱਚ)। 'ਪਰਿਮਿਟਵ ਲੈਂਗੂਏਜ' ਨਾਂ ਦੀ ਕੋਈ ਚੀਜ਼ ਨਹੀਂ ਹੈ। ਭਾਸ਼ਾ-ਵਿਗਿਆਨ ਦੇ ਆਧਾਰ ਉੱਤੇ ਸਾਰੀਆਂ ਬੋਲੀਆਂ ਦੇ ਇੱਕੋ ਜਿਹੇ ਹੱਕ ਹੋ ਸਕਦੇ ਹਨ, ਉਨ੍ਹਾਂ ਨੂੰ ਪੂਰੀ ਤਰ੍ਹਾਂ ਸਿੱਖਣ ਦੀਆਂ ਇੱਕੋ ਜਿਹੀਆਂ ਸੰਭਾਵਨਾਵਾਂ ਹੋ ਸਕਦੀਆਂ ਹਨ, ਬੋਲੀਆਂ, ਇਸਦੀ ਵਰਤੋਂ ਕਰਨ ਵਾਲਿਆਂ ਵੱਲੋਂ, ਹਰ ਕਿਸਮ ਦੀਆਂ ਸਥਿਤੀਆਂ ਵਿੱਚ ਵਰਤਣ ਅਤੇ ਵਿਕਾਸ ਯੋਗ ਹੁੰਦੀਆਂ ਹਨ।[16]

ਉਪਰੋਕਿਤ ਵਿਚਾਰ ਦੀ ਰੌਸ਼ਨੀ ਵਿੱਚ ਦੇਖਿਆਂ ਪੰਜਾਬੀ ਬੋਲੀ ਹਰ ਕਿਸਮ ਦੀ ਉੱਚ ਪੱਧਰੀ ਪੜ੍ਹਾਈ ਤੇ ਖੋਜ ਆਦਿ ਦੇ ਕਾਰਜਾਂ ਲਈ ਉੱਨੀਆਂ ਹੀ ਸੰਭਾਵਨਾਵਾਂ ਰੱਖਦੀ ਹੈ ਜਿੰਨੀਆਂ ਕੋਈ ਹੋਰ ਬੋਲੀ। ਦਰਅਸਲ ਧਰਤੀ ਦੇ ਜਿਸ ਖਿੱਤੇ ਵਿੱਚ ਪੰਜਾਬੀ ਬੋਲੀ ਵਿਕਸਤ ਹੋਈ ਹੈ ਉਸ ਦਾ ਸੰਬੰਧ ਦੁਨੀਆ ਦੀ ਸਭ ਤੋਂ ਪੁਰਾਣੀ ਸੱਭਿਅਤਾ ਨਾਲ਼ ਹੈ। ਜਿਸ ਬੋਲੀ ਦੀਆਂ ਜੜ੍ਹਾਂ ਏਨੀ ਡੂੰਘੀ ਤੇ ਉਪਜਾਊ ਮਿੱਟੀ ਵਿੱਚ ਹੋਣ ਉਸ ਨੂੰ ਆਧੁਨਿਕ ਸਮੇਂ ਦੇ ਹਾਣੀ ਹੋਣ ਦੀ ਸਮਰੱਥਾ ਤੋਂ ਵਾਂਝੀ ਸਮਝਣਾ ਬੋਲੀ ਬਾਰੇ ਅਗਿਆਨਤਾ ਜਾਂ ਮਨਾਂ ਵਿੱਚ ਵਸੀ ਕਿਸੇ ਕਿਸਮ ਦੀ ਗੁਲਾਮੀ ਜਾਂ ਹੀਣਤਾ-ਗ੍ਰੰਥੀ ਹੀ ਹੋ ਸਕਦੀ ਹੈ। ਅਸੀਂ ਜਾਣਦੇ ਹਾਂ ਕਿ ਪੰਜਾਬ ਵਿੱਚ ਵਿੱਦਿਆ ਦੇ ਹਰ ਖੇਤਰ ਦੀ ਉੱਚ-ਪੱਧਰੀ ਪੜ੍ਹਾਈ ਵਿੱਚ ਪੰਜਾਬੀ ਦੀ ਵਰਤੋਂ ਕਰਨ ਤੋਂ ਇਸ ਦਲੀਲ ਨਾਲ਼ ਗੁਰੇਜ਼ ਕੀਤਾ ਜਾਂਦਾ ਹੈ ਕਿ ਪੰਜਾਬੀ ਵਿੱਚ ਇਨ੍ਹਾਂ ਵਿਸ਼ਿਆਂ ਨੂੰ ਇਸ ਪੱਧਰ 'ਤੇ ਸਿੱਖਣ ਸਿੱਖਾਉਣ ਲਈ ਲੋੜੀਂਦੇ ਸ਼ਬਦ ਨਹੀਂ। ਅਸਲੀਅਤ ਵਿੱਚ ਇਹ ਦਲੀਲ ਸਿਰਫ ਉਨ੍ਹਾਂ ਲੋਕਾਂ ਨੂੰ ਹੀ ਵਜ਼ਨਦਾਰ ਜਾਪਦੀ ਹੈ ਜਿਨ੍ਹਾਂ ਅੰਦਰ ਸ਼ਾਇਦ ਅਚੇਤ ਹੀ ਗੁਲਾਮ ਜ਼ਿਹਨੀਅਤ ਘਰ ਕਰੀ ਬੈਠੀ ਹੈ। ਇਸ ਸੰਬੰਧ ਵਿੱਚ ਡਾਕਟਰ ਸਾਧੂ ਸਿੰਘ ਵੱਲੋਂ ਲਿਖੀ ਮਹੱਤਵਪੂਰਨ ਕਿਤਾਬ 'ਪੰਜਾਬੀ ਬੋਲੀ ਦੀ ਵਿਰਾਸਤ' ਪੰਜਾਬੀ ਦੇ ਵਿਸ਼ਾਲ ਸ਼ਬਦ ਭੰਡਾਰ ਦੇ ਦਰਸ਼ਨ ਕਰਵਾਉਂਦੀ ਹੈ। ਇਸ ਵਿੱਚ ਲੇਖਕ ਨੇ ਪੰਜਾਬੀਆਂ ਦੇ ਜੀਵਨ ਨਾਲ਼ ਸੰਬੰਧਿਤ ਹਰ ਖਿੱਤੇ ਵਿਚਲੇ ਅਣਗਿਣਤ ਸ਼ਬਦਾਂ ਬਾਰੇ ਜਾਣਕਾਰੀ ਦਿੱਤੀ ਹੈ। ਉਨ੍ਹਾਂ ਨੇ ਪੰਜਾਬੀ ਵਿਰੋਧੀ ਦਲੀਲ ਦਾ ਜੋਰਦਾਰ ਤਰੀਕੇ ਨਾਲ਼ ਜਵਾਬ ਦਿੱਤਾ ਹੈ:

> ਸਿੱਟੇ ਵਜੋਂ ਇਹ ਆਖਿਆ ਜਾ ਸਕਦਾ ਹੈ ਕਿ ਪੰਜਾਬੀ ਬੋਲੀ ਦੇ ਸ਼ਬਦ ਭੰਡਾਰ ਦੀ ਸੀਮਾ ਨੂੰ ਐਵੇਂ ਅਗਿਆਨ ਵੱਸ ਹੀ ਨੌਲਣ ਦੀ ਥਾਂ ਜੇ ਇਸ ਦੇ ਕਲਾਸਿਕੀ ਲਿਖਤੀ, ਲੋਕਯਾਨਕ ਤੇ ਮੌਖਿਕ ਸੋਮਿਆਂ ਨੂੰ ਪੂਰੇ ਸਿਦਕ ਤੇ ਸਿਰੜ ਨਾਲ਼ ਗੌਲਿਆ ਜਾਏ ਤਾਂ ਇਹ ਬੋਲੀ ਕੇਵਲ ਗੰਭੀਰ ਤੇ ਸੂਖਮ ਵਾਰਤਾਲਾਪ ਦੀਆਂ ਲੋੜਾਂ ਹੀ ਨਹੀਂ, ਸਗੋਂ ਆਧੁਨਿਕ

[16] Tove Skutnabb-Kangas, *Multiligualism and the Education of Minority Children*, in Minority Education: From Shame to Struggle, ed. by T. Skutnabb-Kangas and J. Cummins. (Multilingual Matters Ltd. Clevedon) 1988. p. 12

> ਵਿੱਦਿਆ ਦੇ ਮਾਧਿਅਮ ਦੇ ਤੌਰ ਵੀ ਆਪਣੀ ਸਮਰੱਥਾ ਨੂੰ ਉਜਾਗਰ ਕਰਨ ਵਿੱਚ ਪੂਰੀ ਤਰ੍ਹਾਂ ਕਾਰਗਾਰ ਸਿੱਧ ਹੋ ਸਕਦੀ ਹੈ।[17]

ਪੰਜਾਬੀ ਬੋਲੀ ਨਾਲ ਵਾਸਤਾ ਰੱਖਣ ਵਾਲੇ ਹੋਰ ਵੀ ਬਹੁਤ ਸਾਰੇ ਲੋਕਾਂ ਨੇ ਇਸ ਦੀ ਸਮਰੱਥਾ ਬਾਰੇ ਕਾਫੀ ਕੁਝ ਲਿਖਿਆ ਹੈ। ਉਦਾਹਰਨ ਵਜੋਂ ਡਾਕਟਰ ਜੋਗਾ ਸਿੰਘ ਨੇ ਬਹੁਤ ਸਖਤ ਸ਼ਬਦਾਂ ਵਿਚ ਉਨ੍ਹਾਂ ਲੋਕਾਂ ਦੀ ਅਲੋਚਨਾ ਕੀਤੀ ਹੈ ਜੋ ਪੰਜਾਬੀ ਭਾਸ਼ਾ ਦੀ ਸਮਰੱਥਾ 'ਤੇ ਸ਼ੱਕ ਕਰਦੇ ਹਨ:

> ਸੱਚੀ ਗੱਲ ਇਹ ਹੈ ਕਿ ਜਦੋਂ ਕੋਈ ਕਹਿੰਦਾ ਹੈ ਕਿ ਪੰਜਾਬੀ ਕੋਲ ਉਚੇਰੇ ਕਾਰਜਾਂ ਲਈ ਸ਼ਬਦਾਵਲੀ ਦਾ ਭੰਡਾਰ ਨਹੀਂ ਹੈ ਤਾਂ ਉਹ ਅਸਲ ਵਿਚ ਪੰਜਾਬੀ ਜਾਨਣ ਵਾਲਿਆਂ ਵਿਚ ਆਪਣਾ ਮੌਜੂ ਉਡਾ ਰਿਹਾ ਹੁੰਦਾ ਹੈ। ਜਿਸ ਭਾਸ਼ਾ ਵਿਚ ਘੱਟੋ-ਘੱਟ ਹਜ਼ਾਰ ਸਾਲ ਤੋਂ ਉੱਚੇ ਤੋਂ ਉੱਚਾ ਸਾਹਿਤ ਰਚਿਆ ਜਾ ਰਿਹਾ ਹੋਵੇ ਅਤੇ ਜਿਸ ਭਾਸ਼ਾ ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ' ਜਿਹੀ ਰਚਨਾ ਪ੍ਰਾਪਤ ਹੋਵੇ, ਉਸ ਦੀ ਸ਼ਾਬਿਦਕ ਸਮਰੱਥਾ 'ਤੇ ਕਿੰਤੂ ਕਰਨਾ ਮੇਰੇ ਲਈ ਦੀਰਘ-ਅਨਪੜ੍ਹਤਾ ਦਾ ਸੂਚਕ ਹੈ।[18]

ਦੁਨੀਆ ਦੀ ਸਭ ਤੋਂ ਵਧ ਵਿਕਸਤ ਭਾਸ਼ਾ ਅੰਗ੍ਰੇਜ਼ੀ ਨਾਲ ਪੰਜਾਬੀ ਦਾ ਮੁਕਾਬਲਾ ਕਰਦੇ ਹੋਏ ਜੋਗਾ ਸਿੰਘ ਲਿਖਦੇ ਹਨ:

> ... ਅੰਗ੍ਰੇਜ਼ੀ ਦੀ ਸ਼ਬਦਾਵਲੀ ਦੀ ਸਮਰੱਥਾ ਪੰਜਾਬੀ ਤੋਂ ਵਧ ਹੋ ਹੀ ਨਹੀਂ ਸਕਦੀ ਕਿਉਂਕਿ ਅੰਗ੍ਰੇਜ਼ੀ ਅਤੇ ਪੰਜਾਬੀ ਦੇ ਇਤਿਹਾਸਕ ਸਰੋਤ ਸਾਂਝੇ ਹਨ। ਦੋਵੇਂ ਭਾਸ਼ਾਵਾਂ ਭਾਰਤੀ-ਯੂਰਪੀ ਪਰਿਵਾਰ ਨਾਲ ਸਬੰਧ ਰੱਖਦੀਆਂ ਹਨ, ਇਸ ਲਈ ਦੋਹਾਂ ਵਿਚ ਧਾਤੂਆਂ (roots) ਅਤੇ ਵਧੇਤਰਾਂ (affixes) ਦੀ ਗਿਣਤੀ ਹੀ ਬਰਾਬਰ ਜਿਹੀ ਨਹੀਂ ਬਲਿਕ ਇਹਨਾਂ ਵਿਚ ਧਾਤੂਆਂ ਅਤੇ ਵਧੇਤਰਾਂ ਦੀ ਸਾਂਝ ਵੀ ਹੈ, ... ।[19]

ਪੰਜਾਬੀ ਬੋਲੀ ਦੀ ਸਾਰਿਥਕਤਾ ਅਤੇ ਸਮਰੱਥਾ ਸਬੰਧੀ ਉੱਪਰੋਕਤ ਵਿਚਾਰਾਂ ਦੇ ਬਾਵਜੂਦ ਪੰਜਾਬੀ ਆਪਣੀ ਮਾਂ-ਬੋਲੀ 'ਤੇ ਉਸ ਕਿਸਮ ਦਾ ਮਾਣ ਨਹੀਂ ਕਰਦੇ ਜਿਸ ਕਿਸਮ ਦੀ ਆਸ ਕੀਤੀ ਜਾਂਦੀ ਹੈ। ਇਹ ਮਾਣ ਤਾਂ ਹੀ ਪੈਦਾ ਹੋ ਸਕਦਾ ਹੈ ਜੇ

---

17 ਡਾਕਟਰ ਸਾਧੂ ਸਿੰਘ, *ਪੰਜਾਬੀ ਬੋਲੀ ਦੀ ਵਿਰਾਸਤ,* ਚੇਤਨਾ ਪ੍ਰਕਾਸ਼ਨ, ਲੁਧਿਆਣਾ, 2010. ਸਫਾ 16

18 ਡਾਕਟਰ ਜੋਗਾ ਸਿੰਘ, 'ਪੰਜਾਬੀ ਭਾਸ਼ਾ ਦੇ ਪਰਸੰਗ ਵਿਚ ਭਾਸ਼ਾ ਨੀਤੀ' , ਅਲੋਚਨਾ: ਪੰਜਾਬੀ ਭਾਸ਼ਾ ਵਿਸ਼ੇਸ਼ ਅੰਕ, ਅਪ੍ਰੈਲ- ਸਤੰਬਰ 2008, ਸਫਾ 83 ।

19 ਉਹੀ, ਸਫਾ 87

ਪੰਜਾਬੀ ਜੀਵਨ ਦੀਆਂ ਕੁਝ ਚੀਜ਼ਾਂ ਨੂੰ ਸਿਰਫ ਪੈਸੇ ਕਮਾਉਣ ਜਾਂ ਮੁਨਾਫੇ ਦੇ ਕੋਣ ਤੋਂ ਦੇਖਣਾ ਛੱਡਣ।[20]

ਇਨਸਾਨ ਦੀ ਆਪਣੀ ਬੋਲੀ ਵਾਸਤੇ ਵਰਤਿਆ ਜਾਂਦਾ ਸ਼ਬਦ 'ਮਾਂ-ਬੋਲੀ' ਇਸ ਦੇ ਗੂੜ੍ਹੇ ਰਿਸ਼ਤੇ ਦਾ ਹੀ ਲਖਾਇਕ ਹੈ। ਪਰ ਹਰ ਇਨਸਾਨ ਏਨਾ ਖੁਸ਼ਿਕਸਮਤ ਨਹੀਂ ਹੁੰਦਾ ਕਿ ਉਹ ਆਪਣੀ ਮਾਂ ਦੀ ਗੋਦ ਵਿੱਚ ਹੀ ਪਲ਼ੇ। ਵੱਖਰੇ ਵੱਖਰੇ ਕਾਰਨਾਂ ਵੱਸ ਕੁਝ ਲੋਕਾਂ ਨੂੰ ਆਪਣੀ ਮਾਂ-ਬੋਲੀ ਤੋਂ ਇਲਾਵਾ ਕਿਸੇ ਦੂਜੀ ਬੋਲੀ ਦੀਆਂ ਬਾਹਾਂ ਵਿੱਚ ਪਲ਼ਣਾ ਪੈਂਦਾ ਹੈ। ਅਜਿਹੀ ਹੀ ਕੁਝ ਸਥਿਤੀ ਪੰਜਾਬ ਤੋਂ ਬਾਹਰ ਰਹਿ ਰਹੇ ਪੰਜਾਬੀਆਂ ਦੀਆਂ ਅਗਲੀਆਂ ਪੀੜ੍ਹੀਆਂ ਦੀ ਹੈ ਤੇ ਪੰਜਾਬ ਵਸਦੇ ਖਾਂਦੇ ਪੀਂਦੇ ਘਰਾਂ ਦੇ ਬੱਚਿਆਂ ਦੀ ਵੀ। ਇਹ ਸੰਭਵ ਹੈ ਕਿ ਪੰਜਾਬ ਵਿੱਚ ਅੰਗ੍ਰੇਜ਼ੀ ਸਿੱਖ ਰਹੇ ਬੱਚਿਆਂ ਵਿੱਚੋਂ ਕੁਝ ਇਕ ਨੂੰ ਆਰਿਥਕ ਪੱਖੋਂ ਫਾਇਦਾ ਹੋਵੇ ਪਰ ਜੋ ਨੁਕਸਾਨ ਉਨ੍ਹਾਂ ਦੀ ਸੱਭਿਆਚਾਰਕ ਪਛਾਣ ਗੁਆਚਣ ਨਾਲ ਉਨ੍ਹਾਂ ਦੇ ਵਿਕਅਤੀਗਤ ਵਿਕਾਸ ਦਾ ਹੋ ਰਿਹਾ ਹੈ ਉਹ ਸ਼ਾਇਦ ਕਦੇ ਵੀ ਪੂਰਾ ਨਾ ਕੀਤਾ ਜਾ ਸਕੇ। ਕਨੇਡਾ ਵਿੱਚ ਪੰਜਾਬੀ ਬੱਚਿਆਂ ਲਈ ਸਕੂਲੀ ਪੜ੍ਹਾਈ ਸਮੇਂ ਪਹਿਲੀ ਭਾਸ਼ਾ ਵਜੋਂ ਅੰਗ੍ਰੇਜ਼ੀ ਸਿੱਖਣ ਦੀ ਲੋੜ ਤੋਂ ਕੋਈ ਵੀ ਮੁਨਕਰ ਨਹੀਂ ਪਰ ਦੂਜੀ ਭਾਸ਼ਾ ਵਜੋਂ ਪੰਜਾਬੀ ਸਿੱਖਣਾ ਉਨ੍ਹਾਂ ਲਈ ਹਰ ਪੱਖੋਂ ਲਾਹੇਵੰਦ ਹੈ। ਏਥੇ ਸਮੱਸਿਆ ਇਹ ਹੈ ਕਿ ਕਨੇਡਾ ਵਿੱਚ ਬਹੁਤੇ ਮਾਪੇ ਆਪਣੇ ਬੱਚਿਆਂ ਨੂੰ ਦੂਜੀ ਭਾਸ਼ਾ ਵਜੋਂ ਵੀ ਪੰਜਾਬੀ ਦੀ ਚੋਣ ਕਰਨ ਤੋਂ ਵੱਖਰੇ ਵੱਖਰੇ ਕਾਰਨਾਂ ਵੱਸ ਕੰਨੀ ਕਤਰਾਉਂਦੇ ਹਨ। ਕਿਸੇ ਵੀ ਹੋਰ ਬੋਲੀ ਬੋਲਣ ਵਾਲ਼ੇ ਚੇਤਨ ਲੋਕਾਂ ਦੀ ਤਰ੍ਹਾਂ ਪੰਜਾਬੀਆਂ ਵਿੱਚ ਵੀ ਇਸ ਬਾਰੇ ਚਿੰਤਾ ਕਰਨ ਵਾਲੇ ਲੋਕ ਹਨ ਜੋ ਸਥਿਤੀ ਨੂੰ ਕੋਈ ਸੁਖਾਵਾਂ ਮੋੜ ਦੇਣ ਬਾਰੇ ਹਰ ਵੇਲੇ ਕੁਝ ਨਾ ਕੁਝ ਕਰਨ ਦੀ ਸੋਚਦੇ ਰਹਿੰਦੇ ਹਨ। ਕਨੇਡਾ ਦੇ ਪੱਛਮੀ ਤੱਟ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਵਿੱਚ ਰਹਿੰਦੇ ਪੰਜਾਬੀ ਵੀ ਇਸ ਪਾਸੇ ਕੋਸ਼ਿਸ਼ਾਂ ਕਰਦੇ ਰਹੇ ਹਨ ਅਤੇ ਕਰ ਰਹੇ ਹਨ।

ਪੰਜਾਬੀ ਹੁਣ ਅੰਤਰਰਾਸ਼ਟਰੀ ਬੋਲੀ ਬਣ ਚੁੱਕੀ ਹੈ। ਇਹ ਦੁਨੀਆ ਦੇ ਡੇਢ ਸੌ ਤੋਂ ਵੱਧ ਮੁਲਕਾਂ ਵਿੱਚ ਬੋਲੀ ਵਰਤੀ ਜਾ ਰਹੀ ਹੈ। ਇਸ ਤੱਥ ਦੇ ਅਸਰ ਪੰਜਾਬ ਵਿੱਚ ਵੀ ਅਤੇ ਦੂਜੀਆਂ ਥਾਵਾਂ 'ਤੇ ਵੀ ਪੈ ਰਹੇ ਹਨ। ਇਸ ਲਈ ਕਨੇਡਾ ਵਿੱਚ ਪੰਜਾਬੀ ਭਾਸ਼ਾ ਦੀ ਗੱਲ ਵੀ ਇਸ ਤੱਥ ਨੂੰ ਅੱਖੋਂ ਉਹਲੇ ਕਰ ਕੇ ਨਹੀਂ ਕੀਤੀ ਜਾ ਸਕਦੀ। ਕਿਸੇ ਵੀ ਥਾਂ 'ਤੇ ਪੰਜਾਬੀ ਬਾਰੇ ਗੱਲਬਾਤ ਕਰਨ ਲਈ ਭਾਰਤ, ਪਾਕਿਸਤਾਨ ਤੋਂ ਬਿਨਾਂ ਦੁਨੀਆ ਦੇ ਦੂਜੇ ਮੁਲਕਾਂ, ਖਾਸ ਕਰ ਉੱਤਰੀ ਅਮਰੀਕਾ ਅਤੇ ਯੂਰਪ ਵਿੱਚ, ਪੰਜਾਬੀ ਭਾਸ਼ਾ ਦੇ ਅਤੀਤ, ਵਰਤਮਾਨ ਅਤੇ ਭਵਿੱਖ ਦੀਆਂ ਸੰਭਾਵਨਾਵਾਂ ਦੇ ਅਨੇਕਾਂ ਪਹਿਲੂਆਂ ਬਾਰੇ ਗੰਭੀਰ ਖੋਜ ਦੀ ਲੋੜ ਹੈ। ਇਸ ਤਰ੍ਹਾਂ ਇਹ ਵਿਸ਼ਾ ਸਹਿਜੇ ਹੀ ਵਿਸ਼ਾਲ ਰੂਪ ਧਾਰਨ ਕਰ ਜਾਂਦਾ ਹੈ। ਆਪਣੀ ਸੀਮਾ ਤੇ ਯੋਗਤਾ ਨੂੰ ਧਿਆਨ ਵਿੱਚ

[20] ਪੈਸੇ ਦੀ ਲੋੜ ਅਤੇ ਦੌੜ ਅਜੋਕੇ ਪੂੰਜੀਵਾਦੀ ਢਾਂਚੇ ਦੀ ਦੇਣ ਹੈ। ਜਿੰਨਾ ਚਿਰ ਇਸ ਢਾਂਚੇ ਵਿੱਚ ਕੋਈ ਗੁਣਾਤਮਿਕ ਤਬਦੀਲੀ ਨਹੀਂ ਵਾਪਰਦੀ ਆਮ ਵਿਅਕਤੀ ਵਾਸਤੇ ਇਸ ਦੌੜ ਦਾ ਹਿੱਸਾ ਬਣੇ ਬਿਨਾਂ ਸਰਨਾ ਨਹੀਂ। ਸੋ ਜਿੱਥੇ ਸੱਭਿਆਚਾਰਕ ਤਬਦੀਲੀ ਲਈ ਕੋਸ਼ਿਸ਼ ਹੋਣੀ ਚਾਹੀਦੀ ਹੈ ਉੱਥੇ ਨਾਲ਼ ਨਾਲ਼ ਪੂੰਜੀਵਾਦੀ ਆਰਿਥਕ ਢਾਂਚੇ ਦਾ ਬਦਲ ਭਾਲਣ ਦੀ ਕੋਸ਼ਿਸ਼ ਵੀ ਜਾਰੀ ਰਹਿਣੀ ਚਾਹੀਦੀ ਹੈ।

ਰੱਖਦਿਆਂ ਏਥੇ ਸਿਰਫ ਕਨੇਡਾ, ਉਹ ਵੀ ਖਾਸ ਕਰ ਬ੍ਰਿਟਿਸ਼ ਕੋਲੰਬੀਆ ਵਿੱਚ, ਪੰਜਾਬੀ ਦੇ ਵਿਕਾਸ ਬਾਰੇ ਵਿਚਾਰ ਪੇਸ਼ ਕੀਤੇ ਜਾ ਰਹੇ ਹਨ। ਕੋਸ਼ਿਸ਼ ਉਨ੍ਹਾਂ ਕੁਝ ਪਹਿਲੂਆਂ ਉੱਪਰ ਰੌਸ਼ਨੀ ਪਾਉਣ ਦੀ ਹੈ ਜਿਹੜੇ ਪੰਜਾਬੀ ਭਾਸ਼ਾ ਦੇ ਪਿਛੋਕੜ ਅਤੇ ਮੌਜੂਦਾ ਸਥਿਤੀ ਨੂੰ ਸਮਝਣ ਅਤੇ ਭਵਿੱਖ ਵਾਸਤੇ ਦਿਸ਼ਾ ਨਿਰਧਾਰਿਤ ਕਰਨ ਲਈ ਲੋੜੀਂਦੀ ਮੁੱਢਲੀ ਬਹਿਸ ਛੇੜਨ ਵਿੱਚ ਸਹਾਈ ਹੋ ਸਕਣ। ਇਹ ਆਸ ਕੀਤੀ ਜਾਂਦੀ ਹੈ ਕਿ ਇਸ ਦੀ ਸੀਮਾ ਹੋਣ ਦੇ ਬਾਵਜੂਦ, ਪੰਜਾਬੀ ਸੰਬੰਧੀ ਇਹ ਵਿਚਾਰ ਵਟਾਂਦਰਾ ਬੀ ਸੀ ਦੇ ਲੋਕਾਂ ਵਾਸਤੇ ਹੀ ਨਹੀਂ ਦੁਨੀਆ ਦੇ ਹਰ ਹਿੱਸੇ ਵਿੱਚ ਵਸਦੇ ਪੰਜਾਬੀਆਂ ਵਾਸਤੇ ਲਾਹੇਵੰਦ ਹੋਵੇਗਾ।

2.

ਕਨੇਡਾ ਵਿੱਚ ਪੰਜਾਬੀ ਭਾਸ਼ਾ

ਕਨੇਡਾ ਇੱਕ ਬਹੁ-ਸੱਭਿਆਚਾਰਕ ਮੁਲਕ ਹੈ। ਇਸ ਦੀ ਸਭ ਤੋਂ ਵੱਡੀ ਖੂਬੀ ਇੱਥੇ ਸਟੇਟ ਅਤੇ ਧਰਮ ਵਿੱਚ ਕਾਫੀ ਹੱਦ ਤੱਕ ਦੂਰੀ ਹੈ। ਬਹੁਗਿਣਤੀ ਈਸਾਈ ਹੋਣ ਦੇ ਬਾਵਜੂਦ ਦੂਜੇ ਧਰਮਾਂ ਅਤੇ ਸੱਭਿਆਚਾਰਾਂ ਨੂੰ ਵੀ ਮਾਣ ਸਤਿਕਾਰ ਅਤੇ ਵਧਣ ਫੁੱਲਣ ਦੇ ਮੌਕੇ ਮਿਲ਼ ਰਹੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਕਨੇਡਾ ਵਿੱਚ ਯੂਰਪੀਅਨ ਪਿਛੋਕੜ ਦੇ ਸੱਭਿਆਚਾਰਾਂ ਦੀ ਸਰਦਾਰੀ ਹੈ ਅਤੇ ਦੁਨੀਆ ਦੇ ਦੂਜੇ ਹਿੱਸਿਆਂ ਵਿੱਚੋਂ ਆਏ ਲੋਕਾਂ ਦੇ ਸੱਭਿਆਚਾਰ ਇਸ ਦੇ ਬਰਾਬਰ ਨਹੀਂ। ਪਰ ਹੋਰ ਮੁਲਕਾਂ ਨਾਲ਼ ਮੁਕਾਬਲਾ ਕਰਨ 'ਤੇ ਇਹ ਗੱਲ ਸਾਫ ਹੋ ਜਾਂਦੀ ਹੈ ਕਿ ਜਿਸ ਕਿਸਮ ਦਾ ਸਥਾਨ ਏਥੇ ਬਾਕੀ ਸੱਭਿਆਚਾਰਾਂ ਨੂੰ ਪ੍ਰਾਪਤ ਹੈ ਉਹ ਕਿਸੇ ਵੀ ਹੋਰ ਮੁਲਕ ਵਿੱਚ ਦੇਖਣ ਨੂੰ ਨਹੀਂ ਮਿਲਦਾ। ਪੰਜਾਬੀ ਭਾਈਚਾਰਾ ਇਸ ਨਿਰਾਲੇ ਸੱਭਿਆਚਾਰ ਦਾ ਹਿੱਸਾ ਵੀ ਹੈ ਅਤੇ ਇਸ ਨੂੰ ਨਿਰਾਲਾ ਬਣਾਉਣ ਵਿੱਚ ਹਿੱਸੇਦਾਰ ਵੀ।[21]

ਪਿਛਲੀ ਸਦੀ ਦੇ ਸੱਠਵਿਆਂ ਤੱਕ ਪੰਜਾਬੀ ਸਿਰਫ ਕਨੇਡਾ ਦੇ ਪੱਛਮੀ ਤੱਟ ਦੇ ਸੂਬੇ ਬ੍ਰਿਟਿਸ਼ ਕੋਲੰਬੀਆ (ਬੀ ਸੀ) ਵਿੱਚ ਹੀ ਰਹਿੰਦੇ ਸਨ। ਭਾਵੇਂ ਹੁਣ ਇਹ ਕਨੇਡਾ ਦੇ ਹਰ ਸੂਬੇ ਅਤੇ ਟੈਰੇਟਰੀ ਵਿੱਚ ਵਸਦੇ ਹਨ ਪਰ ਸਭ ਤੋਂ ਜ਼ਿਆਦਾ ਅਜੇ ਵੀ ਬੀ ਸੀ ਵਿੱਚ ਹੀ ਰਹਿੰਦੇ ਹਨ। ਸਾਲ 2011 ਦੀ ਮਰਦਮਸ਼ੁਮਾਰੀ ਅਨੁਸਾਰ ਕਨੇਡਾ ਵਿੱਚ ਪੰਜਾਬੀ ਬੋਲਣ ਵਾਲ਼ੇ ਲੋਕਾਂ ਦੀ ਗਿਣਤੀ 460,000 ਹੈ।[22] ਕਨੇਡਾ ਵਿੱਚ ਬੋਲੀਆਂ ਜਾਂਦੀਆਂ ਤਕਰੀਬਨ 200 ਬੋਲੀਆਂ ਵਿੱਚੋਂ ਪੰਜਾਬੀ ਇਸ ਵੇਲੇ ਅੰਗ੍ਰੇਜ਼ੀ ਅਤੇ

---

[21] ਕਨੇਡਾ ਦੇ ਪੰਜਾਬੀ ਭਾਈਚਾਰੇ ਦਾ ਪਿਛਲੇ ਇੱਕ ਸੌ ਪੰਦਰਾਂ ਸਾਲ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਭਾਰਤੀਆਂ, ਜਿਨ੍ਹਾਂ ਵਿੱਚ ਵੱਡੀ ਗਿਣਤੀ ਪੰਜਾਬੀਆਂ ਦੀ ਸੀ, ਨੇ ਇਸ ਸਮਾਜ ਵਿੱਚ ਨਸਲਵਾਦ ਅਤੇ ਬੇਇਨਸਾਫੀ ਦੇ ਖਿਲਾਫ ਦੂਜੇ ਲੋਕਾਂ ਨਾਲ਼ ਮਿਲ ਕੇ ਸਦਾ ਜੱਦੋਜਹਿਦ ਕੀਤੀ ਹੈ। ਇਸ ਬਾਰੇ ਹੋਰ ਵਿਸਥਾਰ ਵਿੱਚ ਜਾਨਣ ਲਈ ਦੇਖੋ, *'ਸੰਘਰਸ਼ ਦੇ ਸੌ ਵਰ੍ਹੇ: ਕਨੇਡਾ ਵਿੱਚ ਪ੍ਰਗਤੀਸ਼ੀਲ ਲਹਿਰ'*, ਸਾਧੂ ਬਿਨਿੰਗ ਅਤੇ ਸੁਖਵੰਤ ਹੁੰਦਲ, ਚੇਤਨਾ ਪ੍ਰਕਾਸ਼ਨ, 2000.

[22] ਅਸਲ ਵਿੱਚ ਪੰਜਾਬੀ ਇਸ ਤੋਂ ਕਿਤੇ ਜ਼ਿਆਦਾ ਹਨ। ਇਸ ਵਾਰ ਪੰਜਾਬੀ ਨੂੰ ਇੱਕ ਵੱਡੇ ਗਰੁੱਪ - ਇੰਡੋ-ਇਰਾਨੀਅਨ ਲੈਂਗੁਏਜਜ਼ - ਦਾ ਹਿੱਸਾ ਬਣਾ ਕੇ ਪੇਸ਼ ਕੀਤਾ ਗਿਆ ਹੈ ਜਿਸ ਵਿੱਚ ਪੰਜਾਬੀ, ਉਰਦੂ, ਹਿੰਦੀ ਗੁਜਰਾਤੀ ਤੇ ਫਾਰਸੀ ਸ਼ਾਮਲ ਹਨ। ਇਸ ਗਰੁੱਪ ਵਿੱਚ ਬੋਲੀਆਂ ਬੋਲਣ ਵਾਲਿਆਂ ਦੀ ਗਿਣਤੀ ਗਿਆਰਾਂ ਲੱਖ ਉਣਾਸੀ ਹਜ਼ਾਰ ਨੌਂ ਸੌ ਨੱਬੇ (1,179,990) ਹੈ। ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਇਸ ਵਿੱਚ ਕਾਫੀ ਲੋਕ ਹੋਣਗੇ ਜਿਹੜੇ ਅਸਲ ਵਿੱਚ ਪੰਜਾਬੀ ਬੋਲਣ ਵਾਲੇ ਹਨ।

ਫਰਾਂਸੀਸੀ ਤੋਂ ਬਾਅਦ ਤੀਜੇ ਨੰਬਰ ’ਤੇ ਹੈ।[23] ਪੰਜਾਬੀ ਦੇ ਲਈ ਇਹ ਬਹੁਤ ਮਹੱਤਵਪੂਰਨ ਤਬਦੀਲੀ ਹੈ।[24]

ਅਖਬਾਰ, ਰੇਡੀਓ ਅਤੇ ਟੈਲੀਵਿਯਨ ਦੇ ਨਾਲ਼ ਨਾਲ਼ ਹੁਣ ਇੰਟਰਨੈੱਟ ਉੱਪਰ ਵੀ ਪੰਜਾਬੀ ਮੀਡੀਆ ਆਪਣੀ ਹੋਂਦ ਸਥਾਪਿਤ ਕਰ ਰਿਹਾ ਹੈ। ਬਹੁਤ ਸਾਰੇ ਪੰਜਾਬੀ ਦੇ ਅਖਬਾਰ ਅਤੇ ਮੈਗਜ਼ੀਨ ਹੁਣ ਇੰਟਰਨੈੱਟ ’ਤੇ ਵੀ ਪੜ੍ਹੇ ਜਾ ਸਕਦੇ ਹਨ। ਇਸ ਨਵੇਂ ਮਾਧਿਅਮ ਉੱਪਰ ਉਪਲਬਧ ਪੰਜਾਬੀ ਖਬਰਾਂ ਤੇ ਸਾਹਿਤ ਦੇ ਪਾਠਕ ਹੁਣ ਸਮੁੱਚੀ ਦੁਨੀਆ ਵਿੱਚ ਵਸਦੇ ਪੰਜਾਬੀ ਹਨ। ਬਹੁਤ ਤੇਜ਼ੀ ਨਾਲ਼ ਇੰਟਰਨੈੱਟ ਉੱਪਰ ਵਿਕਾਸ ਕਰ ਰਹੇ ਫੇਸਬੁੱਕ ਵਰਗੇ ਸਮਾਜਿਕ ਮਾਧਿਅਮਾਂ ਨਾਲ਼ ਪੰਜਾਬੀ ਬੋਲੀ ਦੀ ਵਰਤੋਂ ਵੀ ਵਧ ਰਹੀ ਹੈ। ਇਸ ਮਾਧਿਅਮ ਵਿੱਚ ਪੰਜਾਬੀ ਲਿਖਣ ਵੇਲੇ ਗੁਰਮੁਖੀ ਦੇ ਨਾਲ਼ ਨਾਲ਼ ਰੋਮਨ ਤੇ ਸ਼ਾਹਮੁਖੀ ਲਿਪੀਆਂ ਵੀ ਵਰਤੀਆਂ ਜਾ ਰਹੀਆਂ ਹਨ ਤੇ ਕਦੇ ਕਦੇ ਦੇਵ ਨਾਗਰੀ ਵੀ।

ਪੰਜਾਬੀ ਨਾਲ਼ ਮੋਹ ਰੱਖਣ ਵਾਲੇ ਲੋਕਾਂ ਨੇ ਆਪਣੀਆਂ ਕੋਸ਼ਿਸ਼ਾਂ ਨਾਲ਼ ਵੈਨਕੂਵਰ ਦੇ ਅੰਤਰਰਾਸ਼ਟਰੀ ਹਵਾਈ ਅੱਡੇ, ਹਸਪਤਾਲਾਂ, ਕਚਹਿਰੀਆਂ ਤੇ ਹੋਰ ਅਨੇਕਾਂ ਸਰਕਾਰੀ ਤੇ ਗੈਰ-ਸਰਕਾਰੀ ਥਾਵਾਂ ’ਤੇ ਜਿੱਥੇ ਪੰਜਾਬੀਆਂ ਦਾ ਆਉਣਾ ਜਾਣਾ ਹੈ, ਪੰਜਾਬੀ ਵਿੱਚ ਸਾਈਨ ਤੇ ਹੋਰ ਜਾਣਕਾਰੀ ਦਰਜ ਕਰਵਾਈ ਹੈ। ਬੋਰਡਾਂ ’ਤੇ ਲਿਖੀ ਹੋਈ ਜ਼ਬਾਨ ਇੱਕ ਵੱਖਰੇ ਤਰੀਕੇ ਨਾਲ਼ ਲੋਕਾਂ ਉੱਪਰ ਅਸਰ ਪਾਉਂਦੀ ਹੈ। ਕਨੇਡਾ ਵਿੱਚ ਪੰਜਾਬੀ ਬੋਲੀ ਦਾ ਇਹ 116-117 ਸਾਲਾਂ ਤੋਂ ਉੱਪਰ ਦਾ ਸਫਰ ਇੱਕ ਨਿਰੰਤਰ ਜੱਦੋਜਹਿਦ ਦੀ ਕਹਾਣੀ ਹੈ।

---

[23] ਕਨੇਡਾ ਦੀ ਕੁਲ ਅਬਾਦੀ 2011 ਦੀ ਮਰਦਮਸ਼ੁਮਾਰੀ ਅਨੁਸਾਰ 34,880,491 ਹੈ। ਬੋਲੀਆਂ ਦਾ ਸਥਾਨ ਇਸ ਤਰ੍ਹਾਂ ਹੈ: ਅੰਗ੍ਰੇਜ਼ੀ - 57.8%; ਫਰਾਂਸੀਸੀ - 21.07%; ਪੰਜਾਬੀ - 1.39%; ਚੀਨੀ (n.o.s.) - 1.33%; ਸਪੇਨੀ - 1.33%; ਇਤਾਲਵੀ - 1.32%; ਜਰਮਨ - 1.30; ਟੈਗਾਲੌਗ - 1.16; ਅਰਬੀ - 1.13%; ਮੈਂਡਾਰਿਨ - 0.77. ਇਹ ਤਬਦੀਲੀ ਮੁੱਖ ਤੌਰ ’ਤੇ ਕਨੇਡਾ ਵਿੱਚ ਚੀਨੀ ਬੋਲੀ ਨੂੰ ਤਿੰਨ ਹਿੱਸਿਆ ਵਿੱਚ ਵੰਡਣ ਦਾ ਨਤੀਜਾ ਹੈ। ਜਿੱਥੇ ਪਹਿਲਾਂ ਸਾਰੇ ਚੀਨੀ ਪਿਛੋਕੜ ਦੇ ਲੋਕਾਂ ਨੂੰ ਇੱਕ ਹੀ ਸ਼੍ਰੇਣੀ ਵਿੱਚ ਰੱਖਿਆ ਜਾਂਦਾ ਸੀ ਹੁਣ ਇਸ ਨੂੰ ਮੈਂਡਾਰਿਨ, ਕੈਂਟੋਨੀਜ਼ ਤੇ ਨਾਨ-ਸਪੈਸੀਫਾਈਡ ਚਾਨੀਜ਼ ਸ਼੍ਰੇਣੀਆਂ ਵਿੱਚ ਰੱਖਿਆ ਗਿਆ ਹੈ।

[24] ਇਸ ਬਾਰੇ ਹੋਰ ਜਾਣਕਾਰੀ ਲਈ ਦੇਖੋ: ਸਾਧੂ ਬਿਨਿੰਗ, *ਕੈਨੇਡਾ ਦੀ 2011 ਦੀ ਮਰਦਮਸ਼ੁਮਾਰੀ ਤੇ ਪੰਜਾਬੀ ਬੋਲੀ*, ਨਵਾਂ ਜ਼ਮਾਨਾ, ਐਤਵਾਰ 18 ਨਵੰਬਰ, 2011. ਸਫਾ 2.

2.1

ਪਹਿਲੇ ਸੱਤਰ ਸਾਲ (1897-1967)

ਪੰਜਾਬੀਆਂ ਦਾ ਕਨੇਡਾ ਵਿੱਚ ਦਾਖਲਾ 1897 ਵਿੱਚ ਹੋਇਆ ਮੰਨਿਆ ਜਾਂਦਾ ਹੈ ਪਰ ਆਵਾਸੀ ਰੀਕਾਰਡਾਂ ਅਨੁਸਾਰ ਇਨ੍ਹਾਂ ਦੀ ਆਮਦ 1903 ਤੋਂ ਸ਼ੁਰੂ ਹੁੰਦੀ ਹੈ।[25] ਸਾਲ 1905-08 ਦੌਰਾਨ ਕਾਫ਼ੀ ਵੱਡੀ ਗਿਣਤੀ ਵਿੱਚ ਪੰਜਾਬੀ ਏਥੇ ਪਹੁੰਚੇ ਅਤੇ ਇਨ੍ਹਾਂ ਦੀ ਗਿਣਤੀ ਪੰਜ ਹਜ਼ਾਰ ਤੋਂ ਉੱਪਰ ਹੋ ਗਈ ਸੀ। ਪਰ ਛੇਤੀ ਹੀ ਕਨੇਡਾ ਦੀ ਨਸਲਵਾਦੀ ਸਰਕਾਰ ਨੇ ਕਾਨੂੰਨ ਬਣਾ ਕੇ ਇਨ੍ਹਾਂ ਦਾ ਏਥੇ ਆਉਣਾ ਬੰਦ ਕਰ ਦਿੱਤਾ। ਨਤੀਜੇ-ਵੱਸ ਅਗਾਂਹ ਵਾਲ਼ੇ ਦਹਾਕਿਆਂ ਵਿੱਚ ਪੰਜਾਬੀ ਆਵਾਸੀਆਂ ਦੀ ਗਿਣਤੀ ਵਧਣ ਦੀ ਬਜਾਏ ਘਟਦੀ ਗਈ ਅਤੇ 1960ਵਿਆਂ ਦੇ ਅੱਧ ਤੋਂ ਬਾਅਦ ਹੀ ਇਨ੍ਹਾਂ ਦੀ ਸੰਖਿਆ ਵਿੱਚ ਮੁੜ ਵਾਧਾ ਸ਼ੁਰੂ ਹੋਇਆ।

ਜਦੋਂ ਪੰਜਾਬੀਆਂ ਨੇ ਆਵਾਸੀਆਂ ਵਜੋਂ ਕਨੇਡਾ ਆਉਣਾ ਸ਼ੁਰੂ ਕੀਤਾ ਤਾਂ ਉਸ ਸਮੇਂ ਇਹ ਦੇਸ਼ ਵੀ ਭਾਰਤ ਵਾਂਗ ਹੀ ਬਰਤਾਨਵੀ ਬਸਤੀ ਸੀ। ਪਹਿਲੇ ਆਏ ਪੰਜਾਬੀਆਂ ਵਿੱਚ ਬਹੁਤੇ ਉਹ ਲੋਕ ਸਨ ਜੋ ਬਰਤਾਨਵੀ ਸਾਮਰਾਜ ਦੀ ਰੱਖਿਆ ਲਈ ਲੜਾਈਆਂ ਵਿੱਚ ਹਿੱਸਾ ਲੈ ਚੁੱਕੇ ਸਨ। ਇਨ੍ਹਾਂ ਪੰਜਾਬੀਆਂ ਵਿੱਚ ਬਹੁਤੇ ਲੋਕ ਸਿੱਖ ਧਰਮ ਨਾਲ਼ ਸੰਬੰਧ ਰੱਖਦੇ ਸਨ। ਭਾਰਤ ਵਿੱਚ 1857 ਦੇ ਗਦਰ ਸਮੇਂ ਕੁਲੀਨ ਵਰਗ ਦੇ ਸਿੱਖਾਂ ਅਤੇ ਸੈਨਕਾਂ ਨੇ ਅੰਗ੍ਰੇਜ਼ਾਂ ਦੀ ਮਦਦ ਕੀਤੀ ਸੀ। ਇਸ ਬਦਲੇ ਸਿੱਖਾਂ ਅੰਦਰ ਅੰਗ੍ਰੇਜ਼ ਬਸਤੀਵਾਦੀਆਂ ਨੇ ਇਹ ਭੁਲੇਖਾ ਖੜ੍ਹਾ ਕੀਤਾ ਕਿ ਉਹ ਦੂਜਿਆਂ ਦੇ ਮੁਕਾਬਲੇ ਬਹੁਤ ਲੜਾਕੂ ਤੇ ਮਾਣਮੱਤੀ ਕੌਮ ਹੈ ਤੇ ਉਨ੍ਹਾਂ ਲਈ ਅੰਗ੍ਰੇਜ਼ ਹਾਕਮਾਂ ਦੇ ਮਨ ਅੰਦਰ ਵਿਸ਼ੇਸ਼ ਸਤਿਕਾਰ ਹੈ।

ਨਤੀਜੇ ਵਜੋਂ, ਏਥੇ ਆਉਣ ਵਾਲ਼ੇ ਇਹ ਪਹਿਲੇ ਪੰਜਾਬੀ ਆਪਣੇ ਆਪ ਨੂੰ ਯੂਰਪੀਆਂ ਨਾਲੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਸੀ ਸਮਝਦੇ। ਪਰ ਇੱਥੇ ਵਸਦੇ ਯੂਰਪੀ ਪਿਛੋਕੜ ਦੇ ਗੋਰੀ ਚਮੜੀ ਵਾਲੇ ਲੋਕਾਂ ਵੱਲੋਂ ਉਨ੍ਹਾਂ ਨਾਲ਼ ਰੰਗ ਤੇ ਨਸਲ ਦੇ ਆਧਾਰ 'ਤੇ ਵਿਤਕਰਾ ਕੀਤਾ ਗਿਆ। ਪੰਜਾਬੀਆਂ ਨੂੰ ਮਹਿਸੂਸ ਕਰਵਾਇਆ ਗਿਆ ਕਿ ਉਹ ਘਟੀਆ ਤੇ ਗੁਲਾਮ ਲੋਕ ਹਨ। ਔਖਾ ਕੰਮ ਕਰਨ ਦੇ ਬਾਵਜੂਦ ਉਨ੍ਹਾਂ ਨੂੰ ਘੱਟ ਤਨਖਾਹ ਦਿੱਤੀ ਜਾਂਦੀ।[26] ਬਰਤਾਨਵੀ ਰਾਜ ਦੀ ਪਰਜਾ ਹੋਣ ਕਾਰਨ ਇਨ੍ਹਾਂ ਪੰਜਾਬੀਆਂ

---

[25] ਪੰਜਾਬੀ ਭਾਈਚਾਰੇ ਵਿੱਚ ਕੁਝ ਲੋਕ ਇਸ ਗੱਲ ਵਿੱਚ ਵੀ 'ਯਕੀਨ' ਕਰਦੇ ਹਨ ਕਿ ਪੰਜਾਬੀ ਏਥੇ 1885 ਵਿੱਚ ਜਾਂ ਇਸ ਤੋਂ ਵੀ ਪਹਿਲਾਂ ਆਏ ਸਨ। ਬੀ ਸੀ ਦੇ ਇੱਕ ਸ਼ਹਿਰ ਗੋਲਡਨ ਵਿੱਚ ਇਸ ਸਮੇਂ ਉਨ੍ਹਾਂ ਵੱਲੋਂ ਸਥਾਪਿਤ ਕੀਤੇ ਇੱਕ ਗੁਰਦੁਆਰੇ ਦਾ ਵੀ ਜ਼ਿਕਰ ਹੁੰਦਾ ਹੈ ਪਰ ਇਸ ਬਾਰੇ ਕਿਸੇ ਕਿਸਮ ਦੇ ਕੋਈ ਠੋਸ ਸਬੂਤ ਨਹੀਂ ਮਿਲਦੇ।

[26] ਗੋਰੇ ਮਜ਼ਦੂਰਾਂ ਵਲੋਂ ਵੱਧ ਤਨਖਾਹਾਂ ਅਤੇ ਕੰਮ ਦੀਆਂ ਹਾਲਤਾਂ ਵਿੱਚ ਸੁਧਾਰ ਦੀਆਂ ਮੰਗਾਂ ਲਈ ਕੀਤੀਆਂ ਜਾਂਦੀਆਂ ਹੜਤਾਲਾਂ ਆਦਿ ਦੀਆਂ ਕੋਸ਼ਸ਼ਾਂ ਨਾਕਾਮ ਕਰਨ ਲਈ ਭਾਰਤੀ ਮਜ਼ਦੂਰਾਂ ਨੂੰ ਵਰਤਿਆਂ ਜਾਂਦਾ। ਇਸ ਨਾਲ਼ ਭਾਰਤੀਆਂ ਵਿਰੁੱਧ ਏਥੋਂ ਦੇ ਆਮ ਸ਼ਹਿਰੀਆਂ

ਨੂੰ ਏਥੇ ਆਉਣ ਵੇਲੇ ਹਰ ਪੱਧਰ ਦੀ ਸਰਕਾਰ ਵਾਸਤੇ ਵੋਟ ਪਾਉਣ ਦਾ ਅਧਿਕਾਰ ਸੀ। ਇਹ ਅਧਿਕਾਰ 1907 ਵਿੱਚ ਬ੍ਰਿਟਿਸ਼ ਕੋਲੰਬੀਆ ਦੀ ਰਾਜਧਾਨੀ ਵਿਕਟੋਰੀਆ ਵਿੱਚ ਕਾਨੂੰਨ ਪਾਸ ਕਰ ਕੇ ਪੰਜਾਬੀਆਂ ਤੋਂ ਖੋਹ ਲਿਆ ਗਿਆ। ਇਸ ਅਧਿਕਾਰ ਵਾਸਤੇ ਭਾਈਚਾਰੇ ਵੱਲੋਂ ਚਾਲੀ ਸਾਲ ਲੰਮਾ ਸੰਘਰਸ਼ ਕੀਤਾ ਗਿਆ ਜਿਸ ਦੇ ਸਿੱਟੇ ਵਜੋਂ 2 ਅਪਰੈਲ 1947 ਨੂੰ ਕਨੇਡਾ ਵਿੱਚ ਵੋਟ ਪਾਉਣ ਦਾ ਅਧਿਕਾਰ ਮੁੜ ਪ੍ਰਾਪਤ ਹੋਇਆ।[27] 1908 ਵਿੱਚ 'ਸਿੱਧੇ ਸਫਰ' (ਕੰਟੀਨਿਊਅਸ ਜਰਨੀ) ਦਾ ਕਾਨੂੰਨ ਬਣਾ ਕੇ ਪੰਜਾਬੀਆਂ ਨੂੰ ਕਨੇਡਾ ਆਉਣ ਤੋਂ ਰੋਕਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਏਥੇ ਆ ਚੁੱਕਿਆਂ ਨੂੰ ਚਲਾਕੀ ਨਾਲ਼ ਹਾਂਡੂਰਸ ਵਰਗੇ ਛੋਟੇ ਤੇ ਗਰੀਬ ਮੁਲਕਾਂ ਵਿੱਚ ਭੇਜਣ ਦੀਆਂ ਸਾਜਸ਼ਾਂ ਰਚੀਆਂ ਗਈਆਂ। ਏਥੋਂ ਦੇ ਕਨੂੰਨਾਂ ਅਨੁਸਾਰ ਆਉਣ ਦੀ ਜਿਹੜੀ ਕੋਸ਼ਿਸ਼ ਪੰਜਾਬੀਆਂ ਨੇ ਕਾਮਾਗਾਟਾ ਮਾਰੂ ਦੇ ਰੂਪ ਵਿੱਚ ਕੀਤੀ ਉਹ ਵੀ ਫੇਲ ਕਰ ਦਿੱਤੀ ਗਈ। ਪੰਜਾਬੀਆਂ ਨੇ ਇਨ੍ਹਾਂ ਵਧੀਕੀਆਂ ਵਿਰੁੱਧ ਮੁੱਢ ਤੋਂ ਹੀ ਆਵਾਜ਼ ਬੁਲੰਦ ਕਰਨੀ ਸ਼ੁਰੂ ਕਰ ਦਿੱਤੀ ਸੀ।

ਏਥੇ ਆਉਣ ਵਾਲ਼ੇ ਪੰਜਾਬੀਆਂ ਦੀ ਆਪਸੀ ਬੋਲਚਾਲ ਦੀ ਬੋਲੀ ਪੰਜਾਬੀ ਸੀ ਤੇ ਇਸ ਦੀ ਲਿਖਤੀ ਵਰਤੋਂ ਵਿੱਚ ਸ਼ੁਰੂ ਤੋਂ ਹੀ ਮੁੱਖ ਤੌਰ 'ਤੇ ਗੁਰਮੁਖੀ ਲਿਪੀ ਅਪਣਾਈ ਗਈ। ਇਸ ਦੇ ਦੋ ਵੱਡੇ ਕਾਰਨ ਜਾਪਦੇ ਹਨ: ਇੱਕ ਤਾਂ ਏਥੇ ਆਉਣ ਵਾਲ਼ੇ ਬਹੁਗਿਣਤੀ ਪੰਜਾਬੀਆਂ ਵਿੱਚੋਂ ਬਹੁਤ ਘੱਟ ਲੋਕਾਂ ਨੇ ਕਿਸੇ ਵੀ ਪੱਧਰ ਦੀ ਸਕੂਲੀ ਵਿੱਦਿਆ ਪ੍ਰਾਪਤ ਕੀਤੀ ਹੋਈ ਸੀ। ਉਸ ਸਮੇਂ ਪੜ੍ਹੇ ਲਿਖੇ ਪੰਜਾਬੀ ਆਪਣੀ ਲਿਖਤ-ਪੜ੍ਹਤ ਉਰਦੂ ਜਾਂ ਅੰਗ੍ਰੇਜ਼ੀ ਵਿੱਚ ਹੀ ਕਰਦੇ ਸਨ। ਦੂਜਾ, ਬਹੁਗਿਣਤੀ ਲੋਕ ਸਿੱਖ ਭਾਈਚਾਰੇ ਨਾਲ਼ ਸੰਬੰਧ ਰੱਖਦੇ ਸਨ ਅਤੇ ਉਨ੍ਹਾਂ ਦਾ ਧਾਰਮਿਕ ਪੱਖੋਂ ਗੁਰਮੁਖੀ ਲਿਪੀ ਨਾਲ਼ ਰਿਸ਼ਤਾ ਪੰਜਾਬ ਦੇ ਦੂਜੇ ਦੋਵੇਂ ਵੱਡੇ ਭਾਈਚਾਰਿਆਂ ਨਾਲੋਂ ਵੱਖਰਾ ਅਤੇ ਨੇੜਤਾ ਵਾਲ਼ਾ ਸੀ।

ਵੈਨਕੂਵਰ ਵਿੱਚ ਜੁਲਾਈ 1906 ਨੂੰ ਖਾਲਸਾ ਦੀਵਾਨ ਸੁਸਾਇਟੀ ਦੀ ਸਥਾਪਨਾ ਕੀਤੀ ਗਈ ਭਾਵੇਂ ਇਸ ਨੂੰ ਰਜਿਸਟਰ ਮਾਰਚ 1909 ਵਿੱਚ ਕਰਵਾਇਆ ਗਿਆ। ਉੱਤਰੀ ਅਮਰੀਕਾ ਵਿੱਚ ਪੰਜਾਬੀ ਸਿੱਖਾਂ ਦੀ ਇਹ ਪਹਿਲੀ ਜਥੇਬੰਦੀ ਸੀ। ਇਸ ਜਥੇਬੰਦੀ ਵੱਲੋਂ ਵੈਨਕੂਵਰ ਵਿਖੇ ਜਨਵਰੀ 1908 ਨੂੰ ਇਸ ਮਹਾਂਦੀਪ ਦਾ ਪਹਿਲਾ ਗੁਰਦੁਆਰਾ ਸਥਾਪਿਤ ਕੀਤਾ ਗਿਆ। ਇਨ੍ਹਾਂ ਸਾਰੇ ਕੰਮਾਂ ਵਿੱਚ ਉਨ੍ਹਾਂ ਨੇ ਆਪਣਾ ਲਿਖਤੀ ਕਾਰੋਬਾਰ ਗੁਰਮੁਖੀ ਲਿਪੀ ਵਰਤਦਿਆਂ ਪੰਜਾਬੀ ਵਿੱਚ ਹੀ ਕੀਤਾ।

ਵਿੱਚ ਵੀ ਨਫਰਤ ਵਧੀ। ਇਸ ਨਫਰਤ ਨੂੰ ਵਰਤ ਕੇ ਇਨ੍ਹਾਂ ਆਵਾਸੀਆਂ ਦੇ ਦਾਖਲੇ ਉੱਪਰ ਰੋਕਾਂ ਲਾਉਣ ਲਈ ਕਾਨੂੰਨ ਬਣਾਏ ਗਏ।

[27] ਵੋਟ ਦੇ ਹੱਕ ਲਈ ਜੱਦੋਜਹਿਦ ਬਾਰੇ ਹੋਰ ਪੜ੍ਹਨ ਲਈ ਦੇਖੋ : ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ, *'ਭਾਰਤੀਆਂ ਨੇ ਕਨੇਡਾ ਵਿੱਚ ਵੋਟ ਦਾ ਹੱਕ ਕਿਸ ਤਰ੍ਹਾਂ ਲਿਆ'*, ਸੱਥ ਪਬਲੀਕੇਸ਼ਨਜ਼, ਵੈਨਕੂਵਰ ਬੀ ਸੀ, 1997। ਇਹ ਕਿਤਾਬਚਾ ਇੰਟਰਨੈੱਟ ਉੱਪਰ *ਵਤਨ* ਦੀ ਸਾਈਟ 'ਤੇ ਵੀ ਪੜ੍ਹਿਆ ਜਾ ਸਕਦਾ ਹੈ:
http://www.watanpunjabi.ca/vishesh/vi1.php

ਉਸ ਸਮੇਂ ਪੰਜਾਬੀਆਂ ਨੂੰ ਏਥੇ ਵੱਡੀ ਪੱਧਰ 'ਤੇ ਨਸਲਵਾਦ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਇਨ੍ਹਾਂ ਨਵੀਂਆਂ ਤੇ ਅਣਸੁਖਾਂਵੀਂਆਂ ਸਥਿਤੀਆਂ ਵਿਰੁੱਧ ਜੱਦੋਜਹਿਦ ਕਰਨ ਲਈ ਜਿੱਥੇ ਉਨ੍ਹਾਂ ਨੂੰ ਆਪਣੇ ਧਾਰਿਮਕ ਪਿਛੋਕੜ ਵਿੱਚੋਂ ਹਿੰਮਤ ਤੇ ਸ਼ਕਤੀ ਮਿਲ਼ੀ ਉੱਥੇ ਇਨ੍ਹਾਂ ਸਥਿਤੀਆਂ ਨੂੰ ਸਮਝਣ ਲਈ ਉਨ੍ਹਾਂ ਨੂੰ ਵੱਖਰੇ ਯਤਨ ਆਰੰਭ ਕਰਨੇ ਪਏ। ਉਨ੍ਹਾਂ ਨੇ ਆਪਣੇ ਵਿਰਸੇ ਵਿੱਚੋਂ ਮਿਲ਼ੇ 'ਰੱਬ ਦਾ ਭਾਣਾ', 'ਪਿਛਲੇ ਜਨਮਾਂ ਦੇ ਕਰਮਾਂ ਦਾ ਫਲ਼' ਆਦਿ ਵਰਗੇ ਵਿਚਾਰਾਂ ਨੂੰ ਤਿਆਗ ਕੇ ਨਵੇਂ ਮਨੁੱਖਵਾਦੀ, ਸਮਾਜਵਾਦੀ ਵਿਗਿਆਨਕ ਵਿਚਾਰਾਂ ਨੂੰ ਅਪਣਾਇਆ। ਇਨ੍ਹਾਂ ਯਤਨਾਂ ਵਿੱਚ ਉਨ੍ਹਾਂ ਦਾ ਸਾਥ ਦੇਣ ਵਾਲ਼ੇ ਅਤੇ ਸੇਧ ਦੇਣ ਵਾਲ਼ੇ ਭਾਰਤ ਦੇ ਦੂਜੇ ਹਿੱਸਿਆ ਤੋਂ ਆਏ ਤਾਰਕਨਾਥ ਦਾਸ ਅਤੇ ਹੁਸੈਨ ਰਹੀਮ (ਅਸਲੀ ਨਾਂ ਛਗਨ ਖੈਰਾਜ ਵਰਮਾ) ਵਰਗੇ ਇਨਕਲਾਬੀ ਲੋਕ ਵੀ ਸਨ ਤੇ ਕਨੇਡੀਅਨ ਸਮਾਜ ਵਿਚਲੇ ਅਗਾਂਹਵਧੂ ਵਿਚਾਰਾਂ ਵਾਲ਼ੇ ਸਮਾਜਵਾਦੀ ਸੂਝ ਵਾਲ਼ੇ ਲੋਕ ਵੀ।[28] ਨਵੀਆਂ ਸਥਿਤੀਆਂ ਅਤੇ ਨਵੇਂ ਲੋਕਾਂ ਦੇ ਤਾਲ ਮੇਲ ਨਾਲ਼ ਪੰਜਾਬੀ ਛੇਤੀ ਹੀ ਇਸ ਸਿੱਟੇ 'ਤੇ ਪਹੁੰਚੇ ਕਿ ਉਨ੍ਹਾਂ ਨੂੰ ਦਰਪੇਸ਼ ਮੁਸ਼ਕਿਲਾਂ ਦਾ ਮੁੱਖ ਤੇ ਵੱਡਾ ਕਾਰਨ ਭਾਰਤ ਦਾ ਗੁਲਾਮ ਹੋਣਾ ਸੀ।

ਇਨ੍ਹਾਂ ਨਵੇਂ ਵਿਚਾਰਾਂ ਨੂੰ ਏਥੇ ਅਤੇ ਭਾਰਤ ਤੋਂ ਬਾਹਰ ਵਸਦੇ ਹੋਰ ਪੰਜਾਬੀਆਂ ਵਿੱਚ ਪਹੁੰਚਾਉਣ ਵਾਸਤੇ ਉਨ੍ਹਾਂ ਨੂੰ ਅਖਬਾਰ ਕੱਢਣ ਦੀ ਲੋੜ ਮਹਿਸੂਸ ਹੋਈ। ਇਤਿਹਾਸਕਾਰ ਸੋਹਣ ਸਿੰਘ ਪੂੰਨੀ ਅਨੁਸਾਰ ਤਾਰਕਨਾਥ ਦਾਸ ਵੱਲੋਂ 1908 ਵਿੱਚ ਕੱਢੇ ਗਏ ਅੰਗ੍ਰੇਜ਼ੀ ਅਖਬਾਰ *'ਫਰੀ ਹਿੰਦੁਸਤਾਨ'*, ਜੋ ''ਕਨੇਡਾ ਦੀ ਧਰਤੀ 'ਤੇ ਛਪਣ ਵਾਲ਼ਾ ਪਹਿਲਾ ਹਿੰਦੁਸਤਾਨੀ ਅਖਬਾਰ ਸੀ'', ਦਾ ਪੰਜਾਬੀ ਵਿੱਚ ਗੁਰਮੁਖੀ ਅੱਖਰਾਂ ਵਿੱਚ ਅਨੁਵਾਦ ਕੀਤਾ ਜਾਂਦਾ ਸੀ।[29] ਵੈਨਕੂਵਰ ਤੋਂ ਕੱਢਿਆ ਜਾਣ ਵਾਲ਼ਾ ਪੰਜਾਬੀ ਦਾ ਪਹਿਲਾ ਅਖ਼ਬਾਰ *'ਸਵਦੇਸ਼ ਸੇਵਕ'* ਸੀ। ਇਹ ਅਖ਼ਬਾਰ ਬਾਬੂ ਹਰਨਾਮ ਸਿੰਘ ਕਾਹਰੀ ਸਾਹਰੀ ਨੇ 1910 ਵਿੱਚ ਗੁਰਮੁਖੀ ਲਿਪੀ ਵਿੱਚ ਹੱਥ ਲਿਖਤ ਨਾਲ਼ ਸ਼ੁਰੂ ਕੀਤਾ। ਇਸ ਵਿੱਚ, "ਸਰਕਾਰ ਵੱਲੋਂ ਹਿੰਦੁਸਤਾਨੀਆਂ ਨੂੰ ਕਨੇਡਾ 'ਚੋਂ ਬਾਹਰ ਰੱਖਣ ਦੇ ਇਰਾਦੇ ਨਾਲ਼ ਬਣਾਏ ਇਮੀਗ੍ਰੇਸ਼ਨ ਦੇ ਨਸਲਵਾਦੀ ਕਾਨੂੰਨਾਂ ਬਾਰੇ ਅਤੇ ਹਿੰਦੁਸਤਾਨੀਆਂ ਕੋਲੋਂ ਵੋਟ ਦਾ ਹੱਕ ਖੋਹੇ ਜਾਣ ਬਾਰੇ"[30] ਅਤੇ ਹੋਰ ਅਜਿਹੇ ਮਸਲਿਆਂ ਬਾਰੇ ਲੇਖ ਛਾਪੇ ਜਾਂਦੇ ਸਨ। ਉਸ ਤੋਂ ਬਾਅਦ 1912 ਵਿੱਚ ਕਰਤਾਰ ਸਿੰਘ ਹੁੰਦਲ ਨੇ ਵਿਕਟੋਰੀਆ ਤੋਂ *'ਸੰਸਾਰ'* ਨਾਂ ਦਾ ਅਖ਼ਬਾਰ ਜਾਰੀ ਕੀਤਾ ਜੋ ਪੰਜਾਬੀ ਅੱਖਰਾਂ ਦੀ ਜੁੜਾਈ (ਕੰਪੋਜ਼ਿੰਗ) ਰਾਹੀਂ ਛਪਦਾ ਸੀ। ਕਨੇਡਾ ਦੇ ਪੱਛਮੀ ਤੱਟ ਤੋਂ ਸ਼ੁਰੂ ਹੋਈਆਂ ਇਨ੍ਹਾਂ ਅਖਬਾਰਾਂ ਦੀ ਪੰਜਾਬੀ ਭਾਸ਼ਾ ਦੇ ਵਿਕਾਸ, ਪੱਤਰਕਾਰੀ ਦੇ ਸਮੁੱਚੇ ਇਤਿਹਾਸ

---

[28] ਹੋਰ ਜਾਣਕਾਰੀ ਲਈ ਦੇਖੋ ਸੋਹਣ ਸਿੰਘ ਪੂੰਨੀ ਦਾ ਲੇਖ, 'ਕਨੇਡਾ ਦੀ ਹਿੰਦੁਸਤਾਨੀ ਕਮਿਊਨਿਟੀ ਵਿੱਚ ਅਗਾਂਹਵਧੂ ਸਿਆਸੀ ਚੇਤਨਤਾ ਪੈਦਾ ਕਰਨ ਵਿੱਚ ਸੋਸ਼ਿਲਸਟਾਂ ਦਾ ਰੋਲ', *'ਸੰਘਰਸ਼ ਦੇ ਸੌ ਵਰ੍ਹੇ: ਕਨੇਡਾ ਵਿੱਚ ਪ੍ਰਗਤੀਸ਼ੀਲ ਲਹਿਰ'*, ਸਾਧੂ ਬਿਨਿੰਗ ਅਤੇ ਸੁਖਵੰਤ ਹੁੰਦਲ, ਚੇਤਨਾ ਪ੍ਰਕਾਸ਼ਨ, 2000।

[29] ਸੋਹਣ ਸਿੰਘ ਪੂੰਨੀ, *ਕਨੇਡਾ ਦੇ ਗਦਰੀ ਯੋਧੇ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2009, ਸਫਾ 48

[30] ਸੋਹਣ ਸਿੰਘ ਪੂੰਨੀ, ਸਫਾ 144.

ਅਤੇ ਪੰਜਾਬੀ ਚਿੰਤਨ ਵਿੱਚ ਨਵੇਂ ਵਿਚਾਰਾਂ ਦੀ ਆਮਦ ਪੱਖੋਂ ਵਿਸ਼ੇਸ਼ ਮਹੱਤਤਾ ਹੈ। ਇਨ੍ਹਾਂ ਅਖ਼ਬਾਰਾਂ ਨੇ ਲੋਕਾਂ ਨੂੰ ਉਨ੍ਹਾਂ ਦੀ ਹਾਲਤ ਤੋਂ ਜਾਣੂ ਕਰਵਾਇਆ ਅਤੇ ਉਨ੍ਹਾਂ ਨੂੰ ਭਾਰਤ ਦੀ ਅਜ਼ਾਦੀ ਵਾਸਤੇ ਜੱਦੋਜਹਿਦ ਕਰਨ ਲਈ ਤਿਆਰ ਕੀਤਾ। ਅਮਰਜੀਤ ਸੂਫੀ ਦੇ ਸ਼ਬਦਾਂ ਵਿੱਚ:

> ਬਾਬੂ ਹਰਨਾਮ ਸਿੰਘ ਕਾਹਰੀ ਸਾਹਰੀ ਨੇ ਸਵਦੇਸ਼ ਸੇਵਕ ਦੀ ਸੰਪਾਦਨਾ ਦੁਆਰਾ ਉਸ ਸਮੇਂ ਕੈਨੇਡਾ ਵਿੱਚ ਰਹਿੰਦੇ ਭਾਰਤੀ ਲੋਕਾਂ ਨੂੰ ਕੈਨੇਡੀਅਨ ਸਰਕਾਰ ਦੀ ਬੇਇਨਸਾਫੀ, ਨਸਲਵਾਦੀ ਵਿਤਕਰੇ ਅਤੇ ਬਰਤਾਨਵੀ ਸਾਮਰਾਜ ਦੀ ਧੱਕੇਸ਼ਾਹੀ ਵਿਰੁੱਧ ਅਜਿਹੇ ਢੰਗ ਨਾਲ਼ ਸੁਚੇਤ ਕੀਤਾ ਕਿ ਆਉਣ ਵਾਲ਼ੇ ਸਾਲਾਂ ਵਿੱਚ ਇੱਥੇ ਰਹਿਣ ਵਾਲ਼ੇ ਭਾਰਤੀ, ਕੈਨੇਡੀਅਨ ਹਕੂਮਤ ਦੇ ਵਿਤਕਰਿਆਂ ਵਿਰੁਧ ਡੱਟ ਕੇ ਖਲੋਣ ਦੇ ਸਮਰੱਥ ਹੋ ਸਕੇ।[31]

ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਦੀ ਵਰਤੋਂ ਦੇ ਸਮੁੱਚੇ ਵਿਕਾਸ ਪੱਖੋਂ ਇਨ੍ਹਾਂ ਅਖ਼ਬਾਰਾਂ ਅਤੇ ਇੱਥੇ ਉਸ ਸਮੇਂ ਰਚੀ ਗਈ ਦੇਸ਼ ਭਗਤੀ ਵਾਲ਼ੀ ਕਵਿਤਾ ਦਾ ਮਹੱਤਵਪੂਰਨ ਯੋਗਦਾਨ ਹੈ। ਗਦਰ ਪਾਰਟੀ ਵਿੱਚ ਵੱਡਾ ਹਿੱਸਾ ਪਾਉਣ ਵਾਲ਼ੇ ਪੰਜਾਬੀ ਲੇਖਕ ਅਤੇ ਕਵੀ ਮੁਨਸ਼ਾ ਸਿੰਘ ਦੁਖੀ ਵੱਲੋਂ ਕਰਤਾਰ ਸਿੰਘ ਨਵਾਂ ਚੰਦ ਨਾਲ਼ ਮਿਲ਼ ਕੇ ਕਨੇਡਾ ਵਿੱਚ ਪੰਜਾਬੀ ਦੀ ਪਹਿਲੀ ਵਾਰਤਕ ਪੁਸਤਕ 'ਦੁਸ਼ਮਣ ਦੀ ਖੋਜ ਭਾਲ' ਲਿਖੀ ਅਤੇ 1914 ਵਿੱਚ ਵੈਨਕੂਵਰ ਤੋਂ ਪ੍ਰਕਾਸ਼ਤ ਕੀਤੀ ਗਈ। ਪੂੰਨੀ ਅਨੁਸਾਰ: ''ਕਨੇਡਾ ਵਿੱਚ ਛਪਣ ਵਾਲ਼ੀ (ਲਿੱਥੋ ਉੱਪਰ) ਪੰਜਾਬੀ ਦੀ ਇਹ ਪਹਿਲੀ ਕਿਤਾਬ ਸੀ। ਸਾਢੇ ਤਿੰਨ ਸੌ ਸਫੇ ਦੀ ਇਹ ਕਿਤਾਬ ਜਾਸੂਸੀ ਕਲਾ ਬਾਰੇ ਹੈ।''[32]

ਇਸ ਤੋਂ ਇੱਕ ਸਾਲ ਪਹਿਲਾਂ ਮੁਨਸ਼ਾ ਸਿੰਘ ਨੇ ਭਾਈ ਭਗਵਾਨ ਸਿੰਘ 'ਪ੍ਰੀਤਮ' ਨੂੰ ਕਨੇਡਾ ਦੇ ਆਵਾਸ ਮਹਿਕਮੇ (ਇਮੀਗ੍ਰੇਸ਼ਨ) ਵੱਲੋਂ ਦੇਸ਼-ਨਿਕਾਲ਼ਾ ਦੇਣ ਦੇ ਰੋਸ ਵਜੋਂ 'ਜ਼ੁਲਮ, ਜ਼ੁਲਮ, ਗੋਰਾਸ਼ਾਹੀ ਜ਼ੁਲਮ' ਨਾਂ ਦੀ ਇੱਕ ਨਿੱਕੀ ਕਿਤਾਬ ਲਿਖੀ ਸੀ। ਪੂੰਨੀ ਹੋਰਾਂ ਦੇ ਸ਼ਬਦਾਂ ਵਿੱਚ:

> ਗਦਰ ਪਾਰਟੀ ਨੇ ਇਹ ਕਿਤਾਬ ਦਸ ਹਜ਼ਾਰ ਦੀ ਗਿਣਤੀ ਵਿੱਚ ਯੁਗਾਂਤਰ ਆਸ਼ਰਮ ਸਾਨਫਰਾਂਸਿਸਕੋ ਤੋਂ ਛਾਪ ਕੇ ਵੰਡੀ ਸੀ। 1913 'ਚ ਛਪੀ ਇਹ ਕਿਤਾਬ ਹਿੰਦੁਸਤਾਨ ਤੋਂ ਬਾਹਰ ਛਪਣ ਵਾਲੀ ਪੰਜਾਬੀ ਦੀ ਸ਼ਾਇਦ ਪਹਿਲੀ ਕਿਤਾਬ ਸੀ।[33]

ਇਨ੍ਹਾਂ ਸਰਗਰਮੀਆਂ ਕਾਰਨ ਪੰਜਾਬੀ ਭਾਸ਼ਾ ਦੀ ਬੋਲਚਾਲ ਦੀ ਪੱਧਰ ਤੋਂ ਉੱਤੇ ਵਰਤੋਂ ਨੇ ਪੰਜਾਬੀਆਂ ਵਿੱਚ ਉਨ੍ਹਾਂ ਦੀ ਆਪਣੀ ਬੋਲੀ ਪ੍ਰਤੀ ਚੇਤਨਾ ਅਤੇ ਸਤਿਕਾਰ

---

31 ਅਮਰਜੀਤ ਸੂਫੀ, 'ਕੈਨੇਡਾ ਵਿੱਚ ਪੰਜਾਬੀ ਪੱਤਰਕਾਰੀ, *ਕੈਨੇਡੀਅਨ ਪੰਜਾਬੀ ਸਾਹਿਤ ਅਤੇ ਸੱਭਿਆਚਾਰ'*, ਥਰਡ ਆਈ ਪਬਲੀਕੇਸ਼ਨਜ਼, ਲੰਡਨ, ਓਨਟੈਰੀਓ, 1990, ਸਫਾ 52.

32 ਸੋਹਣ ਸਿੰਘ ਪੂੰਨੀ, ਸਫਾ 357.

33 ਉਹੀ।

ਵਿੱਚ ਵਾਧਾ ਕੀਤਾ। ਗੁਰਮੁਖੀ ਅੱਖਰਾਂ ਵਿੱਚ ਅਮਰੀਕਾ ਤੋਂ ਛਪਣ ਵਾਲ਼ਾ ਗਦਰ ਅਖਬਾਰ ਉਸ ਵੇਲੇ ਵੱਡੀ ਗਿਣਤੀ ਵਿੱਚ ਛਪਦਾ ਸੀ ਅਤੇ ਦੁਨੀਆ ਦੇ ਬਹੁਤ ਸਾਰੇ ਦੂਰ ਦੁਰਾਡੇ ਹਿੱਸਿਆਂ ਵਿੱਚ, ਜਿੱਥੇ ਕਿਤੇ ਵੀ ਪੰਜਾਬੀ ਰਹਿੰਦੇ ਸਨ, ਭੇਜਿਆ ਜਾਂਦਾ ਸੀ। ਇਸ ਗੱਲ ਦੇ ਸੰਕੇਤ ਮਿਲਦੇ ਹਨ ਕਿ ਬਹੁਤ ਸਾਰੇ ਪੰਜਾਬੀਆਂ ਨੇ ਇਹ ਅਖ਼ਬਾਰਾਂ ਅਤੇ ਖਾਸ ਕਰ ਕੇ ਗਦਰ ਦੀ ਕਵਿਤਾ ਪੜ੍ਹਨ ਵਾਸਤੇ ਗੁਰਮੁਖੀ ਲਿਪੀ ਸਿੱਖੀ। ਇਸ ਗੱਲ ਦੀ ਵੀ ਸੰਭਾਵਨਾ ਹੈ ਕਿ ਬਾਹਰਲੇ ਦੇਸਾਂ ਵਿੱਚ ਵਸਣ ਵਾਲ਼ੇ ਗੈਰ-ਪੰਜਾਬੀ ਭਾਰਤੀਆਂ ਨੇ ਵੀ ਏਸੇ ਮਕਸਦ ਲਈ ਗੁਰਮੁਖੀ ਸਿੱਖੀ ਹੋਵੇ। ਇਸ ਦੀ ਇੱਕ ਉਦਾਹਰਨ ਬੰਗਾਲੀ ਪਿਛੋਕੜ ਦੇ ਇਨਕਲਾਬੀ ਚਿੰਤਕ ਬਾਬੂ ਤਾਰਕਨਾਥ ਦਾਸ ਦੀ ਹੈ, ਜਿਨ੍ਹਾਂ ਨੇ ਪੰਜਾਬੀ ਕਾਮਿਆਂ ਨਾਲ਼ ਕੰਮ ਕਰਦਿਆਂ ਪੰਜਾਬੀ ਬੋਲਣੀ ਹੀ ਨਹੀਂ ਪੜ੍ਹਨੀ ਲਿਖਣੀ ਵੀ ਸਿੱਖ ਲਈ ਸੀ।[34]

ਜਿਵੇਂ ਪਹਿਲਾਂ ਜ਼ਿਕਰ ਕੀਤਾ ਗਿਆ ਹੈ ਕਿ ਪੰਜਾਬੀਆਂ ਦਾ ਕਨੇਡਾ ਆਉਣਾ ਕਨੂੰਨੀ ਤੌਰ ’ਤੇ 1908 ਵਿੱਚ ਬੰਦ ਕਰ ਦਿੱਤਾ ਗਿਆ ਸੀ। ਏਥੇ ਪਹੁੰਚੇ ਹੋਏ ਲੋਕਾਂ ਵਿੱਚੋਂ ਕਾਫ਼ੀ ਲੋਕ ਕੰਮ-ਕਾਰ ਦੀ ਭਾਲ ਵਿੱਚ ਅਮਰੀਕਾ ਵਲ ਚਲੇ ਗਏ। ਕੁਝ ਲੋਕ ਗਦਰ ਲਹਿਰ ਦੇ ਅਸਰ ਥੱਲੇ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਦੇ ਮਕਸਦ ਨਾਲ਼ ਪਹਿਲੀ ਸੰਸਾਰ ਜੰਗ ਦੇ ਦੌਰਾਨ ਵਾਪਸ ਦੇਸ਼ ਨੂੰ ਮੁੜ ਗਏ। ਫੇਰ ਤੀਹਵੇਂ ਦਹਾਕੇ ਦੌਰਾਨ ਏਥੋਂ ਦੇ ਆਰਿਥਕ ਮੰਦਵਾੜਿਆਂ ਕਾਰਨ ਵਾਪਸ ਚਲੇ ਗਏ। ਇੱਕ ਅਨੁਮਾਨ ਅਨੁਸਾਰ ਦੂਜੀ ਵੱਡੀ ਲੜਾਈ ਦੌਰਾਨ ਕਨੇਡਾ ਵਿੱਚ ਪੰਜਾਬੀਆਂ ਦੀ ਕੁਲ ਵਸੋਂ ਗਿਆਰਾਂ ਬਾਰਾਂ ਸੌ ਦੇ ਦੁਆਲੇ ਰਹਿ ਗਈ ਸੀ। ਭਾਈਚਾਰੇ ਦੀ ਇਸ ਸਥਿਤੀ ਨੇ ਕਨੇਡਾ ਵਿੱਚ ਪੰਜਾਬੀ ਭਾਸ਼ਾ ਦੇ ਵਿਕਾਸ ਉੱਪਰ ਵੀ ਸਿੱਧਾ ਅਸਰ ਪਾਇਆ। ਏਥੇ ਰਹਿ ਗਏ ਪੰਜਾਬੀ ਆਵਾਸੀ ਤਾਂ ਆਪਣੀ ਬੋਲੀ ਦੀ ਵਰਤੋਂ ਕਰਦੇ ਰਹੇ ਪਰ ਏਥੇ ਜੰਮੇ-ਪਲ਼ੇ ਪੰਜਾਬੀ ਬੱਚੇ ਮਾਂ-ਬੋਲੀ ਨਾਲ਼ ਨੇੜਲਾ ਰਿਸ਼ਤਾ ਕਾਇਮ ਨਾ ਰੱਖ ਸਕੇ।

ਪੰਜਾਬੀ ਭਾਈਚਾਰੇ ਦੇ ਕਨੇਡਾ ਵਿਚਲੇ ਇਤਿਹਾਸ ਦੇ ਵੱਖ ਵੱਖ ਪਹਿਲੂਆਂ ਉੱਪਰ ਮੁਕਾਬਲਤਨ ਕਾਫੀ ਖੋਜ ਅਤੇ ਵਿਚਾਰ ਵਟਾਂਦਰਾ ਹੋ ਚੁੱਕਾ ਹੈ ਪਰ ਪੰਜਾਬੀ ਭਾਸ਼ਾ ਸੰਬੰਧੀ ਬਹੁਤਾ ਕੁਝ ਲਿਖਿਆ ਜਾਂ ਦਰਜ ਕੀਤਾ ਨਹੀਂ ਮਿਲਦਾ। ਪਹਿਲੀਆਂ ਵਿਚ ਪੰਜਾਬੀ ਪੜ੍ਹਾਉਣ ਦਾ ਜਿੰਨਾ ਵੀ ਕੰਮ ਹੋਇਆ ਹੈ ਉਹ ਮੁੱਖ ਤੌਰ ’ਤੇ ਕਨੇਡਾ ਵਿਚਲੇ ਗੁਰਦੁਆਰਿਆਂ ਵੱਲੋਂ ਕੀਤਾ ਗਿਆ। ਪਰ ਇਸ ਕੰਮ ਦਾ ਕੋਈ ਲਿਖਤੀ ਰੀਕਾਰਡ ਸਾਂਭਿਆ ਨਹੀਂ ਮਿਲਦਾ। ਜਿਸ ਤਰ੍ਹਾਂ ਪਹਿਲਾਂ ਜ਼ਿਕਰ ਕੀਤਾ ਗਿਆ ਹੈ ਕਿ ਪੰਜਾਬ ਤੋਂ ਆਏ ਗੁਰਮੁਖੀ ਨਾ ਜਾਨਣ ਵਾਲੇ ਬਹੁਤ ਸਾਰੇ ਲੋਕਾਂ ਨੇ ਗਦਰ ਲਹਿਰ ਸਬੰਧੀ ਜਾਣਕਾਰੀ ਪ੍ਰਾਪਤ ਕਰਨ ਲਈ, ਖਾਸ ਕਰ ਗਦਰ ਲਹਿਰ ਦੇ ਸਬੰਧ ਵਿਚ ਲਿਖੀ ਜਾਂਦੀ ਕਵਿਤਾ ਪੜ੍ਹਨ ਲਈ ਇਹ ਯੋਗਤਾ ਏਥੇ ਹਾਸਲ ਕੀਤੀ। ਇਸ ਤੋਂ ਇਹ

[34] ਉਹੀ, ਸਫਾ 51

ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਵੈਨਕੂਵਰ ਦੇ ਗੁਰਦੁਆਰੇ ਵਿਚ ਪੰਜਾਬੀ ਪੜ੍ਹਾਉਣ ਦਾ ਕੰਮ 1908 ਦੇ ਦੌਰਾਨ ਹੀ ਸ਼ੁਰੂ ਹੋ ਗਿਆ ਸੀ।[35]

ਪਰ ਅਗਲੀਆਂ ਪੀੜ੍ਹੀਆਂ ਨੂੰ ਯੋਜਨਾਬੱਧ ਤਰੀਕੇ ਨਾਲ ਪੰਜਾਬੀ ਪੜ੍ਹਾਉਣ ਬਾਰੇ ਕੋਈ ਦਸਤਾਵੇਜ਼ੀ ਜਾਣਕਾਰੀ ਪ੍ਰਾਪਤ ਨਹੀਂ ਹੈ। ਸਾਨੂੰ ਇਸ ਗੱਲ ਦਾ ਵੀ ਪੱਕਾ ਪਤਾ ਨਹੀਂ ਹੈ ਕਿ ਬੀ ਸੀ ਦੇ ਕਿਹੜੇ ਕਿਹੜੇ ਗੁਰਦੁਆਰਿਆਂ ਵਿੱਚ ਬਾਕਾਇਦਾ ਪੰਜਾਬੀ ਪੜ੍ਹਾਈ ਜਾਂਦੀ ਰਹੀ ਹੈ ਅਤੇ ਇਹ ਕੰਮ ਕਿਹੜੀ ਜਗ੍ਹਾ ਕਦੋਂ ਸ਼ੁਰੂ ਹੋਇਆ। ਸੰਭਵ ਹੈ ਕਿ ਇਹ ਕੰਮ ਅਸਲ ਵਿੱਚ ਪੰਜਾਹਵਿਆਂ ਦੇ ਸ਼ੁਰੂ ਵਿੱਚ ਹੀ ਚੱਲਿਆ ਹੋਵੇ ਕਿਉਂਕਿ ਚਾਲ੍ਹੀਵਿਆਂ ਦੇ ਅਖੀਰ ਤੱਕ ਪੰਜਾਬੀਆਂ ਦੀ ਏਥੇ ਗਿਣਤੀ ਬਹੁਤ ਥੋੜ੍ਹੀ ਸੀ ਤੇ ਦੂਜਾ ਉਨ੍ਹਾਂ ਵਿੱਚ ਪਰਿਵਾਰ ਅਤੇ ਛੋਟੇ ਬੱਚੇ ਵੀ ਏਨੇ ਜ਼ਿਆਦਾ ਨਹੀਂ ਸਨ ਕਿ ਪੰਜਾਬੀ ਪੜ੍ਹਾਉਣ ਦਾ ਕੰਮ ਕਿਸੇ ਯੋਜਨਾਬੱਧ ਤਰੀਕੇ ਨਾਲ਼ ਕਰਨ ਦੀ ਲੋੜ ਮਹਿਸੂਸ ਹੋਈ ਹੋਵੇ। ਨਾਲ਼ ਹੀ ਸੱਠਵਿਆਂ ਦੇ ਅੱਧ ਤੱਕ ਲੋਕਾਂ ਕੋਲ਼ ਕਾਰਾਂ ਵੀ ਏਨੀਆਂ ਨਹੀਂ ਸਨ ਤੇ ਆਉਣਾ ਜਾਣਾ ਸੁਖਾਲਾ ਨਹੀਂ ਸੀ। ਦਰਸ਼ਨ ਸਿੰਘ ਕਨੇਡੀਅਨ ਜੋ ਏਥੇ 1937 ਤੋਂ ਲੈ ਕੇ 1947 ਤੱਕ ਰਹੇ, ਦੇ ਮੁਤਾਬਕ ''ਉਨ੍ਹੀ ਦਿਨੀ ਗੁਰਦੁਆਰੇ ਵਿੱਚ ਵੀ ਪੰਜਾਬੀ ਆਦਿ ਪੜ੍ਹਾਉਣ ਦੀ ਕੋਈ ਪਿਰਤ ਨਹੀਂ ਸੀ।''[36] ਆਮ ਜਾਣਕਾਰੀ ਅਨੁਸਾਰ ਵੈਨਕੂਵਰ ਦੇ ਵੱਡੇ ਗੁਰਦੁਆਰੇ ਪੰਜਾਬੀ ਪੜ੍ਹਾਉਣ ਦਾ ਕੰਮ ਰੌਸ ਸਟਰੀਟ ਵਾਲ਼ੇ ਸਥਾਨ 'ਤੇ ਆਉਣ ਤੋਂ ਬਾਅਦ ਸ਼ੁਰੂ ਹੋਇਆ, ਭਾਵ ਕਿ 1969 ਤੋਂ ਬਾਅਦ। ਪਰ ਵਿਕਟੋਰੀਆ, ਪਾਲਦੀ, ਡੰਕਨ ਆਦਿ ਥਾਵਾਂ ਉੱਪਰ ਸੰਭਵ ਹੈ ਕਿ ਗੁਰਦੁਆਰਿਆਂ ਵਿੱਚ ਪੰਜਾਬੀ ਦੀ ਪੜ੍ਹਾਈ ਦਾ ਕੰਮ ਪੰਜਾਹਵਿਆਂ ਦੌਰਾਨ ਜਾਂ ਉਸ ਤੋਂ ਵੀ ਪਹਿਲਾਂ ਚੱਲ ਰਿਹਾ ਹੋਵੇ ਕਿਉਂਕਿ ਲੋਕ ਨੇੜੇ ਨੇੜੇ ਰਹਿੰਦੇ ਸਨ ਅਤੇ ਬੱਚਿਆਂ ਨੂੰ ਲਿਆਉਣਾ ਲਿਜਾਣਾ ਸੁਖਾਲਾ ਹੋਵੇਗਾ। ਇਸ ਬਾਰੇ ਕੋਈ ਵੀ ਗੱਲ ਕਰਨ ਵਿੱਚ ਸਮੱਸਿਆ ਇਹ ਹੈ ਕਿ ਇਸ ਪਾਸੇ ਵਲ ਕਿਸੇ ਵੱਲੋਂ ਵੀ ਅਜੇ ਤੱਕ ਕਿਸੇ ਕਿਸਮ ਦੀ ਖੋਜ ਨਹੀਂ ਕੀਤੀ ਗਈ।

ਕਨੇਡਾ ਵਿੱਚ ਪੰਜਾਬੀ ਪੱਤਰਕਾਰੀ ਦੇ ਵਿਕਾਸ ਉੱਪਰ ਵੀ ਇਮੀਗ੍ਰੇਸ਼ਨ ਅਤੇ ਭਾਰਤ ਦੀ ਗੁਲਾਮੀ ਨੇ ਸਿੱਧਾ ਅਸਰ ਪਾਇਆ। ਜਿਨ੍ਹਾਂ ਲੋਕਾਂ ਨੇ *ਸਵਦੇਸ਼ ਸੇਵਕ* ਤੇ *ਗਦਰ* ਅਖਬਾਰ ਕੱਢੇ ਸਨ ਉਨ੍ਹਾਂ ਵਿੱਚੋਂ ਬਹੁਤੇ ਭਾਰਤ ਨੂੰ ਆਜ਼ਾਦ ਕਰਾਉਣ ਲਈ ਆਪਣੀਆਂ ਕੁਰਬਾਨੀਆਂ ਦੇ ਗਏ। ਕਨੇਡਾ ਵਸਦੇ ਪੰਜਾਬੀਆਂ ਦੀ ਗਿਣਤੀ ਸੱਠਵਿਆਂ ਦੇ ਅੱਧ ਤੋਂ ਬਾਅਦ ਵਧਣੀ ਸ਼ੁਰੂ ਹੋਈ ਅਤੇ ਨਤੀਜੇ ਵਜੋਂ ਪੰਜਾਬੀ ਪੱਤਰਕਾਰੀ ਵਿੱਚ

---

35 ਉਹੀ, ਸਫਾ 272 । ਪੂੰਨੀ ਅਨੁਸਾਰ ਜਥੇਦਾਰ ਪਰਤਾਪ ਸਿੰਘ ਕੋਟ ਫਤੂਹੀ ਨੇ ਭਾਈ ਬਲਵੰਤ ਸਿੰਘ ਤੇ ਹਾਕਮ ਸਿੰਘ ਬੱਠਲ ਹੋਰਾਂ ਕੋਲੋਂ ਪੰਜਾਬੀ ਪੜ੍ਹਨੀ ਤੇ ਲਿਖਣੀ ਸਿੱਖੀ। ਸੰਭਵ ਹੈ ਕਿ ਇਸ ਤਰ੍ਹਾਂ ਪੰਜਾਬੀ ਸਿੱਖਣ ਵਾਲਾ ਉਹ ਇਕੱਲਾ ਨਾ ਹੋਵੇ ਸਗੋਂ ਹੋਰ ਲੋਕ ਵੀ ਇਸ ਸਮੇਂ ਇਨ੍ਹਾਂ ਅਧਿਆਪਕਾਂ ਤੋਂ ਪੰਜਾਬੀ ਸਿੱਖ ਰਹੇ ਹੋਣ।

36 ਦਰਸ਼ਨ ਸਿੰਘ ਕਨੇਡੀਅਨ ਨਾਲ਼ ਸਾਧੂ ਬਿਨਿੰਗ, ਸੁਖਵੰਤ ਹੁੰਦਲ, ਡਾਕਟਰ ਹਰੀ ਸ਼ਰਮਾ ਅਤੇ ਮੱਖਣ ਟੁੱਟ ਵੱਲੋਂ 1985 ਵਿੱਚ ਰੀਕਾਰਡ ਕੀਤੀ 18 ਘੰਟੇ ਦੀ ਇੰਟਰਵਿਊ ਵਿੱਚੋਂ। ਇਹ ਇੰਟਰਵਿਊ ਇੰਟਰਨੈੱਟ ਉੱਪਰ ਸੁਣੀ ਜਾ ਸਕਦੀ ਹੈ:
http://komagatamarujourney.ca/node/3169

ਵੀ ਮੁੜ ਕੇ ਸਰਗਰਮੀ ਇਸੇ ਸਮੇਂ ਆਰੰਭ ਹੋਈ। ਇਸ ਲੰਮੇ ਸਮੇਂ ਦੌਰਾਨ ਪੰਜਾਬੀ ਭਾਸ਼ਾ ਦੀ ਲਿਖਤੀ ਵਰਤੋਂ ਸਿਰਫ ਗੁਰਦੁਆਰਿਆਂ ਦੇ ਕੰਮਾਂ ਕਾਰਾਂ ਵਿੱਚ ਜਾਂ ਆਮ ਲੋਕਾਂ ਦੇ ਆਪਸੀ ਖਤਾਂ ਰੁੱਕਿਆਂ ਆਦਿ ਵਿੱਚ ਹੀ ਹੁੰਦੀ ਰਹੀ। ਕਿਉਂਕਿ ਕਨੇਡੀਅਨ ਸਰਕਾਰ ਨੇ ਪੰਜਾਬੀਆਂ ਨੂੰ ਆਪਣੇ ਪਰਿਵਾਰ ਲਿਆਉਣ ਦੀ ਆਗਿਆ ਨਹੀਂ ਸੀ ਦਿੱਤੀ ਇਸ ਕਰ ਕੇ ਏਥੇ ਰਹਿ ਕੇ ਕੰਮ ਕਰਨ ਵਾਲੇ ਬਹੁਤੇ ਪੰਜਾਬੀ ਛੜੇ ਜਾਂ ਇਕੱਲੇ ਰਹਿ ਰਹੇ ਮਰਦ ਹੀ ਸਨ। ਬੀ ਸੀ ਦੀਆਂ ਲੱਕੜ ਮਿੱਲਾਂ ਵਿੱਚ ਕੰਮ ਕਰਦੇ ਇਹ ਪੰਜਾਬੀ ਆਮ ਤੌਰ 'ਤੇ ਮਿੱਲਾਂ ਦੇ ਨਾਲ਼ ਹੀ ਬਣੇ ਹੋਏ ਕੰਮ ਚਲਾਊ ਘਰਾਂ ਵਿੱਚ ਰਹਿੰਦੇ ਸਨ ਤੇ ਇਕੱਠੇ ਹੀ ਖਾਣਾ ਆਦਿ ਬਣਾਉਂਦੇ ਸਨ। ਇਨ੍ਹਾਂ ਦੇ ਰਹਿਣ ਤੇ ਖਾਣ ਪੀਣ ਵਾਲੀ ਥਾਂ ਨੂੰ 'ਕੁੱਕ-ਹਾਊਸ' ਕਿਹਾ ਜਾਂਦਾ ਸੀ। ਇਨ੍ਹਾਂ ਥਾਵਾਂ ਵਿੱਚ ਕੰਮ ਤੋਂ ਬਾਅਦ ਇਕੱਠੇ ਬੈਠ ਕੇ ਪੰਜਾਬੀ ਦੇਸੋਂ ਆਈਆਂ ਅਖਬਾਰਾਂ ਪੜ੍ਹਦੇ ਤੇ ਵਿਚਾਰਦੇ। ਵਾਰਿਸ ਸ਼ਾਹ ਦੀ ਹੀਰ ਪੜ੍ਹ ਕੇ ਆਪਣਾ ਮਨੋਰੰਜਨ ਕਰਦੇ। ਇਕੱਠੇ ਰਹਿਣ ਤੇ ਕੰਮ ਕਰਨ ਕਰ ਕੇ ਇਨ੍ਹਾਂ ਨੇ ਪੰਜਾਬੀ ਬੋਲੀ ਨੂੰ ਪੂਰੀ ਤਰ੍ਹਾਂ ਕਾਇਮ ਹੀ ਨਹੀਂ ਰੱਖਿਆ ਉਹਦੇ ਵਿੱਚ ਸਮੇਂ ਤੇ ਸਥਾਨ ਅਨੁਸਾਰ ਨਵੇਂ ਰੰਗ ਵੀ ਭਰੇ।

ਮਿੱਲਾਂ 'ਚ ਕੰਮ ਕਰਨ ਵਾਲੇ ਪੰਜਾਬੀਆਂ ਨੇ ਅਨੇਕਾਂ ਅੰਗ੍ਰੇਜ਼ੀ ਸ਼ਬਦਾਂ ਨੂੰ ਆਪਣੇ ਰੰਗ ਵਿੱਚ ਰੰਗਿਆ ਅਤੇ ਉਨ੍ਹਾਂ ਨੂੰ ਨਵੇਂ ਅਰਥਾਂ ਵਿੱਚ ਵਰਤਿਆ। ਇੱਕ ਦੂਜੇ ਨੂੰ ਮੁਖਤਾਬ ਹੋਣ ਲਈ ਉਹ *ਪਾਰਨਰ* (ਪਾਰਟਨਰ) ਕਹਿੰਦੇ; ਅੰਗ੍ਰੇਜ਼ੀ ਦੇ 'ਸਨ ਆਫ ਏ ਬਿੱਚ' ਨੂੰ ਗੋਲ੍ਹ ਜਿਹਾ ਕਰ ਕੇ *'ਸਨਵਿਰਬਚ'* ਬਣਾ ਲਿਆ; ਅੰਗ੍ਰੇਜ਼ੀ ਦੇ ਸ਼ਬਦ 'ਲੰਚ ਕਿੱਟ' ਨੂੰ ਥੋੜ੍ਹਾ ਜਿਹਾ ਖਿੱਚ ਕੇ ਕਿੱਟ ਦੀ ਕੈਟ ਤੇ ਫੇਰ ਕੈਟ ਦੀ ਬਿੱਲੀ ਬਣਾ ਦਿੱਤੀ; ਕਰਤਾਰ ਨਾਂ ਦੇ ਵਿਅਕਤੀਆਂ ਨੂੰ ਗੋਰਿਆਂ ਵੱਲੋਂ 'ਕਟਰ' ਕਹੇ ਜਾਣ ਨੂੰ ਪੰਜਾਬੀ ਵਿੱਚ ਕੈਂਚੀ[37] ਬਣਾ ਦਿੱਤਾ, ਅੰਗ੍ਰੇਜ਼ੀ ਸ਼ਬਦ 'ਗਰੈਂਡ' ਨੂੰ *ਗਰਾੜੀ*। ਅਜਿਹੇ ਹੋਰ ਕਿੰਨੇ ਹੀ ਦਿਲਚਸਪ ਸ਼ਬਦ ਪੰਜਾਬੀਆਂ ਦੀ ਬੋਲ ਚਾਲ ਦਾ ਹਿੱਸਾ ਬਣੇ।

ਡਾਕਟਰ ਸਾਧੂ ਸਿੰਘ ਧਾਮੀ ਆਪਣੇ ਨਾਵਲ 'ਮਲੂਕਾ' ਵਿੱਚ ਪੰਜਾਬੀਆਂ ਵੱਲੋਂ ਘੜੇ ਨਵੇਂ ਮੁਹਾਵਿਰਆਂ ਦੀ ਬਾਤ ਇਸ ਤਰ੍ਹਾਂ ਪਾਉਂਦਾ ਹੈ:

> 'ਉਂਗਲ 'ਤੇ ਨੱਚਣ' ਦਾ ਮਤਲਬ ਸੀ ਮਾਲਕ ਦੇ ਇਸ਼ਾਰੇ 'ਤੇ ਇੱਕ ਕੰਮ ਤੋਂ ਦੂਜੇ ਕੰਮ ਤੱਕ ਭੱਜੇ ਫਿਰਨਾ। 'ਹਵਾ ਰਿੜਕਣ' ਦਾ ਮਤਲਬ ਸੀ ਲੱਕੜ ਦੇ ਢੇਰ ਦੇ ਸਿਖਰ 'ਤੇ ਕੰਮ ਕਰਨਾ। ਲੱਕੜਾਂ ਦੀ ਗੱਡੀ ਲੱਦਣਾ 'ਕਾਲ਼ੀ ਤੀਵੀਂ ਨਾਲ਼ ਘੁਲਣ ਬਰਾਬਰ' ਗਿਣਿਆਂ ਜਾਂਦਾ ਸੀ। ਪਲੇਨਰ ਸ਼ੈਡ ਵਿੱਚ ਰੰਦੇ ਹੋਏ ਫੱਟੇ ਖਿੱਚਣਾ 'ਗੋਰੀ ਦੀ ਮਾਲਸ਼ ਕਰਨ' ਬਰਾਬਰ ਸੀ। ਜਿਹੜੇ 'ਟਿੰਬਰ ਸਕਿੱਡਸ' ਉੱਤੇ ਕੰਮ ਕਰਦੇ ਸਨ ਉਹ 'ਸ਼ੇਰ ਦੀ ਸਵਾਰੀ' ਕਰਦੇ ਸਨ। ਜਿਹੜੇ ਭਾਫ ਦੇ ਰੋਲਰਾਂ ਨੂੰ ਚਲਾਉਂਦੇ ਸਨ ਉਹ 'ਸਰਕਸ ਦੇ ਘੋੜਿਆਂ' ਵਾਂਗ ਸਨ। 'ਟੇਲ ਸਾਅ ਮੈਨ'

[37] ਬੀ ਸੀ ਦੇ ਪੰਜਾਬੀ ਭਾਈਚਾਰੇ ਵਿੱਚ ਕਰਤਾਰ ਸਿੰਘ ਨਾਂ ਦੇ ਦੋ ਵਿਅਕਤੀ ਕਾਫੀ ਜਾਣੇ ਜਾਂਦੇ ਸਨ। ਲੋਕ ਉਨ੍ਹਾਂ ਬਾਰੇ ਗੱਲ ਕਰਨ ਵੇਲੇ ਇਕ ਨੂੰ ਵੱਡੀ ਕੈਂਚੀ ਤੇ ਦੂਜੇ ਨੂੰ ਛੋਟੀ ਕੈਂਚੀ ਕਹਿ ਕੇ ਸੰਬੋਧਨ ਕਰਦੇ ਸਨ।

'ਹਾਥੀ ਦੇ ... ਨਾਲ਼ ਬੰਨ੍ਹਿਆਂ' ਗਿਣਿਆਂ ਜਾਂਦਾ ਸੀ। 'ਬੈਂਡ ਸਾਅ' ਨੂੰ ਫੀਡ ਕਰਨਾ 'ਖੋਤੇ ਦੀ ਪੂਛ ਫੜਨਾ' ਸੀ। 'ਕਬੂਤਰਾਂ ਨੂੰ ਚੋਗਾ ਚੁਗਾਉਣ' ਦਾ ਮਤਲਬ ਸੀ ਕਿ ਬੰਦੇ ਦਾ ਕੰਮ ਸੌਖਾ ਸੀ। 'ਕੁੱਤੇ ਖੱਸੀ' ਕਰਨ ਦਾ ਅਰਥ ਬਿਨਾਂ ਕੰਮ ਤੋਂ ਏਧਰ ਉੱਧਰ ਤੁਰੇ ਫਿਰਨਾ ਸੀ।[38]

2.2

ਅਜੋਕਾ ਦੌਰ (1967 ਤੋਂ ...)

ਪੰਜਾਬੀਆਂ ਵਾਸਤੇ ਕਨੇਡਾ ਦੇ ਇਮੀਗ੍ਰੇਸ਼ਨ ਸੰਬੰਧੀ ਕਾਨੂੰਨਾਂ ਵਿੱਚ 1947 ਅਤੇ 1967 ਨੂੰ ਦੋ ਬਹੁਤ ਮਹੱਤਵਪੂਰਨ ਤਬਦੀਲੀਆਂ ਵਾਪਰੀਆਂ। ਜਿਸ ਤਰ੍ਹਾਂ ਪਹਿਲਾਂ ਜ਼ਿਕਰ ਕੀਤਾ ਗਿਆ ਹੈ ਕਿ ਪੰਜਾਬੀਆਂ ਦੀ ਚਾਲ਼ੀ ਸਾਲ ਦੀ ਲੰਮੀ ਜੱਦੋਜਹਿਦ ਮਗਰੋਂ 1947 ਨੂੰ ਵੋਟ ਦਾ ਹੱਕ ਮੁੜ ਪ੍ਰਾਪਤ ਹੋਇਆ ਜੋ ਇਨ੍ਹਾਂ ਕੋਲ਼ੋਂ 1907 ਵਿੱਚ ਖੋਹਿਆ ਗਿਆ ਸੀ। ਇਸ ਦੇ ਨਾਲ਼ ਹੀ ਕਨੇਡੀਅਨ ਸਰਕਾਰ ਨੇ ਸਾਲਾਨਾ ਕੋਟਾ ਸਿਸਟਮ ਲਾਗੂ ਕਰ ਕੇ ਭਾਰਤ ਤੋਂ ਕੁਝ ਲੋਕਾਂ ਦੇ ਕਨੇਡਾ ਵਿੱਚ ਦਾਖਲ ਹੋਣ ਦਾ ਰਾਹ ਖੋਲ੍ਹ ਦਿੱਤਾ। ਫੇਰ ਪਰਿਵਾਰਾਂ ਨੂੰ ਏਥੇ ਮੰਗਵਾਉਣ ਦੇ ਕੁਝ ਹੋਰ ਹੱਕ ਮਿਲ਼ੇ ਜਿਸ ਨਾਲ਼ ਸੱਠਵਿਆਂ ਦੇ ਅੱਧ ਤੱਕ ਪੰਜਾਬੀਆਂ ਦੀ ਗਿਣਤੀ ਵਿੱਚ ਵਾਧਾ ਸ਼ੁਰੂ ਹੋ ਗਿਆ। ਪਰ 1967 ਵਿੱਚ ਕਨੇਡਾ ਦੇ ਆਵਾਸ ਸੰਬੰਧੀ ਕਾਨੂੰਨਾਂ ਵਿੱਚ ਪਹਿਲੀ ਵਾਰੀ ਵੱਡੀ ਤਬਦੀਲੀ ਕੀਤੀ ਗਈ। ਇਸ ਸਮੇਂ ਆਵਾਸ ਵਾਸਤੇ ਰੰਗ, ਨਸਲ, ਦੇਸ਼ ਆਦਿ ਦੇ ਸਾਰੇ ਭੇਦ ਹਟਾ ਕੇ ਅੰਕ ਅਧਾਰਤ ਢਾਂਚਾ (ਪੁਆਇੰਟ ਸਿਸਟਮ) ਲਾਗੂ ਕੀਤਾ ਗਿਆ ਜਿਸ ਨਾਲ਼ ਬਿਨਾਂ ਕਿਸੇ ਭੇਦ ਭਾਵ ਦੇ ਦੁਨੀਆ ਦੇ ਕਿਸੇ ਵੀ ਹਿੱਸੇ ਵਿੱਚੋਂ ਲੋਕ ਕਨੇਡਾ ਆ ਸਕਦੇ ਸਨ। ਇਸ ਕਾਨੂੰਨ ਦੇ ਆਧਾਰ 'ਤੇ ਪੰਜਾਬੀ ਨੌਜਵਾਨਾਂ ਦੀ ਵੱਡੀ ਗਿਣਤੀ 1970 ਤੇ 1972 ਦੌਰਾਨ ਕਨੇਡਾ ਪਹੁੰਚੀ। ਆਵਾਸ ਦੀ ਇਸ ਲਹਿਰ ਨੂੰ 'ਵਿਜ਼ਟਰਾਂ' ਦੇ ਨਾਂ ਨਾਲ਼ ਜਾਣਿਆਂ ਜਾਂਦਾ ਹੈ। ਇਹ ਲੋਕ ਕਨੇਡਾ ਵਿੱਚ ਸੈਰ ਕਰਨ ਲਈ ਦਾਖਲ ਹੋ ਕੇ ਫੇਰ ਇੱਥੇ ਪੱਕੇ ਤੌਰ 'ਤੇ ਰਹਿਣ ਲਈ ਅਰਜ਼ੀ ਦੇ ਸਕਦੇ ਸਨ ਅਤੇ ਅੰਕ ਅਧਾਰਤ ਢਾਂਚੇ ਅਧੀਨ ਇੱਥੇ ਰਹਿਣ ਵਿੱਚ ਕਾਮਯਾਬ ਹੋ ਸਕਦੇ ਸਨ।

ਕਨੇਡਾ ਦੇ ਆਵਾਸ ਮਹਿਕਮੇ ਨੇ 1972 ਤੋਂ ਬਾਅਦ ਪੰਜਾਬੀਆਂ ਦੇ ਆਵਾਸ ਨੂੰ ਘੱਟ ਕਰਨ ਲਈ ਨਵੇਂ ਕਾਨੂੰਨਾਂ ਵਿੱਚ ਕੁਝ ਤਬਦੀਲੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਪਰ ਇਨ੍ਹਾਂ ਤਬਦੀਲੀਆਂ ਦੇ ਲਾਗੂ ਹੋਣ ਤੱਕ ਅਤੇ ਇਨ੍ਹਾਂ ਦੇ ਬਾਵਜੂਦ ਇਸ ਸਮੇਂ ਕਨੇਡਾ ਦੇ ਪੰਜਾਬੀ ਭਾਈਚਾਰੇ ਦੀ ਗਿਣਤੀ ਵਿੱਚ ਨਾਟਕੀ ਪੱਧਰ 'ਤੇ ਵਾਧਾ ਹੋਇਆ। ਦੂਜੀ ਮਹੱਤਵਪੂਰਨ ਤਬਦੀਲੀ ਇਹ ਵਾਪਰੀ ਕਿ ਜਿੱਥੇ ਪਹਿਲਾਂ ਪੰਜਾਬੀ ਲੋਕ ਵੈਨਕੂਵਰ ਜਾਂ ਬੀ ਸੀ ਵਿੱਚ ਹੀ ਆਉਂਦੇ ਅਤੇ ਰਹਿੰਦੇ ਸਨ ਹੁਣ ਉਹ

---

[38] ਸਾਧੂ ਸਿੰਘ ਧਾਮੀ, *ਮਲੂਕਾ*, ਅਨੁਵਾਦ: ਸਾਧੂ ਬਿਨਿੰਗ, ਸੁਖਵੰਤ ਹੁੰਦਲ ਤੇ ਗੁਰਮੇਲ ਰਾਏ, ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ, ਅੰਮਿਰਤਸਰ, 1988. ਸਫਾ 35 ।

ਕਨੇਡਾ ਦੇ ਦੂਜੇ ਸੂਬਿਆਂ ਅਤੇ ਖਾਸ ਕਰ ਟਰਾਂਟੋ, ਮਾਂਟਰੀਆਲ, ਵਿਨੀਪੈੱਗ, ਐਡਮੰਟਨ ਅਤੇ ਕੈਲਗਰੀ ਆਦਿ ਸ਼ਹਿਰਾਂ ਵਿੱਚ ਵੀ ਆਉਣ ਅਤੇ ਰਹਿਣ ਲੱਗੇ। ਇਸ ਸਮੇਂ ਆਏ ਪੰਜਾਬੀਆਂ ਵਿੱਚ ਬਹੁ-ਗਿਣਤੀ ਆਜ਼ਾਦ ਭਾਰਤ ਵਿੱਚ ਜੰਮੇ-ਪਲ਼ੇ ਤੇ ਪੜ੍ਹੇ-ਲਿਖੇ ਨੌਜਵਾਨਾਂ ਦੀ ਸੀ। ਇਨ੍ਹਾਂ ਵਿੱਚੋਂ ਬਹੁਤੇ ਨੌਜਵਾਨ ਉਸ ਸਮੇਂ ਦੀ ਭਾਰਤ/ਪੰਜਾਬ ਵਿੱਚਲੀ ਖੱਬੀ ਸਿਆਸੀ ਸੋਚ ਤੋਂ ਵੀ ਪ੍ਰਭਾਵਿਤ ਸਨ, ਖਾਸ ਕਰ ਨਕਸਲਵਾੜੀ ਲਹਿਰ ਤੋਂ। ਸੱਤਰਵਿਆਂ ਦੇ ਮੁੱਢਲੇ ਸਾਲਾਂ ਦੌਰਾਨ ਕਨੇਡਾ ਦੇ ਪੰਜਾਬੀ ਭਾਈਚਾਰੇ ਵਿੱਚ ਹੋਈਆਂ ਇਨ੍ਹਾਂ ਨਾਟਕੀ ਤਬਦੀਲੀਆਂ ਨੇ ਉਨ੍ਹਾਂ ਖੁਸ਼ਗਵਾਰ ਸਥਿਤੀਆਂ ਨੂੰ ਜਨਮ ਦਿੱਤਾ ਜਿਨ੍ਹਾਂ ਦੇ ਫਲਸਰੂਪ ਏਥੇ ਪੰਜਾਬੀ ਭਾਸ਼ਾ ਦਾ ਵਿਕਾਸ ਵੀ ਉਸੇ ਨਾਟਕੀ ਪੱਧਰ ’ਤੇ ਸ਼ੁਰੂ ਹੋ ਗਿਆ। ਪੰਜਾਬੀਆਂ ਦੀ ਵਧੀ ਗਿਣਤੀ ਕਾਰਨ ਗਰੋਸਰੀ, ਕੱਪੜੇ, ਗਹਿਣੇ, ਬੀਮਾ, ਰੀਅਲ ਅਸਟੇਟ, ਟਰੈਵਲ ਏਜੰਸੀਆਂ ਆਦਿ ਵਰਗੇ ਬਹੁਤ ਸਾਰੇ ਵਪਾਰ ਅਤੇ ਸੇਵਾਵਾਂ ਦੇ ਕਾਰੋਬਾਰ ਸ਼ੁਰੂ ਹੋ ਗਏ। ਇਨ੍ਹਾਂ ਵਪਾਰਾਂ ਅਤੇ ਸੇਵਾਵਾਂ ਦੇ ਸੁਨੇਹੇ ਨੂੰ ਲੋਕਾਂ ਵਿੱਚ ਪਹੁੰਚਾਉਣ ਲਈ ਪਰਚਾਰ ਮਾਧਿਅਮ ਵਜੋਂ ਪੰਜਾਬੀ ਬੋਲੀ ਦੇ ਅਖ਼ਬਾਰ, ਰੇਡੀਓ ਅਤੇ ਟੈਲੀਵਿਯਨ ਪ੍ਰੋਗਰਾਮਾਂ ਦੇ ਸ਼ੁਰੂ ਹੋਣ ਨੂੰ ਵੱਡਾ ਹੁੰਗਾਰਾ ਮਿਲਿਆ। ਇਸ ਸਮੇਂ ਦੌਰਾਨ ਹੀ ਵੱਡੀ ਗਿਣਤੀ ਵਿੱਚ ਪੰਜਾਬੀਆਂ ਦੀਆਂ ਸਿਆਸੀ, ਸੱਭਿਆਚਾਰਕ ਅਤੇ ਸਾਹਿਤਕ ਜਥੇਬੰਦੀਆਂ ਹੋਂਦ ਵਿੱਚ ਆਈਆਂ। ਇਨ੍ਹਾਂ ਸਭ ਸਰਗਰਮੀਆਂ ਵਿੱਚ ਪੰਜਾਬੀ ਬੋਲੀ ਅਤੇ ਗੁਰਮੁਖੀ ਲਿਪੀ ਦੀ ਵਰਤੋਂ ਦੀ ਸਾਂਝ ਸੀ।

ਕਨੇਡਾ ਦੇ ਪੱਛਮੀ ਤੱਟ ’ਤੇ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਦਾਖਲ ਹੋਏ ਪੰਜਾਬੀਆਂ ਨੇ ਨਸਲਵਾਦ ਕਾਰਨ ਪੈਦਾ ਹੋਈਆਂ ਹਰ ਕਿਸਮ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਦਿਆਂ ਇੱਕ ਲੰਮਾ ਪੈਂਡਾ ਤਹਿ ਕੀਤਾ ਹੈ। ਹੁਣ ਪੰਜਾਬੀਆਂ ਨੇ ਆਰਿਥਕ, ਸਿਆਸੀ, ਸਮਾਜਿਕ ਅਤੇ ਧਾਰਿਮਕ ਪੱਖੋਂ ਆਪਣੇ ਆਪ ਨੂੰ ਕਨੇਡਾ ਵਿੱਚ ਪੱਕੇ ਤੌਰ ’ਤੇ ਕਨੇਡਾ ਦੇ ਇੱਕ ਸਤਿਕਾਰ ਯੋਗ ਭਾਈਚਾਰੇ ਵਜੋਂ ਸਥਾਪਿਤ ਕਰ ਲਿਆ ਹੈ। ਇਸ ਮੁਲਕ ਵਿੱਚ ਜਿੱਥੇ ਵੀ ਪੰਜਾਬੀ ਵਸਦੇ ਹਨ ਉਹ ਵੱਡੀ ਗਿਣਤੀ ਵਿੱਚ ਕਾਰੋਬਾਰ ਚਲਾ ਰਹੇ ਹਨ। ਹੁਣ ਇਨ੍ਹਾਂ ਕਾਰੋਬਾਰਾਂ ਦਾ ਘੇਰਾ ਭਾਈਚਾਰੇ ਦੇ ਲੋਕਾਂ ਤੱਕ ਹੀ ਨਹੀਂ ਸਗੋਂ ਬਾਹਰਲੇ ਵੱਡੇ ਸਮਾਜ ਵਿੱਚ ਵੀ ਫੈਲਿਆ ਹੋਇਆ ਹੈ। ਹਰ ਪੱਧਰ ਦੀਆਂ ਸਰਕਾਰਾਂ ਦੀ ਸਿਆਸਤ ਵਿੱਚ ਪੰਜਾਬੀਆਂ ਦੇ ਯੋਗਦਾਨ ਨੂੰ ਹਰ ਪਾਸੇ ਮੰਨਿਆਂ ਜਾਂਦਾ ਹੈ। ਕਨੇਡਾ ਦੇ ਵੱਖ ਵੱਖ ਸੂਬਿਆਂ ਵਿੱਚੋਂ ਚੁਣੇ ਹੋਏ ਮੈਂਬਰ ਕੇਂਦਰ ਦੀਆਂ ਕਈ ਪਾਰਟੀਆਂ ਵਿੱਚ ਸ਼ਾਮਲ ਹਨ ਅਤੇ ਵਜ਼ਾਰਤੀ ਅਹੁਦਿਆਂ ਤੱਕ ਪਹੁੰਚੇ ਹਨ।[39] ਔਟਵਾ ਦੀ ਸੰਸਦ (ਪਾਰਲੀਮੈਂਟ) ਵਿੱਚ ਕਈ ਵਾਰ ਪੰਜਾਬੀ ਬੋਲਣ ਵਾਲ਼ੇ ਮੈਂਬਰਾਂ ਦੀ ਗਿਣਤੀ ਅੰਗ੍ਰੇਜ਼ੀ, ਫਰਾਂਸੀਸੀ ਤੋਂ ਬਾਅਦ ਤੀਜੇ ਨੰਬਰ ’ਤੇ ਹੁੰਦੀ ਹੈ। ਬੀ ਸੀ ਵਿੱਚ ਪਿਛਲੇ ਲੰਮੇ ਸਮੇਂ ਤੋਂ ਪੰਜਾਬੀ ਵਿਧਾਇਕਾਂ ਦੀ ਗਿਣਤੀ ਸੱਤ ਅੱਠ

---

[39] ਬੀ ਸੀ ਵਿੱਚੋਂ ਕੇਂਦਰ ਦੀਆਂ ਪਾਰਟੀਆਂ ਵਿੱਚ ਆਪਣੀ ਹੋਂਦ ਕਾਇਮ ਕਰਨ ਵਾਲੇ ਪੰਜਾਬੀਆਂ ਵਿੱਚ ਜਿੰਨੀ (ਜੁਗਿੰਦਰ) ਸਿੰਮਜ਼ ਤੇ ਜਸਵੀਰ ਸੰਧੂ (ਐੱਨ ਡੀ ਪੀ), ਹਰਬ (ਹਰਬੰਸ) ਧਾਲੀਵਾਲ, ਉੱਜਲ ਦੋਸਾਂਝ ਤੇ ਸੁੱਖ ਧਾਲੀਵਾਲ (ਲਿਬਰਲ), ਨੀਨਾ ਗਰੇਵਾਲ ਤੇ ਗੁਰਮੰਤ ਗਰੇਵਾਲ (ਕੰਜ਼ਰਵੇਟਿਵ) ਹਨ।

ਤੋਂ ਉੱਪਰ ਹੁੰਦੀ ਹੈ। ਇਸ ਨਾਲ਼ ਬੀ ਸੀ ਵਿਧਾਨ ਸਭਾ (ਲੈਜਿਸਲੇਚਰ) ਵਿੱਚ ਪੰਜਾਬੀ ਦੂਜੀ ਵੱਡੀ ਭਾਸ਼ਾ ਹੁੰਦੀ ਹੈ ਭਾਵੇਂ ਇਸ ਤੱਥ ਦਾ ਕਦੇ ਵੀ ਕਿਸੇ ਵੀ ਸੰਦਰਭ ਵਿੱਚ ਜ਼ਿਕਰ ਤੱਕ ਨਹੀਂ ਆਉਂਦਾ। ਬੀ ਸੀ ਦੀਆਂ ਪਿਛਲੀਆਂ ਸਰਕਾਰਾਂ ਦੌਰਾਨ ਮਹੱਤਵਪੂਰਨ ਮੰਤਰਾਲਿਆਂ ਤੋਂ ਲੈ ਕੇ ਮੁੱਖ ਮੰਤਰੀ (ਪ੍ਰੀਮੀਅਰ) ਦੀ ਪਦਵੀ ਤੱਕ ਪੰਜਾਬੀ ਪਹੁੰਚ ਚੁੱਕੇ ਹਨ।[40] ਅਲਬਰਟਾ, ਮੈਨੀਟੋਬਾ ਅਤੇ ਓਨਟੈਰੀਓ ਦੀਆਂ ਸੂਬਾਈ ਸਰਕਾਰਾਂ ਵਿੱਚ ਵੀ ਚੁਣੇ ਹੋਏ ਪੰਜਾਬੀ ਮੈਂਬਰ ਹਨ ਅਤੇ ਸਮੇਂ ਸਮੇਂ ਮੰਤਰੀ ਵੀ ਬਣਦੇ ਹਨ। ਪੰਜਾਬੀ ਵਸੋਂ ਵਾਲ਼ੇ ਕਈ ਵੱਡੇ ਛੋਟੇ ਸ਼ਹਿਰਾਂ ਦੀਆਂ ਪਰੀਸ਼ਦਾਂ (ਮਿਊਂਸਪਲ ਕੌਂਸਲਾਂ) ਵਿੱਚ ਪੰਜਾਬੀ ਪ੍ਰਤਿਨਿੱਧ ਚੁਣੇ ਜਾਂਦੇ ਹਨ। ਧਾਰਿਮਕ ਪੱਖੋਂ ਗੁਰਦੁਆਰਿਆਂ, ਮੰਦਰਾਂ ਅਤੇ ਮਸੀਤਾਂ ਦੀ ਗਿਣਤੀ ਵਿੱਚ ਹਰ ਦਿਨ ਨਵਾਂ ਵਾਧਾ ਹੁੰਦਾ ਹੈ। ਬੇਸ਼ੁਮਾਰ ਲੋਕ ਸਰਕਾਰੀ ਤੇ ਗੈਰ ਸਰਕਾਰੀ ਅਦਾਰਿਆਂ ਵਿੱਚ ਚੰਗੇ ਅਹੁਦਿਆਂ 'ਤੇ ਲੱਗੇ ਹੋਏ ਹਨ। ਅਗਲੀਆਂ ਪੀੜ੍ਹੀਆਂ ਖੇਡਾਂ ਅਤੇ ਸਾਹਿਤ ਵਰਗੇ (ਅੰਗ੍ਰੇਜ਼ੀ ਸਾਹਿਤ) ਦੂਜੇ ਖੇਤਰਾਂ ਵਿੱਚ ਵੀ ਆਪਣੀ ਹੋਂਦ ਦਰਜ ਕਰਵਾਉਣ ਲੱਗ ਪਈਆਂ ਹਨ। ਉਦਾਹਰਨ ਵਜੋਂ, ਵੈਨਕੂਵਰ ਰਹਿਣ ਵਾਲੇ ਨੌਜਵਾਨ ਕਵੀ ਪਿੰਦਰ ਦੂਲੇ ਨੇ ਆਪਣੀ ਕਵਿਤਾ ਨਾਲ਼ ਕਾਫੀ ਧਿਆਨ ਖਿੱਚਿਆ ਹੈ। ਇਸੇ ਇਲਾਕੇ ਦੇ ਨੌਜਵਾਨ ਲੇਖਕਾਂ ਦੇ ਚਰਿਚਤ ਹੋਏ ਦੋ ਨਾਵਲਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ: ਰਾਂਜ ਧਾਲੀਵਾਲ ਵੱਲੋਂ ਪੰਜਾਬੀ ਨੌਜਵਾਨਾਂ ਵਿੱਚ ਵਧੇ ਨਸ਼ਿਆਂ ਤੇ ਹਿੰਸਾ ਬਾਰੇ ਦਿਲਚਸਪ ਨਾਵਲ 'ਡਾਕੂ' 2006 ਵਿੱਚ ਛਪਿਆ ਸੀ। ਏਸੇ ਤਰ੍ਹਾਂ ਗੁਰਜਿੰਦਰ ਬਸਰਾਂ ਦਾ ਏਥੇ ਜੰਮ ਪਲ਼ ਰਹੀਆਂ ਪੰਜਾਬੀ ਕੁੜੀਆਂ ਬਾਰੇ ਨਾਵਲ 'ਐਵਰੀਥਿੰਗ ਵਾਜ਼ ਏ ਗੁੱਡਬਾਏ' 2011 ਵਿੱਚ ਛਪਿਆ ਅਤੇ ਇਸ ਨਾਵਲ ਨੂੰ 2011 ਦਾ ਐਥਲ ਵਿਲਸਨ ਫਿਕਸ਼ਨ ਪ੍ਰਾਈਜ਼ ਵੀ ਮਿਲਿਆ। ਨਾਲ਼ ਹੀ ਕਨੇਡਾ ਜੰਮੇ-ਪਲ਼ੇ ਕੁਝ ਲੋਕ ਪੰਜਾਬੀ ਵਿੱਚ ਕਵਿਤਾ, ਕਹਾਣੀ ਲਿਖਣ ਵਲ ਵੀ ਰੁਚਿਤ ਹੋ ਰਹੇ ਹਨ ਜੋ ਪੰਜਾਬੀ ਦੇ ਭਵਿੱਖ ਬਾਰੇ ਬਹੁਤ ਹੀ ਸ਼ੁੱਭ-ਸਗਨ ਹੈ। ਇਸ ਦੀ ਇੱਕ ਵਧੀਆ ਮਿਸਾਲ ਰਣਬੀਰ ਜੌਹਲ ਹੈ ਜੋ ਕਵਾਂਟਲਿਨ ਯੂਨੀਵਰਸਿਟੀ ਵਿੱਚ ਪੰਜਾਬੀ ਪੜ੍ਹਾਉਂਦੀ ਹੈ। ਉਸ ਦੀਆਂ ਪੰਜਾਬੀ ਵਿੱਚ ਲਿਖੀਆਂ ਕੁਝ ਕਹਾਣੀਆਂ 'ਵਤਨ' ਅਤੇ ਹੋਰ ਪੰਜਾਬੀ ਰਸਾਲਿਆਂ ਵਿੱਚ ਛਪੀਆਂ ਹਨ।

---

[40] ਬੀ ਸੀ ਦੀ ਸਿਆਸਤ ਮੁੱਖ ਤੌਰ 'ਤੇ ਦੋ ਪਾਰਟੀ ਸਿਆਸਤ ਹੈ। ਨਿਊ ਡੈਮੋਕਰੈਟਿਕ ਪਾਰਟੀ (ਐਨ ਡੀ ਪੀ) ਖੱਬੀ ਧਿਰ ਦੀ ਪਾਰਟੀ ਵਜੋਂ ਜਾਣੀ ਜਾਂਦੀ ਹੈ। ਏਥੇ ਬਹੁਤਾ ਸਮਾਂ ਤਾਕਤ ਸੱਜੀ ਧਿਰ ਕੋਲ਼ ਰਹਿੰਦੀ ਹੈ ਜੋ ਪਹਿਲਾਂ ਸੋਸ਼ਿਲ ਕਰੈਡਿਟ ਦੇ ਨਾਂ ਥੱਲੇ ਹੁੰਦੀ ਸੀ ਤੇ ਅੱਜ ਕੱਲ੍ਹ ਲਿਬਰਲ ਦੇ ਨਾਂ ਥੱਲੇ ਹੈ। ਪੰਜਾਬੀ ਭਾਈਚਾਰੇ ਦਾ ਝੁਕਾਅ ਪਹਿਲਾਂ ਸਿਰਫ ਐਨ ਡੀ ਪੀ ਵਲ ਹੀ ਹੁੰਦਾ ਸੀ ਪਰ ਹੁਣ ਇਹ ਹਰ ਰੰਗ-ਢੰਗ ਦੀ ਸਿਆਸਤ ਵਿੱਚ ਸਰਗਰਮ ਹੁੰਦੇ ਹਨ। ਪੰਜਾਬੀ ਪਿਛੋਕੜ ਦੇ ਵਿਧਾਇਕਾਂ ਵਿੱਚ ਹੁਣ ਤੱਕ (2013 ਦੀ ਚੋਣ ਤੱਕ) ਆਪਣਾ ਨਾਂ ਸ਼ਾਮਲ ਕਰਨ ਵਾਲਿਆਂ ਵਿੱਚ ਐਨ ਡੀ ਪੀ ਵੱਲੋਂ ਮੋਅ ਸਹੋਤਾ (ਕਨੇਡਾ ਵਿਚ ਚੁਣਿਆਂ ਜਾਣ ਵਾਲਾ ਪਹਿਲਾ ਪੰਜਾਬੀ), ਉੱਜਲ ਦੋਸਾਂਝ (ਦੋਸਾਂਝ ਨੇ ਬਾਅਦ ਵਿੱਚ ਲਿਬਰਲ ਪਾਰਟੀ ਵਿੱਚ ਦਾਖਲਾ ਲੈ ਲਿਆ), ਹੈਰੀ ਲਾਲੀ, ਹੈਰੀ ਬੈਂਸ, ਰਾਜ ਚੌਹਾਨ ਅਤੇ ਜਗਰੂਪ ਬਰਾੜ ਹਨ। ਲਿਬਰਲਾਂ ਵੱਲੋਂ ਡੇਵ ਹੇਅਰ, ਸਿੰਡੀ ਹਾਕਿੰਨਜ਼, ਗੁਲਜ਼ਾਰ ਚੀਮਾ, ਵਾਲੀ ਉੱਪਲ, ਕੈਸ਼ ਹੀਡ ਤੇ ਅਮਰੀਕ ਵਿਰਕ ਹਨ। ਉੱਜਲ ਦੋਸਾਂਝ ਕੁਝ ਸਮੇਂ ਲਈ ਬੀ ਸੀ ਦੇ ਮੁੱਖ ਮੰਤਰੀ ਵੀ ਰਹੇ।

ਕਨੇਡਾ ਵਿੱਚ ਜੰਮੇ-ਪਲ਼ੇ ਬਹੁਤ ਸਾਰੇ ਨੌਜਵਾਨਾਂ ਨੇ ਪੰਜਾਬੀ ਗਾਇਕੀ ਅਤੇ ਪੰਜਾਬੀ ਫਿਲਮਾਂ ਵਿੱਚ ਆਪਣੀ ਹੋਂਦ ਕਾਇਮ ਕੀਤੀ ਹੈ। ਕਨੇਡਾ ਭਰ ਵਿੱਚ ਪੰਜਾਬੀ ਭਾਈਚਾਰੇ ਅੰਦਰ ਅੱਗੇ ਵਧਣ ਦਾ ਵਿਸ਼ੇਸ਼ ਕਿਸਮ ਦਾ ਸਵੈ-ਭਰੋਸਾ, ਸ਼ਕਤੀ, ਅਤੇ ਚਾਅ ਮਹਿਸੂਸ ਕੀਤਾ ਜਾ ਸਕਦਾ ਹੈ। ਟੈਲੀਵਿਯਨ, ਰੇਡੀਓ ਅਤੇ ਅਖਬਾਰਾਂ ਦੇ ਮਾਧਿਅਮ ਰਾਹੀਂ ਨੱਚਦੇ ਗਾਉਂਦੇ ਪੰਜਾਬੀ ਸੱਭਿਆਚਾਰ ਦੀ ਲਗਾਤਾਰ ਹੁੰਦੀ ਪ੍ਰਦਰਸ਼ਨੀ ਹਰ ਪੰਜਾਬੀ ਨੂੰ ਇੱਕ ਵਿਸ਼ੇਸ਼ ਮਾਣ ਨਾਲ਼ ਭਰ ਦਿੰਦੀ ਹੈ।[41]।

ਕਨੇਡਾ ਵਿਸ਼ਾਲ ਮੁਲਕ ਹੈ। ਇਸ ਦੇ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਜਾਂਦਿਆਂ ਜਾਂਦਿਆਂ, ਵਕਤ ਵਿੱਚ ਸਾਢੇ ਤਿੰਨ ਘੰਟਿਆਂ ਦਾ ਅੰਤਰ ਆ ਜਾਂਦਾ ਹੈ। ਪੰਜਾਬੀ ਲੋਕ ਹੁਣ ਇਸ ਮੁਲਕ ਦੇ ਹਰ ਹਿੱਸੇ ਵਿੱਚ ਵਸਦੇ ਹਨ।[42] ਜਿੱਥੇ ਵੈਨਕੂਵਰ ਅਤੇ ਬੀ ਸੀ ਵਿੱਚ ਇਨ੍ਹਾਂ ਦਾ ਸਦੀ ਤੋਂ ਉੱਪਰ ਦਾ ਇਤਿਹਾਸ ਹੈ ਉੱਥੇ ਹੋਰ ਕਈ ਥਾਂਵਾਂ 'ਤੇ ਇਨ੍ਹਾਂ ਦੀ ਹੋਂਦ ਕੁਝ ਦਹਾਕਿਆਂ ਦੇ ਸਮੇਂ ਤੋਂ ਵਧ ਨਹੀਂ ਹੈ। ਇਸੇ ਤਰ੍ਹਾਂ ਕੁਝ ਇਲਾਕਿਆਂ ਜਿਵੇਂ ਬੀ ਸੀ ਵਿੱਚ ਸਰ੍ਹੀ ਤੇ ਐਬਟਸਫੋਰਡ, ਓਨਟੈਰੀਓ ਵਿੱਚ ਬਰੈਮਪਟਨ ਤੇ ਮਾਲਟਨ, ਅਲਬਰਟਾ ਵਿੱਚ ਕੈਲਗਰੀ ਤੇ ਐਡਮੰਟਨ ਵਿੱਚ ਪੰਜਾਬੀਆਂ ਦੀ ਵਸੋਂ ਬਹੁਤ ਸੰਘਣੀ ਹੈ[43] ਜਦ ਕਿ ਹੋਰ ਬਹੁਤ ਸਾਰੇ ਇਲਾਕਿਆਂ ਵਿੱਚ ਸ਼ਾਇਦ ਇੱਕਾ ਦੁੱਕਾ ਪੰਜਾਬੀ ਹੀ ਵਸਦੇ ਹੋਣ। ਇਨ੍ਹਾਂ ਵਖਰੇਵਿਆਂ ਕਾਰਨ ਕਨੇਡਾ ਵਿੱਚ ਪੰਜਾਬੀ ਬੋਲੀ ਦਾ ਵਿਕਾਸ ਹਰ ਜਗ੍ਹਾ ਇੱਕੋ ਜਿਹਾ ਨਹੀਂ।

ਕਨੇਡਾ ਵਿੱਚ ਪੰਜਾਬੀ ਬੋਲੀ ਨੇ ਬਾਕੀ ਥਾਂਵਾਂ ਦੇ ਮੁਕਾਬਲੇ ਬ੍ਰਿਟਿਸ਼ ਕੋਲੰਬੀਆ ਵਿੱਚ ਵਿਕਾਸ ਦੇ ਵਧ ਕਦਮ ਪੁੱਟੇ ਹਨ। ਇਸ ਹੱਥਲੀ ਚਰਚਾ ਦਾ ਆਧਾਰ ਮੁੱਖ ਤੌਰ 'ਤੇ ਬੀ ਸੀ ਹੀ ਹੈ। ਏਥੇ ਗਿਣਤੀ ਪੱਖੋਂ ਅੰਗ੍ਰੇਜ਼ੀ ਅਤੇ ਚੀਨੀ ਤੋਂ ਬਾਅਦ ਪੰਜਾਬੀ ਤੀਜੇ ਨੰਬਰ 'ਤੇ ਆਉਂਦੀ ਹੈ। ਪੰਜਾਬੀ ਆਵਾਸੀਆਂ ਦੇ ਘਰਾਂ ਵਿੱਚ ਵਰਤੋਂ ਦੇ ਨਾਲ਼

---

[41] ਪਰ ਜ਼ਰਾ ਗਹੁ ਨਾਲ਼ ਦੇਖਿਆਂ, ਇਸ ਛਾਲਾਂ ਮਾਰ ਕੇ ਅੱਗੇ ਵਧ ਰਹੇ ਭਾਈਚਾਰੇ ਦੇ ਕਈ ਅਜਿਹੇ ਪੱਖ ਵੀ ਹਨ ਜੋ ਇਸ ਰੰਗੀਲੀ ਤਸਵੀਰ ਦੀ ਸੁੰਦਰਤਾ ਨੂੰ ਉਘਾੜਨ ਦੀ ਥਾਂ ਧੁੰਦਲਾ ਕਰਦੇ ਹਨ। ਏਥੇ ਜੰਮ-ਪਲ਼ ਰਹੀ ਪੀੜ੍ਹੀ ਅੰਦਰ ਬੌਧਿਕ ਵਿਕਾਸ ਦੀ ਖਤਰਨਾਕ ਹੱਦ ਤੱਕ ਧੀਮੀ ਗਤੀ ਅਤੇ ਨਸ਼ਿਆਂ, ਹਿੰਸਾ ਦੇ ਵਧਦੇ ਰੁਝਾਨ, ਆਪਣੇ ਹੀ ਲੋਕਾਂ ਵੱਲੋਂ ਮਜ਼ਦੂਰ ਵਰਗ ਦਾ ਸ਼ੋਸ਼ਣ, ਔਰਤਾਂ ਪ੍ਰਤੀ ਹਿੰਸਾ, ਸਮਾਜ ਦੇ ਬਾਕੀ ਸਾਰੇ ਪੱਖਾਂ ਨਾਲੋਂ ਧਰਮ ਵਲ ਬੇਲੋੜਾ ਵਧ ਧਿਆਨ, ਧਾਰਿਮਕ ਅਸਥਾਨਾਂ ਦੇ ਝਗੜੇ ਵਰਗੀਆਂ ਅਨੇਕਾਂ ਸਮੱਸਿਆਵਾਂ ਹਨ।

[42] ਸਾਲ 2011 ਦੀ ਮਰਦਮਸ਼ੁਮਾਰੀ ਅਨੁਸਾਰ ਪੰਜਾਬੀਆਂ ਦੀ ਗਿਣਤੀ: ਬੀ ਸੀ - 193,985; ਓਨਟੈਰੀਓ 187,145; ਅਲਬਰਟਾ - 53,315; ਕਿਊਬਿਕ - 11,905; ਮੈਨੀਟੋਬਾ - 10,625; ਸੈਸਕੈਚਵਾਨ - 2210; ਨੋਵਾ ਸਕੋਸ਼ੀਆ - 415; ਨਿਊ ਫਾਊਂਡਲੈਂਡ - 120; ਯੂਕੌਨ ਟੈਰੇਟਰੀ - 95; ਨਿਊ ਬਰੰਸਵਿਕ - 90; ਪਰਿੰਸ ਐਡਵਰਡ ਆਈਲੈਂਡ - 40; ਨੌਰਥਵੈਸਟ ਟੈਰੇਟਰੀ - 30; ਨੁਨਾਵਟ - 5;

[43] ਕਨੇਡਾ ਦੇ ਇਨ੍ਹਾਂ ਵੱਡੇ ਸ਼ਹਿਰਾਂ ਵਿੱਚ ਸਰਕਾਰੀ ਬੋਲੀਆਂ - ਅੰਗ੍ਰੇਜ਼ੀ ਤੇ ਫਰਾਂਸੀਸੀ - ਤੋਂ ਬਿਨਾਂ ਦੂਜੀਆਂ 'ਆਵਾਸੀ' (ਇਮੀਗ੍ਰੈਂਟ) ਬੋਲੀਆਂ ਬੋਲਣ ਵਾਲੇ ਲੋਕਾਂ ਵਿੱਚੋਂ ਪੰਜਾਬੀਆਂ ਦੀ ਗਿਣਤੀ ਇਸ ਤਰ੍ਹਾਂ ਹੈ: ਵੈਨਕੂਵਰ - 17.7% ; ਕੈਲਗਰੀ - 12.1% ; ਐਡਮੰਟਨ - 10.9% ਤੇ ਟਰਾਂਟੋ - 8.0% ਹੈ। ਵੈਨਕੂਵਰ ਤੇ ਕੈਲਗਰੀ ਵਿੱਚ ਇਮੀਗ੍ਰੈਂਟ ਬੋਲੀਆਂ ਵਿੱਚੋਂ ਪੰਜਾਬੀ ਪਹਿਲੇ ਨੰਬਰ 'ਤੇ ਹੈ ਤੇ ਐਡਮੰਟਨ ਤੇ ਟਰਾਂਟੋ ਵਿੱਚ ਦੂਜੇ ਨੰਬਰ 'ਤੇ।

ਨਾਲ਼ ਅਨੇਕਾਂ ਕੰਮਾਂ ਕਾਰਾਂ ਅਤੇ ਵਪਾਰਿਕ ਅਦਾਰਿਆਂ ਅੰਦਰ ਪੰਜਾਬੀ ਦੀ ਵਰਤੋਂ ਹੁੰਦੀ ਹੈ। ਬਹੁਤ ਸਾਰੇ ਸਰਕਾਰੀ ਅਤੇ ਗੈਰ ਸਰਕਾਰੀ ਅਦਾਰੇ ਪੰਜਾਬੀਆਂ ਨਾਲ਼ ਤਾਲਮੇਲ ਵਾਸਤੇ ਪੰਜਾਬੀ ਭਾਸ਼ਾ ਦੀ ਵਰਤੋਂ ਕਰ ਰਹੇ ਹਨ ਜਿਸ ਨਾਲ਼ ਅਨੇਕਾਂ ਪੰਜਾਬੀਆਂ ਨੂੰ ਦੁਭਾਸ਼ੀਏ ਅਤੇ ਅਨੁਵਾਦਕਾਂ ਦਾ ਰੋਜ਼ਗਾਰ ਮਿਲਿਆ ਹੋਇਆ ਹੈ। ਬਹੁਤ ਸਾਰੇ ਸਰਕਾਰੀ ਅਤੇ ਗੈਰ-ਸਰਕਾਰੀ ਸਕੂਲਾਂ ਵਿੱਚ ਪੰਜਾਬੀ ਪੜ੍ਹਾਈ ਜਾਂਦੀ ਹੈ, ਜਿਸ ਨਾਲ਼ ਪੰਜਾਬੀ ਪੜ੍ਹਾਉਣ ਵਾਲ਼ੇ ਅਧਿਆਪਕ ਰੋਟੀ ਕਮਾ ਰਹੇ ਹਨ। ਪੰਜਾਬੀ ਭਾਈਚਾਰੇ ਵਿੱਚ ਵੱਡੀ ਗਿਣਤੀ ਵਿੱਚ ਅਖਬਾਰ ਨਿਕਲ ਰਹੇ ਹਨ ਅਤੇ ਹੁਣ ਕਈ ਦਿੱਖ ਪੱਖੋਂ ਅੰਗ੍ਰੇਜ਼ੀ ਰਸਾਲਿਆਂ ਵਰਗੇ ਪੰਜਾਬੀ ਦੇ ਚਮਲੀਕੇ *(ਗਲੌਸੀ)* ਰਸਾਲੇ ਦੇਖਣ ਨੂੰ ਮਿਲਦੇ ਹਨ।[44] ਪੰਜਾਬੀ ਬੋਲੀ ਦੇ ਕਨੇਡਾ ਵਿੱਚ ਅਜੋਕੇ ਵਿਕਾਸ ਨੂੰ ਦੇਖਣ ਵਾਸਤੇ ਅਸੀਂ ਭਾਈਚਾਰੇ ਦੇ ਇਨ੍ਹਾਂ ਪਹਿਲੂਆਂ ’ਤੇ ਧਿਆਨ ਕੇਂਦਰਿਤ ਕਰ ਸਕਦੇ ਹਾਂ:

ਸਾਹਿਤਕ ਤੇ ਸੱਭਿਆਚਾਰਕ ਸਰਗਰਮੀਆਂ,

ਪੰਜਾਬੀ ਵਪਾਰ, ਸੰਚਾਰ ਮਾਧਿਅਮ ਅਤੇ ਬੋਲੀ,

ਸਰਕਾਰੀ ਅਤੇ ਗੈਰ ਸਰਕਾਰੀ ਏਜੰਸੀਆਂ ਵੱਲੋਂ ਵਰਤੋਂ।

2.2.1

ਸਾਹਿਤਕ ਤੇ ਸੱਭਿਆਚਾਰਕ ਸਰਗਰਮੀਆਂ

ਅਜੋਕੇ ਸਮੇਂ ਕਨੇਡਾ ਵਿੱਚ ਪੰਜਾਬੀ ਦੀਆਂ ਜਥੇਬੰਦਕ ਤੌਰ ’ਤੇ ਸਾਹਿਤਕ ਤੇ ਸੱਭਿਆਚਾਰਕ ਸਰਗਰਮੀਆਂ ਦੀ ਸ਼ੁਰੂਆਤ 1970ਵਿਆਂ ਦੇ ਮੁੱਢਲੇ ਸਾਲਾਂ ਦੌਰਾਨ ਹੋਈ। ਜਿਸ ਤਰ੍ਹਾਂ ਪਹਿਲਾਂ ਵੀ ਜ਼ਿਕਰ ਕੀਤਾ ਗਿਆ ਹੈ, ਵੈਨਕੂਵਰ ਦੇ ਕੁਝ ਸਥਾਨਕ ਹਾਈ ਸਕੂਲਾਂ ਵਿੱਚ ਪੜ੍ਹਦੇ ਪੰਜਾਬੀ ਨੌਜਵਾਨਾਂ ਨੇ 1969 ਵਿੱਚ ਪੰਜਾਬੀ ਸੱਭਿਆਚਾਰਕ ਜਥੇਬੰਦੀ (ਪੰਜਾਬੀ ਕਲਚਰਲ ਅਸੋਸੀਏਸ਼ਨ - ਪੀ ਸੀ ਏ) ਸਥਾਪਿਤ ਕੀਤੀ। ਇਸ ਜਥੇਬੰਦੀ ਨੇ ਆਪਣੇ ਦਸੰਬਰ 1972 ਦੇ ਪਹਿਲੇ ਪ੍ਰੋਗਰਾਮ ਵਿੱਚ ਇੱਕ ਪੰਜਾਬੀ ਇਕਾਂਗੀ ਵੀ ਪੇਸ਼ ਕੀਤਾ ਜੋ ਉੱਤਰੀ ਅਮਰੀਕਾ ਵਿੱਚ ਆਪਣੀ ਕਿਸਮ ਦੀ ਪਹਿਲੀ ਕੋਸ਼ਿਸ਼ ਸੀ।

---

[44] ਏਥੇ ਸਿਰਫ ਬੀ ਸੀ ਬਾਰੇ ਹੀ ਚਰਚਾ ਕੀਤੀ ਗਈ ਹੈ। ਕਨੇਡਾ ਦੇ ਹੋਰ ਹਿੱਸਿਆਂ ਵਿੱਚ ਵਸਦੇ ਪੰਜਾਬੀ ਵੀ ਪੂਰੀ ਸ਼ਿੱਦਤ ਨਾਲ਼ ਪੰਜਾਬੀ ਲਈ ਕੋਸ਼ਿਸ਼ਾਂ ਕਰਦੇ ਹਨ। ਕੁਝ ਗੱਲਾਂ ਵਿੱਚ ਤਾਂ ਉਹ ਬੀ ਸੀ ਨਾਲੋਂ ਕਾਫੀ ਅੱਗੇ ਵੀ ਹਨ। ਖਾਸ ਕਰ ਟੋਰਾਂਟੋ ਵਿੱਚ ਤਾਂ ਵੈਨਕੂਵਰ ਨਾਲੋਂ ਗਿਣਤੀ ਵਿੱਚ ਜ਼ਿਆਦਾ ਰੇਡੀਓ ਅਤੇ ਟੈਲੀਵਿਯਨ ਪ੍ਰੋਗਰਾਮ ਪੰਜਾਬੀ ਵਿੱਚ ਚਲਦੇ ਹਨ। ਅਖਬਾਰਾਂ ਅਤੇ ਮੈਗਜ਼ੀਨਾਂ ਦੀ ਗਿਣਤੀ ਵਿੱਚ ਵੀ ਉਹ ਸ਼ਾਇਦ ਬੀ ਸੀ ਨਾਲੋਂ ਅੱਗੇ ਹੋਣ।

ਪੰਜਾਬੀ ਦੀਆਂ ਸਾਹਿਤਕ ਸਰਗਰਮੀਆਂ ਦੇ ਸੰਬੰਧ ਵਿੱਚ ਸਭ ਤੋਂ ਮਹੱਤਵਪੂਰਨ ਜਥੇਬੰਦੀ ਪੰਜਾਬੀ ਸਾਹਿਤ ਸਭਾ ਵੈਨਕੂਵਰ (ਹੁਣ ਦਾ ਨਾਂ ਪੰਜਾਬੀ ਲੇਖਕ ਮੰਚ) ਹੋਂਦ ਵਿੱਚ ਆਈ। ਇਸ ਸੰਸਥਾ ਨੂੰ ਸਥਾਪਿਤ ਕਰਨ ਵਾਲਿਆਂ ਵਿੱਚ ਗੁਰਚਰਨ ਰਾਮਪੁਰੀ ਅਤੇ ਕੁਝ ਹੋਰ ਲੇਖਕ ਏਧਰ ਆਉਣ ਤੋਂ ਪਹਿਲਾਂ ਪੰਜਾਬ ਵਿੱਚ ਵੀ ਸਾਹਿਤਕ ਤੌਰ ’ਤੇ ਸਰਗਰਮ ਸਨ। ਲੇਖਕ ਮੰਚ ਵੈਨਕੂਵਰ ਦੇ 1999 ਵਿੱਚ ਕੱਢੇ ਯਾਦਗਾਰੀ ਦਸਤਾਵੇਜ (ਸੋਵੀਨੀਅਰ) ਵਿੱਚ ਦਿੱਤੀ ਜਾਣਕਾਰੀ ਅਨੁਸਾਰ, ਇਨ੍ਹਾਂ ਲੇਖਕਾਂ ਅਤੇ ਕੁਝ ਨਵੇਂ ਲੋਕਾਂ ਦੇ ਆਪਸੀ ਤਾਲ ਮੇਲ ਅਤੇ ਸਮੇਂ ਦੀ ਲੋੜ ਨੂੰ ਮਹਿਸੂਸ ਕਰਦਿਆਂ ਇਸ ਸਾਹਿਤਕ ਜਥੇਬੰਦੀ ਦਾ ਮੁੱਢ ਬੰਨ੍ਹਿਆ ਗਿਆ।[45] ਵੈਨਕੂਵਰ ਵਿੱਚ ਇਸ ਸਮੇਂ ਪੰਜਾਬੀ ਦੀਆਂ ਇੱਕ ਦੋ ਮਾਸਕ ਅਖ਼ਬਾਰਾਂ ਅਤੇ ‘ਜੀਵਨ ਸਾਂਝਾਂ’ (ਬਾਅਦ ਵਿੱਚ ‘ਨਵੀਂ ਧਰਤੀ’ ਦੇ ਨਾਂ ਹੇਠ) ਨਾਂ ਦਾ ਇੱਕ ਮਾਸਕ ਰਸਾਲਾ ਗੁਰਿਦਆਲ ਕੰਵਲ ਵੱਲੋਂ 1972 ਵਿੱਚ ਸ਼ੁਰੂ ਹੋ ਚੁੱਕਾ ਸੀ। ਇਸ ਪਾਸੇ ਮਹੱਤਵਪੂਰਨ ਕਦਮ ਜੁਲਾਈ 1973 ਵਿੱਚ ਵੈਨਕੂਵਰ ਤੋਂ ਸ਼ੁਰੂ ਹੋਣ ਵਾਲ਼ਾ ‘ਵਤਨੋਂ ਦੂਰ’[46] ਨਾਂ ਦਾ ਰਸਾਲਾ ਸੀ, ਜਿਸ

---

[45] ਇਨ੍ਹਾਂ ਮੁੱਢਲੀਆਂ ਇਕੱਤਰਤਾਵਾਂ ਵਿੱਚ ਹਿੱਸਾ ਲੈਣ ਵਾਲਿਆਂ ਵਿੱਚ ਸ਼ਾਮਲ ਸਨ: ਗੁਰਚਰਨ ਰਾਮਪੁਰੀ, ਬਲਦੇਵ ਦੂਹੜੇ, ਗੁਰਮੇਲ ਰਾਹੀ, ਸਾਧੂ ਬਿਨਿੰਗ, ਗੁਰਿਦਆਲ ਕੰਵਲ, ਕਰਮ ਸਿੰਘ, ਸੁਰਿੰਦਰ ਧੰਜਲ, ਮੁਹਿੰਦਰ ਸੂਮਲ, ਇੰਦਰੇਸ਼, ਜਸਵਿੰਦਰ ਭੰਗੂ, ਰਣਜੀਤ ਕਿੰਗਰਾ, ਪਾਲ ਬਿਨਿੰਗ, ਅਮਰਜੀਤ ਚਾਹਲ, ਅਮਰਜੀਤ ਸੂਫੀ, ਗੁਰਚਰਨ ਟੱਲੇਵਾਲੀਆ ਅਤੇ ਸਾਹਿਤਕ ਮੱਸ ਰੱਖਣ ਵਾਲੇ ਹੋਰ ਸਾਥੀ। – *ਪੰਜਾਬੀ ਲੇਖਕ ਮੰਚ: ਸਿਰਜਣਾ ਦੇ 25 ਵਰ੍ਹੇ,* ਸੰਪਾਦਕ: ਸਾਧੂ ਬਿਨਿੰਗ ਤੇ ਸੁਖਵੰਤ ਹੁੰਦਲ, ਵੈਨਕੂਵਰ, 1999। ਸਫਾ 6

[46] 'ਵਤਨੋਂ ਦੂਰ' ਸੁਰਿੰਦਰ ਧੰਜਲ ਦੀ ਸੰਪਾਦਨਾ ਹੇਠ ਤਾਰਾ ਸਿੰਘ ਹੇਅਰ ਦੀ ਮਦਦ ਨਾਲ਼ ਜੁਲਾਈ 1973 ਨੂੰ ਸ਼ੁਰੂ ਹੋਇਆ। ਇਸ ਨੂੰ ਸ਼ੁਰੂ ਕਰਨ ਦਾ ਫੌਰੀ ਕਾਰਨ ਸੁਰਿੰਦਰ ਧੰਜਲ ਨੂੰ ਕਨੇਡਾ ਵਿਚ ਆਵਾਸ ਦੁਆਉਣਾ ਸੀ। ਉਸ ਸਮੇਂ ਦੇ ਸਹਿਯੋਗੀਆਂ ਵਿੱਚ ਚਰਨਜੀਤ ਸਿੱਧੂ, ਦਲਜੀਤ ਤੂਰ, ਨਿਰਮਲ ਤੇ ਭੁਪਿੰਦਰ ਧਾਲੀਵਾਲ, ਅਜਮੇਰ ਰੋਡੇ, ਕਰਨੈਲ ਮਾਨ ਅਤੇ ਹੋਰ ਦੋਸਤ ਸਨ। 1974 - 75 ਦੌਰਾਨ ਧੰਜਲ ਨੂੰ ਸਮੇਂ ਸਮੇਂ ਕੰਮ ਦੀ ਭਾਲ ਵਿਚ ਬੀ ਸੀ ਦੇ ਹੋਰ ਇਲਾਕਿਆ ਵਿਚ ਜਾਣਾ ਪਿਆ ਅਤੇ ਉਸ ਦੀ ਗੈਰ-ਹਾਜ਼ਰੀ ਵਿਚ ਇਹ ਸਹਿਯੋਗੀ ਪਰਚਾ ਕੱਢਦੇ ਸਨ। 1976 ਤੋਂ ਸੁਰਿੰਦਰ ਦੇ ਪੱਕੇ ਤੌਰ ’ਤੇ ਓਨਟੈਰੀਓ ਵਿੱਚ ਪੜ੍ਹਨ ਚਲੇ ਜਾਣ ਕਾਰਨ ਇਸ ਦੀ ਸੰਪਾਦਨਾ ਸਾਧੂ ਬਿਨਿੰਗ ਨੇ ਸਾਂਭੀ। 1977-78 ਵਿਚ ਤਾਰਾ ਸਿੰਘ ਹੇਅਰ ਪਰਚੇ ਨੂੰ ਹਫਤਾਵਾਰ ਅਖਬਾਰ ਦਾ ਰੂਪ ਦੇਣ ਲਈ ਕਾਹਲਾ ਸੀ ਤੇ ਆਪਣੀ ਰੋਜ਼ੀ ਰੋਟੀ ਦਾ ਵਸੀਲਾ ਬਣਾਉਣਾ ਚਾਹੁੰਦਾ ਸੀ। ਪਰਚੇ ਨਾਲ ਸੰਬੰਧਿਤ ਕਰਮਸ਼ੀਲ ਲੋਕਾਂ ਨੇ ਕੁਝ ਪੈਸੇ ਦੇ ਕੇ ਹੇਅਰ ਕੋਲੋਂ ਪਰਚਾ ਖ੍ਰੀਦ ਲਿਆ। ਉਸ ਸਮੇਂ ਸਾਧੂ ਬਿਨਿੰਗ ਦੇ ਨਾਲ ਪਾਲ ਬਿਨਿੰਗ, ਰਘਬੀਰ ਮੰਡ, ਸਰਵਣ ਬੋਲ, ਕਰਮਜੀਤ ਘੁਮਾਣ, ਮੱਖਣ ਟੁੱਟ, ਅਮਰਜੀਤ ਚਾਹਲ ਤੇ ਹੋਰ ਦੋਸਤ ਪਰਚਾ ਚਲਾਉਣ ਵਿੱਚ ਮਦਦਗਾਰ ਸਨ। 1978 ਤੋਂ (ਪੱਕੇ ਤੌਰ ਤੇ 1980 ਤੋਂ) ਸੁਖਵੰਤ ਹੁੰਦਲ ਸਹਿ-ਸੰਪਾਦਕ ਵਜੋਂ ਨਾਲ਼ ਆ ਰਲਿਆ। ਉਸ ਸਮੇਂ ਕਨੇਡਾ ਵਿੱਚ ਪੰਜਾਬੀ ਪਰੈੱਸ ਦੀ ਅਣਹੋਂਦ ਕਾਰਨ ਬਹੁਤੀ ਸਮੱਗਰੀ ਹੱਥ ਲਿਖਤ ਹੁੰਦੀ ਸੀ। ਸ਼ੁਰੂ ਵਿੱਚ ਇਹ ਕੰਮ ਸੁਰਿੰਦਰ ਧੰਜਲ ਕਰਦਾ ਸੀ ਤੇ ਬਾਅਦ ਵਿੱਚ ਲੰਮਾ ਸਮਾਂ ਜਗਦੀਸ਼ ਬਿਨਿੰਗ ਲਿਖਦੀ ਰਹੀ ਤੇ ਕੁਝ ਸਮਾਂ ਇੰਦਰਜੀਤ ਰੋਡੇ ਅਤੇ ਸਤਵੰਤ ਦੀਪਕ ਨੇ ਵੀ ਇਸ ਕੰਮ ਵਿੱਚ ਸਹਿਯੋਗ ਦਿੱਤਾ। ਪਹਿਲਾਂ ਪਰਚਾ ਮਾਸਕ ਸੀ, ਫੇਰ ਦੋ-ਮਾਸਕ ਅਤੇ ਕਦੇ ਤ੍ਰੈ-ਮਾਸਕ ਵੀ ਰਿਹਾ। ਇਸ ਦੇ ਜੁਲਾਈ 1973 ਤੋਂ ਲੈ ਕੇ ਫਰਵਰੀ 1986 ਤੱਕ ਕੁਲ ਇਕ ਸੌ ਅੰਕ ਕੱਢੇ ਗਏ। ਧੰਜਲ ਦੇ 1974

ਨਾਲ਼ ਵੈਨਕੂਵਰ, ਬੀ ਸੀ ਵਿੱਚ ਹੀ ਨਹੀਂ ਸਗੋਂ ਕਨੇਡਾ ਭਰ ਦੇ ਪੰਜਾਬੀ ਲੇਖਕਾਂ ਦੇ ਛਪਣ ਵਾਸਤੇ ਇੱਕ ਸਾਹਿਤਕ ਮੈਗਜ਼ੀਨ ਦੀ ਲੋੜ ਪੂਰੀ ਹੋਈ।

ਵੈਨਕੂਵਰ ਵਿੱਚ ਹੋਈਆਂ ਇਨ੍ਹਾਂ ਸ਼ੁਰੂਆਤਾਂ ਤੋਂ ਛੇਤੀ ਬਾਅਦ ਕਨੇਡਾ ਦੇ ਦੂਜੇ ਸ਼ਹਿਰਾਂ ਜਿਵੇਂ ਟਰਾਂਟੋ, ਵਿਨੀਪੈਗ, ਐਡਮੰਟਨ ਅਤੇ ਕੈਲਗਰੀ ਆਦਿ ਵਿੱਚ ਵੀ ਪੰਜਾਬੀਆਂ ਦੀਆਂ ਸਿਆਸੀ, ਸੱਭਿਆਚਾਰਕ ਅਤੇ ਸਾਹਿਤਕ ਜਥੇਬੰਦੀਆਂ ਹੋਂਦ ਵਿੱਚ ਆਈਆਂ। ਇਨ੍ਹਾਂ ਸਰਗਰਮੀਆਂ ਨੇ ਬਹੁਤ ਤੇਜ਼ੀ ਨਾਲ਼ ਵਿਦੇਸ਼ਾਂ ਵਿੱਚ ਇੰਗਲੈਂਡ ਤੋਂ ਬਾਅਦ ਕਨੇਡਾ ਨੂੰ ਪੰਜਾਬੀ ਸਾਹਿਤ ਦੇ ਨਕਸ਼ੇ ਉੱਪਰ ਇੱਕ ਸ਼ਕਤੀਸ਼ਾਲੀ ਧਿਰ ਵਜੋਂ ਸਥਾਪਿਤ ਕਰ ਦਿੱਤਾ। ਸਾਹਿਤਕ ਗਤੀਵਿਧੀਆਂ ਦੇ ਨਾਲ਼ ਨਾਲ਼ ਗੀਤ ਸੰਗੀਤ ਤੇ ਰੰਗ-ਮੰਚ ਦੀ ਸਥਾਪਨਾ ਨੇ ਵੀ ਪੰਜਾਬੀ ਬੋਲੀ ਦੇ ਵਿਕਾਸ ਵਿੱਚ ਜ਼ਿਕਰਯੋਗ ਹਿੱਸਾ ਪਾਉਣਾ ਸ਼ੁਰੂ ਕੀਤਾ। ਨਿਰੋਲ ਸਾਹਿਤਕ ਅਤੇ ਰੰਗ-ਮੰਚ ਨਾਲ਼ ਸੰਬੰਧਿਤ ਜਥੇਬੰਦੀਆਂ ਤੋਂ ਬਿਨਾਂ ਬਹੁਤ ਸਾਰੀਆਂ ਖੱਬੀ ਸਿਆਸਤ ਨਾਲ਼ ਜੁੜੀਆਂ ਸੱਭਿਆਚਾਰਕ ਜਥੇਬੰਦੀਆਂ ਵੀ ਆਪਣੇ ਸਿਆਸੀ ਕੰਮਾਂ ਵਿੱਚ ਪੰਜਾਬੀ ਬੋਲੀ ਦੀ ਹਰ ਪੱਧਰ 'ਤੇ ਵਰਤੋਂ ਨਾਲ਼ ਇਸ ਦੇ ਵਿਕਾਸ ਵਿੱਚ ਹਿੱਸਾ ਪਾ ਰਹੀਆਂ ਸਨ। ਪਰ ਭਾਈਚਾਰੇ ਵਿਚਲੀ ਬਦਲਦੀ ਸਿਆਸਤ ਨਾਲ਼ ਸਿਆਸੀ ਅਤੇ ਸੱਭਿਆਚਾਰਕ ਜਥੇਬੰਦੀਆਂ ਵਿੱਚ ਵੱਡੀਆਂ ਤਬਦੀਲੀਆਂ ਵਾਪਰੀਆਂ। ਇਨ੍ਹਾਂ ਵਿੱਚੋਂ ਬਹੁਤੀਆਂ ਜਥੇਬੰਦੀਆਂ, ਜਿਨ੍ਹਾਂ ਦਾ ਨਿਸ਼ਾਨਾ ਮੁੱਖ ਤੌਰ 'ਤੇ ਖੱਬੇ ਪੱਖੀ ਸਿਆਸਤ ਨੂੰ ਅੱਗੇ ਤੋਰਨ ਲਈ ਸਾਹਿਤਕ ਤੇ ਸੱਭਿਆਚਾਰਕ ਸਰਗਰਮੀਆਂ ਸਨ, ਹੌਲੀ ਹੌਲੀ ਅਲੋਪ ਹੋ ਗਈਆਂ ਜਾਂ ਇਨ੍ਹਾਂ ਦੇ ਕੰਮ ਕਰਨ ਦੀ ਚਾਲ ਬਹੁਤ ਧੀਮੀ ਹੋ ਗਈ। ਇਨ੍ਹਾਂ ਉੱਪਰ ਸ਼ੁਰੂ ਅੱਸੀਵਿਆਂ ਦੌਰਾਨ ਚੱਲੀ ਖਾਲਿਸਤਾਨੀ ਲਹਿਰ ਨੇ ਵਿਸ਼ੇਸ਼ ਤੌਰ 'ਤੇ ਅਸਰ ਪਾਇਆ। ਪਰ ਪੰਜਾਬੀ ਦੀਆਂ ਸਾਹਿਤਕ ਜਥੇਬੰਦੀਆਂ ਪਹਿਲਾਂ ਦੇ ਮੁਕਾਬਲੇ ਹੋਰ ਵੀ ਵਧ ਸਰਗਰਮੀ ਨਾਲ਼ ਕੰਮ ਕਰ ਰਹੀਆਂ ਹਨ। ਇਨ੍ਹਾਂ ਜਥੇਬੰਦੀਆਂ ਦਾ ਪੰਜਾਬੀ ਜ਼ਬਾਨ ਲਈ ਯੋਗਦਾਨ ਬਹੁਪੱਖੀ ਹੈ। ਉਦਾਹਰਨ ਵਜੋਂ, ਇਨ੍ਹਾਂ ਵਲੋਂ ਸਮੇਂ ਸਮੇਂ ਪੰਜਾਬੀ ਬੋਲੀ ਤੇ ਸਾਹਿਤ ਨਾਲ਼ ਸੰਬੰਧਤ ਮਸਲੇ ਵਿਚਾਰਨ ਲਈ ਕਾਨਫਰੰਸਾਂ ਦੇ ਪ੍ਰਬੰਧ ਕੀਤੇ ਜਾਂਦੇ ਹਨ। ਵੈਨਕੂਵਰ ਦੀ 1973 ਵਿੱਚ ਸਥਾਪਿਤ ਹੋਈ ਸਾਹਿਤ ਸਭਾ ਨੇ ਅਗਸਤ 1987 ਵਿੱਚ 'ਪਹਿਲੀ ਕੈਨੇਡੀਅਨ ਪੰਜਾਬੀ ਸਾਹਿਤਕ ਕਾਨਫਰੰਸ ਕਰਵਾਈ'। ਇਸ ਕਾਨਫਰੰਸ ਸਮੇਂ ਪੜ੍ਹੇ ਗਏ ਪੇਪਰ ਅਤੇ ਉਨ੍ਹਾਂ ਉੱਪਰ ਹੋਏ ਸਮੁੱਚੇ ਵਿਚਾਰ ਵਟਾਂਦਰੇ ਨੂੰ ਇੱਕ ਕਿਤਾਬ ਦੇ ਰੂਪ ਵਿੱਚ 'ਕੈਨੇਡੀਅਨ ਪੰਜਾਬੀ ਸਾਹਿਤ ਅਤੇ ਸੱਭਿਆਚਾਰ' ਦੇ ਨਾਂਅ ਹੇਠ ਛਾਪਿਆ ਗਿਆ। ਪੰਜਾਬ ਦੇ ਆਲੋਚਕਾਂ ਦੇ ਘੱਟ ਧਿਆਨ ਵਿੱਚ ਆਈ ਇਹ

ਵਿਚ ਵੈਨਕੂਵਰ ਤੋਂ ਬਾਹਰ ਬੀ ਸੀ ਦੇ ਇੰਟਰੀਅਰ ਵਿਚ ਕੰਮ ਕਰਨ ਜਾਣ ਸਮੇਂ ਵਤਨੋਂ ਦੂਰ ਦੀ ਸੰਪਾਦਨਾ ਦਾ ਕੰਮ ਭੁਪਿੰਦਰ ਧਾਲੀਵਾਲ ਕਰਦਾ ਰਿਹਾ। 1976 ਤੋਂ ਬਾਅਦ ਇਹ ਸਾਧੂ ਬਿਨਿੰਗ ਅਤੇ ਸੁਖਵੰਤ ਹੁੰਦਲ (1978 ਤੋਂ) ਵਲੋਂ ਚਲਾਇਆ ਗਿਆ। 1989 ਵਿੱਚ ਇਸ ਦਾ ਨਾਂ ਵਤਨੋਂ ਦੂਰ ਤੋਂ ਬਦਲ ਕੇ 'ਵਤਨ' ਕੀਤਾ ਗਿਆ। ਪਰਚਾ ਹੁਣ ਵੀ 'ਵਤਨ' ਦੇ ਨਾਂ ਥੱਲੇ *ਈ-ਮੈਗਜ਼ੀਨ* ਦੇ ਰੂਪ ਵਿੱਚ ਚੱਲ ਰਿਹਾ ਹੈ। ਇਸ ਦੇ ਸਾਰੇ ਦੇ ਸਾਰੇ ਅੰਕ (ਜੁਲਾਈ 1973 ਤੋਂ ਲੈ ਕੇ ਮੌਜੂਦਾ ਸਮੇਂ ਤੱਕ) ਏਥੇ ਦੇਖੇ ਜਾ ਸਕਦੇ ਹਨ: http://watanarchives.wordpress.com/

ਪੁਸਤਕ, ਕਨੇਡੀਅਨ ਸਾਹਿਤਕਕਾਰਾਂ ਵੱਲੋਂ ਆਪਣੇ ਕੀਤੇ ਕੰਮ ਦਾ ਖ਼ੁਦ ਮੁਲਾਂਕਣ ਕਰਨ ਵਾਲੀ ਹੀ ਨਹੀਂ ਸਗੋਂ ਕਨੇਡਾ ਵਿਚ ਪੰਜਾਬੀ ਸਾਹਿਤ ਅਤੇ ਬੋਲੀ ਦੇ ਵਿਕਾਸ ਬਾਰੇ ਜਾਣਕਾਰੀ ਪੱਖੋਂ ਵੀ ਬੇਹੱਦ ਮਹੱਤਵਪੂਰਨ ਪੁਸਤਕ ਹੈ।[47] ਇਸੇ ਜਥੇਬੰਦੀ ਵਲੋਂ ਫੇਰ 1997, 2003 ਤੇ 2009 ਵਿੱਚ ਕਾਨਫਰੰਸਾਂ ਦਾ ਪ੍ਰਬੰਧ ਕੀਤਾ ਗਿਆ। ਸਾਲ 2003 ਵਿੱਚ ਕਰਵਾਈ ਗਈ ਕਾਨਫਰੰਸ ਮੁੱਖ ਤੌਰ ’ਤੇ ਪੰਜਾਬੀ ਬੋਲੀ ’ਤੇ ਕੇਂਦਰਤ ਸੀ। ਇਸ ਕਾਨਫਰੰਸ ਵਿੱਚ ਪੜ੍ਹੇ ਗਏ ਪੇਪਰ ਵੀ ਮਰਹੂਮ ਡਾਕਟਰ ਦਰਸ਼ਨ ਗਿੱਲ ਦੀ ਸੰਪਾਦਨਾ ਅਧੀਨ ਪੁਸਤਕ ਰੂਪ ਵਿੱਚ ਪ੍ਰਕਾਸ਼ਤ ਕੀਤੇ ਗਏ।[48]

ਇਸੇ ਤਰ੍ਹਾਂ ਦੂਜੇ ਸ਼ਹਿਰਾਂ ਦੀਆਂ ਸਾਹਿਤਕ ਜਥੇਬੰਦੀਆਂ ਵੱਲੋਂ ਵੀ ਸਮੇਂ ਸਮੇਂ ਪੰਜਾਬੀ ਸਾਹਿਤ ਤੇ ਬੋਲੀ ਨਾਲ਼ ਸੰਬੰਧਤ ਕਾਨਫਰੰਸਾਂ ਅਤੇ ਸੈਮੀਨਾਰ ਕਰਵਾਏ ਜਾਂਦੇ ਰਹੇ ਹਨ। ਇਨ੍ਹਾਂ ਵਿੱਚੋਂ ਕੁਝ ਮਹੱਤਵਪੂਰਨ ਹਨ: ਵਿਨੀਪੈਗ (1993), ਟਰਾਂਟੋ (1998) ਐਡਮੰਟਨ (2002), ਪਰਿੰਸ ਜਾਰਜ (2003), ਕੈਲਗਰੀ (2006 ਤੇ 2011) ਓਟਾਵਾ (2009)।[49]

ਪਿਛਲੇ ਦੋ ਤਿੰਨ ਦਹਾਕਿਆਂ ਦੌਰਾਨ ਵੱਡੀ ਗਿਣਤੀ ਵਿੱਚ ਪੰਜਾਬੀ ਲੇਖਕਾਂ ਨੇ ਕਨੇਡਾ ਨੂੰ ਆਪਣਾ ਘਰ ਬਣਾਇਆ ਹੈ। ਹੁਣ ਖਾਸ ਕਰ ਵੈਨਕੂਵਰ, ਟੋਰਾਂਟੋ ਅਤੇ ਕੈਲਗਰੀ ਸ਼ਹਿਰਾਂ ਵਿੱਚ ਕਈ ਕਈ ਸਾਹਿਤਕ ਜਥੇਬੰਦੀਆਂ ਹਨ। ਪੰਜਾਬੀ ਲੇਖਕ ਧੜਾਧੜ ਲਿਖ ਰਹੇ ਹਨ ਅਤੇ ਕੋਲੋਂ ਪੈਸੇ ਖਰਚ ਕੇ ਕਿਤਾਬਾਂ ਛਪਵਾ ਰਹੇ ਹਨ (ਇਸ ਸਾਹਿਤ ਦੀ ਪੱਧਰ ਦਾ ਮਸਲਾ ਵੱਖਰੇ ਧਿਆਨ ਦੀ ਮੰਗ ਕਰਦਾ ਹੈ)। ਹਰ ਹਫਤੇ ਪੰਜਾਬੀ ਦੀਆਂ ਨਵੀਆਂ ਪੁਸਤਕਾਂ ਲੋਕ ਅਰਪਨ ਹੁੰਦੀਆਂ ਹਨ; ਅਨੇਕਾਂ ਸਾਹਿਤਕ ਇਕੱਤਰਤਾਵਾਂ ਹੁੰਦੀਆਂ ਹਨ। ਭਾਵੇਂ ਕੋਈ ਕਨੇਡੀਅਨ ਪੰਜਾਬੀ ਸਾਹਿਤਕਾਰ ਤਾਂ

---

[47] ਇਸ ਕਿਤਾਬ ਨੂੰ ‘ਕੈਨੇਡੀਅਨ ਪੰਜਾਬੀ ਸਾਹਿਤ ਅਤੇ ਸੱਭਿਆਚਾਰ’ ਥਰਡ ਆਈ (ਲੰਡਨ, ਕੈਨੇਡਾ) ਵੱਲੋਂ ਪ੍ਰਕਾਸ਼ਤ ਕੀਤਾ ਗਿਆ। ਪੰਜਾਬੀ ਲੇਖਕ ਮੰਚ ਦੀ ਇਸ ਕਾਨਫਰੰਸ ਬਾਰੇ ਹੋਰ ਜਾਣਕਾਰੀ ਅਤੇ ਉਸ ਦੀਆਂ ਵੀਡੀਓ ਲੇਖਕ ਮੰਚ ਦੇ ਬਲੌਗ ’ਤੇ ਉਪਲਬਧ ਹੈ।: http://wp.me/P2i63h-1L

[48] ਪੰਜਾਬੀ ਭਾਸ਼ਾ: ਕੌਮਾਂਤਰੀ ਪਰਿਪੇਖ, ਸੰਪਾਦਕ ਡਾ: ਦਰਸ਼ਨ ਗਿੱਲ, ਚੇਤਨਾ ਪ੍ਰਕਾਸ਼ਨ, 2005. – ਇਸ ਕਾਨਫਰੰਸ ਸਮੇਂ ਖਾਸ ਕਰ ਅਤੇ ਦੂਜੀਆਂ ਕਾਨਫਰੰਸਾਂ ਸਮੇਂ ਵੀ, ਡਾਕਟਰ ਦਰਸ਼ਨ ਗਿੱਲ ਵੱਲੋਂ ਵਿਸ਼ੇਸ਼ ਭੂਮਿਕਾ ਨਿਭਾਈ ਗਈ। ਡਾਕਟਰ ਗਿੱਲ, ਅਗਾਂਹਵਧੂ ਵਿਚਾਰਧਾਰਾ ਵਾਲੇ ਅਤੇ ਆਪਣੀ ਵੱਖਰੀ ਪਹਿਚਾਣ ਰੱਖਣ ਵਾਲੇ ਕਨੇਡਾ ਦੇ ਪੰਜਾਬੀ ਕਵੀ ਸਨ। ਉਨ੍ਹਾਂ ਨੇ ਕਨੇਡਾ ਵਿੱਚ ਪੰਜਾਬੀ ਬੋਲੀ ਦੇ ਵਿਕਾਸ ਵਿੱਚ ਵੱਖਰੇ ਵੱਖਰੇ ਮਾਧਿਅਮ ਰਾਹੀਂ ਵੱਡਮੁੱਲਾ ਯੋਗਦਾਨ ਪਾਇਆ। ਉਨ੍ਹਾਂ ਵੱਲੋਂ ਪਹਿਲਾਂ *ਕੈਨੇਡਾ ਦਰਪਣ* ਨਾਂ ਦਾ ਅਖਬਾਰ (ਖਾਲਿਸਤਾਨੀ ਲਹਿਰ ਦੀ ਚੜ੍ਹਤ ਦੇ ਔਖੇ ਵੇਲਿਆਂ ’ਚ) ਤੇ ਫੇਰ ਇਸੇ ਨਾਂ ਦਾ ਮੈਗਜ਼ੀਨ ਵੀ ਕੱਢਿਆ ਗਿਆ। ਸਾਲ 2011 ਵਿੱਚ ਕੈਂਸਰ ਨਾਲ਼ ਹੋਈ ਆਪਣੀ ਮੌਤ ਤੱਕ ਉਹ ਰੇਡੀਓ ਇੰਡੀਆ ਤੋਂ ਇੱਕ ਹਫਤਾਵਾਰੀ ਸਾਹਿਤਕ ਪ੍ਰੋਗਰਾਮ ਵੀ ਕਰਦੇ ਰਹੇ।

[49] ਕਨੇਡਾ ਵਿੱਚ ਪੰਜਾਬੀ ਬੋਲੀ ਤੇ ਸਾਹਿਤ ਸੰਬੰਧੀ ਹੋਈਆਂ ਇਕੱਤਰਤਾਵਾਂ ਦੀ ਇਹ ਸੂਚੀ ਪੂਰੀ ਨਹੀਂ ਹੈ। ਹੋਰ ਵੀ ਬਹੁਤ ਸਾਰੀਆਂ ‘ਅੰਤਰਰਾਸ਼ਟਰੀ’ ਪੱਧਰ ਦੀਆਂ ਵੀ ਤੇ ਸਥਾਨਕ ਵੀ ਕੋਸ਼ਿਸ਼ਾਂ ਹੋਈਆਂ ਹਨ। ਇਨ੍ਹਾਂ ਸਭ ਬਾਰੇ ਵੱਖਰਾ ਤੇ ਵਧੇਰੇ ਵਿਸਥਾਰ ਵਿੱਚ ਲਿਖਿਆ ਜਾਣਾ ਚਾਹੀਦਾ ਹੈ।

ਆਪਣੀ ਲਿਖਤ ਤੋਂ ਰੋਟੀ ਨਹੀਂ ਕਮਾਉਂਦਾ ਪਰ ਪੰਜਾਬ ਵਿੱਚ ਪੰਜਾਬੀ ਦੇ ਕੁਝ ਪ੍ਰਕਾਸ਼ਕ ਜ਼ਰੂਰ ਚੰਗੀ ਰੋਜ਼ੀ ਰੋਟੀ ਕਮਾਉਣ ਲੱਗ ਪਏ ਹਨ।

ਕਨੇਡਾ ਵਿੱਚ ਪੰਜਾਬੀ ਭਾਈਚਾਰੇ ਦੀ ਮੌਜੂਦਾ (2014) ਸਥਿਤੀ ਪਹਿਲਾਂ ਨਾਲੋਂ ਅਨੇਕਾਂ ਪੱਖਾਂ ਤੋਂ ਬਹੁਤ ਜ਼ਿਆਦਾ ਵੱਖਰੀ ਹੈ। ਜਨ ਸੰਖਿਆ ਵਿੱਚ ਵਾਧੇ ਦੇ ਨਾਲ਼ ਨਾਲ਼ ਅਤੇ ਇਸ ਦੇ ਅਸਰ ਵਜੋਂ ਪੰਜਾਬੀ ਭਾਈਚਾਰੇ ਨੇ ਹਰ ਖੇਤਰ ਵਿੱਚ ਹੈਰਾਨਕੁੰਨ ਤਰੱਕੀ ਕੀਤੀ ਹੈ। ਇਸ ਵਿੱਚ ਸੱਭਿਆਚਾਰਕ ਪੱਖੋਂ ਵੀ ਕਨੇਡਾ ਦੇ ਦੂਜੇ ਆਵਾਸੀ ਭਾਈਚਾਰਿਆਂ ਨਾਲੋਂ ਵਧ ਗਤੀਵਿਧੀਆਂ ਹੁੰਦੀਆਂ ਹਨ ਜਿਨ੍ਹਾਂ ਦਾ ਪੰਜਾਬੀ ਬੋਲੀ ਦੀ ਵਰਤੋਂ ਤੇ ਵਿਕਾਸ ਵਿੱਚ ਵੀ ਹਾਂ-ਪੱਖੀ ਅਸਰ ਪੈਂਦਾ ਹੈ। ਇਸ ਵੇਲੇ ਪੰਜਾਬੀ ਭਾਈਚਾਰੇ ਵਿੱਚ ਧਰਮ, ਖੇਡਾਂ, ਵੱਖਰੀ ਵੱਖਰੀ ਕਿਸਮ ਦੇ ਸੱਭਿਆਚਾਰਕ ਮੇਲੇ, ਜਿਨ੍ਹਾਂ ਵਿੱਚ ਸਿਰਫ ਔਰਤਾਂ ਲਈ ਹੀ ਸਾਲ ਵਿੱਚ ਕਈ ਮੇਲੇ ਸ਼ਾਮਲ ਹਨ, ਸਾਹਿਤਕ, ਰੰਗਮੰਚ, ਲੋਕਾਂ ਦੇ ਵਿਆਹ, ਜਨਮ-ਦਿਨ ਪਾਰਟੀਆਂ ਆਦਿ ਦੀਆਂ ਏਨੀਆਂ ਸਰਗਰਮੀਆਂ ਹਨ ਕਿ ਇਨ੍ਹਾਂ ਬਾਰੇ ਸੋਚ ਕੇ ਸਿਰ ਘੁੰਮਣ ਲੱਗਦਾ ਹੈ। ਆਮ ਲੋਕਾਂ ਦੇ ਜੀਵਨ ਨਾਲ਼ ਸੰਬੰਧਿਤ ਇਨ੍ਹਾਂ ਸਰਗਰਮੀਆਂ ਕਾਰਨ, ਸਰ੍ਹੀ ਵਰਗੇ ਸ਼ਹਿਰਾਂ ਵਿੱਚ, ਜਿੱਥੇ ਪੰਜਾਬੀਆਂ ਦੀ ਬਹੁਤਾਤ ਹੈ ਉੱਥੇ ਵੱਡੀ ਗਿਣਤੀ ਵਿੱਚ ਦਾਅਵਤੀ ਭਵਨ (ਬੈਂਕਿਉਟ ਹਾਲ) ਉਸਾਰੇ ਗਏ ਹਨ ਅਤੇ ਅਣਗਿਣਤ ਕੱਪੜਿਆਂ, ਗਹਿਣਿਆਂ, ਮਿਠਿਆਈਆਂ ਅਤੇ ਜੀਵਨ ਦੇ ਜਸ਼ਨਾਂ ਨਾਲ ਸਬੰਧਤ ਅਨੇਕਾਂ ਕਿਸਮ ਦੇ ਨਵੇਂ ਵਪਾਰ ਸਥਾਪਤ ਹੋਏ ਹਨ। ਦੂਜੇ ਪਾਸਿਓਂ ਭਾਈਚਾਰੇ ਦੇ ਇਹ ਵਪਾਰ ਵੀ ਅਜਿਹੀਆਂ ਗਤੀਵਿਧੀਆਂ ਨੂੰ ਹੋਰ ਉਤਸ਼ਾਹਿਤ ਕਰਦੇ ਹਨ। ਏਥੇ ਇਹ ਗੱਲ ਸ਼ਾਮਲ ਕਰਨੀ ਵੀ ਕੁਥਾਈਂ ਨਹੀਂ ਕਿ ਇਹ ਸਭ ਕੁਝ ਪੂੰਜੀਵਾਦੀ ਆਰਿਥਕ ਢਾਂਚੇ ਦੇ ਪੈਦਾ ਕੀਤੇ ਖਪਤਵਾਦ ਦਾ ਹੀ ਹਿੱਸਾ ਹੈ। ਪਰ ਜਿੱਥੇ ਇੱਧਰਲੇ ਵੱਡੇ ਭਾਈਚਾਰੇ ਦਾ ਵਿਕਾਸ ਇਸ ਢਾਂਚੇ ਦੇ ਵਿਕਾਸ ਦੇ ਨਾਲ਼ ਨਾਲ ਹੌਲੀ ਹੌਲੀ ਹੋਇਆ ਹੈ, ਉੱਥੇ ਇਸ ਦੇ ਬਦਲ ਵਿਚ ਆਪਣੇ ਜੀਵਨ ਨਾਲ ਸਬੰਧਤ ਮਹੱਤਵਪੂਰਨ ਚੀਜ਼ਾਂ ਜਿਵੇਂ, ਵਿਦਿਆ, ਸਾਹਿਤ, ਕਲਾ ਆਦਿ ਦਾ ਵੀ ਖਿਆਲ ਰੱਖਿਆ ਹੈ। ਪਰ ਪੰਜਾਬੀ ਭਾਈਚਾਰੇ ਦੀਆਂ ਇਨ੍ਹਾਂ ਧਾਰਿਮਕ, ਸੱਭਿਆਚਾਰਕ ਤੇ ਪਰਿਵਾਰਕ ਕਿਸਮ ਦੀਆਂ ਸਰਗਰਮੀਆਂ ਵਿੱਚ ਲਗਦੇ ਸਮੇਂ ਅਤੇ ਸ਼ਕਤੀ ਕਾਰਨ ਕਿਸੇ ਕੋਲ਼ ਆਪਣੇ ਆਸੇ ਪਾਸੇ ਬਾਰੇ ਜਾਨਣ ਤੇ ਫਿਕਰ ਕਰਨ ਦਾ ਸਮਾਂ ਨਹੀਂ ਬਚਦਾ। ਨਤੀਜੇ ਵਜੋਂ ਪੰਜਾਬੀਆਂ ਦੀ ਬੌਧਿਕ ਗਰੀਬੀ ਘਟਣ ਦੀ ਬਜਾਏ ਵਧ ਰਹੀ ਹੈ। ਅਗਲ਼ੀਆਂ ਪੀੜ੍ਹੀਆਂ ਵਿੱਚੋਂ ਵੀ ਬਹੁਤ ਘੱਟ ਗਿਣਤੀ ਲੋਕ ਸਾਹਿਤ, ਕਲਾ ਜਾਂ ਸਮਾਜਿਕ ਵਿਗਿਆਨ ਦੇ ਵਿਸ਼ਿਆਂ ਵਲ ਜਾ ਰਹੇ ਹਨ। ਭਾਈਚਾਰੇ ਵਿੱਚ ਸਮੇਂ ਨਾਲ਼ ਆ ਰਹੀਆਂ ਤਬਦੀਲੀਆਂ ਅਤੇ ਅਜੋਕੇ ਵਿਲੱਖਣ, ਸਰਗਰਮੀਆਂ ਭਰੇ ਤੇ ਬੇਹੱਦ ਸ਼ਕਤੀ ਵਾਲੇ ਦੌਰ ਨੂੰ ਸਮਝਣ ਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਕਿਸੇ ਪੱਕੇ ਤਰੀਕੇ ਨਾਲ ਸਾਂਭਣ ਆਦਿ ਵਲ ਕਿਸੇ ਦਾ ਧਿਆਨ ਨਹੀਂ ਹੈ। ਇਹ ਦੌਰ ਸਦਾ ਇਸ ਤਰ੍ਹਾਂ ਚਲਦਾ ਨਹੀਂ ਰਹਿਣਾ ਤੇ ਹੋਰ ਪੰਜਾਹ ਜਾਂ ਸੌ ਸਾਲ ਨੂੰ ਇਸ ਬਾਰੇ ਜਾਨਣਾ ਮੁਸ਼ਕਲ ਹੋ ਜਾਵੇਗਾ।

2.2.2

ਪੰਜਾਬੀ ਵਪਾਰ, ਸੰਚਾਰ ਮਾਧਿਅਮ ਅਤੇ ਬੋਲੀ

ਪਿਛਲੇ ਚਾਰ ਦਹਾਕਿਆਂ ਦੌਰਾਨ ਕਨੇਡਾ ਵਿੱਚ ਪੰਜਾਬੀ ਸੰਚਾਰ ਮਾਧਿਅਮ ਨੇ ਅਸਚਰਜ-ਜਨਕ ਤਰੱਕੀ ਕੀਤੀ ਹੈ। ਇਸ ਵੇਲੇ ਕਨੇਡਾ ਦੇ ਹਰ ਛੋਟੇ ਵੱਡੇ ਸ਼ਹਿਰ ਵਿੱਚ ਜਿੱਥੇ ਵੀ ਪੰਜਾਬੀ ਵਸਦੇ ਹਨ ਉਨ੍ਹਾਂ ਦੀਆਂ ਆਪਣੀਆਂ ਹਫਤਾਵਾਰ ਜਾਂ ਮਾਸਕ ਅਖ਼ਬਾਰਾਂ ਤੇ ਰਸਾਲੇ ਹਨ; ਵਿਸ਼ੇਸ਼ ਕਰ ਕੇ ਵੈਨਕੂਵਰ, ਟਰਾਂਟੋ, ਕੈਲਗਰੀ, ਐਡਮੰਟਨ ਅਤੇ ਵਿਨੀਪੈੱਗ ਸ਼ਹਿਰਾਂ ਵਿੱਚ। ਵੈਨਕੂਵਰ ਅਤੇ ਟੋਰਾਂਟੋ ਵਿੱਚ ਅਖਬਾਰਾਂ ਦੀ ਗਿਣਤੀ ਦੋ ਦੋ ਦਰਜਨ ਤੋਂ ਉੱਤੇ ਹੈ। ਟੋਰਾਂਟੋ ਵਿੱਚ ਤਾਂ ਰੋਜ਼ਾਨਾ ਛਪਣ ਵਾਲੇ ਅਖਬਾਰ ਵੀ ਹਨ[50] ਪਰ ਵੈਨਕੂਵਰ ਵਿੱਚ ਇਹ ਕੋਸ਼ਿਸ਼ਾਂ ਅਜੇ ਉੱਨੀਆਂ ਕਾਮਯਾਬ ਨਹੀਂ ਹੋਈਆਂ।

ਜਿੱਥੇ ਪਿਛਲੀ ਸਦੀ ਦੇ ਸ਼ੁਰੂ ਵਿੱਚ ਜਦੋਂ *'ਸਵਦੇਸ਼ ਸੇਵਕ'*, *'ਸੰਸਾਰ'* ਤੇ *'ਗ਼ਦਰ'* ਅਖਬਾਰ ਸ਼ੁਰੂ ਹੋਏ ਸਨ ਤਾਂ ਉਨ੍ਹਾਂ ਦਾ ਮੁੱਖ ਉਦੇਸ਼ ਭਾਈਚਾਰੇ ਵਿੱਚ ਸਿਆਸੀ ਤੇ ਸਮਾਜੀ ਚੇਤਨਾ ਪੈਦਾ ਕਰਨਾ ਸੀ। ਸੱਤਰਵਿਆਂ ਦੌਰਾਨ ਨਿਕਲਣ ਵਾਲੇ ਬਹੁਤੇ ਅਖਬਾਰਾਂ ਅਤੇ ਰਸਾਲਿਆਂ ਪਿੱਛੇ ਵੀ ਸਾਹਿਤਕ, ਸਿਆਸੀ ਅਤੇ ਧਾਰਿਮਕ ਸਰੋਕਾਰ ਸਨ। ਪਰ ਅਜੋਕੇ ਸਮੇਂ ਦੌਰਾਨ ਵੱਡੀ ਗਿਣਤੀ ਅਖਬਾਰਾਂ ਦਾ ਮੁੱਖ ਮਕਸਦ ਆਪਣੀ ਰੋਟੀ ਕਮਾਉਣਾ ਹੈ। ਇਹ ਬਹੁਤੀ ਵਾਰੀ ਪੰਜਾਬ ਤੋਂ ਨਿਕਲਦੀਆਂ ਅਖ਼ਬਾਰਾਂ ਵਿੱਚੋਂ ਲਏ ਧਾਰਿਮਕ ਮਸਲਿਆਂ ਵਾਲ਼ੇ ਲੇਖ ਜਾਂ ਫਿਲਮੀ ਜਾਣਕਾਰੀ ਨਾਲ਼ ਹੀ ਭਰੀਆਂ ਹੁੰਦੀਆਂ ਹਨ। ਇੱਕ ਦੋ ਅਖਬਾਰਾਂ ਤੋਂ ਬਿਨਾਂ ਬਾਕੀ ਸਾਰੀਆਂ ਮੁਫਤ ਵੰਡੀਆਂ ਜਾਂਦੀਆਂ ਹਨ ਅਤੇ ਇਹ ਨਿਰੋਲ ਇਸ਼ਿਤਹਾਰਾਂ ਦੇ ਸਿਰੋਂ ਚੱਲਦੀਆਂ ਹਨ। ਸਮਾਜਿਕ ਜਾਂ ਪੱਤਰਕਾਰੀ ਪੱਖੋਂ ਇਨ੍ਹਾਂ ਦਾ ਯੋਗਦਾਨ ਬਹੁਤੀ ਵਾਰੀ ਨਾਂ-ਪੱਖੀ ਹੀ ਹੁੰਦਾ ਹੈ ਪਰ ਕਨੇਡਾ ਵਿੱਚ ਪੰਜਾਬੀ ਬੋਲੀ ਅਤੇ ਗੁਰਮੁਖੀ ਲਿਪੀ ਦੀ ਵਰਤੋਂ ਪੱਖੋਂ ਇਨ੍ਹਾਂ ਦਾ ਯੋਗਦਾਨ ਕੀਮਤੀ ਹੈ।

ਕਨੇਡਾ ਦੇ ਪੰਜਾਬੀ ਭਾਈਚਾਰੇ ਵਿਚਲੇ ਸੰਚਾਰ ਮਾਧਿਅਮ ਵਿੱਚ ਰੇਡੀਓ ਨੇ ਸਭ ਤੋਂ ਵਧ ਵਿਕਾਸ ਕੀਤਾ ਹੈ[51]। ਪੰਜਾਬੀਆਂ ਦੇ ਵੱਡੇ ਕੇਂਦਰਾਂ ਟੋਰਾਂਟੋ ਅਤੇ ਵੈਨਕੂਵਰ

---

[50] ਇਸ ਸੰਬੰਧ ਵਿੱਚ ਟੋਰਾਂਟੋ ਦੇ ਪੀਲ ਇਲਾਕੇ ਵਿੱਚੋਂ ਜਗਦੀਸ਼ ਗਰੇਵਾਲ ਵੱਲੋਂ ਸਾਲ 2002 ਵਿੱਚ ਸ਼ੁਰੂ ਕੀਤਾ 'ਕੈਨੇਡੀਅਨ ਪੰਜਾਬੀ ਪੋਸਟ' ਜ਼ਿਕਰਯੋਗ ਹੈ। ਉਨ੍ਹਾਂ ਅਨੁਸਾਰ (http://punjabipost.ca/canadian-punjabi-post/) ਇਹ ਭਾਰਤ ਤੋਂ ਬਾਹਰ ਪੰਜਾਬੀ ਵਿੱਚ ਪ੍ਰਕਾਸ਼ਤ ਹੋਣ ਵਾਲ਼ਾ ਪਹਿਲਾ ਰੋਜ਼ਾਨਾ ਅਖਬਾਰ ਹੈ।

[51] ਵੈਨਕੂਵਰ (ਬੀ ਸੀ) ਦੇ ਪੰਜਾਬੀ ਭਾਈਚਾਰੇ ਵਿੱਚ ਰੇਡੀਓ ਮਾਧਿਅਮ ਦਾ ਵਿਕਾਸ ਪਹਿਲਾਂ ਬੜੀ ਧੀਮੀ ਚਾਲੇ ਹੋਇਆ। ਰੇਡੀਓ ਨਾਲ਼ ਸੰਬੰਧਿਤ ਪਹਿਲੇ ਵਿਅਕਤੀਆਂ ਵਿੱਚ ਮਲਕੀਤ ਸਿੰਘ ਪਰਹਾਰ, ਸੁਸ਼ਮਾ ਸਰਧਾਨਾ, ਇੰਦਰੇਸ਼ ਮਹੰਤ, ਕਰਤਾਰ ਬੈਂਸ, ਸੋਖਾ ਗਿੱਲ ਤੇ ਪਾਲ ਮਾਨ ਆਦਿ ਦੇ ਨਾਂ ਲਏ ਜਾ ਸਕਦੇ ਹਨ। ਇਨ੍ਹਾਂ ਵਿੱਚੋਂ ਸੁਸ਼ਮਾ ਸਰਧਾਨਾ ਸ਼ਾਇਦ ਸਭ ਵੱਧ

ਵਿੱਚ ਵੱਡੀ ਗਿਣਤੀ ਵਿੱਚ ਸੱਤੇ ਦਿਨ ਚੌਵੀ ਘੰਟੇ ਚੱਲਣ ਵਾਲ਼ੇ ਰੇਡੀਓ ਸਟੇਸ਼ਨ ਹਨ। ਏਸੇ ਤਰ੍ਹਾਂ ਕੈਲਗਰੀ ਅਤੇ ਐਡਮੰਟਨ ਵਿੱਚ ਵੀ ਇਸ ਕਿਸਮ ਦੀਆਂ ਸਰਗਰਮੀਆਂ ਹਨ।

ਪੰਜਾਬੀਆਂ ਵਿੱਚ ਪੜ੍ਹਨ ਦੀ ਰੁਚੀ ਘੱਟ ਹੋਣ ਕਾਰਨ ਪੰਜਾਬੀ ਸੱਭਿਆਚਾਰ ਅਜੇ ਵੀ ਜ਼ਿਆਦਾ ਬੋਲਚਾਲ ਦੀ ਪੱਧਰ 'ਤੇ ਵਿਚਰ ਰਿਹਾ ਹੈ। ਇਸ ਕਾਰਨ ਰੇਡੀਓ ਮਾਧਿਅਮ ਨੇ ਪਿਛਲੇ ਕੁਝ ਸਾਲਾਂ ਦੌਰਾਨ ਪੰਜਾਬੀ ਬੋਲੀ ਨੂੰ ਹਰਮਨ ਪਿਆਰੀ ਬਣਾਉਣ ਵਿੱਚ ਬਹੁਤ ਵੱਡਾ ਹਿੱਸਾ ਪਾਇਆ ਹੈ। ਇਸ ਮਾਧਿਅਮ ਵਿੱਚ ਗਿਣਾਤਮਿਕ ਤਬਦੀਲੀ ਦੇ ਨਾਲ਼ ਨਾਲ਼ ਗੁਣਾਤਮਿਕ ਤਬਦੀਲੀ ਇਹ ਆਈ ਹੈ ਕਿ ਇਹ ਅਦਾਰੇ ਹੁਣ ਵਪਾਰਕ ਪੱਧਰ 'ਤੇ ਚੱਲ ਰਹੇ ਹਨ। ਇਨ੍ਹਾਂ ਵਿੱਚ ਸ਼ਾਮਲ ਬਹੁਤੇ ਵਿਅਕਤੀ ਪਹਿਲਾਂ ਵਾਂਗ ਹੁਣ ਸਿਰਫ ਸ਼ੌਕ ਪੂਰਾ ਕਰਨ ਲਈ ਵਲੰਟੀਅਰ ਤੌਰ 'ਤੇ ਕੰਮ ਨਹੀਂ ਕਰਦੇ ਸਗੋਂ ਪੇਸ਼ਾਵਰ ਹੋ ਗਏ ਹਨ ਅਤੇ ਇਸੇ ਕਿੱਤੇ ਵਿੱਚੋਂ ਆਪਣੀ ਰੋਟੀ ਕਮਾ ਰਹੇ ਹਨ। ਇਸ ਨਾਲ਼ ਰੇਡੀਓ 'ਤੇ ਬੋਲੀ ਜਾਂਦੀ ਪੰਜਾਬੀ ਵਿੱਚ ਪਹਿਲਾਂ ਦੇ ਮੁਕਾਬਲੇ ਸੁਧਾਰ ਆਇਆ ਹੈ ਅਤੇ ਬਹੁਤ ਸਾਰੀਆਂ ਇਹੋ ਜਿਹੀਆਂ ਸ਼ਖ਼ਸੀਅਤਾਂ ਉੱਭਰੀਆਂ ਹਨ[52] ਜਿਨ੍ਹਾਂ ਦੀ ਗੱਲਬਾਤ ਜਾਂ ਪੰਜਾਬੀ ਸੁਣਨ ਵਾਸਤੇ ਹੀ ਲੋਕ ਰੇਡੀਓ ਲਾ ਰੱਖਦੇ ਹਨ। ਕਨੇਡਾ ਦੇ ਪੰਜਾਬੀ ਭਾਈਚਾਰੇ ਵਿੱਚ ਰੇਡੀਓ ਨੇ ਆਪਣੀ ਵੱਖਰੀ ਪਛਾਣ ਕਾਇਮ ਕੀਤੀ ਹੈ।

ਇਹ ਮਾਧਿਅਮ ਹੁਣ ਸਿਰਫ਼ ਦਿਲ-ਪਰਚਾਵੇ ਤੱਕ ਹੀ ਸੀਮਤ ਨਹੀਂ ਹੈ। ਇਸ ਰਾਹੀਂ ਛੋਟੇ ਮੋਟੇ ਮਾਮਲਿਆਂ ਤੋਂ ਲੈ ਕੇ ਹਰ ਕਿਸਮ ਦੇ ਗੰਭੀਰ ਮਸਲਿਆਂ ਬਾਰੇ ਵੀ ਰੋਜ਼ਾਨਾ ਸੰਵਾਦ ਚੱਲਦੇ ਹਨ। ਇਸ ਦਾ ਇੱਕ ਕਾਰਨ ਤਾਂ ਇਹ ਹੈ ਕਿ ਪੰਜਾਬੀ ਅਜੇ ਬਹੁਤੀ ਗੱਲਬਾਤ ਲਿਖਤੀ ਮਾਧਿਅਮ ਰਾਹੀਂ ਨਹੀਂ ਕਰਨ ਲੱਗੇ। ਰੇਡੀਓ 'ਤੇ ਆਮ ਪੰਜਾਬੀ ਲਈ ਗੱਲਬਾਤ ਵਿੱਚ ਹਿੱਸਾ ਲੈਣਾ ਕਾਫ਼ੀ ਸੁਖਾਲਾ ਹੈ। ਇਨ੍ਹਾਂ ਰੇਡੀਓ ਪ੍ਰੋਗਰਾਮਾਂ ਵਿੱਚ ਪੰਜਾਬੀ ਬੋਲੀ ਦੀ ਵਰਤੋਂ ਬਾਰੇ ਅਤੇ ਇਸ ਵਿੱਚ ਆ ਰਹੀਆਂ ਸਮੱਸਿਆਵਾਂ ਬਾਰੇ ਵੀ ਅਕਸਰ ਸਾਰਿਥਕ ਬਹਿਸਾਂ ਹੁੰਦੀਆਂ ਰਹਿੰਦੀਆਂ ਹਨ। ਬਹੁਤੇ

ਜਾਣੀ ਜਾਂਦੀ ਔਰਤ ਹੈ ਜਿਸ ਨੇ ਵੈਨੂਕਵਰ ਇਲਾਕੇ ਵਿੱਚ 1970ਵਿਆਂ ਦੇ ਅੱਧ ਤੋਂ ਲੈ ਕੇ ਹੁਣ ਤੱਕ ਭਾਈਚਾਰੇ ਵਿੱਚ ਹਿੰਦੀ ਤੇ ਪੰਜਾਬੀ ਰੇਡੀਓ ਹੀ ਨਹੀਂ ਸਗੋਂ ਟੈਲੀਵਿਯਨ ਪ੍ਰੋਗਰਾਮ ਸ਼ੁਰੂ ਕਰਨ ਵਿੱਚ ਵੀ ਵੱਡਾ ਯੋਗਦਾਨ ਪਾਇਆ ਹੈ। ਉਹ ਅਫਰੀਕਾ ਵਿੱਚ ਪੰਜਾਬੀ ਪਰਿਵਾਰ ਵਿੱਚ ਜੰਮੀ ਤੇ 1972 ਵਿੱਚ ਵੈਨਕੂਵਰ ਆਉਣ ਤੋਂ ਪਹਿਲਾਂ ਕੁਝ ਦੇਰ ਵਾਸਤੇ ਇੰਗਲੈਂਡ ਵਿੱਚ ਬੀ ਬੀ ਸੀ ਨਾਲ਼ ਕੰਮ ਕਰ ਚੁੱਕੀ ਸੀ।

[52] ਉਦਾਹਰਨ ਵਜੋਂ, ਵੈਨਕੂਵਰ ਵਿੱਚ ਗੁਰਪ੍ਰੀਤ ਸਿੰਘ, ਹਰਜਿੰਦਰ ਥਿੰਦ, ਹਰਪ੍ਰੀਤ ਸਿੰਘ, ਕੁਲਜੀਤ ਕੌਰ, ਗੁਰਵਿੰਦਰ ਸਿੰਘ ਧਾਲੀਵਾਲ, ਮਨਜੀਤ ਕੰਗ, ਬਲਜਿੰਦਰ ਸਿੰਘ ਅਟਵਾਲ ਆਦਿ ਕਿੰਨੇ ਹੀ ਲੋਕ ਹਨ ਜੋ ਭਾਈਚਾਰੇ ਵਿੱਚ ਰੇਡੀਓ ਹੋਸਟ ਵਜੋਂ ਆਪਣੀ ਵੱਖਰੀ ਵੱਖਰੀ ਪਛਾਣ ਰੱਖਦੇ ਹਨ। ਏਸੇ ਤਰ੍ਹਾਂ ਟੋਰਾਂਟੋ ਵਿੱਚ ਇੱਕਬਾਲ ਮਾਹਲ, ਜੁਗਿੰਦਰ ਬਾਸੀ, ਕੁਲਦੀਪ ਦੀਪਕ, ਰਜਿੰਦਰ ਸੈਣੀ, ਜਗਦੀਸ਼ ਗਰੇਵਾਲ ਅਤੇ ਸੰਚਾਰ ਮਾਧਿਅਮ ਨਾਲ ਸੰਬੰਧਿਤ ਹੋਰ ਬਹੁਤ ਸਾਰੇ ਲੋਕ। ਪਿਛਲੇ ਕੁਝ ਸਮੇਂ ਤੋਂ ਐਡਮੰਟਨ ਤੇ ਕੈਲਗਰੀ ਵਿੱਚ ਵੀ ਪੰਜਾਬੀ ਰੇਡੀਓ ਮਾਧਿਅਮ ਨੇ ਕਾਫੀ ਵਿਕਾਸ ਕੀਤਾ ਅਤੇ ਸਥਾਨਕ ਪੱਧਰ 'ਤੇ ਕੁਝ ਲੋਕ ਆਪਣੀ ਪਛਾਣ ਕਾਇਮ ਕਰ ਰਹੇ ਹਨ।

ਰੇਡੀਓ ਕਾਰਜਕ੍ਰਮ (ਪ੍ਰੋਗਰਾਮ) ਸਥਾਨਕ ਹਨ ਪਰ ਹੁਣ ਇਨ੍ਹਾਂ ਨੂੰ ਕੰਪਿਊਟਰ ਰਾਹੀਂ ਦੁਨੀਆ ਦੇ ਕਿਸੇ ਵੀ ਹਿੱਸੇ ਵਿੱਚ ਸੁਣਿਆਂ ਜਾ ਸਕਦਾ ਹੈ।

ਪੰਜਾਬੀ ਭਾਈਚਾਰੇ ਦੇ ਰੇਡੀਓ ਨੇ ਪੰਜਾਬੀ ਬੋਲੀ ਦੇ ਮਸਲਿਆਂ ਵਲ ਪੰਜਾਬੀਆਂ ਦਾ ਧਿਆਨ ਦੁਆਉਣ ਵਿੱਚ ਵਿਸ਼ੇਸ਼ ਕਰ ਕੇ ਬਹੁਤ ਵੱਡਾ ਹਿੱਸਾ ਪਾਇਆ ਹੈ ਜੋ ਸ਼ਾਇਦ ਕਿਸੇ ਹੋਰ ਮਾਧਿਅਮ ਰਾਹੀਂ ਸੰਭਵ ਨਹੀਂ ਸੀ। ਵਾਰ ਵਾਰ ਰੇਡੀਓ ਕਾਰਜਕ੍ਰਮਾਂ ਵਿੱਚ ਪੰਜਾਬੀ ਬੋਲੀ ਨੂੰ ਦਰਪੇਸ਼ ਮਸਲਿਆਂ ਬਾਰੇ ਵੱਖਰੇ ਵੱਖਰੇ ਪਹਿਲੂਆਂ ਤੋਂ ਗੱਲਬਾਤ ਹੁੰਦੀ ਰਹਿੰਦੀ ਹੈ। ਇਨ੍ਹਾਂ ਕਾਰਜਕ੍ਰਮਾਂ ਵਿੱਚ ਪੰਜਾਬੀ ਨਾਲ ਪਿਆਰ ਦਰਸਾਉਂਦੇ ਗੀਤ ਅਕਸਰ ਵਜਦੇ ਰਹਿੰਦੇ ਹਨ, ਖਾਸ ਕਰ ਗੁਰਦਾਸ ਮਾਨ ਦਾ ਗੀਤ 'ਪੰਜਾਬੀਏ ਰਕਾਨੇ ਨੀ ਜ਼ਬਾਨੇ ਮੇਰੇ ਦੇਸ਼ ਦੀਏ' ਸ੍ਰੋਤਿਆਂ ਦਾ ਵਾਰ ਵਾਰ ਪੰਜਾਬੀ ਬੋਲੀ ਦੀ ਹਾਲਤ ਵਲ ਧਿਆਨ ਦੁਆਉਂਦਾ ਰਹਿੰਦਾ ਹੈ। ਸਮੁੱਚੇ ਤੌਰ 'ਤੇ ਇਹ ਕਹਿਣਾ ਕਿਸੇ ਕਿਸਮ ਦੀ ਅਤਿਕਥਨੀ ਨਹੀਂ ਕਿ ਪੰਜਾਬੀ ਭਾਈਚਾਰੇ ਵਿਚਲੇ ਰੇਡੀਓ ਮਾਧਿਅਮ ਨੇ ਕਨੇਡਾ ਵਿੱਚ ਪੰਜਾਬੀ ਬੋਲੀ ਦੇ ਵਿਕਾਸ ਵਿੱਚ ਬੇਹੱਦ ਮਹੱਤਵਪੂਰਨ ਰੋਲ਼ ਨਿਭਾਇਆ ਹੈ ਅਤੇ ਨਿਭਾ ਰਿਹਾ ਹੈ।[53]

---

[53] ਭਾਈਚਾਰੇ ਵਿਚਲੇ ਸੰਚਾਰ ਮਾਧਿਅਮ ਰਾਹੀਂ ਹੁਣ ਤੱਕ ਹੋਏ ਪੰਜਾਬੀ ਦੇ ਵਿਕਾਸ ਵਿਚ ਰੇਡੀਓ ਦੀ ਨਿਭਾਈ ਹਾਂ-ਪੱਖੀ ਭੂਮਿਕਾ ਦਾ ਸ਼ਾਇਦ ਹੁਣ ਸਮਾਂ ਖਤਮ ਹੋਣ 'ਤੇ ਆ ਗਿਆ ਹੈ। ਕੁਝ ਹੀ ਦੇਰ ਪਹਿਲਾਂ (ਅਗਸਤ 6, 2014) ਕੈਨੇਡੀਅਨ ਰੇਡੀਓ-ਟੈਲਿਵਿਯਨ ਐਂਡ ਟੈਲੀਕਮਿਊਨੀਕੇਸ਼ਨ (ਸੀ ਆਰ ਟੀ ਸੀ) ਨੇ ਪੰਜਾਬੀ ਭਾਈਚਾਰੇ ਵਲੋਂ ਸਰ੍ਹੀ ਵਿਚ ਨਵੇਂ ਰੇਡੀਓ ਸਟੇਸ਼ਨ ਲਈ ਕੀਤੀਆਂ ਅਰਜ਼ੀਆਂ ਦੇ ਸਬੰਧ ਵਿਚ ਜੋ ਫੈਸਲਾ ਦਿੱਤਾ ਹੈ ਉਸ ਨਾਲ ਆਉਣ ਵਾਲੇ ਸਮੇਂ ਵਿਚ ਪੰਜਾਬੀ ਦੇ ਵਿਕਾਸ ਵਿਚ ਹਰ ਹਾਲਤ ਵਿਚ ਖੜੋਤ ਆਵੇਗੀ। ਦੱਖਣੀ ਏਸ਼ੀਅਨ ਭਾਈਚਾਰੇ ਵਿਚੋਂ ਕੋਈ ਦਰਜਨ ਕੁ ਦੇ ਕਰੀਬ ਅਰਜ਼ੀਆਂ ਕੀਤੀਆਂ ਗਈਆਂ ਸਨ ਜਿਨ੍ਹਾਂ ਵਿਚੋਂ ਕੁਝ ਇਕ ਅੰਗ੍ਰੇਜ਼ੀ ਬੋਲੀ ਵਿਚ ਪ੍ਰੋਗਰਾਮ ਕਰਨ ਵਾਸਤੇ ਸਨ ਤੇ ਬਹੁਤੀਆਂ ਪੰਜਾਬੀ ਪ੍ਰੋਗਰਾਮਾਂ ਲਈ। ਸਰਕਾਰ ਦੀ ਇਸ ਸਬੰਧੀ ਫੈਸਲੇ ਕਰਨ ਵਾਲੀ ਸ਼ਾਖਾ ਨੇ ਅੰਗ੍ਰੇਜ਼ੀ ਬੋਲੀ ਦੇ ਪ੍ਰੋਗਰਾਮ ਦੇ ਹੱਕ ਵਿਚ ਫੈਸਲਾ ਦਿੱਤਾ ਹੈ। ਜਿਸ ਵਪਾਰਕ ਅਦਾਰੇ ਦੇ ਹੱਕ ਵਿਚ ਇਹ ਫੈਸਲਾ ਹੋਇਆ ਹੈ ਉਹ ਪਹਿਲਾਂ ਵੀ ਇਕ ਪੰਜਾਬੀ ਵਿਚ ਧਾਰਿਮਕ ਰੇਡੀਓ ਸਟੇਸ਼ਨ ਚਲਾਉਂਦੇ ਹਨ ਅਤੇ ਉਨ੍ਹਾਂ ਦਾ ਭਾਈਚਾਰੇ ਵਿਚ ਕਾਫੀ ਅਸਰ ਰਸੂਖ ਹੈ। ਇਸ ਨਾਲ ਪੰਜਾਬੀ ਭਾਈਚਾਰੇ ਵਿਚਲੇ ਵਪਾਰਾਂ ਦੇ ਇਸ਼ਿਤਹਾਰਾਂ ਦੇ ਪੈਸੇ ਨਾਲ ਇਹ ਪ੍ਰੋਗਰਾਮ ਚੱਲੇਗਾ ਤੇ ਇਸ ਨਾਲ ਪੰਜਾਬੀ ਦੇ ਇਸ਼ਿਤਹਾਰਾਂ ਵਿਚ ਕਮੀ ਆਵੇਗੀ। ਮੁਕਾਬਲੇ ਵਿਚ ਡਟੇ ਰਹਿਣ ਲਈ ਦੂਜੇ ਰੇਡੀਓ ਸਟੇਸ਼ਨ ਵੀ ਆਪਣਾ ਸਮਾਂ ਜੋ ਇਸ ਵਲੇ ਪੰਜਾਬੀ ਦੇ ਪ੍ਰੋਗਰਾਮਾਂ ਲਈ ਲੱਗ ਰਿਹਾ ਹੈ ਉਹ ਅੰਗ੍ਰੇਜ਼ੀ ਦੇ ਪ੍ਰੋਗਰਾਮਾਂ ਵਲ ਲਾਉਣਗੇ। ਪੰਜਾਬੀ ਭਾਈਚਾਰੇ ਵਿਚਲੀ ਬਹੁ ਗਿਣਤੀ ਤੇ ਖਾਸ ਕਰ ਪਿਛਲੇ ਦਸ ਬਾਰਾਂ ਸਾਲਾਂ ਦੌਰਾਨ ਭਾਰਤ ਤੋਂ ਆਏ ਲੋਕ ਤਾਂ ਪਹਿਲਾਂ ਹੀ ਬਹੁਤ ਝੁਕਾਅ ਅੰਗ੍ਰੇਜ਼ੀ ਵਲ ਰੱਖਦੇ ਹਨ। ਇਸ ਦੇ ਨਾਲ ਹੀ ਇਹ ਮਸਲਾ ਵੀ ਉਭਰਿਆ ਕਿ ਵੈਨਕੂਵਰ ਇਲਾਕੇ ਵਿਚ ਚੱਲ ਰਹੇ ਤਿੰਨ ਪੰਜਾਬੀ ਰੇਡੀਓ - ਰੇਡੀਓ ਇੰਡੀਆ, ਰੇਡੀਓ ਪੰਜਾਬ ਤੇ ਸ਼ੇਰੇ-ਪੰਜਾਬ - ਬੀ ਸੀ ਦੇ ਨਾਲ ਲਗਦੀ ਅਮਰੀਕਾ ਦੀ ਸਟੇਟ ਵਾਸ਼ਿੰਗਟਨ ਤੋਂ ਚਲਦੇ ਹਨ ਤੇ ਕਨੇਡਾ ਦੇ ਨਿਯਮਾਂ ਅਨੁਸਾਰ ਇਹ ਗੈਰ-ਕਾਨੂੰਨੀ ਹੈ। ਸੀ ਆਰ ਟੀ ਸੀ ਨੇ ਇਨ੍ਹਾਂ ਵਿਰੁੱਧ ਕਾਰਵਾਈ ਕੀਤੀ ਹੈ ਤੇ ਇਨ੍ਹਾਂ ਨੂੰ ਬੰਦ ਕਰਵਾਉਣ ਦੀ ਕੋਸ਼ਿਸ਼ ਹੋ ਰਹੀ ਹੈ। ਜੇ ਅਜਿਹਾ ਹੋ ਜਾਂਦਾ ਹੈ ਤਾਂ ਇਸ ਨਾਲ ਏਥੇ ਹੋ ਰਹੇ ਪੰਜਾਬੀ ਵਿਕਾਸ ਲਈ ਇਹ ਕਾਫੀ ਘਾਟੇ ਵਾਲੀ ਗੱਲ ਹੋਵੇਗੀ।

ਰੇਡੀਓ ਵਾਂਗ ਹੀ ਸਥਾਨਕ ਤੇ ਕੌਮੀ ਪੱਧਰ ’ਤੇ ਚੱਲਣ ਵਾਲ਼ੇ ਟੈਲੀਵਿਯਨ ਕਾਰਜਕ੍ਰਮ (ਪ੍ਰੋਗਰਾਮ) ਹਨ। ਕਨੇਡਾ ਭਰ ਵਿੱਚ ਦੇਖੇ ਜਾ ਸਕਣ ਵਾਲੇ ਕਾਰਜਕ੍ਰਮ ਧਾਰਿਮਕ ਅਤੇ ਬਹੁਸੱਭਿਆਚਾਰਕ ਚੈਨਲਾਂ ’ਤੇ ਪ੍ਰਸਾਰਤ ਹੁੰਦੇ ਹਨ। ਧਾਰਿਮਕ ਚੈਨਲ ’ਤੇ ਚੱਲਣ ਦੀ ਮਜਬੂਰੀ ਵੱਸ ਇਨ੍ਹਾਂ ਸਾਰਿਆਂ ਨੂੰ ਆਪਣੀ ਪਛਾਣ ਇੱਕ ਧਾਰਿਮਕ ਕਾਰਜਕ੍ਰਮ ਵਜੋਂ ਕਰਵਾਉਣੀ ਪੈਂਦੀ ਹੈ। ਇਸ ਲੋੜ ਨੂੰ ਪੂਰਾ ਕਰਨ ਲਈ ਇਹ ਸਾਰੇ ਹੀ ਆਪਣੇ ਪ੍ਰੋਗਰਾਮ ਦੀ ਸ਼ੁਰੂਆਤ ਧਾਰਿਮਕ ਸ਼ਬਦ ਜਾਂ ਗੀਤ ਨਾਲ਼ ਕਰਦੇ ਹਨ ਅਤੇ ਬਾਅਦ ਵਿੱਚ ਯਮਲੇ ਤੋਂ ਲੈ ਕੇ ਸਾਊਥਹਾਲ, ਸਰ੍ਹੀ, ਬਰੈਮਪਟਨ ’ਚ ਪੈਦਾ ਹੋਏ ਨਵੇਂ ਨਵੇਂ ਗਾਇਕਾਂ ਦੇ ਗੀਤ ਅੱਧਨੰਗੀਆਂ ਕੁੜੀਆਂ ਦੇ ਛੜੱਪਿਆਂ ’ਚ ਖੌਰੂ ਪਾਉਂਦੇ ਹਨ।[54] ਇਹ ਗੀਤ ਲਾਉਣ ਪਿੱਛੇ ਅਕਸਰ ਅਸਲੀ ਮਕਸਦ ਕਿਸੇ ਗਾਇਕ ਦੀ ਨਵੀਂ ਸੀ ਡੀ ਵੇਚਣਾ ਜਾਂ ਕਿਸੇ ਆਉਣ ਵਾਲੇ ਗਾਇਕ ਦੇ ਪ੍ਰੋਗਰਾਮ ਦੀ ਮਸ਼ਹੂਰੀ ਹੁੰਦੀ ਹੈ।

ਪਰ ਇਸ ਦੇ ਨਾਲ਼ ਨਾਲ਼ ਇਨ੍ਹਾਂ ਪ੍ਰੋਗਰਾਮਾਂ ਵਿੱਚ ਬਹੁਤ ਸਾਰੇ ਗੰਭੀਰ ਮਸਲਿਆਂ ਬਾਰੇ ਜਾਣਕਾਰੀ ਤੇ ਵਿਚਾਰ ਚਰਚਾ ਵੀ ਸ਼ਾਮਲ ਹੁੰਦੀ ਹੈ। ਕਨੇਡਾ ਭਰ ਵਿੱਚ ਹਰ ਸ਼ਨਿਚਰਵਾਰ ਪੰਜਾਬੀ ਆਪਣੇ ਘਰਾਂ ਵਿੱਚ ਬੈਠੇ ਸੌਖ ਨਾਲ਼ ਸਮਝ ਆਉਣ ਵਾਲ਼ੀ ਪੰਜਾਬੀ ਸੁਣਦੇ, ਮਾਣਦੇ ਅਤੇ ਕਈ ਕਿਸਮ ਦੀ ਲੋੜੀਂਦੀ ਜਾਣਕਾਰੀ ਪ੍ਰਾਪਤ ਕਰਦੇ ਹਨ। ਇਸ ਨਾਲ਼ ਉਨ੍ਹਾਂ ਦੇ ਮਨਾਂ ਅੰਦਰ ਆਪਣੇ ਆਪ ਹੀ ਪੰਜਾਬੀ ਵਾਸਤੇ ਇੱਕ ਵੱਖਰੀ ਕਿਸਮ ਦਾ ਸਤਿਕਾਰ ਅਤੇ ਸਨੇਹ ਪੈਦਾ ਹੁੰਦਾ ਹੈ।

ਟੈਲੀਵਿਯਨ ਮਾਧਿਅਮ ਵਿੱਚ ਭਾਵੇਂ ਅਜੇ ਵੀ ਕਾਫੀ ਲੋਕ ਇਹ ਕੰਮ ਸ਼ੌਕ ਵਜੋਂ ਹੀ ਕਰਦੇ ਹਨ ਪਰ ਇਸ ਪਾਸੇ ਵੀ ਬੜੀ ਤੇਜ਼ੀ ਨਾਲ਼ ਵਿਕਾਸ ਹੋ ਰਿਹਾ ਹੈ ਅਤੇ

---

[54] ਪਰ 1970ਵਿਆਂ ਦੇ ਅਖੀਰ ਵਿੱਚ ਇੰਗਲੈਂਡ ਤੋਂ ਨਾਚ ਵਾਲ਼ੀਆਂ ਤਾਲਾਂ ਵਾਲੀ ਪੰਜਾਬੀ ਗਾਇਕੀ ਦੇ ਵਿਕਾਸ ਦਾ ਇੱਕ ਬਹੁਤ ਹੀ ਹਾਂ-ਪੱਖੀ ਅਸਰ ਹੋਇਆ ਹੈ। ਇਸ ਨਾਲ਼ ਬਾਹਰ ਵਸਦੇ ਪੰਜਾਬੀਆਂ ਦੀਆਂ ਅਗਲੀਆਂ ਪੀੜ੍ਹੀਆਂ ਨੂੰ ਆਪਣੇ ਸੱਭਿਆਚਾਰਕ ਵਿਰਸੇ ਨਾਲ਼ ਜੁੜਨ ਦਾ ਸਿੱਧਾ ਰਾਹ (ਚੈਨਲ) ਮਿਲਿਆ ਹੈ। ‘ਤੂਤਕ ਤੂਤਕ ਤੂਤੀਆਂ’ ਵਰਗੇ ਗੀਤਾਂ ਨਾਲ਼ ਸ਼ੁਰੂ ਹੋਈ ਇਸ ਲਹਿਰ ਨੇ ਇੱਕ ਦਮ ਨਵੀਂ ਪੀੜ੍ਹੀ ਨੂੰ ਪੰਜਾਬੀ ਸੰਗੀਤ ਵਲ ਖਿੱਚਿਆ ਅਤੇ ਅਜੇ ਵੀ ਖਿੱਚ ਰਹੀ ਹੈ। ਸਾਹਿਤਕ ਜਾਂ ਸੱਭਿਆਚਾਰਕ ਪੱਖੋਂ ਇਨ੍ਹਾਂ ਗੀਤਾਂ ਵਿੱਚ ਕੀ ਘਟੀਆ ਹੈ ਜਾਂ ਗਲਤ ਹੈ, ਇਹ ਅਗਲੀ ਪੀੜ੍ਹੀ ਨੂੰ ਨਾ ਸਮਝ ਹੈ ਤੇ ਨਾ ਹੀ ਪਰਵਾਹ। ਨਵੀਂ ਪੀੜ੍ਹੀ ਨੂੰ ਇਸ ਕਦਰ ਸੱਭਿਆਚਾਰ ਨਾਲ਼ ਜੋੜਨਾ ਤੇ ਉਨ੍ਹਾਂ ਵਿੱਚ ਮਾਣ ਪੈਦਾ ਕਰਨਾ ਵੱਡੀ ਪ੍ਰਾਪਤੀ ਹੈ। ਇਸ ਤਰ੍ਹਾਂ ਪ੍ਰਭਾਵਤ ਹੋਏ ਬੱਚਿਆਂ ਨੂੰ ਸਹੀ ਪੰਜਾਬੀ ਸੱਭਿਆਚਾਰ ਤੇ ਸਾਹਿਤ ਨਾਲ਼ ਜੋੜਨ ਦਾ ਕੰਮ ਭਾਈਚਾਰੇ ਵਿੱਚ ਇਨ੍ਹਾਂ ਪੱਖਾਂ ਬਾਰੇ ਫਿਕਰ ਕਰਨ ਵਾਲੇ ਲੋਕਾਂ ਦਾ ਹੈ। ਪਰ ਨਿਰਾਸ਼ਾ ਵਾਲੀ ਗੱਲ ਇਹ ਹੈ ਕਿ ਧਾਰਿਮਕ ਵਿਰਤੀ ਵਾਲੇ ਲੋਕਾਂ ਅਤੇ ਸੰਸਥਾਵਾਂ ਤੋਂ ਬਿਨਾਂ ਹੋਰ ਕਿਸੇ ਨੇ ਇਸ ਮਹੱਤਵਪੂਰਨ ਤਬਦੀਲੀ ਦਾ ਫਾਇਦਾ ਨਹੀਂ ਉਠਾਇਆ। ਉਦਾਹਰਨ ਵਜੋਂ, ਬਾਹਰਲੇ ਭਾਈਚਾਰੇ ਵਿੱਚ (ਖਾਸ ਕਰ ਇੰਗਲੈਂਡ, ਕਨੇਡਾ ਤੇ ਅਮਰੀਕਾ) ਕੋਈ ਅਜਿਹੀਆਂ ਸੰਸਥਾਵਾਂ ਸਥਾਪਿਤ ਨਹੀਂ ਹੋਈਆਂ ਜੋ ਅਗਲੀਆਂ ਪੀੜ੍ਹੀਆਂ ਨੂੰ ਪੰਜਾਬੀ ਬਾਰੇ ਸਿੱਖਿਆ ਦੇਣ ਵਲ ਪੂਰੀ ਤਰ੍ਹਾਂ ਪ੍ਰਤੀਬੱਧ ਹੋਣ ਤੇ ਪ੍ਰਾਪਤ ਆਰਿਥਕ ਸੋਮਿਆਂ ਨੂੰ ਵਰਤ ਕੇ ਜਥੇਬੰਦ ਤਰੀਕੇ ਨਾਲ਼ ਅੰਤਰਰਾਸ਼ਟਰੀ ਪੱਧਰ ’ਤੇ ਕੋਈ ਲਹਿਰ ਸਥਾਪਿਤ ਕਰਨ ਵਲ ਰੁਚਿਤ ਹੋਣ।

ਕਈ ਲੋਕ ਇਸ ਨੂੰ ਆਪਣੀ ਰੋਜ਼ੀ ਰੋਟੀ ਦਾ ਜ਼ਰੀਆ ਬਣਾ ਰਹੇ ਹਨ। ਵੈਨਕੂਵਰ ਦੇ ਇਲਾਕੇ ਵਿੱਚ 2003 ਤੋਂ ਸ਼ੁਰੂ ਹੋਏ ਬਹੁਸੱਭਿਆਚਾਰਕ ਚੈਨਲ ਐੱਮ (ਅਜੋਕਾ ਓਮਨੀ ਚੈਨਲ ਜੋ ਹੁਣ ਕੌਮੀ ਪੱਧਰ 'ਤੇ ਵੀ ਦਿਖਾਇਆ ਜਾਂਦਾ ਹੈ ਤੇ ਇਸ ਵਿੱਚ ਕੈਲਗਰੀ, ਐਡਮੰਟਨ ਤੇ ਟੋਰਾਂਟੋ ਤੋਂ ਵੀ ਪੰਜਾਬੀ ਪੱਤਰਕਾਰ ਸ਼ਾਮਲ ਹਨ) ਨੇ ਕਨੇਡਾ ਦੇ ਪੰਜਾਬੀ ਟੈਲੀਵਿਯਨ ਵਿੱਚ ਇੱਕ ਨਵਾਂ ਇਤਿਹਾਸ ਸਿਰਜਿਆ ਹੈ। ਇਸ ਵਿੱਚ ਹਰ ਰੋਜ਼ ਸ਼ਾਮ ਨੂੰ ਇੱਕ ਘੰਟੇ ਦੀਆਂ ਪੰਜਾਬੀ ਖਬਰਾਂ ਦਿੱਤੀਆਂ ਜਾਂਦੀਆਂ ਹਨ ਜਿਨ੍ਹਾਂ ਦੀ ਪੇਸ਼ਕਾਰੀ ਦੂਜੀਆਂ ਵੱਡੀਆਂ ਬੋਲੀਆਂ ਦੇ ਬਰਾਬਰ ਦੀ ਪੇਸ਼ਾਵਰ ਤਰੀਕੇ ਨਾਲ਼ ਕੀਤੀ ਜਾਂਦੀ ਹੈ। ਇਸ ਇਕੱਲੇ ਅਦਾਰੇ ਵਿੱਚ ਦਰਜਣ ਤੋਂ ਉੱਤੇ ਪੰਜਾਬੀਆਂ ਨੂੰ ਚੰਗੀਆਂ ਮਾਣ ਸਤਿਕਾਰ ਵਾਲ਼ੀਆਂ ਨੌਕਰੀਆਂ ਮਿਲੀਆਂ ਹਨ। ਸਮੁੱਚੇ ਤੌਰ 'ਤੇ ਇਸ ਚੈਨਲ ਵੱਲੋਂ ਪੰਜਾਬੀ ਵਿੱਚ ਚਾਲੂ ਕੀਤੇ ਕਾਰਜਕ੍ਰਮਾਂ ਨੇ ਪੰਜਾਬੀ ਵਾਸਤੇ ਨਵੀਂ ਅਤੇ ਪਹਿਲਾਂ ਨਾ ਜਾਣੀ ਜਾਂਦੀ ਸਤਿਕਾਰ ਤੇ ਮਾਣ ਦੀ ਭਾਵਨਾ ਪੈਦਾ ਕੀਤੀ। ਇਸ ਚੈਨਲ ਨਾਲ਼ ਜੁੜੀਆਂ ਕੁਝ ਸ਼ਖਸੀਅਤਾਂ ਭਾਈਚਾਰੇ ਵਿੱਚ ਫਿਲਮੀ ਸਿਤਾਰਿਆਂ ਵਾਂਗ ਜਾਣੀਆਂ ਤੇ ਸਤਿਕਾਰੀਆਂ ਜਾਂਦੀਆਂ ਹਨ।[55]

ਪਰ ਸਭ ਤੋਂ ਮਹੱਤਵਪੂਰਨ ਗੱਲ ਇਹ ਵਾਪਰੀ ਹੈ ਕਿ ਇਸ ਤਾਕਤਵਰ ਸੰਚਾਰ ਮਾਧਿਅਮ ਦੀਆਂ ਵਾਗ-ਡੋਰਾਂ ਇਸ ਸਮੇਂ ਪੰਜਾਬੀਆਂ ਦੇ ਆਪਣੇ ਹੱਥਾਂ ਵਿੱਚ ਹਨ।[56] ਇਸ ਵਿੱਚ ਢੇਰ ਸਾਰੀਆਂ ਸੰਭਾਵਨਾਵਾਂ ਛੁਪੀਆਂ ਹੋਈਆਂ ਹਨ।

ਸਮੁੱਚੇ ਪੰਜਾਬੀ ਸੰਚਾਰ ਮਾਧਿਅਮ ਨੂੰ ਅੱਗੇ ਧੱਕਣ ਵਾਲੀ ਅਸਲੀ ਸ਼ਕਤੀ ਪੰਜਾਬੀ ਲੋਕਾਂ ਦੇ ਵਪਾਰਿਕ ਅਦਾਰੇ ਹਨ। ਸਬਜ਼ੀਆਂ, ਆਟਾ-ਦਾਲਾਂ, ਮਠਿਆਈਆਂ,

---

55 ਇਨ੍ਹਾਂ ਵਿੱਚ ਦਿਲਬਰ ਕੰਗ ਦਾ ਨਾਂ ਵਿਸ਼ੇਸ਼ ਤੌਰ 'ਤੇ ਜਾਣਿਆਂ ਜਾਂਦਾ ਹੈ। ਉਹਦੀ ਦਾਹੜੀ ਦੇ ਸਟਾਈਲ ਨੇ ਬਹੁਤ ਸਾਰੇ ਛੋਟੀ ਉਮਰ ਦੇ ਪੰਜਾਬੀ ਬੱਚਿਆਂ ਨੂੰ ਉਹਦੇ ਫੈਨ ਬਣਾਇਆ ਹੋਇਆ ਹੈ। ਤਰੰਨਮ ਥਿੰਦ, ਜਸਜੀਤ ਵਾਹਲਾ, ਬਲਦੀਪ ਸਿੰਘ ਝੰਡ ਤੇ ਪ੍ਰਭਜੋਤ ਕਾਹਲੋਂ ਅਤੇ ਇਸ ਸਟੇਸ਼ਨ ਨਾਲ਼ ਜੁੜੇ ਕੁਝ ਹੋਰ ਜਾਣੇ ਜਾਂਦੇ ਨਾਂ ਹਨ ਅਤੇ ਕੁਝ ਹੋਰ ਨਵੇਂ ਲੋਕ ਵੀ ਇਸ ਮਾਧਿਅਮ ਨਾਲ਼ ਜੁੜ ਰਹੇ ਹਨ।

56 ਅਜੇ ਇਹ ਏਨਾ ਮੁਨਾਫਾ ਕਮਾਉਣ ਵਾਲ਼ਾ ਧੰਦਾ ਨਹੀਂ ਬਣਿਆਂ ਕਿ ਵੱਡੀਆਂ ਕਾਰਪੋਰੇਸ਼ਨਾਂ ਇਸ ਵਿੱਚ ਦਿਲਚਸਪੀ ਲੈਣ। ਹਾਂ ਇਸ ਪਾਸੇ ਵਲ ਗੱਲ ਤੁਰਦੀ ਜ਼ਰੂਰ ਨਜ਼ਰ ਆ ਰਹੀ ਹੈ। ਇਸ ਰੁਝਾਨ ਦੀਆਂ ਦੋ ਮੁੱਖ ਉਦਾਹਰਨਾਂ ਹਨ: ਇੱਕ), ਓਮਨੀ ਚੈਨਲ ਜਦੋਂ ਸ਼ੁਰੂ ਹੋਇਆ ਸੀ ਤਾਂ ਉਸ ਵਿੱਚ ਪੰਜਾਬੀ ਖਬਰਾਂ ਦੇ ਨਾਲ਼ ਨਾਲ਼ ਹਫਤੇ ਵਿੱਚ ਇੱਕ ਘੰਟੇ ਦਾ ਕਾਰਜਕ੍ਰਮ ਭਾਈਚਾਰੇ ਵਿੱਚਲੀਆਂ ਸਮੱਸਿਆਵਾਂ ਵਿਚਾਰਨ ਲਈ ਦਿੱਤਾ ਜਾਂਦਾ ਸੀ। ਉਦੋਂ ਇਹ ਆਸ ਸੀ ਕਿ ਇਹ ਚੈਨਲ ਸਥਾਨਕ ਪੱਧਰ 'ਤੇ ਲੋਕਾਂ ਨੂੰ ਪੰਜਾਬੀ ਵਿੱਚ ਪ੍ਰੋਗਰਾਮ ਪੈਦਾ ਕਰਨ ਲਈ ਆਰਿਥਕ ਸਹਾਇਤਾ ਦੇਵੇਗਾ। ਪਰ ਕਿਉਂਕਿ ਇਹ ਚੈਨਲ ਕਾਰਪੋਰੇਟ ਵਰਗ ਦੇ ਕਬਜੇ ਥੱਲੇ ਹੈ ਇਸ ਨੇ ਆਪਣੇ ਮੁਨਾਫੇ ਵਾਸਤੇ ਪੰਜਾਬੀ ਦੇ ਵਿਕਾਸ ਵਿੱਚ ਕੋਈ ਪੂੰਜੀ ਨਹੀਂ ਲਾਈ ਸਗੋਂ ਅੰਗ੍ਰੇਜ਼ੀ ਅਤੇ ਹਿੰਦੀ ਦੇ ਬੰਬਈਆ ਕਿਸਮ ਦੇ ਬਣੇ ਬਣਾਏ ਪ੍ਰੋਗਰਾਮ ਵਰਤਣੇ ਸ਼ੁਰੂ ਕਰ ਦਿੱਤੇ। ਦੂਜੀ), ਵੈਨਕੂਵਰ ਵਿੱਚ ਪੰਜਾਬੀ ਦੇ ਨਾਂ 'ਤੇ ਰੇਡੀਓ ਰੈੱਡ ਐੱਫ ਐੱਮ ਸ਼ੁਰੂ ਹੋਇਆ ਸੀ। ਇਹ ਕੰਪਨੀ ਵੀ ਹੁਣ ਹੌਲੀ ਹੌਲੀ ਵਧ ਰਹੀ ਹੈ ਤੇ ਇਸ ਦਾ ਰੁਕ ਰਕਾਨ ਤੇ ਰੁਝਾਨ ਪਹਿਲਾਂ ਹੀ ਕਾਰਪੋਰੇਸ਼ਨ ਵਾਲ਼ਾ ਹੈ। ਇਸ ਉੱਪਰ ਵੀ ਹੁਣ ਹੌਲੀ ਹੌਲੀ ਹਿੰਦੀ ਤੇ ਅੰਗ੍ਰੇਜ਼ੀ ਭਾਰੂ ਹੋ ਰਹੀ ਹੈ।

ਕੱਪੜੇ, ਗਹਿਣੇ, ਬੀਮਾ, ਜਾਇਦਾਦ ਨਾਲ ਸਬੰਧਤ ਦਲਾਲੀ (ਰੀਅਲ ਅਸਟੇਟ), ਹਵਾਈ ਜਹਾਜ਼ਾਂ ਦੀਆਂ ਟਿਕਟਾਂ, ਮਨਪਰਚਾਵਾ, ਧਾਰਿਮਕ ਕਾਰਜਕ੍ਰਮਾਂ ਦੇ ਇਸ਼ਿਤਹਾਰ, ਜੋਤਸ਼ ਅਤੇ ਜਾਦੂ ਟੂਣੇ ਵੇਚਣ ਵਾਲੇ ਲੋਕਾਂ ਨੇ ਆਪਣੀ ਲੋੜ ਲਈ ਪੰਜਾਬੀ ਨੂੰ ਵਰਤਿਆ ਹੈ ਅਤੇ ਵਰਤ ਰਹੇ ਹਨ। ਇਸ ਨਾਲ਼ ਪੰਜਾਬੀ ਬੋਲੀ ਨੂੰ ਇੱਕ ਵੱਖਰੀ ਕਿਸਮ ਦੀ ਪਹਿਲਾਂ ਕਦੇ ਨਾ ਮਿਲ਼ੀ ਸ਼ਕਤੀ ਅਤੇ ਕੇਂਦਰੀਅਤਾ ਪ੍ਰਾਪਤ ਹੋਈ ਹੈ। ਵੈਨਕੂਵਰ ਦੀ ਮੇਨ ਸਟਰੀਟ (ਹੁਣ ਇਸ ਦੀ ਸ਼ਾਨ ਘਟ ਗਈ ਹੈ ਕਿਉਂਕਿ ਏਥੋਂ ਬਹੁਤੇ ਪੰਜਾਬੀ ਵਪਾਰ ਜ਼ਿਆਦਾ ਵੱਸੋਂ ਵਾਲੇ ਇਲਾਕੇ ਸਰ੍ਹੀ ਵਿਚ ਚਲੇ ਗਏ ਹਨ) ਜਾਂ ਸਰ੍ਹੀ ਦੇ ਬਹੁਤ ਸਾਰੇ ਪੰਜਾਬੀ ਬਜ਼ਾਰਾਂ ਵਿੱਚ ਦੁਕਾਨਾਂ ਦੇ ਬੋਰਡ ਲੁਧਿਆਣੇ ਜਾਂ ਜਲੰਧਰ ਨਾਲੋਂ ਕਿਤੇ ਜ਼ਿਆਦਾ ਗਿਣਤੀ ਪੰਜਾਬੀ ਵਿੱਚ ਹਨ।

ਪਰ ਏਥੇ ਇੱਕ ਗੱਲ ਚੇਤੇ ਰੱਖਣ ਵਾਲੀ ਹੈ ਕਿ ਇਨ੍ਹਾਂ ਪੰਜਾਬੀ ਵਪਾਰੀਆਂ ਵਿੱਚੋਂ ਬਹੁਤ ਘੱਟ ਲੋਕ ਹਨ ਜੋ ਪੰਜਾਬੀ ਬੋਲੀ ਨਾਲ਼ ਨੇੜਤਾ, ਮੋਹ ਪਿਆਰ ਜਾਂ ਬੋਲੀ ਬਾਰੇ ਲੋੜੀਂਦੀ ਸੂਝ ਰੱਖਦੇ ਹਨ। ਉਹ ਆਪਣੀ ਇਸ਼ਿਤਹਾਰਬਾਜ਼ੀ ਵਿੱਚ ਇਸ ਦੀ ਯੋਗ ਵਰਤੋਂ ਵਲ ਕੋਈ ਖਾਸ ਧਿਆਨ ਨਹੀਂ ਦਿੰਦੇ। ਤੇ ਜੇ ਉਨ੍ਹਾਂ ਨੂੰ ਇਹ ਲੱਗੇ ਕਿ ਪੰਜਾਬੀ ਦੀ ਵਰਤੋਂ ਤੋਂ ਬਿਨਾਂ ਵੀ ਉਨ੍ਹਾਂ ਦੇ ਸੌਦੇ ਵਿਕ ਸਕਦੇ ਹਨ ਤਾਂ ਉਹ ਪੰਜਾਬੀ ਨੂੰ ਤਿਲਾਂਜਲੀ ਦੇਣ ਨੂੰ ਬਹੁਤੀ ਦੇਰ ਨਹੀਂ ਲਾਉਣਗੇ। ਪਰ ਇਸ ਵੇਲੇ ਉਨ੍ਹਾਂ ਦਾ ਯੋਗਦਾਨ ਵੱਡਮੁੱਲਾ ਹੈ।

2.2.3

ਸਰਕਾਰੀ ਅਤੇ ਗੈਰ-ਸਰਕਾਰੀ ਏਜੰਸੀਆਂ ਵੱਲੋਂ ਵਰਤੋਂ

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅਜੇ ਤੱਕ ਅੰਗ੍ਰੇਜ਼ੀ ਅਤੇ ਫਰਾਂਸੀਸੀ ਤੋਂ ਇਲਾਵਾ ਕਿਸੇ ਵੀ ਹੋਰ ਬੋਲੀ ਨੂੰ ਸਰਕਾਰੀ ਤੌਰ ’ਤੇ ਕਨੇਡਾ ਵਿੱਚ ਮਾਨਤਾ ਨਹੀਂ ਦਿੱਤੀ ਗਈ। ਪਰ ਨਾਲ਼ ਹੀ ਇਹ ਵੀ ਸਚਾਈ ਹੈ ਕਿ ਏਥੋਂ ਦੀਆਂ ਹਰ ਪੱਧਰ ਦੀਆਂ ਸਰਕਾਰਾਂ, ਸਣੇ ਕੇਂਦਰੀ ਸਰਕਾਰ ਦੇ, ਕਨੇਡਾ ਦੇ ਲੋਕਾਂ ਤੱਕ ਆਪਣੀ ਜਾਣਕਾਰੀ ਪਹੁੰਚਾਉਣ ਲਈ ਉਨ੍ਹਾਂ ਦੀਆਂ ਬੋਲੀਆਂ ਦੀ ਵਰਤੋਂ ਕਰਦੀਆਂ ਹਨ। ਨਤੀਜੇ ਵਜੋਂ ਸਰਕਾਰੀ ਜਾਣਕਾਰੀ ਦੇ ਬਹੁਤ ਸਾਰੇ ਦਸਤਾਵੇਜ਼ਾਂ ਨੂੰ ਦੂਜੀਆਂ ਕਈ ਹੋਰ ਬੋਲੀਆਂ ਵਾਂਗ ਪੰਜਾਬੀ ਵਿੱਚ ਵੀ ਉਲਥਾਇਆ ਜਾਂਦਾ ਹੈ। ਕਈ ਵਾਰੀ ਵੱਖਰੇ ਵੱਖਰੇ ਕਾਰਨਾਂ ਵੱਸ ਪੰਜਾਬੀ ਵਿੱਚੋਂ ਅੰਗ੍ਰੇਜ਼ੀ ਵਿੱਚ ਵੀ ਅਨੁਵਾਦ ਕਰਵਾਇਆ ਜਾਂਦਾ ਹੈ। ਇਸ ਨਾਲ਼ ਬਹੁਤ ਸਾਰੇ ਪੰਜਾਬੀਆਂ ਲਈ ਅਨੁਵਾਦ ਵਿੱਚੋਂ ਰੋਟੀ ਰੋਜ਼ੀ ਕਮਾਉਣ ਦੇ ਮੌਕੇ ਬਣੇ ਹਨ ਅਤੇ ਇਸ ਰਾਹੀਂ ਪੰਜਾਬੀ ਦੀ ਲਿਖਤ ਦੇ ਵਿਕਾਸ ਵਿੱਚ ਬਹੁਤ ਯੋਗਦਾਨ ਪਾਇਆ ਜਾ ਰਿਹਾ ਹੈ। ਬਹੁਤ ਸਾਰੇ ਨਵੇਂ ਨਵੇਂ ਵਿਸ਼ਿਆਂ ਬਾਰੇ ਪੰਜਾਬੀ ਵਿੱਚ ਅਨੁਵਾਦ ਰਾਹੀਂ ਜਾਣਕਾਰੀ ਪਹੁੰਚ ਰਹੀ ਹੈ। ਇਸ ਹੋ ਰਹੇ ਚੰਗੇ ਕੰਮ ਵਿੱਚ ਕਈ ਵਾਰੀ ਬਹੁਤ ਕੁਝ

ਗਲਤ ਵੀ ਹੁੰਦਾ ਹੈ।[57] ਪਰ ਪੰਜਾਬੀ ਵਿੱਚ ਢੁੱਕਵੇਂ ਸ਼ਬਦਕੋਸ਼ਾਂ[58] ਦੀ ਘਾਟ ਤੇ ਤਰਸਯੋਗ ਹਾਲਤ ਕਾਰਨ ਇਸ ਗਤੀਵਿਧੀ ਵਿੱਚ ਬਹੁਤ ਮੁਸ਼ਕਿਲਾਂ ਆਉਂਦੀਆਂ ਹਨ। ਅਜੋਕੇ ਸਮੇਂ ਦੁਨੀਆ ਦੀਆਂ ਬਹੁਤੀਆਂ ਬੋਲੀਆਂ ਇਕ ਦੂਜੇ ਦੇ ਜ਼ਿਆਦਾ ਤੇ ਲਗਾਤਾਰ ਸੰਪਰਕ ਵਿਚ ਹੋਣ ਕਾਰਨ ਬੜੀ ਤੇਜ਼ੀ ਨਾਲ ਇਕ ਦੂਜੀ ਤੋਂ ਸ਼ਬਦ ਆਪਣੇ ਵਿਚ ਸਮੋ ਰਹੀਆਂ ਹਨ। ਪੰਜਾਬੀ ਵੀ ਬੜੀ ਤੇਜ਼ੀ ਨਾਲ ਅਨੇਕਾਂ ਨਵੇਂ ਸ਼ਬਦ ਲੈ ਰਹੀ ਹੈ। ਪਰ ਸਾਡੇ ਕੋਲ ਕੋਈ ਵੀ ਅਜਿਹਾ ਅਦਾਰਾ ਨਹੀਂ ਜੋ ਇਸ ਵਾਪਰ ਰਹੀ ਤਬਦੀਲੀ ਨੂੰ ਦੇਖ ਸਮਝ ਰਿਹਾ ਹੋਵੇ ਤੇ ਲੋੜ ਅਨੁਸਾਰ ਸ਼ਬਦਕੋਸ਼ਾਂ ਵਿਚ ਤਬਦੀਲੀ ਦਰਜ ਕਰ ਰਿਹਾ ਹੋਵੇ। ਅਜਿਹੀਆਂ ਸਥਿਤੀਆਂ ਵਿਚ ਕਨੇਡਾ ਵਿਚਲੇ ਅਨੁਵਾਦਕਾਂ ਨੂੰ ਕਈ ਵਾਰੀ ਅੰਗ੍ਰੇਜ਼ੀ ਦੇ ਸ਼ਬਦ ਹੀ ਵਰਤਣੇ ਪੈਂਦੇ ਹਨ ਕਿਉਂਕਿ ਸ਼ਬਦਕੋਸ਼ ਵਿੱਚੋਂ ਢੁੱਕਵੇਂ ਸ਼ਬਦ ਨਹੀਂ ਮਿਲਦੇ।

ਪੰਜਾਬੀ ਵਿੱਚ ਹੋ ਰਹੇ ਇਸ ਲਿਖਤੀ ਅਨੁਵਾਦ ਦੇ ਨਾਲ਼ ਨਾਲ਼ ਅਦਾਲਤਾਂ, ਹਸਪਤਾਲਾਂ, ਹਵਾਈ-ਅੱਡਿਆਂ ਅਤੇ ਹੋਰ ਅਨੇਕਾਂ ਅਜਿਹੀਆਂ ਥਾਂਵਾਂ 'ਤੇ ਲੋੜ ਅਨੁਸਾਰ ਅੰਗ੍ਰੇਜ਼ੀ ਨਾ ਬੋਲ ਸਕਣ ਵਾਲ਼ੇ ਲੋਕਾਂ ਨੂੰ ਉਨ੍ਹਾਂ ਦੀ ਆਪਣੀ ਬੋਲੀ ਵਿੱਚ ਸੇਵਾਵਾਂ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਸ ਨਾਲ਼ ਵੀ ਅਨੇਕਾਂ ਪੰਜਾਬੀਆਂ ਦਾ ਰੁਜ਼ਗਾਰ ਚੱਲ ਰਿਹਾ ਹੈ।

ਸਰਕਾਰੀ ਅਦਾਰਿਆਂ ਵਾਂਗ ਹੀ ਸਮਾਜਿਕ ਸੇਵਾਵਾਂ ਦੇਣ ਵਾਲ਼ੇ ਕਈ ਗੈਰ-ਸਰਕਾਰੀ ਅਦਾਰੇ, ਵਪਾਰਿਕ ਅਦਾਰੇ ਅਤੇ ਕਾਰਪੋਰੇਸ਼ਨਾਂ ਵੀ ਅੰਗ੍ਰੇਜ਼ੀ ਨਾ ਸਮਝਣ ਵਾਲ਼ੇ ਆਪਣੇ ਗਾਹਕਾਂ ਦੀ ਸੌਖ ਲਈ ਉਨ੍ਹਾਂ ਨੂੰ ਉਨ੍ਹਾਂ ਦੀਆਂ ਆਪਣੀਆਂ ਬੋਲੀਆਂ ਵਿੱਚ ਸੇਵਾਵਾਂ ਦਿੰਦੇ ਹਨ। ਇਸ ਤਰ੍ਹਾਂ ਬੈਂਕਾਂ ਅਤੇ ਵੱਡੀਆਂ ਵੱਡੀਆਂ ਬਹੁਵਿਭਾਗੀ ਦੁਕਾਨਾਂ (ਡਿਪਾਰਟਮੈਂਟ ਸਟੋਰ) ਆਪਣੀ ਲੋੜ ਪੂਰੀ ਕਰਨ ਲਈ ਅੰਗ੍ਰੇਜ਼ੀ ਦੇ ਨਾਲ਼

---

57 ਪੰਜਾਬੀ ਪਿਛੋਕੜ ਦੇ ਕਈ ਚੁਸਤ-ਚਲਾਕ ਲੋਕ ਜਿਨ੍ਹਾਂ ਦਾ ਪੰਜਾਬੀ ਨਾਲ਼ ਕੋਈ ਖਾਸ ਲੈਣਾ ਦੇਣਾ ਨਹੀਂ ਹੁੰਦਾ, ਉਹ ਏਥੋਂ ਦੇ ਸਰਕਾਰੀ ਢਾਂਚੇ ਨੂੰ ਦੂਜਿਆਂ ਨਾਲੋਂ ਛੇਤੀ ਤੇ ਵੱਧ ਵਰਤਣਾ ਸਿੱਖ ਜਾਂਦੇ ਹਨ ਤੇ ਸਰਕਾਰੀ ਮਹਿਕਮਿਆਂ ਕੋਲੋਂ ਅਨੁਵਾਦ ਦਾ ਕੰਮ ਲੈ ਕੇ ਉਹਦੇ ਪੰਜਾਬੀ ਵਿੱਚ ਅਨੁਵਾਦ ਦਾ ਪੂਰਾ ਸੱਤਿਆਨਾਸ ਕਰ ਦਿੰਦੇ ਹਨ। ਇਨ੍ਹਾਂ ਲੋਕਾਂ ਵੱਲੋਂ ਸ਼ਬਦਕੋਸ਼ਾਂ ਵਿਚੋਂ ਚੁੱਕ ਕੇ 'ਫਿੱਟ' ਕੀਤੇ ਸ਼ਬਦ ਅਕਸਰ ਜਾਂ ਤਾਂ ਅਰਥਾਂ ਦਾ ਅਨਰਥ ਕਰ ਦਿੰਦੇ ਹਨ ਜਾਂ ਪੜ੍ਹਨ ਵਾਲੇ ਦੇ ਕੁਝ ਵੀ ਪੱਲੇ ਨਹੀਂ ਪਾਉਂਦੇ। ਅਜਿਹੇ ਅਨੁਵਾਦ ਪੜ੍ਹ ਕੇ ਪੰਜਾਬੀ ਨੂੰ ਪਿਆਰ ਤੇ ਸਤਿਕਾਰ ਕਰਨ ਵਾਲੇ ਵਿਅਕਤੀ ਦਾ ਕੀ ਹਾਲ ਹੁੰਦਾ ਹੋਵੇਗਾ, ਸਹਿਜੇ ਹੀ ਅੰਦਾਜ਼ਾ ਲਾਇਆ ਸਕਦਾ ਹੈ।

58 ਪੰਜਾਬੀ ਵਿੱਚ ਬਹੁਤ ਘੱਟ ਲੋਕ ਹਨ ਜੋ ਪੰਜਾਬੀ ਦਾ ਸ਼ਬਦ 'ਸ਼ਬਦਕੋਸ਼' ਵਰਤਦੇ ਹਨ। ਇਸ ਸੰਬੰਧ ਵਿੱਚ ਸ਼ਬਦ ਡਿਕਸ਼ਨਰੀ ਹੀ ਵਰਤਿਆ ਜਾਂਦਾ ਹੈ ਤੇ ਜਦੋਂ ਵੀ ਇਸ ਸੰਬੰਧੀ ਕੋਈ ਗੱਲਬਾਤ ਕੀਤੀ ਜਾਂਦੀ ਹੈ ਤਾਂ ਉਹ ਅੰਗ੍ਰੇਜ਼ੀ ਤੇ ਪੰਜਾਬੀ ਦੇ ਸੰਬੰਧ ਵਿੱਚ ਹੀ ਹੁੰਦੀ ਹੈ। ਪੰਜਾਬੀ ਤੋਂ ਪੰਜਾਬੀ ਵਿੱਚ ਭਾਈ ਕਾਹਨ ਸਿੰਘ ਦਾ ਮਹਾਨਕੋਸ਼ ਤੇ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵੱਲੋਂ ਕਿਸੇ ਸਮੇਂ ਪੰਜ ਜਾਂ ਛੇ ਖੰਡਾਂ ਵਿੱਚ ਛਾਪਿਆ ਗਿਆ ਸ਼ਬਦਕੋਸ਼ ਹੈ। ਇਸ ਸ਼ਬਦਕੋਸ਼ ਬਾਰੇ ਬਹੁਤ ਘੱਟ ਲੋਕ ਜਾਣਦੇ ਹਨ ਤੇ ਨਾ ਹੀ ਇਹ ਆਮ ਕਿਸੇ ਪਾਸੇ ਵੇਚਿਆ ਜਾਂਦਾ ਦੇਖਿਆ ਸੁਣਿਆ ਹੈ।

ਨਾਲ਼ ਪੰਜਾਬੀ ਦੀ ਜਾਣਕਾਰੀ ਰੱਖਣ ਵਾਲਿਆਂ ਨੂੰ ਨੌਕਰੀਆਂ ਵਿੱਚ ਤਰਜੀਹ ਦਿੰਦੇ ਹਨ।

ਏਥੇ ਇੱਕ ਹੋਰ ਦਿਲਚਸਪ ਗੱਲ ਦਾ ਵੀ ਜ਼ਿਕਰ ਕੁਥਾਵਾਂ ਨਹੀਂ ਕਿ ਬਹੁਤ ਸਾਰੇ ਗੈਰ-ਪੰਜਾਬੀ ਸਿਆਸੀ ਲੋਕ ਆਪਣੇ ਆਪ ਨੂੰ ਪੰਜਾਬੀ ਭਾਈਚਾਰੇ ਦੇ ਨੇੜੇ ਦਰਸਾਉਣ ਦੀ ਖਾਹਿਸ਼ ਨਾਲ਼ ਘੱਟੋ ਘੱਟ 'ਸਤਿ ਸ੍ਰੀ ਅਕਾਲ' 'ਵਾਹਿ ਗੁਰੂ ਜੀ ਕਾ ਖਾਲਸਾ, ਵਾਹਿ ਗੁਰੂ ਜੀ ਕੀ ਫਤੇਹ' ਆਦਿ ਕਹਿਣਾ ਜ਼ਰੂਰ ਸਿੱਖ ਲੈਂਦੇ ਹਨ। ਕੁਝ ਇੱਕ ਨੇ ਤਾਂ ਪੰਜਾਬੀ ਸਿੱਖਣ ਦੀ ਗੰਭੀਰ ਕੋਸ਼ਿਸ਼ ਵੀ ਕੀਤੀ। ਉਦਾਹਰਨ ਵਜੋਂ ਵੈਨਕੂਵਰ ਦੇ 2005 ਤੋਂ 2008 ਤੱਕ ਰਹੇ ਮੇਅਰ ਸੈਮ ਸੁਲੇਮਾਨ ਨੇ ਪੰਜਾਬੀ ਸਿੱਖ ਕੇ ਇੱਕ ਵਾਰ ਆਪਣਾ ਭਾਸ਼ਣ ਪੰਜਾਬੀ ਵਿੱਚ ਦਿੱਤਾ।[59] ਏਸੇ ਤਰ੍ਹਾਂ ਦੀਆਂ ਕੋਸ਼ਿਸ਼ਾਂ ਕਰਨ ਵਾਲਿਆਂ ਵਿੱਚ ਐੱਨ ਡੀ ਪੀ (ਨਿਊ ਡੈਮੋਕਰੈਟਿਕ ਪਾਰਟੀ) ਦੀ ਸੂਅ ਹੈਮਲ ਅਤੇ ਹੋਰ ਸਿਆਸੀ ਨੇਤਾ ਹਨ। ਮਹੱਤਵਪੂਰਨ ਗੈਰ-ਪੰਜਾਬੀ ਲੋਕਾਂ ਨੂੰ ਪੰਜਾਬੀ ਬੋਲਿਦਆਂ ਸੁਣ ਕੇ ਪੰਜਾਬੀ ਪਿਛੋਕੜ ਦੇ ਸਿਆਸੀ ਨੇਤਾਵਾਂ ਨੂੰ ਵੀ, ਕਈ ਵਾਰੀ ਮਜਬੂਰੀ ਵੱਸ ਹੀ, ਥੋੜ੍ਹੀ ਬਹੁਤ ਪੰਜਾਬੀ ਬੋਲਣੀ ਪੈਂਦੀ ਹੈ ਅਤੇ ਆਪਣੀ ਬੋਲੀ ਨਾਲ਼ ਸਨੇਹ ਜਤਾਉਣਾ ਪੈਂਦਾ ਹੈ।[60] ਇਸ ਕਿਸਮ ਦੀਆਂ ਗੱਲਾਂ, ਘਟਨਾਵਾਂ ਕਨੇਡਾ ਵਸਦੇ ਪੰਜਾਬੀਆਂ ਅੰਦਰ ਪੰਜਾਬੀ ਬੋਲੀ ਵਲ ਸਤਿਕਾਰ ਪੈਦਾ ਕਰਨ ਅਤੇ ਉਸ ਨਾਲ਼ ਨੇੜਤਾ ਪੈਦਾ ਕਰਨ ਦੇ ਪੱਖ ਤੋਂ ਬਹੁਤ ਮਹੱਤਵ ਰੱਖਦੀਆਂ ਹਨ।

ਉੱਪਰਲੀ ਗੱਲਬਾਤ ਦਾ ਭਾਵ ਇਹ ਦਰਸਾਉਣਾ ਹੀ ਹੈ ਕਿ ਆਮ ਧਾਰਨਾ ਤੋਂ ਉਲਟ ਏਥੇ ਰਹਿ ਰਹੇ ਪੰਜਾਬੀ ਆਪਣੀ ਬੋਲੀ ਨੂੰ ਮਾਣ ਦੇ ਅਤੇ ਦੁਆ ਰਹੇ ਹਨ ਅਤੇ ਜਿੱਥੇ ਵੀ ਸੰਭਵ ਹੋਵੇ ਵਰਤ ਰਹੇ ਹਨ। ਆਪਣੀਆਂ ਇਨ੍ਹਾਂ ਕੋਸ਼ਿਸ਼ਾਂ ਨਾਲ਼ ਲੋਕਾਂ ਨੇ ਪੰਜਾਬੀ ਬੋਲੀ ਨੂੰ ਆਪਣੀ ਆਰਿਥਕਤਾ ਨਾਲ਼ ਇਸ ਕਦਰ ਜੋੜ ਲਿਆ ਹੈ ਜਿਸ ਦੀ ਮਿਸਾਲ ਸ਼ਾਇਦ ਹੋਰ ਕਿਤੇ ਨਾ ਮਿਲਦੀ ਹੋਵੇ। ਪਰ ਜਿਸ ਹੱਦ ਤੱਕ ਪੰਜਾਬੀ ਨੂੰ ਆਰਿਥਕਤਾ ਨਾਲ਼ ਜੋੜਨ ਦਾ ਪਿਛਲੇ ਕੁਝ ਸਮੇਂ ਤੋਂ ਮੌਕਾ ਰਿਹਾ ਹੈ ਉਸ ਤੋਂ ਪੰਜਾਬੀਆਂ ਨੇ ਪੂਰਾ ਫਾਇਦਾ ਨਹੀਂ ਉਠਾਇਆ। ਬਹੁਤ ਸਾਰੇ ਅਜਿਹੇ ਖੇਤਰ ਹਨ ਜਿੱਥੇ ਪੰਜਾਬੀ

---

59 ਵੈਨਕੂਵਰ ਦੇ ਮੇਅਰ (2012-14) ਕਰੇਗ ਰੌਬਰਟਸਨ ਨੇ ਪੰਜਾਬੀ ਤਾਂ ਸ਼ਾਇਦ ਏਨੀ ਨਹੀਂ ਸਿੱਖੀ ਪਰ ਉਹ ਭੰਗੜੇ ਨਾਲ਼ ਢੋਲ ਬਹੁਤ ਸੋਹਣਾ ਵਜਾਉਂਦਾ ਹੈ।

60 ਇਸ ਦੀ ਇੱਕ ਦਿਲਚਸਪ ਉਦਾਹਰਨ ਉਦੋਂ ਦੇਖਣ ਨੂੰ ਮਿਲੀ ਜਦੋਂ ਮਈ 2005 ਵਿੱਚ ਉਸ ਵੇਲੇ ਪੰਜਾਬ ਦਾ ਮੁੱਖ ਮੰਤਰੀ ਰਾਜਾ ਅਮਰਿੰਦਰ ਸਿੰਘ ਕਨੇਡਾ ਆਇਆ ਸੀ। ਟੋਰਾਂਟੋ ਦੇ ਪਰਵਾਸੀ ਅਖਬਾਰ ਵੱਲੋਂ ਕੀਤੇ ਇੱਕ ਸਮਾਗਮ ਵਿੱਚ ਆਪਣੇ ਚਾਲੀ ਪੰਤਾਲੀ ਮਿੰਟ ਦੇ ਭਾਸ਼ਣ ਵਿੱਚ ਉਸ ਨੇ ਇੱਕ ਵੀ ਸ਼ਬਦ ਪੰਜਾਬੀ ਦਾ ਨਾ ਬੋਲਿਆ। ਉਹਦੀ ਮਾੜੀ ਕਿਸਮਤ ਨੂੰ ਉਸ ਤੋਂ ਪਹਿਲਾਂ ਸਟੇਜ ਤੋਂ ਬੋਲ ਕੇ ਗਏ ਔਨਟੈਰੀਓ ਦੇ ਮੁੱਖ ਮੰਤਰੀ ਸ੍ਰੀ ਮੈਗਿੰਨਟੀ ਨੇ ਆਪਣੇ ਭਾਸ਼ਣ ਨੂੰ ਸ਼ੁਰੂ ਵੀ ਸਤਿ ਸ੍ਰੀ ਅਕਾਲ ਨਾਲ਼ ਕੀਤਾ, ਵਿਚਾਲੇ ਵੀ ਕੁਝ ਸ਼ਬਦ ਪੰਜਾਬੀ ਦੇ ਬੋਲਣ ਦੀ ਕੋਸ਼ਿਸ਼ ਕੀਤੀ ਅਤੇ ਅੰਤ ਵੀ ਏਸੇ ਤਰ੍ਹਾਂ ਹੀ ਕੀਤਾ। ਰਾਜੇ ਦੇ ਬੋਲਣ ਬਾਅਦ ਕੁਝ ਸ੍ਰੋਤਿਆਂ ਵੱਲੋਂ ਇਤਰਾਜ਼ ਕੀਤਾ ਗਿਆ। ਪਟਿਆਲੇ ਆਲਾ ਪੰਜਾਬੀ ਰਾਜਾ ਮੁੜ ਕੇ ਸਟੇਜ 'ਤੇ ਆਇਆ ਅਤੇ ਦਸ ਪੰਦਰਾਂ ਮਿੰਟ ਪੰਜਾਬੀ ਵਿੱਚ ਬੋਲ ਕੇ ਗਿਆ ਅਤੇ ਦੱਸ ਕੇ ਗਿਆ ਕਿ ਉਹਦਾ ਪੰਜਾਬੀ ਨਾਲ਼ ਕਿੰਨਾ ਮੋਹ ਹੈ। (ਖੁਦ ਦੇਖਿਆ ਵਾਕਿਆ)

ਜੇ ਕਿਸੇ ਹੋਰ ਤਰੀਕੇ ਨਾਲ਼ ਨਹੀਂ ਤਾਂ ਘੱਟੋ ਘੱਟ ਖਪਤਕਾਰਾਂ ਵਜੋਂ ਆਪਣੀ ਸ਼ਕਤੀ ਦਾ ਉਪਯੋਗ ਕਰ ਕੇ ਪੰਜਾਬੀ ਵਾਸਤੇ ਬਹੁਤ ਕੁਝ ਪ੍ਰਾਪਤ ਕਰ ਸਕਦੇ ਹਨ।

3.

ਕਨੇਡਾ ਵਿੱਚ ਪੰਜਾਬੀ ਭਾਸ਼ਾ ਨੂੰ ਸਾਂਭਣ ਦੀ ਲੋੜ

3.1

ਅਗਲੀਆਂ ਪੀੜ੍ਹੀਆਂ ਨਾਲ਼ ਰਿਸ਼ਤਾ

ਜਦੋਂ ਅਸੀਂ ਬੀ ਸੀ ਜਾਂ ਕਨੇਡਾ ਵਿੱਚ ਭਾਸ਼ਾ ਦੀ ਸੰਭਾਲ ਅਤੇ ਵਿਕਾਸ ਦੀ ਗੱਲ ਕਰਦੇ ਹਾਂ ਤਾਂ ਅਸਲ ਵਿੱਚ ਅਸੀਂ ਕਨੇਡਾ ਵਿੱਚ ਜੰਮਣ ਪਲ਼ਣ ਵਾਲ਼ੀਆਂ ਅਗਲੀਆਂ ਪੀੜ੍ਹੀਆਂ ਦੇ ਪੰਜਾਬੀ ਨਾਲ਼ ਰਿਸ਼ਤੇ ਬਾਰੇ ਗੱਲ ਕਰ ਰਹੇ ਹੁੰਦੇ ਹਾਂ ਜਾਂ ਕਰਨੀ ਚਾਹੀਦੀ ਹੈ। ਸਾਫ ਸ਼ਬਦਾਂ ਵਿੱਚ ਕਨੇਡਾ ਵਿੱਚ ਪੰਜਾਬੀ ਭਾਸ਼ਾ ਦੇ ਭਵਿੱਖ ਦਾ ਮਸਲਾ ਮੁੱਖ ਤੌਰ ਉੱਤੇ ਅਗਲੀਆਂ ਪੀੜ੍ਹੀਆਂ ਨਾਲ਼ ਪੰਜਾਬੀ ਦਾ ਡੂੰਘਾ ਰਿਸ਼ਤਾ ਜੋੜਨ ਨਾਲ਼ ਸੰਬੰਧ ਰੱਖਦਾ ਹੈ। ਆਵਾਸੀਆਂ ਦੇ ਸੱਭਿਆਚਾਰ ਅਤੇ ਭਾਸ਼ਾ ਸੰਬੰਧੀ ਖੋਜ ਦੇ ਆਧਾਰ ਉੱਤੇ ਇਹ ਮੰਨਿਆ ਜਾਂਦਾ ਰਿਹਾ ਹੈ ਕਿ ਜੇ ਘਟ ਗਿਣਤੀ ਸੱਭਿਆਚਾਰ ਅਤੇ ਭਾਸ਼ਾ ਨੂੰ ਯੋਗ ਉਤਸ਼ਾਹ ਅਤੇ ਸਹਾਇਤਾ ਨਾ ਮਿਲ਼ੇ ਤਾਂ ਉਹ ਤਿੰਨ ਪੀੜ੍ਹੀਆਂ ਵਿੱਚ ਵੱਡੇ ਸਮਾਜ ਦਾ ਹਿੱਸਾ ਬਣ ਜਾਂਦੇ ਹਨ।[61] ਦੂਜੇ ਸ਼ਬਦਾਂ ਵਿੱਚ, ਬੇਆਸਰੀ ਬੋਲੀ ਅਤੇ ਸੱਭਿਆਚਾਰ ਤਿੰਨ ਪੀੜ੍ਹੀਆਂ ਵਿੱਚ ਆਪਣੀ ਹੋਂਦ ਗਵਾ ਦਿੰਦੇ ਹਨ। ਪਰ ਆਵਾਜਾਈ ਅਤੇ ਸੰਚਾਰ ਵਿੱਚ ਹੋ ਰਹੀਆਂ ਨਵੀਆਂ ਤਕਨੀਕੀ ਈਜਾਦਾਂ ਅਤੇ ਭਾਸ਼ਾ ਤੇ ਸੱਭਿਆਚਾਰ ਸੰਬੰਧੀ ਨਵੀਆਂ ਖੋਜਾਂ ਨੂੰ ਧਿਆਨ ਵਿੱਚ ਰੱਖਦਿਆਂ ਇਹ ਕਿਆਸ ਕੀਤਾ ਜਾ ਸਕਦਾ ਹੈ ਕਿ ਤਿੰਨ ਪੀੜ੍ਹੀਆਂ ਵਿੱਚ ਬੋਲੀ ਦੇ ਖਤਮ ਹੋਣ ਵਾਲ਼ੀ ਹੋਣੀ ਪੰਜਾਬੀ ਨਾਲ਼ ਨਹੀਂ ਵਾਪਰੇਗੀ। ਹੁਣ ਅਸੀਂ ਪੰਜਾਬੀ ਬੋਲੀ ਦੇ ਸੋਮੇ ਪੰਜਾਬ ਤੋਂ ਦੂਰ ਹੋ ਕੇ ਵੀ, ਦੂਰ ਨਹੀਂ ਹਾਂ। ਟੈਲੀਫੋਨ, ਟੈਲੀਵਿਯਨ ਅਤੇ ਸੁਖਾਲੇ ਹਵਾਈ ਸਫਰ ਨੇ ਸਾਡੀ ਦੂਰੀ ਕਾਫੀ ਹੱਦ ਤੱਕ ਘਟਾ ਦਿੱਤੀ ਹੈ। ਕੰਪਿਊਟਰ ਦੇ ਵਿਕਾਸ ਨਾਲ਼ ਇੰਟਰਨੈੱਟ ਰਾਹੀਂ ਇਹ ਦੂਰੀ ਹੋਰ ਵੀ ਤੇਜ਼ੀ ਨਾਲ਼ ਘਟ ਰਹੀ ਹੈ।[62] ਪਰ ਫੇਰ ਵੀ ਜੇ ਅਸੀਂ ਕਨੇਡਾ ਵਿੱਚ ਜੰਮਪਲ਼ ਰਹੀਆਂ ਅਗਲੀਆਂ ਪੀੜ੍ਹੀਆਂ ਦਾ ਪੰਜਾਬੀ ਬੋਲੀ ਨਾਲ਼ ਕੋਈ ਨੇੜਲਾ ਰਿਸ਼ਤਾ (ਵਿਸ਼ੇਸ਼ ਕਰ ਕੇ ਪੜ੍ਹਨ ਲਿਖਣ ਦੀ ਯੋਗਤਾ) ਸਥਾਪਿਤ ਕਰਨ

---

[61] Joshua Fishman, Language and Ethnicity, Multilingual Matters, 1989.

[62] ਸਗੋਂ ਹੁਣ ਤਾਂ ਫੇਸਬੁੱਕ ਵਰਗੇ ਸਮਾਜਿਕ ਅਦਾਰਿਆਂ ਰਾਹੀਂ ਪੂਰੀ ਦੁਨੀਆ ਵਿੱਚ ਖਿਲਰੇ ਪੰਜਾਬੀਆਂ ਦਰਮਿਆਨ ਜਿਸ ਕਿਸਮ ਦਾ ਨੇੜੇ ਦਾ ਰਿਸ਼ਤਾ ਬਣ ਰਿਹਾ ਹੈ, ਇਸ ਦਾ ਕਦੇ ਪਹਿਲਾਂ ਸੁਪਨਾ ਵੀ ਨਹੀਂ ਸੀ ਲਿਆ ਜਾ ਸਕਦਾ। ਤਕਨੌਲੋਜੀ ਨਾਲ਼ ਸੰਭਵ ਹੋ ਰਹੀਆਂ ਇਨ੍ਹਾਂ ਨਵੀਆਂ ਸਥਿਤੀਆਂ ਨੇ ਪੰਜਾਬੀ ਬੋਲੀ ਦੇ ਵਿਕਾਸ ਵਾਸਤੇ ਵੀ ਅਨੇਕਾਂ ਨਵੇਂ ਦਰਵਾਜ਼ੇ ਖੋਲ੍ਹ ਦਿੱਤੇ ਹਨ ਅਤੇ ਨਿੱਤ ਨਵੇਂ ਖੁੱਲ੍ਹ ਰਹੇ ਹਨ। ਹਾਂ ਇਸ ਨਾਲ਼ ਬੋਲੀ ਦਾ ਕਿਸ ਹੱਦ ਤੱਕ ਅਤੇ ਕਿਸ ਦਿਸ਼ਾ ਵਲ ਵਿਕਾਸ ਹੋਵੇਗਾ, ਇਹ ਵਿਚਾਰੇ ਜਾਣ ਵਾਲੇ ਵਿਸ਼ੇ ਹਨ।

ਵਿੱਚ ਕਾਮਯਾਬ ਨਾ ਹੋਏ ਤਾਂ ਤਕਨੀਕੀ ਵਿਕਾਸ, ਭਾਸ਼ਾ ਅਤੇ ਸੱਭਿਆਚਾਰ ਦੀ ਨਵੀਂ ਸੂਝ ਨਾਲ਼ ਪੈਣ ਵਾਲ਼ੇ ਚੰਗੇ ਅਸਰਾਂ ਤੋਂ ਕੋਈ ਬਹੁਤਾ ਫਾਇਦਾ ਨਹੀਂ ਉਠਾਇਆ ਜਾ ਸਕੇਗਾ।

ਪੰਜਾਬੀਆਂ ਦੀ ਸੰਘਣੀ ਵਸੋਂ ਵਾਲ਼ੇ ਕੁਝ ਇਲਾਕਿਆਂ ਵਿੱਚ ਜੰਮ-ਪਲ਼ ਰਹੇ ਬੱਚੇ ਕਾਫੀ ਹੱਦ ਤੱਕ ਸਾਧਾਰਨ ਪੰਜਾਬੀ ਬੋਲ ਤੇ ਸਮਝ ਸਕਦੇ ਹਨ। ਏਥੇ ਚਿਰਾਂ ਤੋਂ ਵਸਦੇ ਬਹੁਤ ਸਾਰੇ ਮਾਪਿਆਂ ਵਿੱਚ ਪੰਜਾਬੀ ਪ੍ਰਤੀ ਹੀਣਤਾ ਦਾ ਅਹਿਸਾਸ ਤੇਜ਼ੀ ਨਾਲ਼ ਖਤਮ ਹੋ ਰਿਹਾ ਹੈ ਅਤੇ ਉਹ ਕੋਸ਼ਿਸ਼ ਕਰ ਰਹੇ ਹਨ ਕਿ ਬੱਚਿਆਂ ਨਾਲ਼ ਘਰਾਂ ਅੰਦਰ ਪੰਜਾਬੀ ਬੋਲਣ। ਪੰਜਾਬ ਤੋਂ ਨਵੇਂ ਆ ਰਹੇ ਲੋਕ ਇਸ ਬਾਰੇ ਓਨਾ ਫਿਕਰਮੰਦ ਨਹੀਂ ਜਾਪਦੇ। ਇਸ ਮਸਲੇ ਬਾਰੇ ਜ਼ਿਆਦਾ ਡੂੰਘਾਈ ਨਾਲ਼ ਸੋਚਣ ਦੀ ਥਾਂ ਬਹੁਤੇ ਪੰਜਾਬੀ ਇਹ ਮਹਿਸੂਸ ਕਰਦੇ ਹਨ ਕਿ ਜੇ ਸਾਡੇ ਬੱਚੇ ਬੋਲਚਾਲ ਦੀ ਪੱਧਰ 'ਤੇ ਪੰਜਾਬੀ ਦੀ ਵਰਤੋਂ ਕਰਨ ਲੱਗ ਪੈਣ ਤਾਂ ਉਹ ਕਾਫੀ ਹੈ। ਉਹ ਸਮਝਦੇ ਹਨ ਕਿ ਕਨੇਡਾ ਵਿੱਚ ਸਕੂਲੀ ਵਿੱਦਿਆ ਦੌਰਾਨ ਅੰਗ੍ਰੇਜ਼ੀ ਤੋਂ ਬਾਅਦ ਜੇ ਕੋਈ ਦੂਜੀ ਬੋਲੀ ਪੜ੍ਹਾਈ ਹੀ ਜਾਣੀ ਹੈ ਤਾਂ ਉਨ੍ਹਾਂ ਦੇ ਬੱਚਿਆਂ ਲਈ ਫਰਾਂਸੀਸੀ, ਸਪੇਨੀ ਜਾਂ ਕੋਈ ਹੋਰ ਭਾਸ਼ਾ ਬਿਹਤਰ ਰਹੇਗੀ। ਕਨੇਡਾ ਵਿੱਚ ਰਹਿਣ ਲਈ ਉਹ ਆਪਣਾ ਧਰਮ, ਖਾਣਾ, ਪਹਿਰਾਵਾ, ਰਸਮ, ਰਿਵਾਜ ਵਾਹ ਲੱਗਦੀ ਛੱਡਣ ਨੂੰ ਤਿਆਰ ਨਹੀਂ, ਪਰ ਜਦ ਬੋਲੀ ਦੀ ਗੱਲ ਆਉਂਦੀ ਹੈ, ਤਾਂ ਕਾਫੀ ਲੋਕ ਇਸ ਨੂੰ ਬੇਲੋੜਾ ਸਮਝਦੇ ਹਨ। ਕਿਸੇ ਵੀ ਸੱਭਿਆਚਾਰ ਦੇ ਵਿਕਾਸ ਵਾਸਤੇ ਉਸ ਸੱਭਿਆਚਾਰ ਦੀ ਬੋਲੀ ਦੀ ਮਹੱਤਤਾ ਨੂੰ ਨਾ ਪਛਾਨਣਾ ਬਹੁਤ ਵੱਡੀ ਭੁੱਲ ਹੈ। ਇਹ ਵੀ ਸਚਾਈ ਹੈ ਕਿ ਬੋਲੀ ਨਾਲ਼ ਅਸਲੀ ਰਿਸ਼ਤਾ ਉਸ ਨੂੰ ਪੜ੍ਹਨ ਲਿਖਣ ਨਾਲ਼ ਹੀ ਕਾਇਮ ਰਹਿ ਸਕਦਾ ਹੈ ਕਿਉਂਕਿ "ਜੋ ਬੋਲੀ ਲਿਖੀ-ਪੜ੍ਹੀ ਨਹੀਂ ਜਾਂਦੀ, ਉਸ ਦਾ ਨਾ ਤਾਂ ਕੋਈ ਸਾਹਿਤ ਅਤੇ ਨਾ ਹੀ ਇਤਿਹਾਸ ਹੁੰਦਾ ਹੈ। ਇਨ੍ਹਾਂ ਦੋਹਾਂ ਤੋਂ ਬਗੈਰ ਕੋਈ ਵੀ ਸੱਭਿਆਚਾਰ ਬਹੁਤੀ ਦੇਰ ਤੱਕ ਜਿਉਂਦਾ ਨਹੀਂ ਰਹਿ ਸਕਦਾ।"[63] ਡਾ: ਸਰਬਜੀਤ ਸਿੰਘ ਵੱਲੋਂ ਵੀ ਆਪਣੇ ਲੇਖ, ਅਜਿਹੇ ਵਿਚਾਰ ਸਾਂਝੇ ਕੀਤੇ ਗਏ ਹਨ: "ਜਿਹੜੀ ਵੀ ਭਾਸ਼ਾ ਸਿਰਫ ਬੋਲ-ਚਾਲ ਤੱਕ ਸੀਮਤ ਰਹੇਗੀ, ਉਹ ਦੇਰ ਸਵੇਰ ਖਤਮ ਹੋ ਜਾਵੇਗੀ"।[64] ਤੇ ਜੇ ਬਾਹਰ ਵਸਦੇ ਪੰਜਾਬੀਆਂ ਨੇ ਆਪਣੀ ਬੋਲੀ ਨੂੰ ਸਿਰਫ ਬੋਲਚਾਲ ਤੱਕ ਸੀਮਤ ਰੱਖਿਆ ਤਾਂ ਆਉਣ ਵਾਲੇ ਸਮੇਂ ਵਿੱਚ ਇਸ ਦੀ ਹੋਂਦ ਖਤਰੇ ਵਿੱਚ ਪੈ ਸਕਦੀ ਹੈ।[65]

---

63 ਡਾ: ਗੁਰੂਮੇਲ ਸਿੱਧੂ, *'ਪੰਜਾਬੀ ਬੋਲੀ ਅਤੇ ਸੱਭਿਆਚਾਰ ਨੂੰ ਕਿਵੇਂ ਬਚਾਇਆ ਜਾਵੇ'- ਇੰਡੋ-ਕਨੇਡੀਅਨ ਟਾਈਮਜ਼. ਅਪਰੈਲ 2-8, 2009, ਸਫਾ 59 ।*

64 ਡਾ: ਸਰਬਜੀਤ ਸਿੰਘ, 'ਪੰਜਾਬੀ ਭਾਸ਼ਾ: ਵਰਤਮਾਨ ਅਤੇ ਭਵਿੱਖ', ਅਲੋਚਨਾ, ਪੰਜਾਬੀ ਭਾਸ਼ਾ ਵਿਸ਼ੇਸ਼ ਅੰਕ, ਅਪ੍ਰੈਲ-ਸਤੰਬਰ 2008, ਸਫਾ 109.

65 ਡਾ: ਗੁਰੂਮੇਲ ਸਿੱਧੂ ਅਨੁਸਾਰ: "ਇਸ ਪੱਖ - ਪੰਜਾਬੀ ਬੋਲੀ ਨੂੰ ਬੋਲਣਾ ਅਤੇ ਸਮਝਣਾ ਹੀ ਕਾਫੀ ਹੈ, ਇਸ ਨੂੰ ਲਿਖਣ ਪੜ੍ਹਨ ਦੀ ਲੋੜ ਨਹੀਂ - ਦੇ ਹਿੱਤ ਵਿੱਚ ਦਲੀਲ ਇਹ ਦਿੱਤੀ ਜਾਂਦੀ ਹੈ ਕਿ ਨਵੀਂ ਪੀੜ੍ਹੀ ਕਿੱਤੇ ਦੀ ਲੋੜ ਅਨੁਸਾਰ ਜ਼ਬਾਨੀ-ਕਲਾਮੀ ਦੋ-ਭਾਸ਼ੀਆ ਦੇ ਤੌਰ 'ਤੇ ਕਾਮਯਾਬੀ ਨਾਲ਼ ਕੰਮ ਕਰ ਰਹੀ ਹੈ। ਪਰ ਨਵੀਂ ਪੀੜ੍ਹੀ ਦੀ ਬੋਲਚਾਲ ਦੀ ਪੰਜਾਬੀ ਉੱਤੇ ਅੰਗ੍ਰੇਜ਼ੀ ਭਾਸ਼ਾ ਦੇ ਉਚਾਰਨ ਦਾ ਪ੍ਰਭਾਵ ਹੈ ਅਤੇ ਜੋ ਟੁੱਟੀ-ਫੁੱਟੀ ਪੰਜਾਬੀ ਬੋਲੀ ਵੀ ਜਾਂਦੀ ਹੈ

ਇੱਥੇ ਇਹ ਗੱਲ ਕਹਿ ਦੇਣੀ ਜ਼ਰੂਰੀ ਹੈ ਕਿ ਕਨੇਡਾ ਵਿੱਚ ਰਹਿ ਰਹੇ ਪੰਜਾਬੀਆਂ ਤੋਂ ਕੋਈ ਇਸ ਗੱਲ ਦੀ ਮੰਗ ਨਹੀਂ ਕਰ ਰਿਹਾ ਤੇ ਨਾ ਹੀ ਆਸ ਰੱਖ ਰਿਹਾ ਹੈ ਕਿ ਉਹ ਆਪਣੇ ਬੱਚਿਆਂ ਦੀ ਮੁੱਢਲੀ ਪੜ੍ਹਾਈ ਮਾਂ-ਬੋਲੀ ਪੰਜਾਬੀ ਵਿੱਚ ਕਰਵਾਉਣ, ਭਾਵੇਂ ਭਾਸ਼ਾ ਸੰਬੰਧੀ ਖੋਜ ਇਹ ਕਹਿੰਦੀ ਹੈ ਕਿ ਬੱਚਿਆਂ ਦੀ ਮੁੱਢਲੀ ਸਿਖਲਾਈ ਉਨ੍ਹਾਂ ਦੀ ਮਾਂ-ਬੋਲੀ ਵਿੱਚ ਹੋਣੀ ਚਾਹੀਦੀ ਹੈ। ਇਸ ਗੱਲ ਤੋਂ ਕੋਈ ਵੀ ਨਾਬਰ ਨਹੀਂ ਹੈ ਕਿ ਪੰਜਾਬੀ ਬੱਚਿਆਂ ਵਾਸਤੇ ਇਸ ਮੁਲਕ ਵਿੱਚ ਕਾਮਯਾਬ ਹੋਣ ਲਈ ਅੰਗ੍ਰੇਜ਼ੀ ਵਿੱਚ ਦੂਜੇ ਲੋਕਾਂ ਦੇ ਬਰਾਬਰ ਹੀ ਨਹੀਂ ਸਗੋਂ ਉਨ੍ਹਾਂ ਨਾਲੋਂ ਬਿਹਤਰ ਹੋਣਾ ਜ਼ਰੂਰੀ ਹੈ। ਪਰ ਜਦ ਗੱਲ ਦੂਜੀ ਭਾਸ਼ਾ ਦੀ ਪੜ੍ਹਾਈ ਦੀ ਆਉਂਦੀ ਹੈ ਤਾਂ ਪੰਜਾਬੀ ਨੂੰ ਕਿਉਂ ਪਿੱਛੇ ਰੱਖਿਆ ਜਾਵੇ? ਪੰਜਾਬੀ ਕਿਉਂ ਨਾ ਫਰਾਂਸੀਸੀ, ਸਪੇਨੀ ਜਾਂ ਦੂਜੀਆਂ ਭਾਸ਼ਾਵਾਂ ਵਾਂਗ ਸਕੂਲਾਂ ਵਿੱਚ ਪੜ੍ਹਾਈ ਜਾਵੇ? ਇਨ੍ਹਾਂ ਸਵਾਲਾਂ ਦੇ ਅਨੇਕਾਂ ਪਸਾਰ ਹਨ ਅਤੇ ਇਨ੍ਹਾਂ ਨੂੰ ਵੱਖ ਵੱਖ ਕੋਣਾਂ ਤੋਂ ਵਿਚਾਰਨ ਦੀ ਜ਼ਰੂਰਤ ਹੈ। ਇਨ੍ਹਾਂ ਸਵਾਲਾਂ ਦੇ ਜਵਾਬਾਂ ਨੇ ਹੀ ਕਨੇਡਾ ਵਿੱਚ ਪੰਜਾਬੀ ਵਾਸਤੇ ਕੋਸ਼ਿਸ਼ ਨੂੰ ਸੇਧ ਦੇਣੀ ਹੈ ਅਤੇ ਇਸ ਦਾ ਰੂਪ ਨਿਰਧਾਰਿਤ ਕਰਨਾ ਹੈ।

ਜਦੋਂ ਅਸੀਂ ਕਨੇਡਾ ਵਿੱਚ ਪੰਜਾਬੀ ਬੋਲੀ ਦੇ ਸਥਾਨ ਅਤੇ ਇਸ ਦੀ ਸਾਂਭ ਤੇ ਵਿਕਾਸ ਦੀ ਗੱਲ ਕਰਦੇ ਹਾਂ ਤਾਂ ਅਸੀਂ ਇਸ ਸਮਾਜ ਵੱਲੋਂ ਮਿਲ਼ੇ ਹੱਕਾਂ ਅੰਦਰ ਰਹਿ ਕੇ ਹੀ ਗੱਲ ਕਰਦੇ ਹਾਂ ਜਾਂ ਕਰਨੀ ਚਾਹੀਦੀ ਹੈ। ਏਥੇ ਸਾਨੂੰ ਇਹ ਹੱਕ ਵੀ ਹੈ ਕਿ ਜੇ ਕੋਈ ਕਾਨੂੰਨ ਜਾਂ ਸਮਾਜ ਦੀ ਕੋਈ ਹੋਰ ਚੀਜ਼ ਵਿੱਚ ਕਿਸੇ ਨਾਲ਼ ਵਧੀਕੀ ਹੁੰਦੀ ਹੋਵੇ ਜਾਂ ਸਮਾਜ ਵਿੱਚ ਸਾਰਿਆਂ ਨੂੰ ਬਰਾਬਰਤਾ ਵਾਲਾ ਸਲੂਕ ਨਾ ਮਿਲੇ ਤਾਂ ਅਸੀਂ ਉਸ ਵਿਰੁੱਧ ਆਵਾਜ਼ ਉਠਾ ਸਕਦੇ ਹਾਂ। ਅਸੀਂ ਹਰ ਰੋਜ਼ ਇਹ ਗੱਲ ਦੁਹਰਾਉਂਦੇ ਹਾਂ ਕਿ ਕਨੇਡਾ ਦਾ ਬਹੁ-ਸੱਭਿਆਚਾਰਕ ਢਾਂਚਾ ਬਹੁਤ ਵਧੀਆ ਹੈ ਪਰ ਜੇ ਇਸ ਬਹੁ-ਸੱਭਿਆਚਾਰਕ ਢਾਂਚੇ ਵਿੱਚ ਦੂਜੇ ਸੱਭਿਆਚਾਰਾਂ ਦੀਆਂ ਬੋਲੀਆਂ ਨੂੰ ਕੋਈ ਮਾਨਤਾ ਨਹੀਂ ਦਿੱਤੀ ਜਾਂਦੀ ਤਾਂ ਇਹ ਅਸਲੀ ਅਰਥਾਂ ਵਿੱਚ ਇੱਕ ਬਹੁ-ਸੱਭਿਆਚਾਰਕ ਮੁਲਕ ਨਹੀਂ ਅਖਵਾ ਸਕਦਾ। ਜਿਸ ਤਰ੍ਹਾਂ ਸਿੱਖ ਧਰਮ ਹੁਣ ਕੋਈ ਵਿਦੇਸ਼ੀ ਧਰਮ ਨਹੀਂ ਹੈ ਸਗੋਂ ਕਨੇਡਾ ਦੇ ਸ਼ਹਿਰੀਆਂ ਦਾ ਧਰਮ ਹੈ ਇਸੇ ਤਰ੍ਹਾਂ ਪੰਜਾਬੀ ਬੋਲੀ ਵੀ ਕਨੇਡਾ ਦੇ ਸ਼ਹਿਰੀਆਂ ਦੀ ਬੋਲੀ ਹੈ ਅਤੇ ਇਸ ਨੂੰ ਕਨੇਡੀਅਨ ਬੋਲੀ ਦੇ ਤੌਰ 'ਤੇ ਮਾਨਤਾ ਮਿਲਣੀ ਚਾਹੀਦੀ ਹੈ। ਕਨੇਡੀਅਨ ਸ਼ਹਿਰੀ ਹੋਣ ਵਜੋਂ ਅਸੀਂ ਇਸ ਦੀ ਮੰਗ ਕਰ ਸਕਦੇ ਹਾਂ ਤੇ ਸਾਨੂੰ ਖੁੱਲ੍ਹ ਕੇ ਕਰਨੀ ਚਾਹੀਦੀ ਹੈ।

ਬੀ ਸੀ ਦੇ ਪੰਜਾਬੀਆਂ ਨੇ ਇਸ ਨਜ਼ਰੀਏ ਨਾਲ਼ ਮੰਗ ਕੀਤੀ ਕਿ ਪੰਜਾਬੀ ਬੋਲੀ ਨੂੰ ਇਸ ਦਾ ਬਣਦਾ ਸਥਾਨ ਮਿਲ਼ੇ। ਇਨ੍ਹਾਂ ਵੱਲੋਂ 1990ਵਿਆਂ ਦੇ ਸ਼ੁਰੂ ਵਿੱਚ ਇਸ ਨਜ਼ਰੀਏ ਤੱਕ ਪਹੁੰਚਣਾ ਇੱਕ ਮਹੱਤਵਪੂਰਨ ਕਦਮ ਸੀ। ਇਸ ਵਾਸਤੇ ਪਹਿਲਾਂ ਖੁਦ ਇਹ ਗੱਲ ਮੰਨਣੀ ਜ਼ਰੂਰੀ ਹੈ ਕਿ ਪੰਜਾਬੀ ਕਨੇਡਾ ਦੀ ਇੱਕ ਬੋਲੀ ਹੈ ਅਤੇ ਇਸ ਨੂੰ

ਉਸ ਵਿੱਚ ਬਹੁਤੇ ਸ਼ਬਦ ਅੰਗ੍ਰੇਜ਼ੀ ਦੇ ਹੁੰਦੇ ਹਨ। ਸਿੱਧ ਹੈ ਕਿ ਨਵੀਂ ਪੀੜ੍ਹੀ ਦੇ ਬੱਚੇ ਉਸ ਤੋਂ ਇਹੋ ਜਿਹੀ ਬੇਰੜਾ (Hybrid) ਪੰਜਾਬੀ ਹੀ ਸਿੱਖਣਗੇ। ਇਸ ਤਰ੍ਹਾਂ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਪੰਜਾਬੀ ਦੇ ਸ਼ਬਦ ਘਟਦੇ ਜਾਣਗੇ ਅਤੇ ਅੰਗ੍ਰੇਜ਼ੀ ਦੇ ਵਧੇ ਜਾਣਗੇ, ਦੋ ਕੁ ਪੀੜ੍ਹੀਆਂ ਤੋਂ ਬਾਅਦ ਪੰਜਾਬੀ ਦਾ ਭੋਗ ਪੈ ਜਾਵੇਗਾ।"

ਪੜ੍ਹਾਉਣ ਦੀ ਜ਼ੁੰਮੇਵਾਰੀ ਸਿਰਫ ਮਾਪਿਆਂ ਜਾਂ ਭਾਈਚਾਰੇ ਦੀ ਨਹੀਂ, ਸਰਕਾਰ ਜਾਂ ਸਟੇਟ ਦੀ ਵੀ ਹੈ। ਬੀ ਸੀ ਵਿੱਚ ਇਸ ਨਜ਼ਰੀਏ ਨਾਲ਼ ਕੀਤੀ ਜੱਦੋਜਹਿਦ ਦੇ ਸਿੱਟੇ ਵਜੋਂ ਅਤੇ ਉਸ ਸਮੇਂ ਦੀ ਸਰਕਾਰ ਵਿੱਚ ਪੰਜਾਬੀਆਂ ਦੀ ਪੁੱਛ ਗਿੱਛ ਹੋਣ ਕਾਰਨ 1994 ਵਿੱਚ ਸਰਕਾਰ ਨੇ ਪੰਜਾਬੀ ਨੂੰ ਦੂਜੀ ਭਾਸ਼ਾ ਵਜੋਂ ਪੜ੍ਹਾਈਆਂ ਜਾਣ ਵਾਲ਼ੀਆਂ ਬੋਲੀਆਂ ਵਿੱਚ ਸ਼ਾਮਲ ਕਰ ਲਿਆ। ਇਸ ਬਾਰੇ ਅੱਗੇ ਜਾ ਕੇ ਵਿਸਥਾਰ ਵਿੱਚ ਚਰਚਾ ਕੀਤੀ ਜਾਵੇਗੀ।

ਜਿਸ ਤਰ੍ਹਾਂ ਪਹਿਲਾਂ ਜ਼ਿਕਰ ਕੀਤਾ ਗਿਆ ਹੈ, ਪੰਜਾਬੀ ਆਵਾਸੀਆਂ ਨੇ ਕਨੇਡਾ ਵਿੱਚ ਆਪਣੀ ਬੋਲੀ ਨੂੰ ਹਰ ਪੱਧਰ ’ਤੇ ਅਪਣਾਇਆ ਹੈ ਜਿਸ ਦੇ ਨਤੀਜੇ ਵਜੋਂ ਪੰਜਾਬੀ ਬੋਲੀ ਦਾ ਬਹੁ-ਪੱਖੀ ਵਿਕਾਸ ਹੋਇਆ ਹੈ। ਇਹ ਕਿਹਾ ਜਾ ਸਕਦਾ ਹੈ ਕਿ ਆਵਾਸੀ ਪੰਜਾਬੀ ਆਪਣੇ ਸੱਭਿਆਚਾਰਕ ਨਜ਼ਰੀਏ ਤੋਂ ਕਨੇਡਾ ਵਿੱਚ ਆਪਣੀ ਭਾਸ਼ਾ ਨੂੰ ਸਾਂਭਣ ਦੀ ਲੋੜ ਬਾਰੇ ਕਾਫੀ ਹੱਦ ਤੱਕ ਚੇਤਨ ਹਨ। ਪਰ ਬੱਚਿਆਂ ਦੇ ਜਾਂ ਕਨੇਡੀਅਨ ਸਮਾਜ ਦੇ ਨਜ਼ਰੀਏ ਤੋਂ ਇਸ ਬਾਰੇ ਉੱਨੇ ਚੇਤਨ ਨਹੀਂ, ਵਿਸ਼ੇਸ਼ ਕਰ ਕੇ ਪੜ੍ਹਨ ਲਿਖਣ ਦੀ ਯੋਗਤਾ ਦੇਣ ਦੇ ਸੰਬੰਧ ਵਿੱਚ।

ਇਤਿਹਾਸਕ ਤੌਰ ’ਤੇ ਕਨੇਡਾ ਵਿੱਚ ਜੰਮੇ-ਪਲ਼ੇ ਬੱਚਿਆਂ ਨੂੰ ਪੰਜਾਬੀ ਭਾਸ਼ਾ ਦੀ ਪੜ੍ਹਨ ਅਤੇ ਲਿਖਣ ਦੀ ਸਿੱਖਿਆ ਦੇਣ ਦਾ ਸ਼ੁਰੂਆਤੀ ਕੰਮ ਗੁਰਦੁਆਰਿਆਂ ਨੇ ਕੀਤਾ ਹੈ। ਕਨੇਡਾ ਦੇ ਹਰ ਹਿੱਸੇ ਵਿੱਚ ਜਿੱਥੇ ਵੀ ਸਿੱਖਾਂ ਨੇ ਆਪਣੇ ਧਾਰਮਿਕ ਕੇਂਦਰ ਸਥਾਪਿਤ ਕੀਤੇ ਹਨ ਉੱਥੇ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਦੀ ਵੀ ਕੁਝ ਨਾ ਕੁਝ ਕੋਸ਼ਿਸ਼ ਜ਼ਰੂਰ ਹੋਈ ਹੈ। ਇਹ ਗੱਲ ਆਪਣੇ ਆਪ ਵਿੱਚ ਹਰ ਪੱਖੋਂ ਸਲਾਹੁਣਯੋਗ ਹੈ ਭਾਵੇਂ ਗੁਰਦੁਆਰਿਆਂ ਦੀ ਪੜ੍ਹਾਈ ਸੰਬੰਧੀ ਪਹੁੰਚ ਵਿਗਿਆਨਕ ਹੋਣ ਨਾਲੋਂ ਧਾਰਮਿਕ ਜ਼ਿਆਦਾ ਰਹੀ ਹੈ।

ਭਾਈਚਾਰੇ ਵਲੋਂ ਅਗਲੀਆਂ ਪੀੜ੍ਹੀਆਂ ਨੂੰ ਪੰਜਾਬੀ ਦੀ ਸਿੱਖਿਆ ਦੇਣ ਵਲ ਬੇਧਿਆਨੀ ਵਰਤਣ ਦੇ ਨਤੀਜੇ ਵਜੋਂ ਪਿਛਲੇ ਤਿੰਨ ਚਾਰ ਦਹਾਕਿਆਂ ਦੌਰਾਨ ਏਥੇ ਜੰਮੇ-ਪਲ਼ੇ ਬੱਚਿਆਂ ਵਿੱਚੋਂ ਵੱਡੀ ਗਿਣਤੀ ਪੰਜਾਬੀ ਭਾਸ਼ਾ ਦੀ ਮੁੱਢਲੇ ਪੱਧਰ ਦੀ ਪੜ੍ਹਾਈ ਲਿਖਾਈ ਦੇ ਹੁਨਰ ਤੋਂ ਕੋਰੀ ਰਹੀ ਹੈ। ਪੰਜਾਬੀ ਬੋਲਣ ਦੀ ਪੱਧਰ ਉੱਤੇ ਸਥਿਤੀ ਏਨੀ ਉਦਾਸੀ ਵਾਲ਼ੀ ਨਹੀਂ। ਬੋਲਚਾਲ ਦੀ ਪੱਧਰ ਉੱਤੇ ਪੰਜਾਬੀ ਦੇ ਕਾਇਮ ਰਹਿਣ ਦਾ ਇੱਕ ਕਾਰਨ ਇਹ ਹੈ ਕਿ ਇਸ ਸਮੇਂ ਦੌਰਾਨ ਪੰਜਾਬ ਤੋਂ ਲਗਾਤਾਰ ਨਵੇਂ ਲੋਕ ਏਥੇ ਆ ਕੇ ਵਸਦੇ ਰਹੇ ਹਨ, ਜਿਸ ਨਾਲ਼ ਏਥੇ ਜੰਮੇ ਬੱਚਿਆਂ ਦਾ ਪੰਜਾਬ ਤੋਂ ਆਉਣ ਵਾਲ਼ੇ ਰਿਸ਼ਤੇਦਾਰਾਂ ਅਤੇ ਸਕੂਲ ਵਿਚਲੇ ਨਵੇਂ ਸਹਿਪਾਠੀਆਂ ਨਾਲ਼ ਤਾਲਮੇਲ ਵੱਧਦਾ ਰਿਹਾ ਹੈ। ਸੱਤਰਵਿਆਂ ਦੇ ਅਖੀਰ ਤੋਂ ਪੰਜਾਬੀ ਸੰਗੀਤ ਦੇ ਇੰਗਲੈਂਡ ਅਤੇ ਕਨੇਡਾ ਵਿੱਚ ਹੋਏ ਵਿਕਾਸ (ਇਸ ਦੇ ਮਿਆਰ ਦੀ ਗੱਲ ਵੱਖਰੀ ਹੈ) ਨੇ ਵੀ ਬੱਚਿਆਂ ਵਿੱਚ ਬੋਲੀ ਪ੍ਰਤੀ ਚੇਤਨਾ ਅਤੇ ਨੇੜਤਾ ਲਿਆਂਦੀ ਹੈ ਜਿਸ ਬਾਰੇ ਪਹਿਲਾਂ ਵੀ ਜ਼ਿਕਰ ਕੀਤਾ ਗਿਆ ਹੈ। ਨਵੇਂ ਪੰਜਾਬੀ ਆਵਾਸੀਆਂ ਦੇ ਲਗਾਤਾਰ ਆਉਣ ਨਾਲ਼ ਉਂਜ ਹੀ ਪੰਜਾਬੀ ਭਾਸ਼ਾ ਦੀ ਕਨੇਡਾ ਵਿੱਚ ਉਮਰ ਨਿਰਸੰਦੇਹ ਵਧ ਰਹੀ ਹੈ। ਪਰ ਏਥੇ ਜੰਮ-ਪਲ਼ ਰਹੇ ਬੱਚਿਆਂ ਨੂੰ ਪੰਜਾਬੀ ਦੀ ਵਿਗਿਆਨਕ ਲੀਹਾਂ ’ਤੇ ਸਿੱਖਿਆ ਦੇਣ ਵਲ ਕੋਈ ਏਨੀ ਵੱਡੀ

ਗੁਣਾਤਮਕ (ਕੁਝ ਹੱਦ ਤੱਕ ਬੀ ਸੀ ਦੀ ਸਥਿਤੀ ਨੂੰ ਛੱਡ ਕੇ) ਤਬਦੀਲੀ ਨਹੀਂ ਆਈ ਦਿਸਦੀ।

ਕਨੇਡਾ ਵਿੱਚ ਅਗਲੀਆਂ ਪੀੜ੍ਹੀਆਂ ਨੂੰ ਪੰਜਾਬੀ ਦੀ ਸਿੱਖਿਆ ਦੇਣ ਜਾਂ ਦਿਵਾਉਣ ਵਾਸਤੇ ਗੰਭੀਰਤਾ ਨਾਲ਼ ਸੋਚਣ ਦੀ ਲੋੜ ਹੈ। ਭਾਸ਼ਾ ਦੇ ਵਿਕਾਸ ਸੰਬੰਧੀ ਸਮਝ ਅਤੇ ਪਹੁੰਚ ਨੂੰ ਇਸ ਮੁਲਕ ਦੀਆਂ ਅਤੇ ਸਮੇਂ ਦੀਆਂ ਸਥਿਤੀਆਂ ਅਨੁਸਾਰ ਨਵੀਆਂ ਲੀਹਾਂ ਉੱਤੇ ਘੋਖਣਾ ਚਾਹੀਦਾ ਹੈ। ਨਵੀਂ ਸਮਝ ਨੂੰ ਆਧਾਰ ਬਣਾ ਕੇ ਹਾਲਾਤ ਦੇ ਹਾਣੀ ਹੋਣਾ ਜ਼ਰੂਰੀ ਹੈ।

ਇਸ ਸੰਬੰਧੀ ਕਈ ਸਵਾਲ ਹਨ ਜਿਨ੍ਹਾਂ ਬਾਰੇ ਕਨੇਡਾ ਦੇ ਸਾਰੇ ਪੰਜਾਬੀ ਇੱਕੋ ਜਿਹੀ ਸੂਝ ਅਤੇ ਪਹੁੰਚ ਨਹੀਂ ਰੱਖਦੇ। ਉਦਾਹਰਨ ਵਜੋਂ: ੧) ਏਥੇ ਜੰਮ-ਪਲ਼ ਰਹੇ ਬੱਚੇ ਪੰਜਾਬੀ ਕਿਉਂ ਪੜ੍ਹਨ? ੨) ਕੀ ਪੰਜਾਬੀ ਉਨ੍ਹਾਂ ਦੀ ਮਾਂ-ਬੋਲੀ ਹੈ? ੩) ਛੋਟੀ ਉਮਰ ਦੇ ਬੱਚੇ ਵਾਸਤੇ ਇੱਕ ਤੋਂ ਵਧ ਬੋਲੀਆਂ ਸਿੱਖਣਾ ਉਸ ਦੇ ਵਿਅਕਤੀਗਤ ਵਿਕਾਸ ਲਈ ਚੰਗੀ ਗੱਲ ਹੈ ਜਾਂ ਮਾੜੀ? ੪) ਪੰਜਾਬੀ ਭਾਸ਼ਾ ਦੀ ਜਾਣਕਾਰੀ ਉਨ੍ਹਾਂ ਦੇ ਕਨੇਡੀਅਨ ਜੀਵਨ ਵਿੱਚ ਕਿਸ ਕਿਸਮ ਦਾ ਅਤੇ ਕਿਸ ਤਰ੍ਹਾਂ ਵਾਧਾ ਕਰੇਗੀ? ਜਾਂ, ਪੰਜਾਬੀ ਭਾਸ਼ਾ ਦੀ ਜਾਣਕਾਰੀ ਨੂੰ ਉਹ ਕਿੱਥੇ ਅਤੇ ਕਿਸ ਤਰ੍ਹਾਂ ਵਰਤੋਂ ਵਿੱਚ ਲਿਆਉਣਗੇ? ੫) ਪੰਜਾਬੀ ਪੜ੍ਹਾਉਣ ਲਈ ਕੀ ਕਨੇਡੀਅਨ ਸਮਾਜ ਦੀ ਵੀ ਕੋਈ ਜ਼ੁੰਮੇਵਾਰੀ ਬਣਦੀ ਹੈ? ਇਹ ਅਤੇ ਇਸ ਕਿਸਮ ਦੇ ਹੋਰ ਵੀ ਅਨੇਕਾਂ ਸਵਾਲ ਹਨ ਜਿਨ੍ਹਾਂ ਬਾਰੇ ਸਾਫ ਹੋਣ ਲਈ ਅਤੇ ਸਾਂਝੀ ਪਹੁੰਚ ਅਪਣਾਉਣ ਲਈ ਗੰਭੀਰ ਵਿਚਾਰ ਵਟਾਂਦਰੇ ਦੀ ਲੋੜ ਹੈ।

3.1.1

ਏਥੇ ਜੰਮ-ਪਲ਼ ਰਹੇ ਬੱਚੇ ਪੰਜਾਬੀ ਕਿਉਂ ਪੜ੍ਹਨ? ਜਾਂ ਅਗਲੀ ਪੀੜ੍ਹੀ ਨੂੰ ਪੰਜਾਬੀ ਪੜ੍ਹਾਉਣੀ ਕਿਉਂ ਜ਼ਰੂਰੀ ਹੈ?

ਨਵੀਆਂ ਵਿਸ਼ਵਵਿਆਪੀ (ਗਲੋਬਲ) ਸਥਿਤੀਆਂ ਦੇ ਆਧਾਰ ’ਤੇ ਹੁਣ ਇਹ ਗੱਲ ਸਾਫ ਹੈ ਕਿ ਆਉਣ ਵਾਲ਼ੇ ਸਮਿਆਂ ਵਿੱਚ ਸਿਰਫ ਇੱਕ ਭਾਸ਼ਾ ਬੋਲਣ, ਪੜ੍ਹਨ ਵਾਲ਼ਾ ਵਿਅਕਤੀ ਘਾਟੇ ਵਿੱਚ ਰਹੇਗਾ। ਯੂਰਪ ਵਿੱਚ ਆਮ ਲੋਕ ਦੋ ਤਿੰਨ ਤੇ ਕਈ ਵਾਰੀ ਇਸ ਤੋਂ ਵੀ ਵਧ ਜ਼ਬਾਨਾਂ ਸਿੱਖ ਰਹੇ ਹਨ। ਇੱਕ ਤੋਂ ਵਧ ਭਾਸ਼ਾ ਦਾ ਆਉਣਾ ਆਪਣੇ ਆਪ ਵਿੱਚ ਇੱਕ ਬਹੁਤ ਵੱਡੀ ਪ੍ਰਾਪਤੀ ਹੈ। ਇਸ ਨਾਲ਼ ਵਿਅਕਤੀ ਦੀ ਇੱਕ ਹੋਰ ਸੱਭਿਆਚਾਰ ਨਾਲ਼ ਸਾਂਝ ਪੈਂਦੀ ਹੈ ਅਤੇ ਉਹ ਲੋੜ ਅਨੁਸਾਰ ਉਸ ਸੱਭਿਆਚਾਰ ਵਿੱਚੋਂ ਕਈ ਕੁਝ ਨਵਾਂ ਗ੍ਰਹਿਣ ਕਰ ਕੇ ਬਿਹਤਰ ਇਨਸਾਨ ਬਣ ਸਕਦਾ ਹੈ। ਸਾਨ ਫਰਾਂਸਿਸਕੋ ਯੂਨੀਵਰਸਿਟੀ ਦੀ ਡਾਕਟਰ ਐਲਮਾ ਫਲੋਰ ਐਡਾ ਨੇ ਪ੍ਰਭਾਵਸ਼ਾਲੀ ਸ਼ਬਦਾਂ ਵਿੱਚ ਇਹ ਤੱਥ ਪਰਗਟ ਕੀਤਾ ਹੈ:

> ਭਾਸ਼ਾ ਉਹ ਤੋਹਫਾ ਹੈ ਜੋ ਸਾਨੂੰ ਆਪਣੇ ਆਪ ਦੀ ਅਤੇ ਦੂਜੇ ਲੋਕਾਂ ਦੀ ਸੋਝੀ ਕਰਵਾਉਂਦਾ ਹੈ। ਇਹ ਤਾਲਮੇਲ ਅਤੇ ਸਮਾਜਿਕ ਸਰਗਰਮੀ ਲਈ ਤੋਹਫਾ ਹੈ। ਇਹ ਸਿੱਖਣ ਵਾਸਤੇ ਤੋਹਫਾ ਹੈ। ਜੇ ਇੱਕ ਜ਼ਬਾਨ ਤੋਹਫਾ ਹੈ ਤਾਂ ਦੋ ਜਾਂ ਜ਼ਿਆਦਾ ਨਾਲ਼ ਗੱਲ ਦੁੱਗਣੀ ਜਾਂ ਕਈ ਗੁਣਾ ਹੋ ਜਾਂਦੀ ਹੈ। ਇਹ ਗੱਲ ਕਹਿਣ ਵਿੱਚ ਕੋਈ ਅਕਲਮੰਦੀ ਨਹੀਂ ਕਿ ਦੋ ਜ਼ਬਾਨਾਂ ਬੋਲਣ ਦੀ ਯੋਗਤਾ ਨਾਲੋਂ ਇੱਕ ਜ਼ਬਾਨ ਬੋਲ ਸਕਣਾ ਇੱਕ ਵਧੀਆ ਗੱਲ ਹੈ। ਇੱਕੋ ਭਾਸ਼ਾ ਬੋਲਣ ਵਾਲ਼ੇ ਵਿਅਕਤੀ ਨੂੰ ਦੁਨੀਆ ਨੂੰ ਜਾਨਣ ਸਮਝਣ ਦੇ ਸਿਰਫ ਇੱਕੋ ਨਜ਼ਰੀਏ ਦੀ ਸੀਮਾਂ ਵਿੱਚ ਰਹਿਣਾ ਪੈਂਦਾ ਹੈ। ਦੋ ਜ਼ਬਾਨਾਂ ਜਾਨਣ ਵਾਲ਼ੇ ਕੋਲ ਦੋ ਨਜ਼ਰੀਏ ਹੁੰਦੇ ਹਨ ਅਤੇ ਜੋ ਕਈ ਜ਼ਬਾਨਾਂ ਸਿੱਖ ਲੈਂਦੇ ਹਨ, ਉਹ ਦੁਨੀਆ ਨੂੰ ਵੱਖੋ ਵੱਖਰੇ ਨਜ਼ਰੀਆਂ ਤੋਂ ਦੇਖਣ ਯੋਗ ਹੁੰਦੇ ਹਨ।[66]

ਜਿਸ ਤਰ੍ਹਾਂ ਕੋਈ ਵਿਦੇਸ਼ ਦੀ ਯਾਤਰਾ ਕਰ ਚੁੱਕਾ ਵਿਅਕਤੀ ਆਪਣੇ ਮੁਲਕ ਤੇ ਆਲੇ ਦੁਆਲੇ ਬਾਰੇ ਦੂਜਿਆਂ ਨਾਲੋਂ ਬਿਹਤਰ ਜਾਣਦਾ ਹੁੰਦਾ ਹੈ ਉਸੇ ਤਰ੍ਹਾਂ ਇੱਕ ਤੋਂ ਵਧ ਜ਼ਬਾਨਾਂ ਜਾਨਣ ਵਾਲ਼ਾ ਵਿਅਕਤੀ ਆਪਣੀ ਜ਼ਬਾਨ ਬਾਰੇ ਵੀ ਜ਼ਿਆਦਾ ਜਾਣਦਾ ਹੁੰਦਾ ਹੈ। ਇਸ ਬਾਰੇ ਪ੍ਰਸਿੱਧ ਜਰਮਨ ਲੇਖਕ ਤੇ ਚਿੰਤਕ ਗੋਟੇ ਦਾ ਇੱਕ ਬਹੁਤ ਮਸ਼ਹੂਰ ਕਥਨ ਹੈ: *"ਜਿਹੜਾ ਵਿਅਕਤੀ ਸਿਰਫ ਇੱਕ ਹੀ ਜ਼ਬਾਨ ਜਾਣਦਾ ਹੈ ਉਹ ਅਸਲੀ ਅਰਥਾਂ ਵਿੱਚ ਉਸ ਜ਼ਬਾਨ ਨੂੰ ਜਾਣਦਾ ਨਹੀਂ ਹੁੰਦਾ"।*

ਖੁਸ਼ਗਵਾਰ ਸਿਆਸੀ ਅਤੇ ਆਰਿਥਕ ਸਥਿਤੀਆਂ ਵਿੱਚ ਰਹਿ ਰਹੇ ਲੋਕ ਸਭ ਤੋਂ ਪਹਿਲਾਂ ਆਪਣੀ ਮਾਤ ਭਾਸ਼ਾ ਸਿੱਖਦੇ ਹਨ ਅਤੇ ਫੇਰ ਦੂਜੀਆਂ ਭਾਸ਼ਾਵਾਂ। ਪਰ ਜਿਸ ਤਰ੍ਹਾਂ ਅਸੀਂ ਜਾਣਦੇ ਹਾਂ ਕਿ ਇਸ ਵੇਲੇ ਦੁਨੀਆ ਵਿੱਚ ਮੁਲਕਾਂ ਦੀ ਗਿਣਤੀ ਦੋ ਸੌ ਤੋਂ ਵੀ ਘੱਟ ਹੈ ਪਰ ਦੁਨੀਆ ਵਿੱਚ ਬੋਲੀਆਂ ਦੀ ਗਿਣਤੀ ਛੇ ਹਜ਼ਾਰ ਤੋਂ ਵਧ ਹੈ। ਅਜਿਹੇ ਖੁਸ਼ਿਕਸਮਤ ਭਾਈਚਾਰੇ ਬਹੁਤ ਥੋੜ੍ਹੇ ਹਨ ਜਿੱਥੇ ਉਨ੍ਹਾਂ ਦੀ ਮਾਂ-ਬੋਲੀ ਸਰਦਾਰੀ ਵਾਲੀ ਸਥਿਤੀ ਵਿੱਚ ਹੋਵੇ। ਬਾਕੀਆਂ ਨੂੰ ਮਜਬੂਰੀਆਂ ਵੱਸ ਆਪਣੀਆਂ ਮਾਂ-ਬੋਲੀਆਂ ਨਾਲ਼ੋਂ ਤੋੜ ਵਿਛੋੜਾ ਕਰਨਾ ਪੈਂਦਾ ਹੈ।

ਕਨੇਡਾ ਰਹਿੰਦੇ ਬਹੁਤ ਘੱਟ ਪੰਜਾਬੀ ਮਾਪੇ ਇਹ ਚਾਹੁਣਗੇ ਕਿ ਉਨ੍ਹਾਂ ਦੇ ਬੱਚੇ ਪੰਜਾਬੀ ਨਾਲੋਂ ਪੱਕੇ ਤੌਰ 'ਤੇ ਨਾਤਾ ਤੋੜ ਲੈਣ ਅਤੇ ਜੋ ਚਾਹੁੰਦੇ ਵੀ ਹੋਣ ਉਹ ਵੀ ਹੁਣ ਦੇ ਮਾਹੌਲ ਅਨੁਸਾਰ ਇਸ ਵਿਚਾਰ ਨੂੰ ਸ਼ਰੇ-ਆਮ ਪੇਸ਼ ਨਹੀਂ ਕਰਨਗੇ। ਦੂਜੇ ਸ਼ਬਦਾਂ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਵੱਡੀ ਗਿਣਤੀ ਪੰਜਾਬੀ ਮਾਪੇ ਇਹ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚਿਆਂ ਦਾ ਪੰਜਾਬੀ ਨਾਲ਼ ਸੰਬੰਧ ਬਣਿਆ ਰਹੇ। ਪਰ ਅਸਲੀ ਸਮੱਸਿਆ ਉਦੋਂ ਪੈਦਾ ਹੁੰਦੀ ਹੈ ਜਦੋਂ ਇਸ ਤਰ੍ਹਾਂ ਦੇ ਸਵਾਲ ਪੁੱਛੇ ਜਾਣ ਕਿ ਬੱਚਿਆਂ ਨੂੰ ਪੰਜਾਬੀ ਕਿੰਨੀ ਕੁ ਸਿੱਖਣੀ ਚਾਹੀਦੀ ਹੈ? ਅਤੇ ਉਨ੍ਹਾਂ ਦੇ ਬੱਚੇ ਨੂੰ ਸਕੂਲ ਵਿੱਚ ਕਿਹੜੀ ਭਾਸ਼ਾ ਪੜ੍ਹਾਈ ਜਾਣੀ ਚਾਹੀਦੀ ਹੈ?। ਇਸ ਮਗਰਲੇ ਸਵਾਲ ਦੇ ਜਵਾਬ ਵਿੱਚ ਬਹੁਤੇ ਮਾਪੇ ਥਿੜ੍ਹਕ ਜਾਂਦੇ ਹਨ ਅਤੇ ਪੰਜਾਬੀ ਦੀ ਥਾਂ ਦੂਜੀਆਂ ਬੋਲੀਆਂ ਦੇ ਹੱਕ ਵਿੱਚ ਫੈਸਲਾ ਕਰਦੇ ਹਨ। ਏਥੇ ਇਹ ਗੱਲ ਦੁਹਰਾ ਦੇਣੀ ਜ਼ਰੂਰੀ ਹੈ ਕਿ ਮਾਪੇ ਪੰਜਾਬੀ ਵਿਰੁੱਧ

[66] *Linguistic Human Rights and Education*, by Alma Flor Ada.

ਫੈਸਲਾ ਨਹੀਂ ਕਰਦੇ ਸਗੋਂ ਉਹ ਆਪਣੇ ਬੱਚਿਆਂ ਦੇ ਭਵਿੱਖ ਨੂੰ ਧਿਆਨ ਵਿੱਚ ਰੱਖ ਕੇ ਫੈਸਲਾ ਕਰਦੇ ਹਨ ਕਿ ਜੇ ਉਨ੍ਹਾਂ ਦਾ ਬੱਚਾ ਪੰਜਾਬੀ ਦੀ ਥਾਂ ਫਰਾਂਸੀਸੀ ਪੜ੍ਹੇਗਾ ਤਾਂ ਉਹਦਾ ਭਵਿੱਖ ਉੱਜਲਾ ਹੋਵੇਗਾ। ਪਰ ਕੀ ਕਨੇਡਾ ਦੇ ਸੰਦਰਭ ਵਿੱਚ ਉਨ੍ਹਾਂ ਦਾ ਇਹ ਫੈਸਲਾ ਸਹੀ ਹੈ? ਕੀ ਸੱਚ ਮੁੱਚ ਦੂਜੀ ਭਾਸ਼ਾ ਦੇ ਤੌਰ 'ਤੇ ਪੜ੍ਹੀਆਂ ਦੂਜੀਆਂ ਬੋਲੀਆਂ ਪੰਜਾਬੀ ਬੱਚਿਆਂ ਲਈ ਫਾਇਦੇਮੰਦ ਰਹਿਣਗੀਆਂ? ਇਹ ਸਵਾਲ ਧਿਆਨ ਦੀ ਮੰਗ ਕਰਦੇ ਹਨ।

ਕਨੇਡਾ ਵਿੱਚ ਪੰਜਾਬੀ ਦੀ ਪੜ੍ਹਾਈ ਦੇ ਸੰਬੰਧ ਵਿੱਚ ਉੱਪਰਲੇ ਸਵਾਲ ਵਰਗੇ ਬਹੁਤ ਸਾਰੇ ਮਸਲੇ ਹਨ ਜਿਨ੍ਹਾਂ ਬਾਰੇ ਪੰਜਾਬੀ ਭਾਈਚਾਰੇ ਦਰਮਿਆਨ ਕਦੇ ਵੱਡੀ ਪੱਧਰ 'ਤੇ ਲੋੜੀਂਦਾ ਵਿਚਾਰ ਵਟਾਂਦਰਾ ਨਹੀਂ ਹੋ ਸਕਿਆ ਅਤੇ ਨਤੀਜੇ ਵਜੋਂ ਇਸ ਸੰਬੰਧੀ ਕਿਸੇ ਸਾਂਝੀ ਸੋਚ ਦਾ ਵਿਕਾਸ ਨਹੀਂ ਹੋਇਆ। ਮਾਤ-ਭਾਸ਼ਾ ਦੀ ਪੜ੍ਹਾਈ ਦੇ ਸੰਬੰਧ ਵਿੱਚ ਉਪਲਬਧ ਖੋਜ ਹੀ ਨਹੀਂ ਆਮ ਗੱਲਬਾਤ ਵੀ ਇਹ ਸਿੱਟੇ ਕੱਢ ਸਕਦੀ ਹੈ ਕਿ ਕਨੇਡਾ ਵਿੱਚ ਜੰਮ-ਪਲ਼ ਰਹੇ ਬੱਚਿਆਂ ਨੂੰ ਅੰਗ੍ਰੇਜ਼ੀ ਤੋਂ ਬਾਅਦ ਦੂਜੀ ਭਾਸ਼ਾ ਦੇ ਤੌਰ 'ਤੇ ਜੋ ਫਾਇਦਾ ਪੰਜਾਬੀ ਪੜ੍ਹਨ ਨਾਲ਼ ਹੋਵੇਗਾ ਉਹ ਕਿਸੇ ਵੀ ਹੋਰ ਭਾਸ਼ਾ ਪੜ੍ਹਨ ਨਾਲ਼ ਨਹੀਂ ਹੋਣਾ, ਖਾਸ ਕਰ ਹਾਈ ਸਕੂਲੀ ਵਿੱਦਿਆ ਦੀ ਪੱਧਰ ਤੱਕ। ਰਿਸ਼ਤੇਦਾਰਾਂ ਨਾਲ਼ ਗੂੜ੍ਹੇ ਨਾਤੇ, ਧਰਮ ਨਾਲ਼ ਨੇੜਤਾ ਅਤੇ ਸੱਭਿਆਚਾਰ ਦੇ ਅਨੇਕਾਂ ਪੱਖਾਂ ਵਿੱਚ ਤਾਂ ਬੋਲੀ ਦੀ ਮਹੱਤਤਾ ਤੋਂ ਕੋਈ ਉਂਜ ਹੀ ਨਾਬਰ ਨਹੀਂ। ਅਜਿਹੇ ਬਹੁਤੇ ਕਾਰਨ ਮਾਪੇ ਸਮਝਦੇ ਹਨ ਕਿਉਂਕਿ ਇਹ ਉਨ੍ਹਾਂ ਦੇ ਪੱਖ ਤੋਂ ਮਹੱਤਵਪੂਰਨ ਹਨ। ਪਰ ਉਹ ਬੱਚਿਆਂ ਦੇ ਕੋਣ ਤੋਂ ਇਸ ਮਸਲੇ ਨੂੰ ਬਹੁਤ ਘੱਟ ਵਿਚਾਰਦੇ ਹਨ।

ਅਸਲੀਅਤ ਇਹ ਹੈ ਕਿ ਅਗਲੀਆਂ ਪੀੜ੍ਹੀਆਂ ਨੂੰ ਪੰਜਾਬੀ ਦੀ ਸਿੱਖਿਆ ਦੇਣ ਦੀ ਲੋੜ ਸਿਰਫ ਮਾਪਿਆਂ ਅਤੇ ਪੰਜਾਬੀ ਭਾਈਚਾਰੇ ਦੇ ਪੱਖੋਂ ਹੀ ਨਹੀਂ, ਬੱਚਿਆਂ ਦੇ ਨਜ਼ਰੀਏ ਤੋਂ ਵੀ ਉੱਨੀ ਹੀ ਲਾਜ਼ਮੀ ਹੈ। ਹਰ ਇਨਸਾਨ ਨੂੰ ਜੀਵਨ ਵਿੱਚ ਇੱਕ ਪੂਰਾ ਸੂਰਾ ਵਿਅਕਤੀ ਬਣਨ ਲਈ ਆਰਥਿਕ ਖੁਸ਼ਹਾਲੀ ਦੇ ਨਾਲ਼ ਨਾਲ਼ ਆਪਣੇ ਪਿਛੋਕੜ ਦੀ ਸੂਝ ਅਤੇ ਉਸ ਨਾਲ਼ ਨਾਤੇ ਦੀ ਵੀ ਲੋੜ ਹੁੰਦੀ ਹੈ। ਖਾਸ ਕਰ ਆਪਣੇ ਸੱਭਿਆਚਾਰ ਦੇ ਮੁੱਢਲੇ ਸੋਮੇ ਤੋਂ ਨਿੱਖੜ ਕੇ ਦੂਰੀ 'ਤੇ ਵਸਣ ਵਾਲ਼ੇ ਭਾਈਚਾਰਿਆਂ ਦੇ ਮੈਂਬਰਾਂ ਲਈ। ਇਹੋ ਜਿਹੇ ਅਨੇਕਾਂ ਸੂਚਕ ਹਨ ਜਿਨ੍ਹਾਂ ਦੇ ਆਧਾਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਪਿਛੋਕੜ ਦੇ ਸਾਰੇ ਵਿਅਕਤੀਆਂ ਨੇ ਆਉਣ ਵਾਲ਼ੇ ਸਮੇਂ ਵਿੱਚ ਕਨੇਡਾ ਦੇ ਸ਼ਹਿਰੀ ਹੁੰਦਿਆਂ ਹੋਇਆਂ ਵੀ ਵੱਡੇ ਸੱਭਿਆਚਾਰ ਵਿੱਚ ਇੱਕ ਮਿੱਕ ਨਹੀਂ ਹੋ ਜਾਣਾ। ਜੇ ਹੁਣ ਵਾਲ਼ਾ ਵਰਤਾਰਾ ਹੀ ਚਾਲੂ ਰਿਹਾ ਤਾਂ ਉਨ੍ਹਾਂ ਕੋਲ਼ ਆਪਣੇ ਪਿਛੋਕੜ ਨਾਲ਼ ਜੁੜਨ ਲਈ ਧਰਮ ਤੋਂ ਸਿਵਾ ਹੋਰ ਬਹੁਤਾ ਕੁਝ ਨਹੀਂ ਬਚੇਗਾ। ਭਾਸ਼ਾ ਹੀ ਸੱਭਿਆਚਾਰ ਨੂੰ ਸਾਂਭਣ ਵਾਲ਼ੀ ਅਤੇ ਅੱਗੇ ਲਿਜਾਣ ਵਾਲ਼ੀ ਅਸਲੀ ਲੜੀ ਹੁੰਦੀ ਹੈ। ਪੰਜਾਬੀ ਭਾਸ਼ਾ ਲਿਖਣ ਪੜ੍ਹਨ ਦੇ ਹੁਨਰ ਨਾਲ਼ ਉਹ ਆਪਣੇ ਆਪ ਨੂੰ ਸਹੀ ਅਰਥਾਂ ਵਿੱਚ ਆਪਣੇ ਪਿਛੋਕੜ ਨਾਲ਼ ਜੁੜੇ ਮਹਿਸੂਸ ਕਰਨਗੇ ਅਤੇ ਲੋੜ ਪੈਣ 'ਤੇ ਉਹ ਖੁਦ ਪੰਜਾਬੀ ਕਿੱਸੇ ਕਹਾਣੀਆਂ ਅਤੇ ਹਰ ਵੰਨਗੀ ਦੇ ਸਾਹਿਤ ਤੱਕ ਪਹੁੰਚ ਜਾਣਗੇ। ਕਨੇਡਾ ਵਿੱਚ ਜੰਮੇ-ਪਲ਼ੇ ਜਿਨ੍ਹਾਂ ਲੋਕਾਂ ਨੇ ਪਿਛਲੇ ਵੀਹ ਪੱਚੀ ਸਾਲ ਵਿੱਚ ਪੰਜਾਬੀ ਪੜ੍ਹਨੀ ਲਿਖਣੀ ਸਿੱਖੀ ਹੈ, ਉਨ੍ਹਾਂ ਨਾਲ਼ ਗੱਲਬਾਤ ਕਰਨ 'ਤੇ ਇਹ ਗੱਲ ਬਿਨਾਂ ਕਿਸੇ ਸ਼ੱਕ ਦੇ ਸਾਹਮਣੇ ਆ ਜਾਂਦੀ ਹੈ ਕਿ ਇਸ ਨਾਲ਼ ਉਨ੍ਹਾਂ ਦੇ ਜੀਵਨ ਵਿੱਚ ਹਰ ਪੱਖੋਂ ਹਾਂ-ਪੱਖੀ

ਤਬਦੀਲੀ ਵਾਪਰੀ ਹੈ।[67] ਪੰਜਾਬੀ ਜਾਨਣ ਨਾਲ਼ ਉਨ੍ਹਾਂ ਨੂੰ ਆਪਣੇ ਲੋਕਾਂ ਵਿੱਚ ਵਿੱਚਰਨ ਵਾਸਤੇ ਇੱਕ ਵਿਸ਼ੇਸ਼ ਕਿਸਮ ਦੇ ਸਵੈਭਰੋਸੇ ਦਾ ਅਨੁਭਵ ਹੋਇਆ ਹੈ।

ਪੰਜਾਬੀ ਭਾਈਚਾਰੇ ਦੇ ਹੁਣ ਤੱਕ ਦੇ ਸੁਭਾਅ ਨੂੰ ਆਧਾਰ ਬਣਾ ਕੇ ਸਾਨੂੰ ਆਉਣ ਵਾਲ਼ੀਆਂ ਪੀੜ੍ਹੀਆਂ ਬਾਰੇ ਵੀ ਇਹ ਫੈਸਲਾ ਖੁਦ ਹੀ ਨਹੀਂ ਕਰ ਲੈਣਾ ਚਾਹੀਦਾ ਕਿ ਉਹ ਵੀ ਸਾਡੇ ਵਾਂਗ ਕਿਤਾਬਾਂ ਤੋਂ ਦੂਰ ਭੱਜਣ ਵਾਲ਼ੇ ਹੋਣਗੇ। ਇਹ ਕਾਫੀ ਸੰਭਵ ਹੈ ਕਿ ਕਨੇਡਾ ਵਰਗੇ ਸਮਾਜ ਵਿੱਚ ਜੰਮੇ-ਪਲ਼ੇ ਬੱਚੇ ਕਿਤਾਬਾਂ ਵਲ ਇੱਕ ਵੱਖਰੀ ਸੋਚ ਲੈ ਕੇ ਜੀਣਗੇ। ਜੇ ਕਨੇਡਾ ਵਸਦੇ ਸਾਰੇ ਪੰਜਾਬੀ ਮਾਪੇ ਪੰਜਾਬੀ ਦੀ ਪੜ੍ਹਾਈ ਨੂੰ ਬੱਚਿਆਂ ਦੀ ਲੋੜ ਵਜੋਂ ਦੇਖਣਾ ਸ਼ੁਰੂ ਕਰ ਦੇਣ ਤਾਂ ਜ਼ਰੂਰੀ ਹੈ ਕਿ ਉਨ੍ਹਾਂ ਲਈ ਇਸ ਦੀ ਮਹੱਤਤਾ ਬਹੁਤ ਜ਼ਿਆਦਾ ਵਧ ਜਾਵੇਗੀ।

ਬੱਚਿਆਂ ਨੂੰ ਪੰਜਾਬੀ ਦੀ ਪੜ੍ਹਾਈ ਕਿੱਥੇ ਕੁ ਤੱਕ ਕਰਵਾਈ ਜਾਣੀ ਚਾਹੀਦੀ ਹੈ, ਇਹ ਨੁਕਤਾ ਵੀ ਗੰਭੀਰਤਾ ਨਾਲ਼ ਵਿਚਾਰਨ ਵਾਲ਼ਾ ਹੈ। ਕਿਸੇ ਵੀ ਸਮਾਜ ਵਿੱਚ ਵਿੱਚਰਨ ਵਾਲ਼ਾ ਆਮ ਇਨਸਾਨ ਭਾਸ਼ਾ ਨੂੰ ਬੋਲਣਾ ਤੇ ਸਮਝਣਾ ਤਾਂ ਆਪਣੇ ਆਪ ਸਿੱਖ ਜਾਂਦਾ ਹੈ ਪਰ ਇਸ ਤੋਂ ਅੱਗੇ ਪੜ੍ਹਨ ਅਤੇ ਲਿਖਣ ਦੀ ਯੋਗਤਾ ਲਈ ਹਰ ਕਿਸੇ ਨੂੰ ਵਿਸ਼ੇਸ਼ ਤਰੱਦਦ ਕਰਨਾ ਪੈਂਦਾ ਹੈ। ਬੋਲਚਾਲ ਦੀ ਪੱਧਰ ’ਤੇ ਭਾਸ਼ਾ ਦੀ ਵਰਤੋਂ ਕਰਨ ਵਾਲ਼ੇ ਅਤੇ ਪੜ੍ਹਨ ਲਿਖਣ ਦੀ ਯੋਗਤਾ ਰੱਖਣ ਵਾਲ਼ੇ ਵਿਅਕਤੀ ਵਿੱਚ ਫਰਕ ਸੁਖਾਲਿਆਂ ਹੀ ਦੇਖਿਆ ਅਤੇ ਸਮਿਝਆ ਜਾ ਸਕਦਾ ਹੈ। ਪੜ੍ਹਨ ਲਿਖਣ ਦੀ ਯੋਗਤਾ ਵਾਲ਼ੇ ਇਨਸਾਨ ਦਾ ਭਾਸ਼ਾ ਨਾਲ਼ ਰਿਸ਼ਤਾ ਹੀ ਵੱਖਰੀ ਪੱਧਰ ’ਤੇ ਚਲੇ ਜਾਂਦਾ ਹੈ। ਇਹ ਗੱਲ ਆਧੁਨਿਕ ਸਮਾਜਾਂ ਵਿੱਚ ਜ਼ਿਆਦਾ ਮਹੱਤਤਾ ਵਾਲ਼ੀ ਹੈ ਕਿਉਂਕਿ ਸੰਚਾਰ ਦਾ ਮਾਧਿਅਮ ਸਿਰਫ ਬੋਲਚਾਲ ਹੀ ਨਹੀਂ ਹੁੰਦਾ। ਪਰ ਪੰਜਾਬੀ ਦੇ ਸੰਬੰਧ ਵਿੱਚ ਅੱਜ ਦੇ ਜ਼ਮਾਨੇ ਵਿੱਚ ਵੀ ਬਹੁਤੇ ਲੋਕ ਕਾਫੀ ਸੁਹਿਰਦਤਾ ਨਾਲ਼ ਇਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦੇ ਬੱਚਿਆਂ ਵਾਸਤੇ ਪੰਜਾਬੀ ਦੀ ਯੋਗਤਾ ਆਮ ਬੋਲ ਚਾਲ ਅਤੇ ਸਾਧਾਰਨ ਪੜ੍ਹਨ ਲਿਖਣ ਤੱਕ ਹੀ ਕਾਫੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਸ ਪਿੱਛੇ ਉਨ੍ਹਾਂ ਦੇ ਅਚੇਤ ਮਨਾਂ ਵਿੱਚ ਕੰਮ ਕਰਦੀ ਪੰਜਾਬੀ ਦੀ ਉਹ ਸਥਿਤੀ ਹੈ ਜਿਸ ਵਿੱਚ ਪੰਜਾਬੀ ਬੋਲੀ ਦੀ ਪੜ੍ਹਾਈ ਲਿਖਾਈ ਦੀ ਯੋਗਤਾ ਨੇ ਬਹੁਤੇ ਲੋਕਾਂ ਨੂੰ ਰੋਟੀ ਕਮਾਉਣ ਵਿੱਚ ਮਦਦ ਨਹੀਂ ਕੀਤੀ। ਹੁਣ ਇਹ ਸਥਿਤੀ ਬਦਲ ਰਹੀ ਹੈ ਅਤੇ ਹੋਰ ਇਸ ਦੇ ਬਿਹਤਰ ਹੋਣ ਦੇ ਆਸਾਰ ਹਨ। ਪੰਜਾਬੀ ਵਲ ਇਸ ਨਜ਼ਰੀਏ ਨੂੰ ਘੋਖਣ, ਸਮਝਣ ਅਤੇ ਬਦਲਣ ਦੀ ਲੋੜ ਹੈ ਕਿਉਂਕਿ ਬੋਲੀ ਦੇ ਵਿਕਾਸ ਲਈ ਇਹ ਨਜ਼ਰੀਆ ਹਾਨੀਕਾਰਕ ਹੈ।

ਭਾਵੇਂ ਸਾਨੂੰ ਪੰਜਾਬੀ ਦਾ ਅੰਗ੍ਰੇਜ਼ੀ ਜਾਂ ਕਿਸੇ ਹੋਰ ਭਾਸ਼ਾ ਨਾਲ਼ ਮੁਕਾਬਲਾ ਨਹੀਂ ਕਰਨਾ ਚਾਹੀਦਾ ਪਰ ਗੱਲ ਸਮਝਣ ਲਈ ਇਹ ਜ਼ਰੂਰੀ ਹੈ। ਕਨੇਡੀਅਨ ਭਾਈਚਾਰੇ ਵਿੱਚ ਜੰਮਿਆ ਹਰ ਵਿਅਕਤੀ ਆਪਣੇ ਘਰ ਅਤੇ ਆਲੇ ਦੁਆਲੇ ਤੋਂ ਸਾਧਾਰਨ ਅੰਗ੍ਰੇਜ਼ੀ

---

[67] ਯੂ ਬੀ ਸੀ ਦੇ ਪੰਜਾਬੀ ਜਮਾਤਾਂ ਦੇ ਪੁਰਾਣੇ ਵਿਦਿਆਰਥੀ ਜਦ ਵੀ ਮਿਲਦੇ ਹਨ ਤਾਂ ਅਕਸਰ ਇਸ ਗੱਲ ਦਾ ਵਿਸ਼ੇਸ਼ ਜ਼ਿਕਰ ਕਰਦੇ ਹਨ ਕਿ ਉੱਥੇ ਸਿੱਖੀ ਪੰਜਾਬੀ ਉਨ੍ਹਾਂ ਦੇ ਜੀਵਨ ਅਤੇ ਉਨ੍ਹਾਂ ਦੇ ਕੰਮਾਂ ਕਾਰਾਂ ਵਿੱਚ ਸਹਾਈ ਹੋ ਰਹੀ ਹੈ। ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ (ਪਲੀ) ਵੱਲੋਂ ਕਰਵਾਏ ਜਾਂਦੇ ਸਾਲਾਨਾ ਸਮਾਗਮਾਂ ਵਿੱਚ ਵੀ ਏਥੇ ਜੰਮੇ-ਪਲ਼ੇ ਤੇ ਪੰਜਾਬੀ ਜਾਣਦੇ ਵਿਅਕਤੀ ਇਸ ਦੇ ਫਾਇਦੇ ਦੀਆਂ ਗੱਲਾਂ ਕਰਦੇ ਹਨ।

ਬੋਲਣੀ ਅਤੇ ਸਮਝਣੀ ਸਿੱਖ ਲੈਂਦਾ ਹੈ। ਫੇਰ ਉਹਦੇ ਲਈ ਕਿਉਂ ਜ਼ਰੂਰੀ ਹੈ ਕਿ ਉਹ ਸਕੂਲ ਵਿੱਚ ਅੰਗ੍ਰੇਜ਼ੀ ਭਾਸ਼ਾ ਨਾਲ਼ ਸੰਬੰਧਿਤ ਵੱਖਰੇ ਵੱਖਰੇ ਕੋਰਸ ਲਵੇ। ਉਹਨੂੰ ਅੰਗ੍ਰੇਜ਼ੀ ਤਾਂ 'ਆਉਂਦੀ ਹੀ ਹੈ', ਕਿਉਂ ਨਾ ਉਹ ਆਪਣੇ ਸਮੇਂ ਦਾ ਸਹੀ ਉਪਯੋਗ ਕਰਨ ਲਈ ਹਿਸਾਬ, ਵਿਗਿਆਨ ਜਾਂ ਹੋਰ 'ਕੰਮ' ਦੇ ਕੋਰਸ ਲਵੇ। ਪਰ ਹੁੰਦਾ ਇਹ ਹੈ ਕਿ ਅੰਗ੍ਰੇਜ਼ੀ ਦੀ ਪੜ੍ਹਾਈ ਹਰ ਪੱਧਰ 'ਤੇ ਕਾਇਮ ਹੀ ਨਹੀਂ ਰਹਿੰਦੀ ਸਗੋਂ ਉੱਚੀਆਂ ਜਮਾਤਾਂ ਵਿੱਚ ਤਾਂ ਹਜ਼ਾਰਾਂ ਲੱਖਾਂ ਲੋਕ ਸਿਰਫ ਅੰਗ੍ਰੇਜ਼ੀ ਹੀ ਪੜ੍ਹਦੇ ਹਨ। ਇਹ ਠੀਕ ਹੈ ਕਿ ਇਸ ਵੇਲੇ ਸੰਸਾਰ ਵਿੱਚ ਸੰਚਾਰ ਅੰਗ੍ਰੇਜ਼ੀ ਵਿੱਚ ਹੀ ਸੰਭਵ ਹੈ ਇਸ ਲਈ ਹਰ ਕਿਸੇ ਲਈ ਇਸ ਭਾਸ਼ਾ ਦਾ ਗਿਆਨ ਜ਼ਰੂਰੀ ਹੈ। ਪਰ ਕੀ ਇਸ ਵਾਸਤੇ ਅਸੀਮਤਾ ਤੱਕ ਅੰਗ੍ਰੇਜ਼ੀ ਸਾਹਿਤ ਪੜ੍ਹਨਾ ਜ਼ਰੂਰੀ ਹੈ? ਇਸ ਭਾਸ਼ਾ ਦਾ ਇਤਿਹਾਸ ਪੜ੍ਹਨਾ ਜ਼ਰੂਰੀ ਹੈ? ਇਸ ਦੇ ਵੱਖਰੇ ਵੱਖਰੇ ਸਮੇਂ ਪ੍ਰਚਲਤ ਰਹੇ ਰੂਪਾਂ ਬਾਰੇ ਜਾਣਨਾ ਜ਼ਰੂਰੀ ਹੈ? ਆਖਰਕਾਰ ਹੈ ਤਾਂ ਅੰਗ੍ਰੇਜ਼ੀ ਵੀ ਇੱਕ ਜ਼ਬਾਨ ਹੀ। ਇਹ ਕੀ ਕਾਰਨ ਹੈ ਕਿ ਅੰਗ੍ਰੇਜ਼ੀ ਦੇ ਵਿਕਾਸ ਲਈ ਦੁਨੀਆ ਭਰ ਦੀਆਂ ਯੂਨੀਵਰਸਿਟੀਆਂ ਹੀ ਨਹੀਂ ਅਨੇਕਾਂ ਵਿਸ਼ੇਸ਼ ਅਦਾਰੇ ਸਥਾਪਿਤ ਹਨ। ਅੰਗ੍ਰੇਜ਼ੀ ਬੋਲੀ ਦੀ ਸਥਿਤੀ ਅਤੇ ਗਲਬੇ ਨੂੰ ਵਿਸਥਾਰ ਵਿੱਚ ਦਰਸਾਉਂਦੇ ਸੁਖਵੰਤ ਹੁੰਦਲ ਦੇ ਲੇਖ 'ਦੁਨੀਆ ਵਿੱਚ ਅੰਗ੍ਰੇਜ਼ੀ ਦਾ ਗਲਬਾ' ਵਿੱਚ ਇਸ ਕਿਸਮ ਦੀਆਂ ਅਨੇਕਾਂ ਉਦਾਹਰਨਾਂ ਦਿੱਤੀਆਂ ਗਈਆਂ ਹਨ। ਅੰਗ੍ਰੇਜ਼ੀ ਦੀ ਤਰੱਕੀ ਲਈ ਇਕੱਲੇ ਅਮਰੀਕਾ ਵਿੱਚ ਹੀ ਵਿੱਦਿਅਕ ਸੰਸਥਾਵਾਂ ਤੋਂ ਬਾਹਰ ਕੰਮ ਕਰਦੇ ਅਦਾਰਿਆਂ ਬਾਰੇ ਉਹ ਲਿਖਦਾ ਹੈ:

> ਇਸ ਲਈ ਕਈ ਸਰਕਾਰੀ ਏਜੰਸੀਆਂ ਅਤੇ ਨਿੱਜੀ ਫਾਊਂਡੇਸ਼ਨਾਂ ਅੰਗ੍ਰੇਜ਼ੀ ਦੀ ਤਰੱਕੀ ਲਈ ਕੰਮ ਕਰਦੀਆਂ ਰਹੀਆਂ ਅਤੇ ਕਰ ਰਹੀਆਂ ਹਨ। ਇਨ੍ਹਾਂ ਵਿੱਚੋਂ ਕੁਝ ਦੇ ਨਾਂ ਹਨ: ਡਿਪਾਰਟਮੈਂਟ ਆਫ ਸਟੇਟ, ਯੂਨਾਇਟਿਡ ਸਟੇਟਸ ਇਨਫਾਰਮੇਸ਼ਨ ਏਜੰਸੀ, ਦੀ ਏਜੰਸੀ ਫਾਰ ਇੰਟਰਨੈਸ਼ਨਲ ਡਿਵੈਲਪਮੈਂਟ (ਏਡ), ਪੀਸ ਕੌਰਪਸ, ਦੀ ਡੀਪਾਰਟਮੈਂਟ ਆਫ ਡਿਫੈਂਸ, ਫੋਰਡ ਫਾਉਂਡੇਸ਼ਨ ਅਤੇ ਕਈ ਹੋਰ ਨਿੱਜੀ ਫਾਉਂਡੇਸ਼ਨਾਂ।[68]

ਸੰਸਾਰ ਵਿੱਚ ਸੰਚਾਰ ਲਈ ਅੰਗ੍ਰੇਜ਼ੀ ਦੀ ਲੋੜ ਤਾਂ ਸਮਝੀ ਜਾ ਸਕਦੀ ਹੈ ਪਰ ਅੰਗ੍ਰੇਜ਼ੀ ਵੱਲੋਂ ਦੂਜੀਆਂ ਬੋਲੀਆਂ ਨੂੰ ਦਬਾਉਣਾ ਕਈ ਕਿਸਮ ਦੇ ਸਵਾਲਾਂ ਨੂੰ ਜਨਮ ਦਿੰਦਾ ਹੈ। ਇਸ ਪਾਸੇ ਵਲ ਖੋਜ ਇਹ ਦਰਸਾਉਂਦੀ ਹੈ ਕਿ ਬਰਤਾਨਵੀ ਸਾਮਰਾਜ ਤਾਂ ਭਾਵੇਂ ਖਤਮ ਹੋ ਚੁੱਕਾ ਹੈ ਪਰ ਅੰਗ੍ਰੇਜ਼ੀ ਸਾਮਰਾਜ ਇਸ ਵੇਲੇ ਵੀ ਦੁਨੀਆ 'ਤੇ ਛਾਇਆ ਹੋਇਆ ਹੈ। :

> ਅੰਗ੍ਰੇਜ਼ੀ ਭਾਸ਼ਾ ਦੀ ਮੌਜੂਦਾ ਸਥਿਤੀ ਕਿਸੇ ਕੁਦਰਤੀ ਵਰਤਾਰੇ ਦਾ ਨਤੀਜਾ ਨਹੀਂ। ਇਹ ਬਸਤੀਵਾਦੀ ਤਾਕਤਾਂ ਵੱਲੋਂ ਆਪਣੀ ਸਰਦਾਰੀ ਕਾਇਮ ਰੱਖਣ ਵਾਸਤੇ ਸੋਚੀ ਸਮਝੀ ਸਕੀਮ ਅਧੀਨ ਹੋਂਦ ਵਿੱਚ ਆਈ ਹੈ। ਇਸ ਵੇਲੇ ਸਿਰਫ ਅੰਗ੍ਰੇਜ਼ੀ ਸਿਖਾਲਣ ਅਤੇ ਇਸ ਲਈ ਲੋੜੀਂਦਾ ਸਾਜ਼ੋ

---

[68] ਸੁਖਵੰਤ ਹੁੰਦਲ, 'ਦੁਨੀਆ ਵਿੱਚ ਅੰਗ੍ਰੇਜ਼ੀ ਦਾ ਗਲਬਾ', http://sukhwanthundal.wordpress.com/

> ਸਮਾਨ ਤਿਆਰ ਕਰਨ ਵਿੱਚ ਇੰਗਲੈਂਡ, ਕਨੇਡਾ, ਅਮਰੀਕਾ, ਨਿਊਜ਼ੀਲੈਂਡ ਅਤੇ ਅਸਟ੍ਰੇਲੀਆ ਵੱਡੀ ਪੱਧਰ 'ਤੇ ਧਨ ਕਮਾ ਰਹੇ ਹਨ। ਇਨ੍ਹਾਂ ਮੁਲਕਾਂ ਵਿੱਚੋਂ ਅਨੇਕਾਂ ਅਧਿਆਪਕ ਦੁਨੀਆ ਦੇ ਹੋਰ ਮੁਲਕਾਂ ਵਿੱਚ ਜਾ ਕੇ ਅੰਗ੍ਰੇਜ਼ੀ ਸਿਖਾਲਣ ਦਾ ਧੰਦਾ ਕਰਦੇ ਹਨ ਅਤੇ ਆਪਣੀ ਰੋਜ਼ੀ ਕਮਾਉਂਦੇ ਹਨ।[69]

ਇਸ ਵੇਲੇ ਅੰਗ੍ਰੇਜ਼ੀ ਦਾ ਜਾਲ ਕੁਛ ਇਸ ਤਰ੍ਹਾਂ ਅਤੇ ਇਸ ਪੱਧਰ ਤੱਕ ਫੈਲਿਆ ਹੋਇਆ ਹੈ ਕਿ ਜੋ ਲੋਕ ਸਾਵਧਾਨ ਨਹੀਂ, ਉਹ ਇਸ ਦੇ ਅਸਰ ਥੱਲੇ ਅਚੇਤ ਹੀ ਆਪਣੀ ਬੋਲੀ ਨੂੰ ਤੁੱਛ ਸਮਝ ਕੇ ਨਕਾਰਨ ਲਗਦੇ ਹਨ। ਸੰਭਵ ਹੈ ਕਿ ਪੰਜਾਬੀਆਂ ਨਾਲ਼ ਵੀ ਕੁਝ ਇਹੋ ਜਿਹਾ ਹੋਇਆ ਹੋਵੇ ਅਤੇ ਹੋ ਰਿਹਾ ਹੋਵੇ।

ਇਹ ਵਰਤਾਰਾ ਹਰ ਕਿਸੇ ਨਾਲ਼ ਹਰ ਜਗ੍ਹਾ ਇਸੇ ਤਰ੍ਹਾਂ ਨਹੀਂ ਵਾਪਰ ਰਿਹਾ। ਉਦਾਹਰਨ ਵਜੋਂ, ਅਸੀਂ ਯੂਰਪ ਦੇ ਦੇਸਾਂ ਦੀ ਗੱਲ ਕਰ ਸਕਦੇ ਹਾਂ। ਜਦ ਤੋਂ ਯੂਰਪ ਨੂੰ ਆਪਣੀਆਂ ਆਰਿਥਕ ਤੇ ਸਿਆਸੀ ਲੋੜਾਂ ਕਾਰਨ ਏਕੀਕਰਨ ਦੀ ਲੋੜ ਪਈ ਹੈ ਤਾਂ ਭਾਸ਼ਾ ਅਤੇ ਸੱਭਿਆਚਾਰ ਦਾ ਮਸਲਾ ਉਨ੍ਹਾਂ ਲਈ ਵੀ ਮਹੱਤਵਪੂਰਨ ਬਣ ਗਿਆ ਹੈ। ਪਰ ਕੀ ਉਹ ਲੋਕ ਯੂਰਪ ਦੇ ਏਕੀਕਰਨ ਲਈ ਆਪਣੀ ਬੋਲੀ ਜਾਂ ਸੱਭਿਆਚਾਰ ਕੁਰਬਾਨ ਕਰਨ ਨੂੰ ਤਿਆਰ ਹਨ, ਜਿਸ ਤਰ੍ਹਾਂ ਪੰਜਾਬੀਆਂ ਨੇ ਖਾਸ ਕਰ ਪਾਕਿਸਤਾਨ ਦੇ ਪੰਜਾਬੀਆਂ ਨੇ ਕੀਤਾ ਹੈ? ਕਦੇ ਵੀ ਨਹੀਂ। ਹਿਊਗੋ ਬੇਟਨਜ਼ ਬੀਅਰਡਜ਼ਮੋਰ ਅਨੁਸਾਰ:

> ਯੂਰਪ ਦੇ ਭਾਸ਼ਾਈ ਭਾਈਚਾਰੇ, ਛੋਟੇ ਹੋਣ ਜਾਂ ਵੱਡੇ, ਬਹੁਤੀਆਂ ਹਾਲਤਾਂ ਵਿੱਚ ਇਲਾਕਾਈ ਅਤੇ ਕੌਮੀ ਜਜ਼ਿਬਆਂ ਨਾਲ਼ ਜੁੜੇ ਹੋਏ ਹਨ, ਉਨ੍ਹਾਂ ਵਿੱਚੋਂ ਬਹੁਤ ਘੱਟ ਲੋਕ ਯੂਰਪ ਦੇ ਏਕੀਕਰਨ ਦੀ ਵੇਦੀ 'ਤੇ ਆਪਣੀ ਭਾਸ਼ਾਈ ਅਤੇ ਸੱਭਿਆਚਾਰਕ ਵਿਲੱਖਣਤਾ ਦੀ ਕੁਰਬਾਨੀ ਕਰਨ ਦੀ ਗੱਲ ਸੋਚਣ ਤੱਕ ਜਾਣਗੇ।[70]

ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਪੰਜਾਬੀ ਵੀ ਅੰਗ੍ਰੇਜ਼ੀ ਵਾਂਗ ਇੱਕ ਭਾਸ਼ਾ ਹੈ। ਇਸ ਨੂੰ ਵੀ ਮਾਣ ਨਾਲ਼ ਜੀਣ ਦਾ ਹੱਕ ਮਿਲਣਾ ਚਾਹੀਦਾ ਹੈ। ਇਨਸਾਨ ਨੇ ਹਮੇਸ਼ਾਂ ਆਪਣੀਆਂ ਲੋੜਾਂ ਵਾਸਤੇ ਇੱਕ ਜਗ੍ਹਾ ਤੋਂ ਦੂਜੀ ਵਲ ਆਵਾਸ ਧਾਰਿਆ ਹੈ। ਇਸ ਦਾ ਰੰਗ ਰੂਪ ਅਜੋਕੇ ਸਮੇਂ ਪਹਿਲਾਂ ਨਾਲੋਂ ਵੱਖਰਾ ਹੈ ਪਰ ਇਹ ਵਰਤਾਰਾ ਆਪਣੇ ਆਪ ਵਿੱਚ ਨਵਾਂ ਨਹੀਂ। ਜੇ ਅਸੀਂ ਆਪਣੀਆਂ ਲੋੜਾਂ ਖਾਤਰ ਆਪਣੀ ਜੰਮਣ ਭੋਂ ਛੱਡ ਕੇ ਕਿਸੇ ਹੋਰ ਜਗ੍ਹਾ ਆ ਵਸੇ ਹਾਂ ਤਾਂ ਜ਼ਰੂਰੀ ਤਾਂ ਨਹੀਂ ਕਿ ਇਸ ਦੀ ਕੀਮਤ ਤਾਰਨ ਲਈ ਅਸੀਂ ਆਪਣਾ ਸਭ ਕੁਝ ਭੁੱਲ ਭੁਲਾ ਜਾਈਏ। ਨਾ ਹੀ ਥੋੜ੍ਹੇ ਕੀਤੇ ਲੋਕ

---

69 ਉਹੀ।

70 *An Overview of European Models of Bilingual Education*, by Hugo Baetens Beardsmore in *Towards Global Multilingualism*, ed. by Rosemary Khoo, Ursula Kreher and Ruth Wong. Cleveland. 1994. pp 1-12.

ਕਦੇ ਭੁੱਲਦੇ ਹਨ। ਬਸਤੀਵਾਦੀ ਸੋਚ, ਖਾਸ ਕਰ ਅਮਰੀਕਾ ਦੇ ਮਾਲਕ ਬਣੇ ਯੂਰਪੀਅਨ ਬਸਤੀਵਾਦੀ ਸੋਚ ਵਾਲੇ, ਜ਼ਰੂਰ ਇਸ ਆਸ ਵਿੱਚ ਰਹੇ ਹਨ ਕਿ ਉਨ੍ਹਾਂ ਦੇ ਮੁਲਕ ਵਿੱਚ ਆਇਆ ਹਰ ਵਿਅਕਤੀ ਸਿਰਫ ਉਨ੍ਹਾਂ ਵਰਗਾ ਹੀ ਹੋ ਕੇ ਰਹੇਗਾ, ਭਾਵੇਂ ਉਨ੍ਹਾਂ ਨੇ ਆਪ ਏਥੋਂ ਦੇ ਮੁੱਢਲੇ ਬਾਸ਼ਿੰਦਿਆਂ ਦੇ ਸੱਭਿਆਚਾਰ ਤੇ ਬੋਲੀਆਂ ਹੀ ਨਹੀਂ ਖੁਦ ਲੋਕਾਂ ਨੂੰ ਵੀ ਤਕਰੀਬਨ ਤਕਰੀਬਨ ਖਤਮ ਹੀ ਕਰ ਦਿੱਤਾ ਸੀ। ਪਰ ਹਰ ਕੋਈ ਇਨ੍ਹਾਂ ਦੀ ਬਸਤੀਵਾਦੀ ਸੋਚ ਮੁਤਾਬਕ ਜੀਣ ਲਈ ਤਿਆਰ ਨਹੀਂ ਅਤੇ ਨਾ ਹੀ ਅਜੋਕੇ ਸਮੇਂ ਵਿੱਚ ਕਿਸੇ ਨੂੰ ਅਜਿਹਾ ਕਰਨ ਲਈ ਮਜਬੂਰ ਕੀਤਾ ਜਾ ਸਕਦਾ ਹੈ। ਕਨੇਡਾ ਅਮਰੀਕਾ ਵਿੱਚ ਵਸਦੇ ਚੀਨੀ ਲੋਕਾਂ ਦੀ ਉਦਾਹਰਨ ਸਾਡੇ ਸਾਹਮਣੇ ਹੈ। ਕਈ ਵੱਡੇ ਵੱਡੇ ਸ਼ਹਿਰਾਂ ਵਿੱਚ ਪਿਛਲੇ ਡੇਢ ਸੌ ਸਾਲ ਤੋਂ ਚੀਨੀ ਲੋਕ ਰਹਿ ਰਹੇ ਹਨ। ਉਹ ਅੰਗ੍ਰੇਜ਼ੀ ਵੀ ਬੋਲਦੇ ਹਨ ਪਰ ਉਨ੍ਹਾਂ ਨੇ ਆਪਣੀ ਭਾਸ਼ਾ ਵੀ ਨਹੀਂ ਛੱਡੀ। ਚੀਨੀ ਵਸੋਂ ਵਾਲ਼ੇ ਕਿਸੇ ਵੀ ਅਮਰੀਕਨ ਜਾਂ ਕਨੇਡੀਅਨ ਸ਼ਹਿਰ ਜਾ ਕੇ ਦੇਖ ਲਓ: ਚਾਈਨਾ ਟਾਊਨ ਦੀ ਵੱਖਰੀ ਨੁਹਾਰ ਹੋਵੇਗੀ; ਚੀਨੀ ਭਾਸ਼ਾ ਸੁਣੇਗੀ ਹੀ ਨਹੀਂ ਦਿਸੇਗੀ ਵੀ।

ਪੰਜਾਬੀ ਦੀ ਨਿਰਾਸ਼ਾਜਨਕ ਸਥਿਤੀ ਦਾ ਇੱਕ ਕਾਰਨ ਤਾਂ ਪੰਜਾਬੀਆਂ ਦੇ ਧੁਰ ਅੰਦਰ ਬੈਠੀ ਲਾਰਡ ਮੈਕਾਲੇ ਦੀ ਰੂਹ ਹੈ। ਅਸੀਂ (ਪੰਜਾਬੀ/ਭਾਰਤੀ) ਤਾਂ ਕਈ ਵਾਰੀ ਲਾਰਡ ਮੈਕਾਲੇ ਦੇ ਕਿਸੇ ਸਮੇਂ ਲਏ ਸੁਪਨੇ ਦਾ ਸਾਕਾਰ ਰੂਪ ਹੀ ਦਿਸਦੇ ਹਾਂ ਜਾਂ ਅਜਿਹਾ ਬਣਨ ਦੀ ਕੋਸ਼ਿਸ਼ ਵਿੱਚ ਹੁੰਦੇ ਹਾਂ। ਮੈਕਾਲੇ ਨੇ ਡੇਢ ਸੌ ਸਾਲ ਪਹਿਲਾਂ ਸੁਪਨਾ ਲਿਆ ਸੀ ਕਿ ਉਹ ਭਾਰਤੀਆਂ ਦੀ ਇੱਕ ਅਜਿਹੀ ਜਮਾਤ ਪੈਦਾ ਕਰੇਗਾ, *''ਜਿਹੜੀ ਖੂਨ ਅਤੇ ਰੰਗ ਵਜੋਂ ਭਾਰਤੀ ਹੋਵੇਗੀ, ਪਰ ਸੁਆਦ, ਰਾਇ, ਸਿੱਖਿਆ ਅਤੇ ਬੁੱਧੀ ਵਿੱਚ ਇੰਗਲਿਸ਼ ਹੋਵੇਗੀ''।*[71] ਤੇ ਇਸ ਦਾ ਹੀ ਅਜੋਕਾ ਪਸਾਰ ਇਹ ਹੈ ਕਿ ਏਡੀ ਵੱਡੀ ਜ਼ਬਾਨ ਹੋਣ ਦੇ ਬਾਵਜੂਦ ਇਸ ਦੀ ਸਾਰ ਲੈਣ ਵਾਲ਼ੀ ਕੋਈ ਸਰਕਾਰ (ਸਟੇਟ) ਨਹੀਂ ਹੈ। ਪਰ ਜਿਸ ਤਰ੍ਹਾਂ ਪੰਜਾਬੀ ਇਸ ਵੇਲੇ ਅੰਤਰਰਾਸ਼ਟਰੀ ਪੱਧਰ 'ਤੇ ਵਿੱਚਰ ਰਹੀ ਹੈ ਅਤੇ ਜਿਸ ਤਰ੍ਹਾਂ ਪੰਜਾਬੀ ਭਾਈਚਾਰੇ ਨੇ ਆਪਣੇ ਆਪ ਨੂੰ ਦੁਨੀਆ ਦੇ ਵੱਖ ਵੱਖ ਖੇਤਰਾਂ ਵਿੱਚ ਸਥਾਪਿਤ ਕੀਤਾ ਹੈ, ਉਸ ਲਈ ਇਸ ਦੀ ਸਾਰ ਲੈਣ ਵਾਲੀ ਸਰਕਾਰ ਦਾ ਬਦਲ ਲੱਭਣਾ ਕੋਈ ਏਨੀ ਔਖੀ ਗੱਲ ਨਹੀਂ। ਇਸ ਬਾਰੇ ਅੱਗੇ ਚੱਲ ਕੇ ਕੁਝ ਹੋਰ ਵਿਚਾਰ ਪੇਸ਼ ਕੀਤੇ ਜਾਣਗੇ।

ਪੰਜਾਬੀ ਭਾਸ਼ਾ ਦੀ ਜਾਣਕਾਰੀ ਜਿੱਥੇ ਕਨੇਡਾ ਵਿੱਚ ਜੰਮ-ਪਲ਼ ਰਹੇ ਬੱਚਿਆਂ ਦੇ ਵਿਅਕਤੀਗਤ ਵਿਕਾਸ ਵਿੱਚ ਹਾਂ-ਪੱਖੀ ਰੋਲ ਅਦਾ ਕਰੇਗੀ ਉੱਥੇ ਇਹ ਉਨ੍ਹਾਂ ਦੀ ਆਰਿਥਕ ਖੁਸ਼ਹਾਲੀ ਵਿੱਚ ਵੀ ਸਹਾਈ ਹੋਵੇਗੀ। ਕਨੇਡਾ ਹੀ ਨਹੀਂ ਦੁਨੀਆ ਦੇ ਵੱਡੇ ਹਿੱਸੇ ਵਿੱਚ ਜਿਸ ਆਰਿਥਕ ਢਾਂਚੇ ਦੀ ਸਰਦਾਰੀ ਹੈ ਉਸ ਅਨੁਸਾਰ ਇੱਕ ਫੈਸਲਾਕੁੰਨ ਤਾਕਤ ਖਪਤਕਾਰਾਂ ਦੇ ਰੂਪ ਵਿੱਚ ਆਮ ਲੋਕ ਹਨ। ਵੱਡੀਆਂ ਵੱਡੀਆਂ ਬਹੁਕੌਮੀ

---

[71] Quoted in Robert Philipson, *Lingucism: Structure and Ideologies in Linguistic Imperialism. in Multiligualism and the Education of Minority Children*, in <u>Minority Education: From Shame to Struggle</u>, ed. by T. Skutnabb-Kangas and J. Cummins, Multilingual Matters Ltd. Clevedon, 1988, p. 343.

ਕਾਰਪੋਰੇਸ਼ਨਾਂ ਆਪਣਾ ਮਾਲ ਵੇਚਣ ਲਈ ਖਪਤਕਾਰਾਂ ਦੀਆਂ ਲੋੜਾਂ ਵਲ ਧਿਆਨ ਦਿੰਦੀਆਂ ਹਨ ਅਤੇ ਹਮੇਸ਼ਾ ਉਨ੍ਹਾਂ ਮੌਕਿਆਂ ਦੀ ਭਾਲ ਵਿੱਚ ਰਹਿੰਦੀਆਂ ਹਨ ਜਿਨ੍ਹਾਂ ਨਾਲ਼ ਉਹ ਵਧ ਤੋਂ ਵਧ ਲੋਕਾਂ ਨੂੰ ਚੀਜ਼ਾਂ ਖ਼੍ਰੀਦਣ ਲਈ ਪ੍ਰਭਾਵਿਤ ਕਰ ਸਕਣ। ਕਨੇਡਾ ਵਿੱਚ ਇਸ ਵੇਲੇ ਪੰਜਾਬੀ ਬੋਲਣ/ਸਮਝਣ ਵਾਲੇ ਲੋਕਾਂ ਦੀ ਗਿਣਤੀ ਦਸ ਲੱਖ (ਮਿਲੀਅਨ) ਤੱਕ ਪਹੁੰਚਣ ਵਾਲੀ ਹੈ। ਇਨ੍ਹਾਂ ਨਾਲ਼ ਰਾਬਤਾ ਕਾਇਮ ਕਰਨ ਲਈ ਹਰ ਸਰਕਾਰੀ ਤੇ ਗੈਰ-ਸਰਕਾਰੀ ਅਦਾਰੇ ਨੂੰ ਕਿਸੇ ਨਾ ਕਿਸੇ ਪੱਧਰ 'ਤੇ ਪੰਜਾਬੀ ਦੀ ਵਰਤੋਂ ਕਰਨੀ ਪੈਂਦੀ ਹੈ। ਇਸ ਨਾਲ਼ ਇਨ੍ਹਾਂ ਅਦਾਰਿਆਂ ਨੂੰ ਵੱਡੀ ਗਿਣਤੀ ਵਿੱਚ ਉਨ੍ਹਾਂ ਲੋਕਾਂ ਦੀ ਲੋੜ ਪੈ ਰਹੀ ਹੈ ਜੋ ਅੰਗ੍ਰੇਜ਼ੀ ਦੇ ਨਾਲ਼ ਨਾਲ਼ ਪੰਜਾਬੀ ਵੀ ਚੰਗੀ ਤਰ੍ਹਾਂ ਜਾਣਦੇ ਹੋਣ, ਖਾਸ ਕਰ ਉਨ੍ਹਾਂ ਇਲਾਕਿਆਂ ਵਿੱਚ ਜਿੱਥੇ ਪੰਜਾਬੀ ਵੱਡੀ ਗਿਣਤੀ ਵਿੱਚ ਰਹਿੰਦੇ ਹੋਣ। ਸਰ੍ਹੀ ਵਰਗੇ ਸ਼ਹਿਰ ਵਿੱਚ ਇਹ ਗੱਲ ਹੁਣ ਆਮ ਵਾਂਗ ਵਾਪਰ ਰਹੀ ਹੈ ਕਿ ਪੜ੍ਹਾਈ ਦੇ ਨਾਲ਼ ਨਾਲ਼ ਨੌਕਰੀ ਲੱਭਣ ਲਈ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ ਦੀ ਜਾਣਕਾਰੀ ਸਹਾਇਤਾ ਕਰ ਰਹੀ ਹੈ। ਜਿਵੇਂ ਜਿਵੇਂ ਪੰਜਾਬੀਆਂ ਅੰਦਰ ਆਪਣੀ ਮਾਂ-ਬੋਲੀ ਪ੍ਰਤੀ ਜਾਗ੍ਰਿਤੀ ਵਧੇਗੀ, ਪੰਜਾਬੀ ਭਾਸ਼ਾ ਨਾਲ਼ ਸੰਬੰਧਿਤ ਨੌਕਰੀਆਂ ਵਿੱਚ ਵੀ ਵਾਧਾ ਹੋਵੇਗਾ।

ਜਿਸ ਤਰ੍ਹਾਂ ਮਾਪਿਆਂ ਨੂੰ ਜਾਂ ਪਹਿਲੀ ਪੀੜ੍ਹੀ ਨੂੰ ਇਹ ਲੋੜ ਕੁਦਰਤੀ ਜਾਪਦੀ ਹੈ ਕਿ ਉਨ੍ਹਾਂ ਦੇ ਬੱਚੇ ਉਨ੍ਹਾਂ ਦੀ ਭਾਸ਼ਾ ਤੋਂ ਜਾਣੂ ਹੋਣ ਅਤੇ ਉਨ੍ਹਾਂ ਦੇ ਸੱਭਿਆਚਾਰ ਨੂੰ ਅੱਗੇ ਲੈ ਕੇ ਜਾਣ ਇਸੇ ਤਰ੍ਹਾਂ ਬੱਚਿਆਂ ਨੂੰ ਵੀ ਆਪਣੇ ਪਿਛੋਕੜ ਨਾਲ਼ ਜੁੜਨ ਦੀ ਕੁਦਰਤੀ ਲੋੜ ਅਤੇ ਖਾਹਿਸ਼ ਹੁੰਦੀ ਹੈ। ਇਹ ਗੱਲ ਵੱਖਰੀ ਹੈ ਕਿ ਕਈ ਵਾਰੀ ਕਈ ਸਥਿਤੀਆਂ ਅਤੇ ਮਜਬੂਰੀਆਂ ਅਧੀਨ ਬੱਚੇ ਆਪਣੀ ਮਾਂ-ਬੋਲੀ ਅਤੇ ਸੱਭਿਆਚਾਰ ਤੋਂ ਬੇਮੁੱਖ ਹੋ ਜਾਂਦੇ ਹਨ। ਲੋੜ ਹੁੰਦੀ ਹੈ ਉਨ੍ਹਾਂ ਸਥਿਤੀਆਂ ਨੂੰ ਸਮਝਣ ਅਤੇ ਬਦਲਣ ਦੀ, ਜਿਹੜੀਆਂ ਬੱਚੇ ਉੱਪਰ ਇਸ ਕਿਸਮ ਦੇ ਅਸਰ ਪਾਉਂਦੀਆਂ ਹਨ।

ਜਿਹੜੀ ਬੋਲੀ ਬੋਲਣ ਵਾਲ਼ੀ ਮਾਂ ਦੀ ਕੁੱਖੋਂ ਜਾਂ ਪਰਿਵਾਰ ਵਿੱਚ ਬੱਚਾ ਜਨਮ ਲੈਂਦਾ ਹੈ ਉਹ ਸਭ ਤੋਂ ਪਹਿਲਾਂ ਉਹ ਬੋਲੀ ਹੀ ਸਿੱਖਦਾ ਹੈ ਅਤੇ ਉਹ ਬੋਲੀ ਹੀ ਉਸ ਦੀ ਮਾਂ-ਬੋਲੀ ਹੁੰਦੀ ਹੈ। ਜੇ ਇਹ ਪਰਿਵਾਰ ਕਿਸੇ ਅਜਿਹੇ ਕਬੀਲੇ ਜਾਂ ਸਮਾਜ ਦਾ ਹਿੱਸਾ ਹੈ ਜੋ ਹੋਰ ਬੋਲੀਆਂ ਬੋਲਣ ਵਾਲ਼ੇ ਕਬੀਲਿਆਂ ਜਾਂ ਸਮਾਜਾਂ ਦੇ ਸੰਪਰਕ ਵਿੱਚ ਨਹੀਂ ਆਉਂਦਾ ਤਾਂ ਉਸ ਬੱਚੇ ਵਾਸਤੇ ਉਹ ਬੋਲੀ ਹੀ ਸਭ ਕੁਝ ਹੋਵੇਗੀ। ਉਹ ਉਸ ਬੋਲੀ ਨਾਲ਼ ਬਿਨਾਂ ਕਿਸੇ ਮੁਸ਼ਕਲ ਦੇ ਆਪਣਾ ਜੀਵਨ ਬਿਤਾ ਸਕਦਾ ਹੈ ਜਿਸ ਤਰ੍ਹਾਂ ਉਸ ਦੇ ਕਬੀਲੇ ਦੇ ਲੋਕ ਸਦੀਆਂ ਤੋਂ ਕਰਦੇ ਆਏ ਹੋਣ। ਉਸ ਨੂੰ ਕਦੇ ਵੀ ਆਪਣੀ ਬੋਲੀ ਦੇ ਘਟੀਆ, ਕਮਜ਼ੋਰ ਜਾਂ ਮਹੱਤਵਹੀਣ ਹੋਣ ਦਾ ਅਹਿਸਾਸ ਨਹੀਂ ਹੋਵੇਗਾ। ਪਰ ਜੇ ਉਹੀ ਪਰਿਵਾਰ ਜਾਂ ਕਬੀਲਾ ਕਿਸੇ ਅਜਿਹੇ ਸਮਾਜ ਦਾ ਹਿੱਸਾ ਬਣ ਜਾਣ ਜਿੱਥੇ ਉਨ੍ਹਾਂ ਦੇ ਘਰ ਅੰਦਰ ਬੋਲੀ ਜਾਂਦੀ ਬੋਲੀ ਤੋਂ ਬਿਨਾਂ ਕੋਈ ਹੋਰ ਬੋਲੀ ਵਰਤੀ ਜਾਂਦੀ ਹੋਵੇ ਅਤੇ ਜੇ ਸਮੇਂ ਦੀਆਂ ਆਰਿਥਕ, ਰਾਜੀਨਤਕ ਅਤੇ ਸਮਾਜਿਕ ਹਾਲਤਾਂ ਅਨੁਸਾਰ ਘਰ ਅੰਦਰ ਵਰਤੀ ਜਾਂਦੀ ਬੋਲੀ ਬਾਹਰ ਵਰਤੀ ਜਾਂਦੀ ਬੋਲੀ ਦੇ ਮੁਕਾਬਲੇ ਘੱਟ ਮਹੱਤਤਾ ਰੱਖਦੀ ਹੋਵੇ; ਘਰ ਵਿਚਲੀ ਬੋਲੀ ਵਿੱਚ ਸਿੱਖਿਆ ਮਿਲਣ ਦੀ, ਨੌਕਰੀ ਮਿਲਣ ਦੀ ਅਤੇ ਸਮਾਜਿਕ ਦਰਜਾ ਮਿਲਣ ਦੀ ਕੋਈ ਆਸ ਨਾ ਹੋਵੇ; ਉਸ ਘਰ ਦੇ

ਬਾਕੀ ਜੀਅ ਵੀ ਇਸ ਹਕੀਕਤ ਅੱਗੇ ਹਥਿਆਰ ਸੁੱਟ ਕੇ ਆਪਣੀ ਬੋਲੀ ਤੋਂ ਬੇਮੁੱਖ ਹੋ ਗਏ ਹੋਣ, ਤਾਂ ਉਸ ਬੱਚੇ ਨੂੰ ਇਹ ਜਾਨਣ ਵਿੱਚ ਦੇਰ ਨਹੀਂ ਲੱਗੇਗੀ ਕਿ ਜੀਵਨ ਵਿੱਚ ਸਫਲ ਹੋਣ ਲਈ ਉਹਨੂੰ ਕਿਹੜੀ ਬੋਲੀ ਸਿੱਖਣੀ ਅਤੇ ਵਰਤਣੀ ਚਾਹੀਦੀ ਹੈ। ਉਸ ਦੀ ਮਾਂ-ਬੋਲੀ ਅਤੇ ਸਮਾਜ ਵਿੱਚ ਪ੍ਰਵਾਣਿਤ ਭਾਸ਼ਾ ਵਿਚਲੇ ਉਚ-ਨੀਚ ਦੇ ਰਿਸ਼ਤੇ ਦੀ ਸਥਿਤੀ ਉਸ ਬੱਚੇ ਨੂੰ ਆਪਣੀ ਮਾਂ-ਬੋਲੀ ਤੋਂ ਬੇਮੁੱਖ ਹੋਣ ਲਈ ਮਜਬੂਰ ਕਰ ਦੇਵੇਗੀ। ਉਸ ਬੱਚੇ ਦੇ ਮਨ ਅੰਦਰ ਆਪਣੀ ਮਾਂ-ਬੋਲੀ ਵਲ ਮਾਣ ਦਾ ਨਹੀਂ ਸਗੋਂ ਹੀਣਤਾ ਦਾ ਅਹਿਸਾਸ ਜਾਗੇਗਾ ਅਤੇ ਉਹ ਸਮਾਜ ਵਿੱਚ ਪ੍ਰਵਾਣਿਤ ਅਤੇ ਸਫਲ ਹੋਣ ਲਈ ਸਮਾਜ ਵਿੱਚ ਵੱਡਾ ਰੁਤਬਾ ਰੱਖਣ ਵਾਲ਼ੀ ਭਾਸ਼ਾ ਨਾਲ਼ ਆਪਣੀ ਪਛਾਣ ਕਰੇਗਾ ਅਤੇ ਕਰਵਾਏਗਾ।

ਵਿਕਟੋਰੀਆ ਬੀ ਸੀ ਵਿੱਚ ਟੀ. ਮੈਕਨਾਮੀ ਅਤੇ ਐਚ. ਵਾਈਟ ਵੱਲੋਂ 1985 ਵਿੱਚ ਕੀਤੀ ਗਈ ਇੱਕ ਖੋਜ[72] ਬੱਚਿਆਂ ਨਾਲ਼ ਵਰਤਦੀ ਇਸ ਹੋਣੀ ਨੂੰ ਸਮਝਣ ਵਿੱਚ ਸਹਾਈ ਹੋ ਸਕਦੀ ਹੈ। ਉਨ੍ਹਾਂ ਨੇ ਮਹਾਂਵਿਕਟੋਰੀਆ ਦੀ ਅੰਤਰ-ਸੱਭਿਆਚਾਰਕ ਜਥੇਬੰਦੀ (ਇੰਟਰ-ਕਲਚਰਲ ਐਸੋਸੀਏਸ਼ਨ) ਵੱਲੋਂ ਸਥਾਨਕ ਸਿੱਖ ਗੁਰਦੁਆਰੇ ਅਤੇ ਹਿੰਦੂ ਪ੍ਰੀਸ਼ਦ ਦੇ ਸਹਿਯੋਗ ਨਾਲ਼ ਚਲਾਏ ਇੱਕ ਕਾਰਜਕ੍ਰਮ ਸੰਬੰਧੀ ਵਿਸਥਾਰ ਵਿੱਚ ਲਿਖਿਆ ਹੈ। ਇਸ ਵਿੱਚ ਪ੍ਰੀ-ਸਕੂਲ ਦੀ ਉਮਰ ਦੇ ਬੱਚਿਆਂ ਵਾਲ਼ੇ ਕੁਝ ਪੰਜਾਬੀ ਪਰਿਵਾਰ ਸ਼ਾਮਲ ਸਨ। ਇਸ ਪ੍ਰੋਗਰਾਮ ਅਧੀਨ ਹਰ ਸੋਮਵਾਰ ਅਤੇ ਬੁੱਧਵਾਰ ਬਾਅਦ ਦੁਪਹਿਰ ਦੋ ਘੰਟਿਆਂ ਦਾ ਦੌਰ (ਸੈਸ਼ਨ) ਇੱਕ ਸਥਾਨਕ ਚਰਚ ਵਿੱਚ ਲਾਇਆ ਜਾਂਦਾ ਸੀ ਜੋ ਹਿੰਦੂ ਪ੍ਰੀਸ਼ਦ ਵੱਲੋਂ ਆਪਣੀਆਂ ਮਿਲਣੀਆਂ (ਮੀਟਿੰਗਾਂ) ਵਾਸਤੇ ਵਰਤਿਆ ਜਾਂਦਾ ਸੀ। ਇਸ ਵਿੱਚ ਪੰਜਾਬੀ ਬੱਚੇ ਇੱਕ ਪ੍ਰੀ-ਸਕੂਲ ਅਧਿਆਪਕ ਅਤੇ ਪੰਜਾਬੀ ਬੋਲਣ ਵਾਲ਼ੇ ਵਿਅਕਤੀ ਦੀ ਨਿਗਰਾਨੀ ਹੇਠ ਹੁੰਦੇ ਸਨ ਅਤੇ ਉਸੇ ਵੇਲੇ ਵੱਡੀ ਉਮਰ ਦੇ ਪੰਜਾਬੀ ਵੀ ਉੱਥੇ ਅੰਗ੍ਰੇਜ਼ੀ ਨੂੰ ਦੂਜੀ ਭਾਸ਼ਾ ਵਜੋਂ ਪੜ੍ਹਾਉਣ ਵਾਲੇ ਅਧਿਆਪਕ ਕੋਲੋਂ ਅੰਗ੍ਰੇਜ਼ੀ ਸਿੱਖਦੇ ਸਨ। ਮੈਕਨਾਮੀ ਅਤੇ ਵਾਈਟ ਅਨੁਸਾਰ ਪ੍ਰੀ-ਸਕੂਲ ਦੇ ਬੱਚਿਆਂ ਵਾਸਤੇ ਨਿਸ਼ਾਨਾ ਸੀ ਕਿ ਅੰਗ੍ਰੇਜ਼ੀ ਦੀ ਮੁੱਢਲੀ ਜਾਣਕਾਰੀ ਦੇ ਨਾਲ਼ ਨਾਲ਼ ਉਨ੍ਹਾਂ ਦੀ ਘਰ ਵਿੱਚ ਸਿੱਖੀ ਪੰਜਾਬੀ ਵਰਤਣ ਦੀ ਯੋਗਤਾ ਨੂੰ ਉਤਸ਼ਾਹਿਤ ਅਤੇ ਪਰਪੱਕ ਕਰਨਾ। ਖੋਜਕਾਰਾਂ ਨੋਟ ਕੀਤਾ ਕਿ ਜਿਹੜੇ ਬੱਚੇ ਪਹਿਲਾਂ ਹੀ ਕੁਝ ਅੰਗ੍ਰੇਜ਼ੀ ਜਾਣਦੇ ਸਨ ਉਹ ਨਾ ਤਾਂ ਪੰਜਾਬੀ ਬੋਲਣੀ ਚਾਹੁੰਦੇ ਸਨ ਅਤੇ ਨਾ ਹੀ ਉਹ ਉੱਥੇ ਹਾਜ਼ਰ ਵੱਡੀ ਉਮਰ ਦੇ ਪੰਜਾਬੀਆਂ ਵੱਲੋ ਪੇਸ਼ ਕੀਤੇ ਗੀਤਾਂ ਜਾਂ ਕਹਾਣੀਆਂ ਵਿੱਚ ਕੋਈ ਦਿਲਚਸਪੀ ਲੈਂਦੇ ਸਨ। ਉਹ ਬੱਚੇ ਅੰਗ੍ਰੇਜ਼ੀ ਤੋਂ ਬਿਨਾਂ ਬਾਕੀ ਸਭ ਕੁਝ ਨੂੰ ਰੱਦ ਕਰਦੇ ਸਨ। ਇਹ ਉਨ੍ਹਾਂ ਨੇ ਪਹਿਲੇ ਪ੍ਰੀ-ਸਕੂਲ ਵਿੱਚੋਂ ਸਿੱਖਿਆ ਸੀ ਜਿੱਥੇ ਦੁਭਾਸ਼ੀ/ਦੁਸੱਭਿਆਚਾਰੀ ਜੀਵਨ-ਜਾਚ ਨੂੰ ਬੜ੍ਹਾਵਾ ਨਹੀਂ ਸੀ ਦਿੱਤਾ ਜਾਂਦਾ। ਇਹ ਗੱਲ ਖੇਡ ਦੌਰਾਨ ਬੱਚਿਆਂ ਵਿਚਕਾਰ ਹੋਈ ਗੱਲਬਾਤ ਤੋਂ ਜ਼ਾਹਰ ਹੋਈ: ਦੋ ਬੱਚੇ ਪੰਜਾਬੀ ਵਿੱਚ ਗੱਲ ਕਰ ਰਹੇ ਸਨ। ਤੀਜੇ

---

72 As discussed by Jim Cummins in The Research Basis for Heritage Language Promotion. Heritage Language and Education: The Canadian Experience. Ed. by Marcel Danesi, Keith McLeod and Sonia Morris. pp. 1- 23.

ਬੱਚੇ ਨੇ ਆ ਕੇ ਉਨ੍ਹਾਂ ਨੂੰ ਅੰਗ੍ਰੇਜ਼ੀ ਵਿੱਚ ਟੋਕਿਆ: ''ਸਕੂਲ ਵਿਚ ਪੰਜਾਬੀ ਨਹੀਂ ਬੋਲਣੀ - ਨੋ ਪੰਜਾਬੀ ਇਨ ਦਾ ਸਕੂਲ''। ਇਸ ਮੌਕੇ ਪ੍ਰੀ-ਸਕੂਲ ਅਧਿਆਪਕ ਨੇ ਆ ਕੇ ਉਨ੍ਹਾਂ ਨਾਲ਼ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਉਤਸ਼ਾਹਿਤ ਕੀਤਾ ਕਿ ਦੋ ਜ਼ਬਾਨਾਂ ਬੋਲ ਸਕਣਾ ਕਿੱਡੀ ਵੱਡੀ ਗੱਲ ਹੈ ਅਤੇ ਉਹ ਕਿੰਨੇ ਖੁਸ਼ਿਕਸਮਤ ਹਨ ਕਿ ਉਹ ਦੋ ਜ਼ਬਾਨਾਂ ਬੋਲ ਸਕਦੇ ਹਨ। ਇਸ ਕਿਸਮ ਦੇ ਲਗਾਤਾਰ ਮਿਲਦੇ ਹੌਸਲੇ ਦੇ ਨਤੀਜੇ ਵਜੋਂ ਉਨ੍ਹਾਂ ਬੱਚਿਆਂ ਵਿੱਚ ਪੰਜਾਬੀ ਬੋਲੀ ਅਤੇ ਸੱਭਿਆਚਾਰ ਪ੍ਰਤੀ ਨਵਾਂ ਉਤਸ਼ਾਹ ਪੈਦਾ ਹੋਇਆ ਅਤੇ ਨਾਲ਼ ਹੀ ਉਹ ਬੱਚੇ ਅੰਗ੍ਰੇਜ਼ੀ ਵੀ ਉੱਨੇ ਹੀ ਵਧੀਆ ਤਰੀਕੇ ਨਾਲ਼ ਸਿੱਖਣ ਲੱਗੇ। ਮੈਕਨਾਮੀ ਅਤੇ ਵਾਈਟ ਨੇ ਇਸ ਖੋਜ ਰਾਹੀਂ ਦਿਖਾਇਆ ਕਿ ਕਿਸ ਤਰ੍ਹਾਂ ਬੱਚਿਆਂ ਨੂੰ ਦੁਭਾਸ਼ੀ/ਦੁਸੱਭਿਆਚਾਰੀ ਜੀਵਨ-ਜਾਚ ਸਿਖਾਈ ਜਾ ਸਕਦੀ ਹੈ ਜਿਹੜੀ ਬੱਚੇ ਦੇ ਵਿਅਕਤੀਗਤ ਵਿਕਾਸ ਵਿੱਚ ਅਤੇ ਵਿੱਦਿਆ ਗ੍ਰਹਿਣ ਕਰਨ ਵਿੱਚ ਹਾਂ-ਪੱਖੀ ਭੂਮਿਕਾ ਨਿਭਾ ਸਕਦੀ ਹੈ।

ਬਚਪਨ ਵਿੱਚ ਨਾਂਹ-ਪੱਖੀ ਸਥਿਤੀਆਂ ਦਾ ਸ਼ਿਕਾਰ ਹੋਏ ਬੱਚਿਆਂ ਦੇ ਜੀਵਨ ਵਿੱਚ ਕਦੇ ਨਾ ਕਦੇ ਇਹ ਮੌਕਾ ਜ਼ਰੂਰ ਆਉਂਦਾ ਹੈ ਜਦੋਂ ਉਹ ਆਪਣੇ ਪਿਛੋਕੜ ਬਾਰੇ ਸੋਚਦੇ ਹਨ ਅਤੇ ਉਸ ਨਾਲ਼ ਜੁੜਨਾ ਲੋਚਦੇ ਹਨ। ਇਸ ਦੀਆਂ ਅਨੇਕਾਂ ਉਦਾਹਰਨਾਂ ਆਸੇ ਪਾਸੇ ਖਿੱਲਰੀਆਂ ਪਈਆਂ ਹਨ। ਵੱਡੇ ਪੱਧਰ ਉੱਤੇ ਅਫਰੀਕਾ ਵਿੱਚੋਂ ਗੁਲਾਮ ਬਣਾ ਕੇ ਲਿਆਂਦੇ ਕਾਲ਼ੇ ਅਮਰੀਕਨ ਲੋਕਾਂ ਦੀ ਆਪਣੇ ਪਿਛੋਕੜ ਨਾਲ਼ ਜੁੜਨ ਦੀ ਲੋਚਨਾ ਤੋਂ ਅਸੀਂ ਸਾਰੇ ਜਾਣੂ ਹਾਂ। ਇਸ ਸੰਦਰਭ ਵਿੱਚ ਮੈਂ ਆਪਣਾ ਨਿੱਜੀ ਤਜਰਬਾ ਵੀ ਤੁਹਾਡੇ ਨਾਲ਼ ਸਾਂਝਾ ਕਰ ਸਕਦਾ ਹਾਂ। ਯੂ ਬੀ ਸੀ ਵਿੱਚ ਮੇਰੀਆਂ ਪੰਜਾਬੀ ਦੀਆਂ ਜਮਾਤਾਂ ਲੈਣ ਵਾਲ਼ੇ ਪੰਜਾਬੀ ਪਿਛੋਕੜ ਦੇ ਬਹੁਤੇ ਵਿਦਿਆਰਥੀਆਂ ਦਾ ਕਹਿਣਾ ਸੀ ਕਿ ਉਹ ਬਚਪਨ ਵਿੱਚ ਪੰਜਾਬੀ ਸਿੱਖਣੀ ਬਿਲਕੁਲ ਪਸੰਦ ਨਹੀਂ ਸਨ ਕਰਦੇ। ਉਹ ਸਮਝਦੇ ਸਨ ਕਿ ਇਹ ਖਾਹਮਖਾਹ ਉਨ੍ਹਾਂ ਦੇ ਮਾਪਿਆਂ ਵੱਲੋਂ ਉਨ੍ਹਾਂ ਉੱਪਰ ਠੋਸੀ ਜਾ ਰਹੀ ਹੈ। ਪਰ ਵਿਸ਼ਵਵਿਦਿਆਲੇ ਆ ਕੇ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਆਪਣੇ ਮਾਪਿਆਂ ਨਾਲ਼ ਅਤੇ ਸੱਭਿਆਚਾਰ ਨਾਲ਼ ਨੇੜਤਾ ਲਈ ਪੰਜਾਬੀ ਜ਼ਬਾਨ ਦਾ ਆਉਣਾ ਬੇਹੱਦ ਜ਼ਰੂਰੀ ਹੈ। ਉਨ੍ਹਾਂ ਨੂੰ ਇਹ ਪਛਤਾਵਾ ਸੀ ਕਿ ਉਨ੍ਹਾਂ ਨੇ ਮਾਪਿਆਂ ਦੀ ਗੱਲ ਧਿਆਨ ਨਾਲ਼ ਕਿਉਂ ਨਾ ਸੁਣੀ। ਏਥੇ ਸਮਝਣ ਵਾਲ਼ੀ ਗੱਲ ਇਹ ਹੈ ਕਿ ਪੰਜਾਬੀ ਭਾਸ਼ਾ ਦਾ ਕਾਇਮ ਰਹਿਣਾ ਸਿਰਫ ਸਾਡੇ ਨਜ਼ਰੀਏ ਤੋਂ ਹੀ ਨਹੀਂ ਸਾਡੇ ਬੱਚਿਆਂ ਦੇ ਨਜ਼ਰੀਏ ਤੋਂ ਵੀ ਉੱਨਾਂ ਹੀ ਜ਼ਰੂਰੀ ਹੈ।

3.1.2

ਕਨੇਡਾ ਦੇ ਪੰਜਾਬੀ ਘਰਾਂ ਵਿੱਚ ਜੰਮ-ਪਲ਼ ਰਹੇ ਬੱਚਿਆਂ ਦੀ ਮਾਂ-ਬੋਲੀ ਕਿਹੜੀ ਹੈ?

ਇਹ ਸਾਧਾਰਨ ਜਾਪਦਾ ਸਵਾਲ ਅਸਲ ਵਿੱਚ ਕਾਫੀ ਪੇਚੀਦਾ ਮਸਲਾ ਹੈ। ਸਾਡੇ ਵੱਲੋਂ ਕੀਤੀ ਪਰਿਭਾਸ਼ਾ ਇਹ ਗੱਲ ਨਿਰਧਾਰਿਤ ਕਰਦੀ ਹੈ ਕਿ ਅਸੀਂ ਕਿਹੜੀ ਭਾਸ਼ਾ ਨੂੰ ਅਤੇ ਕਿਉਂ ਆਪਣੀ ਮਾਂ-ਬੋਲੀ ਦਾ ਦਰਜਾ ਦਿੰਦੇ ਹਾਂ ਅਤੇ ਕਿਹੜੀ ਨੂੰ ਨਹੀਂ। ਉਂਜ ਕਹਿਣ ਨੂੰ ਪੰਜਾਬ ਵਿੱਚ ਜੰਮਿਆਂ ਪਲ਼ਿਆਂ ਬਾਰੇ ਇਹ ਨਿਰਣੇ ਨਾਲ਼ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਦੀ ਮਾਂ-ਬੋਲੀ ਪੰਜਾਬੀ ਹੈ ਪਰ ਫੇਰ ਵੀ, ਜਿਵੇਂ ਅਸੀਂ ਜਾਣਦੇ ਹਾਂ, ਕੁਝ ਲੋਕ ਇਸ ਗੱਲ ਤੋਂ ਮੁਨਕਰ ਹੁੰਦੇ ਰਹੇ ਹਨ। ਸੰਸਾਰ ਪ੍ਰਸਿੱਧ ਭਾਸ਼ਾ ਵਿਗਿਆਨੀ ਟੋਵ ਸਕੁਟਨਾਬ-ਕਾਂਗਾਸ[73] ਅਨੁਸਾਰ ਮਾਂ-ਬੋਲੀ ਦੀ ਪਰਿਭਾਸ਼ਾ ਲਈ ਅਕਸਰ ਚਾਰ ਮੂਲ-ਤੱਤ ਵਰਤੇ ਜਾਂਦੇ ਹਨ:

ਮੂਲ-ਤੱਤ	**ਪਰਿਭਾਸ਼ਾ**
ਮੁੱਢ	ਜਿਹੜੀ ਜ਼ਬਾਨ ਜਾਂ ਜ਼ਬਾਨਾਂ ਬੱਚੇ ਨੇ ਪਹਿਲਾਂ ਸਿੱਖੀ ਜਾਂ ਸਿੱਖੀਆਂ ਹੋਣ
ਯੋਗਤਾ	ਜਿਹੜੀ ਜ਼ਬਾਨ ਜਾਂ ਜ਼ਬਾਨਾਂ ਵਿੱਚ ਬੱਚਾ ਜ਼ਿਆਦਾ ਯੋਗਤਾ ਰੱਖਦਾ ਹੋਵੇ
ਵਰਤੋਂ	ਜਿਹੜੀ ਜ਼ਬਾਨ ਜਾਂ ਜ਼ਬਾਨਾਂ ਬੱਚਾ ਜ਼ਿਆਦਾ ਵਰਤੋਂ ਵਿੱਚ ਲਿਆ ਰਿਹਾ ਹੋਵੇ
ਪਛਾਣ	
ੳ	ਅੰਦਰੂਨੀ, ਜਿਹੜੀ ਜ਼ਬਾਨ ਜਾਂ ਜ਼ਬਾਨਾਂ ਨਾਲ਼ ਬੱਚਾ ਆਪਣੀ ਖੁਦ ਪਛਾਣ ਕਰਦਾ ਹੋਵੇ
ਅ	ਬਾਹਰੀ, ਜਿਹੜੀ ਜ਼ਬਾਨ ਜਾਂ ਜ਼ਬਾਨਾਂ ਨਾਲ਼ ਦੂਜੇ ਲੋਕ ਉਸ ਦੀ ਪਛਾਣ ਕਰਦੇ ਹੋਣ[74]

ਇਸ ਆਧਾਰ ਉੱਤੇ ਇੱਕੋ ਵਿਅਕਤੀ ਦੀਆਂ ਇੱਕ ਤੋਂ ਵਧ ਮਾਂ-ਬੋਲੀਆਂ ਹੋ ਸਕਦੀਆਂ ਹਨ; ਬੰਦੇ ਦੀ ਮਾਂ-ਬੋਲੀ ਜੀਵਨ ਵਿੱਚ ਇੱਕ ਤੋਂ ਵਧ ਵਾਰ ਬਦਲ ਸਕਦੀ ਹੈ; ਸਮਾਜ ਵਿੱਚ ਭਾਸ਼ਾਵਾਂ ਦੀ ਦਰਜਾਬੰਦੀ ਅਨੁਸਾਰ ਮਾਂ-ਬੋਲੀ ਦੀ ਪਰਿਭਾਸ਼ਾ ਨੀਅਤ ਕੀਤੀ ਜਾ ਸਕਦੀ ਹੈ।[75]

ਉਦਾਹਰਨ ਵਜੋਂ, ਕਨੇਡਾ ਵਿੱਚ ਜੰਮੇ ਸਾਡੇ ਬੱਚੇ ਦੀ ਮਾਂ-ਬੋਲੀ ਸਿਰਫ ਮੁੱਢ ਵਾਲ਼ੇ ਮੂਲ-ਤੱਤ ਅਨੁਸਾਰ ਪੰਜਾਬੀ ਹੋਵੇਗੀ। ਬਾਕੀ ਤਿੰਨ ਮੂਲ-ਤੱਤਾਂ ਅਨੁਸਾਰ ਉਸ

---

73 Tove Skutnabb-Kangas, *Multiligualism and the Education of Minority Children*, in Minority Education: From Shame to Struggle, ed. by T. Skutnabb-Kangas and J. Cummins. (Multilingual Matters Ltd. Clevedon) 1988.

74 Ibid. p. 16.

75 Ibid. pp 16, 17.

ਦੀ ਮਾਂ-ਬੋਲੀ ਅੰਗ੍ਰੇਜ਼ੀ ਮੰਨੀ ਜਾਵੇਗੀ। ਕਨੇਡਾ ਵਿਚਲੇ ਸਿੱਖਿਆ ਦੇ ਢਾਂਚੇ ਅਨੁਸਾਰ ਉਸ ਬੱਚੇ ਦੀ ਯੋਗਤਾ ਪੰਜਾਬੀ ਨਾਲੋਂ ਅੰਗ੍ਰੇਜ਼ੀ ਵਿੱਚ ਜ਼ਿਆਦਾ ਹੋਵੇਗੀ। ਉਹ ਪੰਜਾਬੀ ਨਾਲੋਂ ਅੰਗ੍ਰੇਜ਼ੀ ਦੀ ਵਧ ਵਰਤੋਂ ਕਰੇਗਾ। ਬਹੁਤੀਆਂ ਹਾਲਤਾਂ ਵਿੱਚ ਉਹ ਖੁਦ ਆਪਣੀ ਪਛਾਣ ਅੰਗ੍ਰੇਜ਼ੀ ਬੋਲੀ ਬੋਲਣ ਵਾਲ਼ੇ ਦੇ ਤੌਰ ਉੱਤੇ ਕਰੇਗਾ ਅਤੇ ਕਰਵਾਏਗਾ। ਦੂਸਰੇ ਲੋਕ ਵੀ ਉਸ ਦੀ ਪਛਾਣ ਅੰਗ੍ਰੇਜ਼ੀ ਬੋਲਣ ਵਾਲ਼ੇ ਵਿਅਕਤੀ ਦੇ ਤੌਰ ਉੱਤੇ ਹੀ ਕਰਨਗੇ। ਭਾਵ ਕਿ ਯੋਗਤਾ, ਵਰਤੋਂ ਅਤੇ ਪਛਾਣ ਨੂੰ ਆਧਾਰ ਬਣਾ ਕੇ ਉਸ ਬੱਚੇ ਦੀ ਮਾਂ-ਬੋਲੀ ਅੰਗ੍ਰੇਜ਼ੀ ਮੰਨੀ ਜਾਵੇਗੀ। ਕਨੇਡਾ ਵਿੱਚ ਪੰਜਾਬੀ ਭਾਸ਼ਾ ਦੀ ਅੰਗ੍ਰੇਜ਼ੀ ਦੇ ਮੁਕਾਬਲੇ ਨੀਵੇਂ ਦਰਜੇ ਦੀ ਸਥਿਤੀ ਨੇ ਉਸ ਬੱਚੇ ਦੀ ਮਾਂ-ਬੋਲੀ ਪੰਜਾਬੀ ਤੋਂ ਅੰਗ੍ਰੇਜ਼ੀ ਕਰ ਦਿੱਤੀ। ਲੱਗਦਾ ਹੈ ਕਿ ਬਹੁਤੇ ਲੋਕ ਇਸ ਵਰਤਾਰੇ ਨੂੰ ਕੁਦਰਤੀ ਵਰਤਾਰਾ ਸਮਝ ਕੇ ਪਰਵਾਨ ਕਰ ਲੈਂਦੇ ਹਨ। ਇਸ ਪਿੱਛੇ ਛੁਪੀਆਂ ਵਿਤਕਰੇ ਭਰੀਆਂ ਸਥਿਤੀਆਂ ਨੂੰ ਘੱਟ ਹੀ ਪਛਾਣਿਆਂ ਜਾਂਦਾ ਹੈ। ਸਕੂਟਨਾਬ-ਕਾਂਗਾਸ ਘੱਟ ਗਿਣਤੀ ਅਤੇ ਕਮਜ਼ੋਰ ਭਾਸ਼ਾਵਾਂ ਵਿਰੁੱਧ ਵਿਤਕਰੇ ਦੀ ਇਸ ਸਾਜ਼ਸ਼ ਨੂੰ ਨੰਗਿਆ ਕਰਦੀ ਹੈ। ਉਸ ਦਾ ਕਹਿਣਾ ਹੈ ਕਿ ਮਾਂ-ਬੋਲੀ ਦੀ ਯੋਗਤਾ ਜਾਂ ਵਰਤੋਂ ਵਰਗੇ ਮੂਲ-ਤੱਤਾਂ ਨਾਲ਼ ਪਰਿਭਾਸ਼ਾ ਕਰ ਕੇ ਸਰਦਾਰੀ ਵਾਲ਼ੀਆਂ ਭਾਸ਼ਾਵਾਂ ਕਮਜ਼ੋਰ ਤੇ ਘੱਟ ਗਿਣਤੀ ਭਾਸ਼ਾਵਾਂ ਨਾਲ਼ ਭਾਸ਼ਾਈ ਵਿਤਕਰਾ (ਲਿੰਗਿਊਸਿਜ਼ਮ) ਕਰਦੀਆਂ ਹਨ। ਮੁੱਢਲੀ ਭਾਸ਼ਾ ਤੋਂ ਬਿਨਾਂ ਦੂਜੀ ਭਾਸ਼ਾ (ਜਾਂ ਭਾਸ਼ਾਵਾਂ) ਵਿੱਚ ਵਧ ਯੋਗਤਾ, ਉਸ ਦੀ ਵਧ ਵਰਤੋਂ, ਉਸ ਨਾਲ਼ ਆਪਣੀ ਪਛਾਣ ਦਾ ਮੁੱਖ ਕਾਰਨ ਇਹ ਹੁੰਦਾ ਹੈ ਕਿ ਬੱਚੇ ਨੂੰ ਉਸ ਦੀ ਮੁੱਢਲੀ ਭਾਸ਼ਾ ਸਿੱਖਣ ਦਾ, ਅਤੇ ਉਸ ਨਾਲ਼ ਜੁੜਨ ਦਾ ਮੌਕਾ ਹੀ ਨਹੀਂ ਦਿੱਤਾ ਗਿਆ ਹੁੰਦਾ। ਵਿੱਦਿਅਕ ਅਦਾਰਿਆਂ ਵਿੱਚ ਪੜ੍ਹਾਈ ਵਾਸਤੇ ਮਾਂ-ਬੋਲੀ ਦੀਆਂ ਇਨ੍ਹਾਂ ਪਰਿਭਾਸ਼ਾਵਾਂ ਦੀ ਵਰਤੋਂ ਸੰਬੰਧੀ ਉਸ ਦਾ ਵਿਚਾਰ ਹੈ:

> ਵਿੱਦਿਅਕ ਅਦਾਰਿਆਂ ਵਿੱਚ ਜਦੋਂ ਇੱਕ ਘੱਟ ਗਿਣਤੀ ਬੱਚੇ ਦੀ ਮਾਂ-ਬੋਲੀ ਨੂੰ ਪਰਿਭਾਸ਼ਤ ਕੀਤਾ ਜਾਂਦਾ ਹੈ ਤਾਂ ਵਰਤੋਂ ਅਤੇ ਯੋਗਤਾ ਨੂੰ ਪਰਿਭਾਸ਼ਾ ਦਾ ਆਧਾਰ ਬਣਾਉਣਾ ਸੱਭਿਆਚਾਰਕ ਅਤੇ ਸੰਸਥਾਨਕ ਭਾਸ਼ਾਈ ਵਿਤਕਰਾ (ਇੰਸਟੀਟਿਊਸ਼ਨਲ ਲਿੰਗਿਊਸਿਜ਼ਮ) ਹੈ।[76]

ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਆਪਣੇ ਬੱਚਿਆਂ ਦੀ ਮਾਂ-ਬੋਲੀ ਦੀ ਪਰਿਭਾਸ਼ਾ ਨਿਰਧਾਰਿਤ ਕਰਨ ਵਾਸਤੇ ਅਸੀਂ ਰਾਣੀ ਬੋਲੀ ਦੇ ਪੈਰੋਕਾਰਾਂ ਦੀ ਠੋਸੀ ਪਰਿਭਾਸ਼ਾ ਵਰਤਣੀ ਹੈ ਜਾਂ ਇਸ ਪੱਖ ਵਿੱਚ ਆਪ ਸੋਚ ਕੇ ਕੋਈ ਸਿੱਟਾ ਕੱਢਣਾ ਹੈ। ਮਾਂ-ਬੋਲੀ ਦੀ ਪਰਿਭਾਸ਼ਾ ਖੁਦ ਕਰਨ ਦੇ ਅਮਲ ਵਿੱਚੋਂ ਲੋੜੀਂਦੀ ਸੂਝ ਅਤੇ ਸ਼ਕਤੀ ਪੈਦਾ ਹੋ ਸਕਦੀ ਹੈ ਜੋ ਮਾਂ-ਬੋਲੀ ਦੇ ਹੱਕ ਲਈ ਜੱਦੋਜਹਿਦ ਵਿੱਚ ਸਹਾਈ ਹੋ ਸਕਦੀ ਹੈ।

ਕਨੇਡਾ ਦੇ ਰੇਡੀਓ ਅਤੇ ਟੈਲੀਵਿਯਨ ਕਾਰਜਕ੍ਰਮਾਂ ਵਿੱਚ ਪੰਜਾਬੀ ਬਾਰੇ ਵਿਚਾਰ ਵਟਾਂਦਰੇ ਦੌਰਾਨ ਅਕਸਰ ਹੀ ਕੋਈ ਨਾ ਕੋਈ ਵਿਅਕਤੀ ਇਸ ਕਿਸਮ ਦੇ ਵਿਚਾਰ

[76] Ibid. p. 18.

ਪੇਸ਼ ਕਰ ਦਿੰਦਾ ਹੈ ਕਿ ਪੰਜਾਬੀ ਸਾਡੀ ਮਾਂ-ਬੋਲੀ ਤਾਂ ਹੈ ਪਰ ਸਾਡੇ ਬੱਚਿਆਂ ਦੀ ਨਹੀਂ। ਆਮ ਤੌਰ 'ਤੇ ਇਹ ਵਿਚਾਰ ਰੱਖਣ ਵਾਲ਼ਾ ਵਿਅਕਤੀ ਪੰਜਾਬੀ ਦਾ ਖੈਰ-ਖੁਆਹ ਹੁੰਦਾ ਹੈ ਤੇ ਉਹਦੇ ਮਨ ਵਿੱਚ ਕੋਈ ਸ਼ਰਾਰਤ ਜਾਂ ਗਲਤ ਇਰਾਦਾ ਨਹੀਂ ਹੁੰਦਾ। ਆਮ ਲੋਕ ਹੀ ਨਹੀਂ ਇਸ ਵਿੱਚ ਪੜ੍ਹੇ ਲਿਖੇ ਅਤੇ ਭਾਸ਼ਾ ਵਿਗਿਆਨ ਬਾਰੇ ਸੂਝ ਰੱਖਣ ਵਾਲੇ ਲੋਕ ਵੀ ਸ਼ਾਮਲ ਹਨ ਜਿਹੜੇ ਮਾਂ-ਬੋਲੀ ਬਾਰੇ ਟਪਲਾ ਖਾ ਜਾਂਦੇ ਹਨ। ਉਦਾਹਰਨ ਵਜੋਂ, ਡਾਕਟਰ ਸੁਖਵਿੰਦਰ ਸਿੰਘ ਸੰਘਾ ਹੋਰਾਂ ਦਾ ਕਨੇਡਾ ਦੇ ਬੱਚਿਆਂ ਦੀ ਮਾਂ-ਬੋਲੀ ਬਾਰੇ ਵਿਚਾਰ ਹੈ, *"... ਦੂਜਾ ਤੱਥ ਇਹ ਵੀ ਹੈ ਕਿ ਕੈਨੇਡਾ ਵਿੱਚ ਪੈਦਾ ਹੋਏ ਪੰਜਾਬੀ ਬੱਚਿਆਂ ਦੀ ਮਾਤ ਭਾਸ਼ਾ ਅੰਗ੍ਰੇਜ਼ੀ ਹੀ ਹੈ, ਪੰਜਾਬੀ ਨਹੀਂ ਹੈ।"* [77]

ਏਸੇ ਤਰ੍ਹਾਂ ਟੋਰਾਂਟੋ ਤੋਂ ਕਿਸੇ ਸਮੇਂ ਬ੍ਰਾਡਕਾਸਟ ਹੋਣ ਵਾਲੇ ਟੀ ਵੀ ਪ੍ਰੋਗਰਾਮ 'ਸਰਘੀ' ਦੀ ਹੋਸਟ ਨੇ ਆਪਣੀ 15 ਜਨਵਰੀ 2011 ਦੀ ਗੱਲਬਾਤ ਵਿੱਚ ਅਜਿਹੇ ਹੀ ਵਿਚਾਰਾਂ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਦਾ ਕਹਿਣਾ ਸੀ ਕਿ *''ਪੰਜਾਬੀ ਸਾਡੀ ਮਾਂ-ਬੋਲੀ ਤਾਂ ਹੈ ਪਰ ਇਹ ਸਾਡੇ ਬੱਚਿਆਂ ਦੀ ਮਾਂ-ਬੋਲੀ ਨਹੀਂ।''*

ਇਸ ਸੰਦਰਭ ਵਿੱਚ ਇੰਗਲੈਂਡ ਦੇ ਪੰਜਾਬੀਆਂ ਦਰਮਿਆਨ ਚੱਲੀ ਬਹਿਸ ਤੋਂ ਜਾਣੂੰ ਹੋਣਾ ਵੀ ਲਾਹੇਵੰਦ ਹੋ ਸਕਦਾ ਹੈ। ਇੰਗਲੈਂਡ ਦੇ ਦੋ ਜਾਣੇ ਪਛਾਣੇ ਲੇਖਕਾਂ ਸਵਰਨ ਚੰਦਨ (ਮਰਹੂਮ) ਅਤੇ ਹਰਬਖਸ਼ ਮਕਸੂਦਪੁਰੀ ਨੇ ਸਤਾਈ ਅਠਾਈ ਸਾਲ ਪਹਿਲਾਂ ਵਿਚਾਰ ਪੇਸ਼ ਕੀਤੇ ਸਨ ਕਿ ਸਾਨੂੰ ਮੰਨ ਲੈਣਾ ਚਾਹੀਦਾ ਹੈ ਕਿ ਸਾਡੇ ਬੱਚਿਆਂ ਦੀ ਮਾਂ-ਬੋਲੀ ਪੰਜਾਬੀ ਨਹੀਂ ਅੰਗ੍ਰੇਜ਼ੀ ਹੈ। ਸਵਰਨ ਚੰਦਨ ਦਾ ਸਵਾਲ ਸੀ: *''ਪੰਜਾਬੀ ਭਾਸ਼ਾ ਮਾਪਿਆਂ ਦੀ ਮਾਂ-ਬੋਲੀ ਤਾਂ ਹੈ ਪਰ ਕੀ ਇਹ ਬੱਚਿਆਂ ਦੀ ਮਾਂ-ਬੋਲੀ ਵੀ ਹੈ?''*[78] ਇਸ ਦੇ ਜਵਾਬ ਵਿੱਚ ਉਹ ਖੁਦ ਇਸ ਸਿੱਟੇ ਤੇ ਪਹੁੰਚਿਆ ਕਿ ਇੰਗਲੈਂਡ ਵਿੱਚ ਜੰਮੇ ਪੰਜਾਬੀ ਬੱਚਿਆਂ ਦੀ ਮਾਂ-ਬੋਲੀ ਅੰਗ੍ਰੇਜ਼ੀ ਹੀ ਕਹੀ ਜਾ ਸਕਦੀ ਹੈ। ਚੰਦਨ ਵਾਂਗ ਮਕਸੂਦਪੁਰੀ ਹੋਰਾਂ ਦੀ ਵੀ ਇਹੋ ਰਾਇ ਸੀ। ਉਹ ਇਸ ਸਿੱਟੇ ਉੱਤੇ ਪਹੁੰਚਦੇ ਹਨ:

> ਸੱਚ ਇਹ ਹੈ ਕਿ ਪੰਜਾਬੀ ਜ਼ਬਾਨ ਦਾ, ਸਣੇ ਹੋਰ ਭਾਰਤੀ ਜ਼ਬਾਨਾਂ ਦੇ ਇੱਥੇ ਕੋਈ ਭਵਿੱਖ ਨਹੀਂ। ਵਧ ਤੋਂ ਵਧ ਵੀਹ ਸਾਲ ਤੱਕ ਬੋਲਚਾਲ ਦੀਆਂ ਬੋਲੀਆਂ ਦੇ ਤੌਰ 'ਤੇ ਇਨ੍ਹਾਂ ਦਾ ਨਾਉਂ ਨਿਸ਼ਾਨ ਮਿਟ ਜਾਵੇਗਾ। ਇਹ ਬੋਲੀਆਂ ਮੰਦਰਾਂ ਮਸੀਤਾਂ ਤੇ ਗੁਰਦੁਆਰਿਆਂ ਦੀਆਂ ਹੱਦਾਂ ਤੋਂ ਬਾਹਰ ਬਿਲਕੁਲ ਖਤਮ ਹੋ ਜਾਣਗੀਆਂ।[79]

---

[77] ਡਾ: ਸੁਖਵਿੰਦਰ ਸਿੰਘ ਸੰਘਾ, 'ਭਾਸ਼ਾਈ ਸੰਕਟ ਅਤੇ ਪੰਜਾਬੀ ਭਾਸ਼ਾ', ਆਲੋਚਨਾ: ਪੰਜਾਬੀ ਭਾਸ਼ਾ ਵਿਸ਼ੇਸ਼ ਅੰਕ, ਮੁੱਖ ਸੰਪਾਦਕ ਡਾ: ਸੁਖਦੇਵ ਸਿੰਘ, ਪੰਜਾਬੀ ਸਾਹਿਤ ਅਕਾਦਮੀ, ਪੰਜਾਬੀ ਭਵਨ ਲੁਧਿਆਣਾ, ਅਪ੍ਰੈਲ-ਸਤੰਬਰ 2008. ਸਫਾ 56.

[78] ਸਵਰਨ ਚੰਦਨ, 'ਬਰਤਾਨੀਆਂ ਵਿੱਚ ਪੰਜਾਬੀ ਬੱਚਿਆਂ ਦੀ ਮਾਤ-ਭਾਸ਼ਾ', ਬਰਤਾਨੀਆਂ ਵਿੱਚ ਪੰਜਾਬੀ ਭਾਸ਼ਾ, ਸੰਪਾਦਕ ਦਰਸ਼ਨ ਸਿੰਘ ਤਾਤਲਾ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1996, ਸਫਾ 260.

[79] ਹਰਬਖਸ਼ ਮਕਸੂਦਪੁਰੀ, 'ਬਰਤਾਨੀਆਂ ਦੇ ਪੰਜਾਬੀਆਂ ਦੀ ਮਾਂ-ਬੋਲੀ', ਬਰਤਾਨੀਆਂ ਵਿੱਚ ਪੰਜਾਬੀ ਭਾਸ਼ਾ, ਸੰਪਾਦਕ ਦਰਸ਼ਨ ਸਿੰਘ ਤਾਤਲਾ, ਪੰਜਾਬੀ ਯੂਨੀਵਰਸਿਟੀ ਪਟਿਆਲਾ,

ਇਨ੍ਹਾਂ ਵਿਦਵਾਨਾਂ ਵੱਲੋਂ ਪੇਸ਼ ਕੀਤੇ ਵਿਚਾਰਾਂ ਨੂੰ ਹਰਦੇਵ ਸਿੰਘ ਢੇਸੀ[80] ਅਤੇ ਦਰਸ਼ਨ ਸਿੰਘ ਤਾਤਲਾ[81] ਵੱਲੋਂ ਜੋਰਦਾਰ ਸ਼ਬਦਾਂ ਵਿੱਚ ਰੱਦ ਕੀਤਾ ਗਿਆ।

ਸਵਰਨ ਚੰਦਨ ਵੱਲੋਂ ਦਿੱਤੀ ਦਲੀਲ ਕਿ ''ਉਨ੍ਹਾਂ ਬੱਚਿਆਂ ਦਾ ਵਾਹ ਨਿੱਕੇ ਪੈਮਾਨੇ ਉੱਤੇ ਤਾਂ ਪੰਜਾਬੀ ਸਮਾਜ ਨਾਲ਼ ਪੈਂਦਾ ਹੈ ਪਰ ਵੱਡੇ ਪੈਮਾਨੇ ਉੱਤੇ ਉਹ ਮੁੱਖ ਦੇਸ਼ ਅਤੇ ਇਸਦੀ ਸਮਾਜਿਕ ਧਾਰਾ ਤੋਂ ਪ੍ਰਭਾਵਿਤ ਹੁੰਦੇ ਹਨ'' ਦੇ ਵਿਰੋਧ ਵਿੱਚ ਦਰਸ਼ਨ ਸਿੰਘ ਤਾਤਲਾ ਲਿਖਦਾ ਹੈ:

> ਮਾਂ-ਬੋਲੀ ਦਾ ਸੰਬੰਧ ਵੱਡੇ ਸਮਾਜ ਨਾਲ਼ ਨਹੀਂ ਬਲਿਕ ਨਿੱਕੇ ਸਮਾਜ ਨਾਲ਼ ਹੀ ਹੈ, ਜਿਸ ਵਿੱਚ ਬੱਚਾ ਆਪਣੇ ਪਹਿਲੇ ਸ਼ਬਦਾਂ ਦੀ ਸਾਰਣੀ ਸਿੱਖਦਾ ਹੈ ਅਤੇ ਭਾਸ਼ਾ ਵਿਗਿਆਨੀ ਮਾਹਰਾਂ ਅਨੁਸਾਰ ਸੁਤੇ-ਸਿੱਧ ਹੀ ਆਪਣੀ ਮਾਂ-ਬੋਲੀ ਦੇ ਗਰਾਮਰ ਨਿਯਮ ਉਚਾਰ ਕੇ ਬੋਲਣ ਵਾਲ਼ੇ ਸਮਾਜ ਵਿੱਚ ਪਰਵੇਸ਼ ਕਰਦਾ ਹੈ। ਬੋਲੀ ਬੋਲਣ ਨਾਲ਼ ਉਹ ਅਜਿਹੀ ਬੋਲੀ ਦੀਆਂ ਉਹ ਸਭ ਯੁਕਤੀਆਂ ਪ੍ਰਾਪਤ ਕਰ ਲੈਂਦਾ ਹੈ ਜਿਸ ਨੂੰ ਉਹ ਫਿਰ ਚਾਹੁੰਦਾ ਹੋਇਆ ਵੀ ਭੁਲਾ ਨਹੀਂ ਸਕਦਾ। ਪਹਿਲੇ ਤਿੰਨ ਚਾਰ ਸਾਲਾਂ ਦੀ ਸਿੱਖੀ ਹੋਈ ਬੋਲੀ ਹੀ ਉਸ ਦੀ ਮਾਂ-ਬੋਲੀ ਕਹਾਉਣ ਦਾ ਰੁਤਬਾ ਰੱਖਦੀ ਹੈ।[82]

ਤਾਤਲਾ ਵੱਲੋਂ ਦਿੱਤੀ ਦਲੀਲ ਵਜ਼ਨਦਾਰ ਜਾਪਦੀ ਹੈ। ਇਸ ਸੰਦਰਭ ਵਿੱਚ ਇਹ ਦੋ ਉਦਾਹਰਨਾਂ ਦੇਖੀਆਂ ਜਾ ਸਕਦੀਆਂ ਹਨ:

ਪਹਿਲੀ ਉਦਾਹਰਨ: ਕਨੇਡਾ ਵਿੱਚ 40ਵਿਆਂ 50ਵਿਆਂ ਦੌਰਾਨ ਜੰਮ ਕੇ ਜਵਾਨ ਹੋਏ ਪੰਜਾਬੀਆਂ ਨੇ ਆਪਣੇ ਬਚਪਨ ਵਿੱਚ ਆਪਣੇ ਘਰਾਂ ਵਿੱਚ ਪੰਜਾਬੀ ਬੋਲਣੀ ਸਿੱਖੀ। ਉਸ ਸਮੇਂ ਪੰਜਾਬੀਆਂ ਦੀ ਗਿਣਤੀ ਘੱਟ ਹੋਣ ਕਾਰਨ ਘਰ ਤੋਂ ਬਾਹਰ ਇਨ੍ਹਾਂ ਦਾ ਵਾਹ ਬਹੁਤ ਘੱਟ ਪੰਜਾਬੀਆਂ ਨਾਲ਼ ਪਿਆ ਅਤੇ ਇਸ ਤਰ੍ਹਾਂ ਲੱਗਾ ਕਿ ਇਹ ਆਪਣੀ ਬੋਲੀ ਭੁੱਲ ਗਏ। ਪਰ ਜਦੋਂ 60ਵਿਆਂ ਅਤੇ 70ਵਿਆਂ ਦੌਰਾਨ ਪੰਜਾਬੀਆਂ ਦੀ ਗਿਣਤੀ ਵਧੀ ਤਾਂ ਏਥੇ ਜੰਮੇ ਪਲ਼ੇ ਲੋਕ ਹੌਲੀ ਹੌਲੀ ਮੁੜ ਗੁਜ਼ਾਰੇ ਜੋਗੀ ਪੰਜਾਬੀ ਬੋਲਣ ਲੱਗ ਪਏ। ਸਾਫ ਹੈ ਕਿ ਜੇ ਇਨ੍ਹਾਂ ਨੇ ਬਚਪਨ ਵਿੱਚ ਪੰਜਾਬੀ ਨਾ ਸਿੱਖੀ ਹੁੰਦੀ ਤਾਂ ਕਦੇ ਵੀ ਏਨੀ ਸੌਖ ਨਾਲ਼ ਪੰਜਾਬੀ ਬੋਲਣ ਨਾ ਲੱਗਦੇ। ਭਾਵੇਂ ਇਹ ਅਜੇ ਵੀ

1996, ਸਫਾ 262-269. ਇੱਥੇ ਇਹ ਗੱਲ ਦੱਸਣੀ ਗੈਰ-ਵਾਜਿਬ ਨਹੀਂ ਕਿ ਮਕਸੂਦਪੁਰੀ ਹੋਰਾਂ ਕਿਤਾਬ ਵਿਚਲਾ ਲੇਖ 1983 ਵਿੱਚ ਲਿਖਿਆ ਸੀ। ਆਪਣੇ 2002 ਵਿੱਚ ਲਿਖੇ ਲੇਖ ਵਿੱਚ ਉਨ੍ਹਾਂ ਇਸ ਵਿਚਾਰ ਸੰਬੰਧੀ ਕੁਝ ਤਬਦੀਲੀਆਂ ਵੀ ਕੀਤੀਆਂ ਸਨ।

80 ਹਰਦੇਵ ਸਿੰਘ ਢੇਸੀ, 'ਬਰਤਾਨਵੀ ਪੰਜਾਬੀਆਂ ਦੀ ਪੰਜਾਬੀ ਦਾ ਸਵਾਲ', ਬਰਤਾਨੀਆਂ ਵਿੱਚ ਪੰਜਾਬੀ ਭਾਸ਼ਾ, ਸੰਪਾਦਕ ਦਰਸ਼ਨ ਸਿੰਘ ਤਾਤਲਾ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1996, ਸਫਾ 270-279

81 ਦਰਸ਼ਨ ਸਿੰਘ ਤਾਤਲਾ, 'ਦੂਜੀ ਪੀੜ੍ਹੀ ਦੀ ਮਾਂ-ਬੋਲੀ: ਕੁਝ ਨਿਰਨੇ', ਬਰਤਾਨੀਆਂ ਵਿੱਚ ਪੰਜਾਬੀ ਭਾਸ਼ਾ, ਸੰਪਾਦਕ ਦਰਸ਼ਨ ਸਿੰਘ ਤਾਤਲਾ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1996, ਸਫਾ 280-286.

82 ਉਹੀ ਸਫਾ 282.

ਪੰਜਾਬੀ ਨਾਲੋਂ ਵਧ ਅੰਗ੍ਰੇਜ਼ੀ ਜਾਣਦੇ, ਬੋਲਦੇ ਅਤੇ ਵਰਤਦੇ ਹਨ ਪਰ ਜਿੱਥੇ ਤੱਕ ਮਾਂ-ਬੋਲੀ ਦਾ ਸੰਬੰਧ ਹੈ ਇਨ੍ਹਾਂ ਦੀ ਮਾਂ-ਬੋਲੀ ਪੰਜਾਬੀ ਹੀ ਮੰਨਣੀ ਪਵੇਗੀ।

ਦੂਜੀ ਉਦਾਹਰਨ: ਇੱਕ ਪੰਜਾਬੀ ਪਰਿਵਾਰ ਸੰਨ 1960 ਦੇ ਦੁਆਲੇ ਪੰਜਾਬ ਤੋਂ ਆ ਕੇ ਵੈਨਕੂਵਰ ਰਹਿਣ ਲੱਗਾ। ਉਸ ਪਰਿਵਾਰ ਦਿਆਂ ਤਿੰਨ ਬੱਚਿਆਂ ਵਿੱਚੋਂ ਦੋਂਹ ਦਾ ਜਨਮ ਏਥੇ ਆ ਕੇ ਹੋਇਆ। ਸ਼ਹਿਰ ਦੇ ਜਿਸ ਹਿੱਸੇ ਵਿੱਚ ਉਹ ਰਹਿੰਦੇ ਸਨ ਉੱਥੇ ਬਹੁਤੇ ਪੰਜਾਬੀ ਪਰਿਵਾਰ ਨਹੀਂ ਸਨ। ਇਨ੍ਹਾਂ ਬੱਚਿਆਂ ਦੇ ਦੋਸਤ ਗੈਰ-ਪੰਜਾਬੀ ਸਨ ਅਤੇ ਆਲੇ ਦੁਆਲੇ ਦੇ ਸਾਰੇ ਮਾਹੌਲ ਵਿੱਚ ਅੰਗ੍ਰੇਜ਼ੀ ਹੀ ਭਾਰੂ ਸੀ। ਛੇਤੀ ਹੀ ਇਹ ਬੱਚੇ ਪੰਜਾਬੀ 'ਭੁੱਲ' ਗਏ। ਵਿਚਕਾਰਲਾ ਮੁੰਡਾ ਜੋ ਕਨੇਡਾ ਦਾ ਜੰਮ-ਪਲ਼ ਸੀ, ਜਦੋਂ ਤੇਰ੍ਹਾਂ ਚੌਦਾਂ ਸਾਲ ਦਾ ਹੋਇਆ ਤਾਂ ਗਲਤ ਸੰਗਤ ਵਿੱਚ ਪੈ ਗਿਆ। ਸਕੂਲ ਵਿੱਚੋਂ ਗੈਰ-ਹਾਜ਼ਰ ਰਹਿਣ ਦੇ ਨਾਲ਼ ਨਾਲ਼ ਉਹ ਨਿੱਕੀਆਂ ਮੋਟੀਆਂ ਚੋਰੀਆਂ ਆਦਿ ਵੀ ਕਰਨ ਲੱਗਾ। ਘਰਿਦਆਂ ਨੂੰ ਬੜਾ ਫਿਕਰ ਲੱਗਾ। ਸਮੱਸਿਆ ਦਾ ਕੋਈ ਹੱਲ ਨਹੀਂ ਸੀ ਦਿਸਦਾ। ਉਨ੍ਹਾਂ ਦਾ ਪਿੱਛੇ ਪੰਜਾਬ ਵਿੱਚ ਪਰਿਵਾਰ ਕਾਫੀ ਵੱਡਾ ਸੀ। ਉਹ ਮੁੰਡੇ ਨੂੰ ਪਿੰਡ ਛੱਡ ਆਏ ਤੇ ਘਰਿਦਆਂ ਨੂੰ ਹਦਾਇਤ ਕਰ ਆਏ ਕਿ ਇਸ ਨੂੰ ਕਿਸੇ ਪਾਸੇ ਆਉਣ ਜਾਣ ਨਹੀਂ ਦੇਣਾ ਅਤੇ ਘਰ ਦੇ ਖੇਤੀ ਦੇ ਕੰਮ ਕਾਰ ਵਿੱਚ ਮਸਰੂਫ ਰੱਖਣਾ ਹੈ। ਛੇ ਸੱਤ ਮਹੀਨੇ ਬਾਅਦ ਜਦੋਂ ਉਹ ਮੁੰਡਾ ਮੁੜ ਕੇ ਕਨੇਡਾ ਆਇਆ ਤਾਂ ਪਿੰਡ ਦੇ ਮੁਹਾਵਰੇ ਨਾਲ਼ ਠੇਠ ਪੰਜਾਬੀ ਬੋਲਦਾ ਸੀ। ਸਾਫ ਹੈ ਕਿ ਜੇ ਉਸ ਬੱਚੇ ਨੇ ਬਚਪਨ ਵਿੱਚ ਪੰਜਾਬੀ ਨਾ ਸਿੱਖੀ ਹੁੰਦੀ ਤਾਂ ਏਨੀ ਛੇਤੀ ਇੱਕ ਵੱਖਰੀ ਜ਼ਬਾਨ ਬੋਲਣੀ ਨਹੀਂ ਸੀ ਸਿੱਖ ਸਕਦਾ। ਜਾਂ ਇਸ ਨੂੰ ਇਸ ਤਰ੍ਹਾਂ ਵੀ ਦੇਖਿਆ ਜਾ ਸਕਦਾ ਹੈ: ਜੇ ਉਸ ਬੱਚੇ ਦੇ ਦੋਸਤਾਂ ਵਿੱਚੋਂ ਅੰਗ੍ਰੇਜ਼ੀ ਪਰਿਵਾਰ ਨਾਲ਼ ਸੰਬੰਧ ਰੱਖਣ ਵਾਲ਼ਾ ਜਾਂ ਚੀਨੀ ਪਰਿਵਾਰ ਨਾਲ਼ ਸੰਬੰਧ ਰੱਖਣ ਵਾਲ਼ਾ ਕੋਈ ਬੱਚਾ ਪੰਜਾਬ ਦੇ ਪਿੰਡ ਭੇਜ ਦਿੱਤਾ ਜਾਂਦਾ ਤਾਂ ਕੀ ਉਹ ਵੀ ਛੇ ਸੱਤ ਮਹੀਨੇ ਦੇ ਸਮੇਂ ਵਿੱਚ ਪਿੰਡ ਦੇ ਮੁਹਾਵਰੇ ਨਾਲ਼ ਪੰਜਾਬੀ ਬੋਲਣੀ ਸਿੱਖ ਜਾਂਦਾ? ਜਵਾਬ ਨਾਂਹ ਵਿੱਚ ਹੋਵੇਗਾ। ਦੂਜੇ ਸ਼ਬਦਾਂ ਵਿੱਚ ਬੱਚੇ ਦੀ ਮਾਂ-ਬੋਲੀ ਉਹ ਹੀ ਹੁੰਦੀ ਹੈ ਜੋ ਉਹ ਆਪਣੇ ਜੀਵਨ ਦੇ ਮੁਢਲੇ ਸਾਲਾਂ ਦੌਰਾਨ ਸਿੱਖਦਾ ਹੈ।

ਸਾਡੇ ਲਈ ਇਹ ਬਹਿਸ ਬੇਹੱਦ ਮਹੱਤਵ ਰੱਖਦੀ ਹੈ। ਸਾਫ ਜ਼ਾਹਰ ਹੈ ਕਿ ਜੇ ਅਸੀਂ ਮਾਂ-ਬੋਲੀ ਦੀ ਪਰਿਭਾਸ਼ਾ ਇੱਕ ਦੇ ਥਾਂ ਦੂਜੀ ਲੈ ਲੈਂਦੇ ਹਾਂ ਤਾਂ ਅਸੀਂ ਕਨੇਡਾ ਵਿੱਚ ਜੰਮ-ਪਲ਼ ਰਹੀਆਂ ਆਪਣੀਆਂ ਅਗਲੀਆਂ ਪੀੜ੍ਹੀਆਂ ਦੀ ਮਾਂ-ਬੋਲੀ ਪੰਜਾਬੀ ਦੀ ਥਾਂ ਅੰਗ੍ਰੇਜ਼ੀ ਮੰਨਾਂਗੇ। ਪਰ ਜਿਵੇਂ ਮੈਂ ਪਹਿਲਾਂ ਸਕੁਟਨਾਬ-ਕਾਂਗਾਸ ਦੇ ਹਵਾਲੇ ਨਾਲ਼ ਕਿਹਾ ਹੈ ਕਿ ਇਨ੍ਹਾਂ ਪਰਿਭਾਸ਼ਾਵਾਂ ਦੇ ਪਿੱਛੇ ਤਾਕਤਵਰ ਭਾਸ਼ਾ ਦੇ ਪੈਰੋਕਾਰਾਂ ਦੀ ਇੱਕ ਭਾਸ਼ਾਈ ਵਿਤਕਰੇ ਵਾਲ਼ੀ ਸੋਚ ਕੰਮ ਕਰਦੀ ਹੈ ਜਿਸ ਤੋਂ ਸਾਨੂੰ ਸਾਵਧਾਨ ਰਹਿਣਾ ਪਵੇਗਾ। ਅਸੀਂ ਆਪਣੇ ਸੱਭਿਆਚਾਰ ਦੇ ਕਿਸੇ ਵੀ ਪੱਖ ਬਾਰੇ ਆਮ ਤੌਰ ਉੱਤੇ, ਅਤੇ ਧਰਮ ਬਾਰੇ ਖਾਸ ਤੌਰ ਉੱਤੇ, ਕਿਸੇ ਦੂਜੇ ਦੀ ਇਸ ਕਿਸਮ ਦੀ ਰਾਇ ਮੰਨਣ ਨੂੰ ਕਦਾਚਿਤ ਤਿਆਰ ਨਹੀਂ ਹਾਂ ਫੇਰ ਸਾਨੂੰ ਆਪਣੀ ਭਾਸ਼ਾ ਦੇ ਸੰਬੰਧ ਵਿੱਚ ਵੀ ਦੂਜਿਆਂ ਦੀ ਰਾਇ ਜਿਉਂ ਦੀ ਤਿਉਂ ਨਹੀਂ ਮੰਨ ਲੈਣੀ ਚਾਹੀਦੀ। ਪੰਜਾਬੀ ਘਰਾਂ ਵਿੱਚ ਜਨਮ ਲੈਣ ਵਾਲ਼ੇ ਬੱਚਿਆਂ ਦੀ ਮਾਂ-ਬੋਲੀ ਪੰਜਾਬੀ ਹੀ ਮੰਨੀ ਜਾਣੀ ਚਾਹੀਦੀ ਹੈ। ਜੇ ਅਸੀਂ ਇਹ ਮੰਨ ਲਵਾਂਗੇ ਅਤੇ ਇਸ ਵਿੱਚ ਪੂਰਾ ਯਕੀਨ ਕਰਨ ਲੱਗ ਪਵਾਂਗੇ ਤਾਂ ਆਸ

ਬਣਦੀ ਹੈ ਕਿ ਆਪਣੇ ਬੱਚਿਆਂ ਦੀ ਪੜ੍ਹਾਈ ਸੰਬੰਧੀ ਹੋਰ ਵੀ ਗੰਭੀਰਤਾ ਨਾਲ਼ ਸੋਚਣਾ ਸ਼ੁਰੂ ਕਰਾਂਗੇ।

3.1.3

ਬੱਚਿਆਂ ਲਈ ਇੱਕ ਤੋਂ ਵਧ ਬੋਲੀਆਂ ਸਿੱਖਣਾ ਉਨ੍ਹਾਂ ਦੇ ਬੌਧਿਕ ਅਤੇ ਅਕਾਦਮਿਕ ਵਿਕਾਸ ਵਾਸਤੇ ਸਹਾਈ ਹੁੰਦਾ ਹੈ ਜਾਂ ਰੁਕਾਵਟ ਪਾਉਂਦਾ ਹੈ?

ਕੁਝ ਮਾਪਿਆਂ ਨੂੰ ਇਸ ਗੱਲ ਦਾ ਵੀ ਫਿਕਰ ਰਹਿੰਦਾ ਹੈ ਕਿ ਉਨ੍ਹਾਂ ਦੇ ਬੱਚੇ ਵਾਸਤੇ ਇੱਕ ਤੋਂ ਵਾਧੂ ਭਾਸ਼ਾ ਸਿੱਖਣਾ ਕਿਤੇ ਬੱਚੇ ਦੇ ਅਕਾਦਮਿਕ ਵਿਕਾਸ ਵਿੱਚ ਰੁਕਾਵਟ ਨਾ ਬਣ ਜਾਵੇ। ਇਸ ਸੰਬੰਧੀ ਖੋਜ ਇਹ ਦਰਸਾਉਂਦੀ ਹੈ ਕਿ ਬੱਚੇ ਨੂੰ ਇੱਕ ਤੋਂ ਵਾਧੂ ਭਾਸ਼ਾ ਸਿੱਖਣ ਨਾਲ਼ ਕਿਸੇ ਕਿਸਮ ਦਾ ਨੁਕਸਾਨ ਹੋਣ ਦੀ ਬਜਾਏ ਫਾਇਦਾ ਹੁੰਦਾ ਹੈ।

ਜਿਹੜੇ ਮਾਪੇ ਇਸ ਗੱਲ ਤੋਂ ਡਰਦੇ ਹਨ ਕਿ ਬਚਪਨ ਵਿੱਚ ਆਪਣੀ ਬੋਲੀ ਸਿੱਖਣ ਨਾਲ਼ ਉਨ੍ਹਾਂ ਦੇ ਬੱਚਿਆਂ ਦੀ ਅੰਗ੍ਰੇਜ਼ੀ ਸਿੱਖਣ ਦੀ ਯੋਗਤਾ ਨੂੰ ਨੁਕਸਾਨ ਹੋਵੇਗਾ, ਉਹਨਾਂ ਨੂੰ ਇਹ ਜਾਣ ਕੇ ਹੌਸਲਾ ਹੋਣਾ ਚਾਹੀਦਾ ਹੈ ਕਿ ਖੋਜ ਨੇ ਦਰਸਾਇਆ ਹੈ ਕਿ ਆਪਣੀ ਮਾਂ-ਬੋਲੀ ਵਿੱਚ ਸਿੱਖੀਆਂ ਭਾਸ਼ਾਈ ਯੋਗਤਾਵਾਂ ਦੂਜੀ ਭਾਸ਼ਾ ਸਿੱਖਣ ਵਿੱਚ ਵੀ ਕੰਮ ਆਉਂਦੀਆਂ ਹਨ। ਇਸ ਦੇ ਨਾਲ਼ ਹੀ ਦੋਭਾਸ਼ੀਆ ਹੋਣ ਵਿੱਚ ਬਹੁਤ ਸਾਰੇ ਫਾਇਦੇ ਹਨ ਤੇ ਨੁਕਸਾਨ ਕੋਈ ਨਹੀਂ ਹੈ। ਦੋਭਾਸ਼ੀਈਏ ਅਤੇ ਬਹੁ-ਭਾਸ਼ੀਏ ਵਿਅਕਤੀਆਂ ਕੋਲ਼ ਮੁਕਾਬਲਤਨ ਜ਼ਿਆਦਾ ਜਾਣਕਾਰੀ ਹੁੰਦੀ ਹੈ, ਉਨ੍ਹਾਂ ਦੇ ਦਿਮਾਗ ਬੜੇ ਲਚਕਦਾਰ ਹੁੰਦੇ ਹਨ ਅਤੇ ਉਨ੍ਹਾਂ ਵਿੱਚ ਸਹਿਨਸ਼ੀਲਤਾ ਜ਼ਿਆਦਾ ਹੁੰਦੀ ਹੈ ਅਤੇ ਉਨ੍ਹਾਂ ਦੇ ਸੋਚਣ ਦਾ ਤਰੀਕਾ ਅਤੇ ਦੁਨੀਆ ਬਾਰੇ ਨਜ਼ਰੀਆ ਜ਼ਿਆਦਾ ਸੰਤੁਲਤ ਹੁੰਦਾ ਹੈ।[83]

ਕਨੇਡਾ ਦੇ ਜਾਣੇ ਪਛਾਣੇ ਭਾਸ਼ਾ ਵਿਗਿਆਨੀ ਜਿੰਮ ਕਮਿੰਨਜ਼ ਨੇ ਇਨ੍ਹਾਂ ਵਿਚਾਰਾਂ ਨੂੰ ਦੋ ਮਾਡਲਾਂ ਰਾਹੀਂ ਪੇਸ਼ ਕੀਤਾ ਹੈ। ਪਹਿਲੇ ਮਾਡਲ ਅਨੁਸਾਰ ਇਹ ਗੱਲ ਮੰਨੀ ਜਾਂਦੀ ਸੀ ਕਿ ਬੱਚੇ ਵਿੱਚ ਭਾਸ਼ਾ ਸਿੱਖਣ ਦੀ ਯੋਗਤਾ ਸੀਮਤ ਹੁੰਦੀ ਹੈ।

[83] *Research Connections Canada* features research and development projects in support of children and families. Published by the Canadian Child Care Federation. 2005. p. 9



ਜਦੋਂ ਉਹ ਇੱਕ ਭਾਸ਼ਾ ਸਿੱਖਦਾ ਹੈ ਤਾਂ ਸਿੱਟੇ ਵਜੋਂ ਉਹ ਦੂਜੀ ਵਿੱਚ ਕਮਜ਼ੋਰ ਹੋ ਜਾਂਦਾ ਹੈ। ਨਤੀਜੇ ਵਜੋਂ ਬੱਚਾ ਦੋਵਾਂ ਵਿੱਚ ਕਮਜ਼ੋਰ ਹੋ ਜਾਂਦਾ ਹੈ। ਇਸ ਦੇ ਮੁਕਾਬਲੇ ਜੇ ਬੱਚਾ ਇੱਕ ਹੀ ਭਾਸ਼ਾ ਸਿੱਖ ਰਿਹਾ ਹੋਵੇ ਤਾਂ ਉਹ ਉਸ ਵਿੱਚ ਜ਼ਿਆਦਾ ਹੁਸ਼ਿਆਰ ਹੋਵੇਗਾ। ਇਸ ਪਹੁੰਚ ਨੂੰ *ਬੈਲੈਂਸ ਇਫੈਕਟ ਥਿਊਰੀ* ਕਿਹਾ ਜਾਂਦਾ ਹੈ। ਕਮਿੰਨਜ਼ ਦਾ ਕਹਿਣਾ ਹੈ ਕਿ ਵਿੱਦਿਅਕ ਅਦਾਰਿਆਂ ਵੱਲੋਂ ਇਹ ਪਹੁੰਚ ਕਾਫੀ ਵਜ਼ਨਦਾਰ ਸਮਝੀ ਜਾਂਦੀ ਸੀ ਅਤੇ ਇਸ ਨੂੰ ਰਾਜਨੀਤਕ ਹੁੰਗਾਰਾ ਵੀ ਪੂਰਾ ਮਿਲਦਾ ਸੀ:

> ਜਦੋਂ ਘੱਟ ਗਿਣਤੀ ਬੱਚਿਆਂ ਦੀਆਂ ਵਿੱਦਿਆ ਦੀਆਂ ਸਮੱਸਿਆਵਾਂ ਉੱਪਰ ਬੈਲੈਂਸ ਇਫੈਕਟ ਥਿਊਰੀ ਲਾਗੂ ਕੀਤੀ ਜਾਂਦੀ ਸੀ ਤਾਂ ਇਹ ਕਾਫੀ ਉਚਿੱਤ ਜਾਪਦੀ ਸੀ ਕਿਉਂਕਿ ਇਹ ਸਾਬਤ ਹੁੰਦਾ ਸੀ ਕਿ ਜਦੋਂ ਬੱਚੇ ਦੂਜੀ ਭਾਸ਼ਾ (ਐੱਲ 2) ਸਿੱਖਦੇ ਸਨ ਤਾਂ ਉਹ ਪਹਿਲੀ ਭਾਸ਼ਾ (ਐੱਲ 1) ਵਿੱਚ ਕਮਜ਼ੋਰ ਹੋ ਜਾਂਦੇ ਸਨ। ਇਹ ਗੱਲ ਸਿੱਖਿਆ ਸ਼ਾਸਤਰੀਆਂ ਵਾਸਤੇ ਵੀ ਠੀਕ ਬਹਿੰਦੀ ਸੀ ਕਿਉਂਕਿ ਇਸ ਨਾਲ਼ ਬੱਚਿਆਂ ਦੀ ਦੂਜੀ ਭਾਸ਼ਾ (ਐੱਲ 2) ਵਿੱਚ ਨਾਕਾਮਯਾਬੀ ਨੂੰ ਉਨ੍ਹਾਂ ਦੀ ਪਹਿਲੀ ਭਾਸ਼ਾ (ਐੱਲ 1) ਦਾ ਕਸੂਰ ਮੰਨ ਲਿਆ ਜਾਂਦਾ ਸੀ।[84]

ਨਤੀਜੇ ਵਜੋਂ ਹੋਰ ਮੁਲਕਾਂ ਦੀ ਤਰ੍ਹਾਂ ਕਨੇਡਾ ਵਿੱਚ ਵੀ ਘੱਟ ਗਿਣਤੀ ਬੋਲੀਆਂ ਦੀ ਵਿੱਦਿਆ ਨੂੰ ਸਕੂਲਾਂ ਵਿੱਚ ਮਾਨਤਾ ਹੀ ਨਹੀਂ ਸੀ ਦਿੱਤੀ ਜਾਂਦੀ ਸਗੋਂ ਇਸ ਨੂੰ ਹਰ ਹੀਲੇ ਨਿਰਉਤਸ਼ਾਹਿਤ ਵੀ ਕੀਤਾ ਜਾਂਦਾ ਸੀ।

---

[84] Jim Cummins, Bilingualism and Minority-Language Children, The Ontario Institute for Studies in Education, Toronto, 1981. p. 28

ਪਰ ਜਿੰਮ ਕਮਿੰਨਜ਼ ਦਾ ਕਹਿਣਾ ਹੈ ਕਿ ਨਵੀਂ ਖੋਜ ਨੇ ਇਸ ਥਿਊਰੀ ਨੂੰ ਰੱਦ ਕਰ ਦਿੱਤਾ ਹੈ। ਦੂਜੇ ਮਾਡਲ ਨੂੰ ਉਹ *ਥਿੰਕ ਟੈਂਕ* ਦਾ ਨਾਂ ਦਿੰਦਾ ਹੈ।



ਉਸ ਅਨੁਸਾਰ ਨਵੀਂ ਖੋਜ ਇਹ ਸਿੱਟੇ ਕੱਢਦੀ ਹੈ:

1) ਘੱਟ ਗਿਣਤੀ ਬੱਚੇ ਦੀ ਪਹਿਲੀ ਭਾਸ਼ਾ ਐੱਲ 1 ਲਈ, ਘਰ ਜਾਂ ਸਕੂਲ ਵਿੱਚ ਲੱਗਾ ਸਮਾਂ ਕਿਸੇ ਤਰ੍ਹਾਂ ਵੀ ਐੱਲ 2 ਦੀ ਪੜ੍ਹਾਈ ਵਿੱਚ ਰੁਕਾਵਟ ਨਹੀਂ ਬਣਦਾ।
2) ਉਨ੍ਹਾਂ ਘੱਟ ਗਿਣਤੀ ਬੱਚਿਆਂ ਵਿੱਚੋਂ ਜਿਹੜੇ ਸਿਰਫ ਐੱਲ 2 ਵਾਲ਼ੇ ਸਕੂਲਾਂ ਵਿੱਚ ਪੜ੍ਹਾਈ ਵਿੱਚ ਕਮਜ਼ੋਰ ਹੁੰਦੇ ਹਨ, ਘੱਟ ਗਿਣਤੀ ਬੱਚੇ ਦੀ ਪਹਿਲੀ ਭਾਸ਼ਾ ਐੱਲ 1 ਨੂੰ ਸਕੂਲ ਵਿੱਚ ਬੜ੍ਹਾਵਾ ਦੇਣ ਨਾਲ਼ ਬੱਚੇ ਦੀ ਐੱਲ 2 ਦੀ ਅਕਾਦਮਿਕ ਯੋਗਤਾ ਵਿੱਚ ਵਾਧਾ ਹੁੰਦਾ ਹੈ।
3) ਜਦੋਂ ਦੋਨਾਂ ਜ਼ਬਾਨਾਂ ਵਿੱਚ ਮੁਹਾਰਤ ਵੱਧਦੀ ਰਹੇ ਤਾਂ ਦੁਭਾਸ਼ਤਾ (ਬਾਈਲੈਂਗੁਲਿਜ਼ਮ) ਅਤੇ ਦੋਂਹ ਭਾਸ਼ਾਵਾਂ ਵਿੱਚ ਪੜ੍ਹਨ ਦੀ ਯੋਗਤਾ (ਬਾਈਲਿਟਰੇਸੀ) ਵਿਅਕਤੀ ਦੇ ਬੌਧਿਕ ਅਤੇ ਅਕਾਦਮਿਕ ਵਿਕਾਸ ਲਈ ਫਾਇਦੇਮੰਦ ਸਾਬਤ ਹੁੰਦੀਆਂ ਹਨ।[85]

[85] Ibid. p. 29.

ਉੱਪਰ ਦਿੱਤੇ ਵਿਚਾਰਾਂ ਤੋਂ ਇਹ ਗੱਲ ਸਾਫ ਹੋ ਜਾਂਦੀ ਹੈ ਕਿ ਬੱਚੇ ਨੂੰ ਘਰ ਅਤੇ ਸਕੂਲ ਵਿੱਚ ਦੋ ਭਾਸ਼ਾਵਾਂ ਸਿੱਖਣ ਵਿੱਚ ਨਾ ਤਾਂ ਕੋਈ ਮੁਸ਼ਕਲ ਆਉਂਦੀ ਹੈ ਤੇ ਨਾ ਹੀ ਇਹ ਕਿਸੇ ਤਰ੍ਹਾਂ ਉਸ ਦੇ ਵਿਕਾਸ ਵਿੱਚ ਰੋੜਾ ਅਟਕਾਉਂਦੀ ਹੈ। ਸਗੋਂ ਇਸ ਦੇ ਉਲਟ ਇਹ ਉਸ ਦੇ ਬੌਧਿਕ ਅਤੇ ਅਕਾਦਮਿਕ ਵਿਕਾਸ ਵਿੱਚ ਸਹਾਇਕ ਸਿੱਧ ਹੁੰਦੀਆਂ ਹਨ। ਭਾਸ਼ਾ ਵਿਗਿਆਨੀਆਂ ਅਨੁਸਾਰ:

> ਖੋਜ ਦੇ ਸ਼ੀਸ਼ੇ (ਲੈਂਜ਼) ਨੇ ਜਿਹੜਾ ਹਰ ਕਿਸੇ ਦੇ ਦੇਖਣ ਵਾਸਤੇ ਹਾਵੀ ਪ੍ਰਤਿਬਿੰਬ ਸਥਾਪਿਤ ਕੀਤਾ ਹੈ, ਉਹ ਹੈ ਕਿ ਘੱਟ ਗਿਣਤੀ ਬੱਚੇ ਨੂੰ ਦਿੱਤੀ ਰਸਮੀ ਤਰੀਕੇ ਨਾਲ਼ ਮਾਂ-ਬੋਲੀ ਦੀ ਸਿੱਖਿਆ ਉਸ ਦੀ ਵਿਸ਼ਵਵਿਆਪੀ ਸ਼ਾਬਿਦਕ ਨਿਪੁੰਨਤਾ ਨੂੰ ਹੀ ਨਹੀਂ ਵਧਾਉਂਦੀ ਸਗੋਂ ਬੱਚੇ ਦੀ ਜਾਨਣ ਦੀ ਯੋਗਤਾ, ਸਮਾਜਵਿਗਿਆਨਕ ਜਾਣਕਾਰੀ ਅਤੇ ਅਕਾਦਮਿਕ ਵਿਕਾਸ ਨੂੰ ਵੀ ਵਧਾਉਂਦੀ ਹੈ।[86]

ਦੂਜੇ ਪਾਸੇ ਸਗੋਂ ਛੋਟੀ ਉਮਰ ਵਿੱਚ ਬੱਚੇ ਨੂੰ ਮਾਂ-ਬੋਲੀ ਦੀ ਥਾਂ ਦੂਜੀ ਬੋਲੀ ਸਿਖਾਲਣ ਦੇ ਅਮਲ ਵਿੱਚ ਨੁਕਸਾਨ ਹੋਣ ਦੀ ਸੰਭਾਵਨਾ ਹੁੰਦੀ ਹੈ:

> ਇਹੋ ਜਿਹਾ ਕੋਈ ਸਬੂਤ ਨਹੀਂ ਮਿਲਦਾ ਕਿ ਘਰ ਵਿੱਚ ਬੋਲੀ ਜਾਂਦੀ ਵਿਰਸੇ ਦੀ ਬੋਲੀ ਅੰਗ੍ਰੇਜ਼ੀ ਦੀ ਸਿੱਖਿਆ ਹਾਸਲ ਕਰਨ ਵਿੱਚ ਕਿਸੇ ਤਰ੍ਹਾਂ ਵਿਘਨ ਪਾਉਂਦੀ ਹੈ। ਅਸਲ ਵਿੱਚ, ਘੱਟ ਗਿਣਤੀ ਮਾਪਿਆਂ ਵੱਲੋਂ ਅੰਗ੍ਰੇਜ਼ੀ ਬੋਲੀ ਬੋਲਣ ਲੱਗ ਜਾਣ ਨਾਲ਼ ਉਨ੍ਹਾਂ ਦੇ ਬੱਚਿਆਂ ਦੀ ਸੰਕਲਪ ਗ੍ਰਹਿਣ ਕਰਨ ਅਤੇ ਅਕਾਦਮਿਕ ਵਿਕਾਸ ਵਿੱਚ ਨਾਂਹ-ਪੱਖੀ ਨਤੀਜੇ ਨਿਕਲ ਸਕਦੇ ਹਨ ਜੇ ਮਾਪੇ ਅੰਗ੍ਰੇਜ਼ੀ ਵਿੱਚ ਉੱਨੇ ਰਵਾਨ (ਫਲੂਇੰਟ) ਨਾ ਹੋਣ ਜਿੰਨੇ ਉਹ ਆਪਣੀ ਮਾਂ-ਬੋਲੀ ਵਿੱਚ ਹੋ ਸਕਦੇ ਹਨ।[87]

3.1.4

ਪੰਜਾਬੀ ਭਾਸ਼ਾ ਦੀ ਜਾਣਕਾਰੀ ਬੱਚਿਆਂ ਦੇ ਕਨੇਡੀਅਨ ਜੀਵਨ ਵਿੱਚ ਕਿਸ ਕਿਸਮ ਦਾ ਅਤੇ ਕਿਸ ਤਰ੍ਹਾਂ ਵਾਧਾ ਕਰੇਗੀ? ਜਾਂ ਪੰਜਾਬੀ ਭਾਸ਼ਾ ਦੀ ਜਾਣਕਾਰੀ ਨੂੰ ਉਹ ਕਿੱਥੇ ਅਤੇ ਕਿਸ ਤਰ੍ਹਾਂ ਵਰਤੋਂ ਵਿੱਚ ਲਿਆਉਣਗੇ?

---

86 Marcel Danesi, Revisiting the Research Findings on Heritage Language Learning: Three Interpretive Frames, 1991 The Canadian Modern Language Review, 47,4 June.

87 Jim Cummins and Marcel Danesi, Heritage Languages: The development and denial of Canada's linguistic resources. Toronto, 1990. p. 61

ਇਸ ਸੰਦਰਭ ਵਿੱਚ ਕੁਝ ਗੱਲਾਂ ਤਾਂ ਸਾਫ ਹਨ ਜਿਵੇਂ ਕਿ: ਪੰਜਾਬੀ ਦੀ ਜਾਣਕਾਰੀ ਬੱਚਿਆਂ ਨੂੰ ਉਨ੍ਹਾਂ ਦੇ ਵਿਰਸੇ ਨੂੰ ਸਮਝਣ ਅਤੇ ਉਸ ਨਾਲ਼ ਜੁੜਨ ਵਿੱਚ ਸਹਾਈ ਹੋਵੇਗੀ; ਬੱਚੇ ਆਪਣੇ ਮਾਪਿਆਂ ਅਤੇ ਰਿਸ਼ਤੇਦਾਰਾਂ ਨਾਲ਼ ਹੋਰ ਨੇੜਤਾ ਵਾਲ਼ਾ ਨਾਤਾ ਕਾਇਮ ਕਰਨਯੋਗ ਹੋਣਗੇ; ਉਹ ਪੰਜਾਬੀ ਸਾਹਿਤ, ਸੰਗੀਤ, ਨਾਟਕ, ਫਿਲਮ ਆਦਿ ਨੂੰ ਜ਼ਿਆਦਾ ਮਾਣ ਸਕਣਗੇ; ਇੱਕ ਤੋਂ ਵਧ ਬੋਲੀਆਂ ਦੀ ਯੋਗਤਾ ਉਨ੍ਹਾਂ ਨੂੰ ਸਿਰਫ ਇੱਕ ਬੋਲੀ ਜਾਨਣ ਵਾਲ਼ੇ ਵਿਅਕਤੀ ਦੇ ਮੁਕਾਬਲੇ ਵਿੱਚ ਬਿਹਤਰ ਬਣਾਵੇਗੀ; ਬੱਚੇ ਦਾ ਜਿੱਥੇ ਸਵੈਮਾਣ ਵਧੇਗਾ ਉੱਥੇ ਉਹ ਦੂਜੀਆਂ ਬੋਲੀਆਂ ਅਤੇ ਸੱਭਿਆਚਾਰਾਂ ਪ੍ਰਤੀ ਸਿਹਤਮੰਦ ਸੂਝ ਅਤੇ ਪਹੁੰਚ ਅਪਣਾਏਗਾ, ਆਦਿ।

ਪਰ ਇਸ ਸੰਦਰਭ ਵਿੱਚ ਕੁਝ ਗੱਲਾਂ ਅਜਿਹੀਆਂ ਵੀ ਹਨ ਜਿਨ੍ਹਾਂ ਨੂੰ ਅਜੇ ਧਿਆਨ ਨਾਲ਼ ਵਿਚਾਰਿਆ ਨਹੀਂ ਗਿਆ। ਪਿਛਲੇ ਕੁਝ ਵਰ੍ਹਿਆਂ ਦੌਰਾਨ ਵੈਨਕੂਵਰ ਦੇ ਆਸ ਪਾਸ ਸਕੂਲਾਂ ਵਿੱਚ ਨਵੀਂ ਭਾਸ਼ਾ ਨੀਤੀ ਲਾਗੂ ਕਰਵਾਉਣ ਲਈ ਕੀਤੀਆਂ ਕੋਸ਼ਿਸ਼ਾਂ ਦੌਰਾਨ ਸਾਨੂੰ ਪੰਜਾਬੀ ਮਾਪਿਆਂ ਦੇ ਵਿਚਾਰ ਜਾਨਣ ਦਾ ਮੌਕਾ ਮਿਲਿਆ। ਉਦਾਹਰਨ ਵਜੋਂ, ਸਾਨੂੰ ਇਸ ਗੱਲ ਦਾ ਪਤਾ ਲੱਗਾ ਕਿ ਬਹੁਤ ਸਾਰੇ ਪੰਜਾਬੀ ਮਾਪਿਆਂ ਨੂੰ ਜੇ ਸਕੂਲ ਵਿੱਚ ਪੰਜਾਬੀ ਜਾਂ ਫਰਾਂਸੀਸੀ ਵਿੱਚੋਂ ਇੱਕ ਦੀ ਚੋਣ ਕਰਨੀ ਪਵੇ ਤਾਂ ਉਹ ਫਰਾਂਸੀਸੀ ਨੂੰ ਤਰਜੀਹ ਦੇਣਗੇ। ਉਹ ਸੁਤੇ-ਸਿੱਧ ਹੀ ਇਹ ਸੋਚਦੇ ਹਨ ਕਿ ਫਰਾਂਸੀਸੀ ਕਨੇਡਾ ਦੀ ਦੂਜੀ ਸਰਕਾਰੀ (ਆਫੀਸ਼ੀਅਲ) ਭਾਸ਼ਾ ਹੈ ਅਤੇ ਇਸ ਦੀ ਜਾਣਕਾਰੀ ਨਾਲ਼ ਸਾਡੇ ਬੱਚਿਆਂ ਲਈ ਨੌਕਰੀ ਦੇ ਮੌਕੇ ਵਧ ਜਾਣਗੇ। ਪਰ ਇਸ ਸੰਬੰਧ ਵਿੱਚ ਸਾਡੀ ਖੋਜ ਵੱਖਰੇ ਸਿੱਟੇ ਕੱਢਦੀ ਹੈ। ਉਦਾਹਰਨ ਵਜੋਂ, ਸਰ੍ਹੀ ਬੀ ਸੀ ਵਿੱਚ ਰਹਿਣ ਵਾਲ਼ੇ ਪੰਜਾਬੀ ਬੱਚੇ ਵਾਸਤੇ ਪੰਜਾਬੀ ਦੀ ਜਾਣਕਾਰੀ ਨਾਲ਼ ਨੌਕਰੀ ਦੇ ਜ਼ਿਆਦਾ ਮੌਕੇ ਬਣਦੇ ਹਨ। ਫਰਾਂਸੀਸੀ ਦੀ ਜਾਣਕਾਰੀ ਬਹੁਤੀਆਂ ਕੇਂਦਰ ਸਰਕਾਰ ਦੀਆਂ ਨੌਕਰੀਆਂ ਵਿੱਚ ਕੰਮ ਆਵੇਗੀ। ਇਨ੍ਹਾਂ ਨੌਕਰੀਆਂ ਵਾਸਤੇ ਯੂਨੀਵਰਸਿਟੀ ਦੀ ਡਿਗਰੀ ਦੀ ਜ਼ਰੂਰਤ ਵੀ ਪਵੇਗੀ। ਯੂਨੀਵਰਸਿਟੀ ਜਾਣ ਵਾਲ਼ਾ ਬੱਚਾ ਦੂਜੇ ਵਿਸ਼ਿਆਂ ਦੇ ਨਾਲ਼ ਨਾਲ਼ ਫਰਾਂਸੀਸੀ ਵੀ ਸਿੱਖ ਸਕਦਾ ਹੈ, ਜੇ ਉਸ ਦਾ ਰੁਝਾਨ ਕੇਂਦਰੀ ਸਰਕਾਰ ਦੀ ਕਿਸੇ ਨੌਕਰੀ ਵਲ ਹੋਵੇ। ਸਾਡੇ ਲਈ ਦੇਖਣ ਵਾਲ਼ੀ ਗੱਲ (ਭਾਵੇਂ ਮਾਪੇ ਵਾਸਤੇ ਇਹ ਮੰਨਣੀ ਔਖੀ ਹੈ) ਇਹ ਹੈ ਕਿ ਨਾ ਤਾਂ ਹਰ ਬੱਚਾ ਯੂਨੀਵਰਸਿਟੀ ਜਾਵੇਗਾ ਅਤੇ ਨਾ ਹੀ ਯੂਨੀਵਰਸਿਟੀ ਗਏ ਹਰ ਬੱਚੇ ਨੂੰ ਕੇਂਦਰੀ ਸਰਕਾਰ ਦੀ ਨੌਕਰੀ ਮਿਲੇਗੀ। ਦੂਜੇ ਪਾਸੇ ਪੰਜਾਬੀ ਦੀ ਜਾਣਕਾਰੀ ਉਸ ਵਾਸਤੇ ਸਰ੍ਹੀ ਵਿੱਚ ਹੀ ਹਾਈ ਸਕੂਲ ਦੀ ਵਿੱਦਿਆ ਨਾਲ਼ ਵੀ ਲਾਹੇਵੰਦ ਹੋ ਸਕਦੀ ਹੈ। ਉਦਾਹਰਨ ਵਜੋਂ, ਕੁਝ ਸਾਲ ਪਹਿਲਾਂ ਨੌਕਰੀਆਂ ਅਤੇ ਭਾਸ਼ਾ ਸੰਬੰਧੀ ਹੋਏ ਇੱਕ ਸਰਵੇਖਣ ਅਨੁਸਾਰ ਇਕੱਲੇ ਸਰ੍ਹੀ ਸ਼ਹਿਰ ਵਿੱਚ ਹੀ ਦੋ ਹਜ਼ਾਰ ਤੋਂ ਵਧ ਅਜਿਹੀਆਂ ਨੌਕਰੀਆਂ ਦੀ ਨਿਸ਼ਾਨਦੇਹੀ ਕੀਤੀ ਦੱਸੀ ਗਈ ਹੈ ਜਿਨ੍ਹਾਂ ਨੂੰ ਪ੍ਰਾਪਤ ਕਰਨ ਵਾਸਤੇ ਅੱਛੇ ਪੱਧਰ ਦੀ ਪੰਜਾਬੀ ਬੋਲੀ ਦੀ ਜਾਣਕਾਰੀ ਲੋੜੀਂਦੀ ਹੈ। ਏਸੇ ਤਰ੍ਹਾਂ ਪ੍ਰੋਫੈਸਰ ਮੈਰੀ ਐਸ਼ਵਰਥ ਵੱਲੋਂ ਤਿਆਰ ਕੀਤੇ ਇੱਕ ਚਾਰਟ ਅਨੁਸਾਰ ਚਾਲੀ ਦੇ ਕਰੀਬ ਮੁੱਖ ਕਿੱਤੇ ਹਨ ਜਿਨ੍ਹਾਂ ਵਿੱਚ ਬੱਚੇ ਦੀ ਵਿਰਾਸਤੀ ਭਾਸ਼ਾ ਨੌਕਰੀ ਦੇ

ਸੰਬੰਧ ਵਿੱਚ ਸਹਾਇਕ ਭੂਮਿਕਾ ਨਿਭਾ ਸਕਦੀ ਹੈ।[88] ਸੋ ਇਸ ਨਜ਼ਰੀਏ ਨਾਲ਼ ਦੇਖਿਆਂ ਸਾਡੇ ਬੱਚਿਆਂ ਵਾਸਤੇ ਪੰਜਾਬੀ ਭਾਸ਼ਾ ਦੀ ਜਾਣਕਾਰੀ ਆਰਿਥਕ ਪੱਖੋਂ ਵੀ ਲਾਹੇਵੰਦ ਹੋ ਸਕਦੀ ਹੈ।

3.1.5

ਕੀ ਸਾਡੇ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਲਈ ਕਨੇਡੀਅਨ ਸਮਾਜ ਦੀ ਵੀ ਕੋਈ ਜ਼ੁੰਮੇਵਾਰੀ ਬਣਦੀ ਹੈ?

ਕਨੇਡਾ ਵਿੱਚ ਪੰਜਾਬੀ ਦੀ ਪੜ੍ਹਾਈ ਦੇ ਸੰਬੰਧ ਵਿੱਚ ਅਗਲਾ ਮਸਲਾ ਇਹ ਉੱਭਰਦਾ ਹੈ ਕਿ ਪੰਜਾਬੀ ਦੀ ਪੜ੍ਹਾਈ ਲਈ ਜ਼ੁੰਮੇਵਾਰ ਕੌਣ ਹੈ - ਮਾਪੇ ਜਾਂ ਸਮਾਜ/ਸਟੇਟ? ਅਸੀਂ ਹੁਣ ਤੱਕ ਸੁਚੇਤ ਜਾਂ ਅਚੇਤ ਤੌਰ ਉੱਤੇ ਆਪਣੇ ਬੱਚਿਆਂ ਨੂੰ ਪੰਜਾਬੀ ਭਾਸ਼ਾ ਦੀ ਵਿੱਦਿਆ ਦੇਣ ਦੀ ਜ਼ੁੰਮੇਵਾਰੀ ਦਾ ਭਾਰ ਬਹੁਤਾ ਆਪਣੇ ਹੀ ਮੋਢਿਆਂ ਉੱਤੇ ਚੁੱਕੀ ਫਿਰਦੇ ਰਹੇ ਹਾਂ। ਰਵਾਇਤੀ ਸੋਚ ਅਨੁਸਾਰ ਬਹੁਤੇ ਪੰਜਾਬੀ ਇਸ ਸਵਾਲ ਦੇ ਜਵਾਬ ਵਿੱਚ ਪੰਜਾਬੀ ਪੜ੍ਹਾਉਣ ਦੀ ਜ਼ੁੰਮੇਵਾਰੀ ਮਾਪਿਆਂ ਸਿਰ ਧਰਨਗੇ। ਬਹੁਤ ਸਾਰੇ ਪੜ੍ਹੇ ਲਿਖੇ ਲੋਕ ਵੀ ਕਈ ਵਾਰ ਮਸਲੇ ਦੀ ਤਹਿ ਤੱਕ ਗਏ ਵਗੈਰ ਇਹ ਜ਼ੁੰਮੇਵਾਰੀ ਮਾਪਿਆਂ ਦੇ ਮੋਢਿਆਂ 'ਤੇ ਹੀ ਲੱਦ ਦਿੰਦੇ ਹਨ। ਉਦਾਹਰਨ ਲਈ ਅਸੀਂ ਟੋਰਾਂਟੋ ਦੇ ਜਾਣੇ ਪਛਾਣੇ ਲੇਖਕ ਅਤੇ ਅਧਿਆਪਕ ਸ੍ਰੀ ਇਕਬਾਲ ਰਾਮੂਵਾਲੀਆ ਵੱਲੋਂ 'ਖਬਰਨਾਮਾ' (ਇੰਟਰਨੈੱਟ 'ਤੇ) ਵਿੱਚ ਲਿਖੇ ਇੱਕ ਲੇਖ 'ਕੈਨਡਾ ਦਾ ਬਦਲ ਰਿਹਾ ਮੁਹਾਂਦਰਾ' ਨੂੰ ਦੇਖ ਸਕਦੇ ਹਾਂ। ਉਹ ਲਿਖਦੇ ਹਨ:

> ਕੈਨਡਾ ਵਿੱਚ ਰਹਿ ਕੇ ਆਪਣੀ ਮਾਤ-ਬੋਲੀ ਨੂੰ ਜੀਂਦਾ ਰੱਖਣਾ ਇੱਕ ਬਹਾਦਰੀ ਵਾਲ਼ਾ ਕੰਮ ਹੈ। ਘਰਾਂ ਵਿੱਚ ਅੰਗ੍ਰੇਜ਼ੀ ਨਾਲ਼ ਚਿੰਬੜੇ ਰਹਿਣ ਤੋਂ ਬਾਅਦ, ਜਿਹੜੇ ਮਾਪੇ ਆਪਣੇ ਬੱਚਿਆਂ ਨੂੰ ਪੰਜਾਬੀ ਸਿਖਾਉਣ ਲਈ ਐਤਵਾਰੀ ਜਾਂ ਸ਼ਨੀਵਾਰੀ ਸਕੂਲਾਂ ਵਿੱਚ ਭੇਜਦੇ ਹਨ, ਉਹ ਆਪਣਾ ਅਤੇ ਆਪਣੇ ਬੱਚਿਆਂ ਦਾ ਵਕਤ ਖ਼ਰਾਬ ਕਰ ਰਹੇ ਹਨ। ਹਫ਼ਤੇ ਬਾਅਦ ਤਿੰਨ ਘੰਟੇ ਦੀ ਕਲਾਸ ਨਾਲ਼ ਬੱਚੇ ਨੇ ਪੰਜਾਬੀ ਨਹੀਂ ਸਿੱਖ ਜਾਣੀ। ਬੱਚਿਆਂ ਲਈ ਪੰਜਾਬੀ ਦਾ ਸਭ ਤੋਂ ਵੱਡਾ ਸਕੂਲ, ਤੁਹਾਡਾ ਘਰ ਹੀ ਹੈ।[89]

---

[88] Mary Ashworth, Blessed with Bilingual Brains: Education of Immigrant Children with English as a Second Language. Pacific Educational Press, UBC, Vancouver, 1988, p. 199.

[89] ਇਸ ਵਿੱਚ ਕਿਸੇ ਨੂੰ ਕੋਈ ਸ਼ੱਕ ਨਹੀਂ ਕਿ ਸ੍ਰੀ ਰਾਮੂਵਾਲੀਆ ਜੀ ਵੀ ਅਗਲੀਆਂ ਪੀੜ੍ਹੀਆਂ ਨੂੰ ਪੰਜਾਬੀ ਪੜ੍ਹਾਉਣ ਬਾਰੇ ਫਿਕਰਮੰਦ ਹਨ ਅਤੇ ਪੰਜਾਬੀ ਵਾਸਤੇ ਸੰਘਰਸ਼ੀਲ ਹਨ। ਏਥੇ

ਪਰ ਅਜੋਕੇ ਯਥਾਰਥ ਅਨੁਸਾਰ ਸੰਭਵ ਹੈ ਕਿ ਅਸੀਂ ਇਸ ਤੋਂ ਉਲਟ ਸਿੱਟੇ 'ਤੇ ਪਹੁੰਚੀਏ ਕਿ ਬੱਚਿਆਂ ਲਈ ਪੰਜਾਬੀ ਦਾ ਸਭ ਤੋਂ ਵੱਡਾ ਸਿੱਖਿਆ ਕੇਂਦਰ ਸਕੂਲ ਹੀ ਹੈ। ਸਾਨੂੰ ਸੁਹਿਰਦਤਾ ਨਾਲ਼ ਅਸਲੀ ਵਰਤਾਰੇ ਵਲ ਨਿਗਾਹ ਮਾਰਨੀ ਚਾਹੀਦੀ ਹੈ। ਸੱਤਰਵਿਆਂ ਦੌਰਾਨ ਆਏ ਪੰਜਾਬੀ ਆਵਾਸੀਆਂ ਨੇ ਹੁਣ ਤੱਕ ਆਪਣੇ ਬੱਚੇ ਪਾਲ਼ ਲਏ ਹਨ। ਇਨ੍ਹਾਂ ਵਿੱਚ ਵੱਡੀ ਗਿਣਤੀ ਚੇਤਨ ਲੋਕਾਂ ਦੀ ਸੀ, ਜਿਸ ਵਿੱਚ ਲੇਖਕ ਅਤੇ ਅਗਾਂਹ ਵਧੂ ਲਹਿਰਾਂ ਵਿੱਚ ਸਰਗਰਮ ਲੋਕ ਸ਼ਾਮਲ ਸਨ ਅਤੇ ਇਹ ਸਾਰੇ ਹੀ ਪੰਜਾਬੀ ਨੂੰ ਪਿਆਰ ਕਰਨ ਵਾਲ਼ੇ ਸਨ ਅਤੇ ਹਨ। ਪਰ ਆਸ ਦੇ ਉਲਟ ਇਨ੍ਹਾਂ ਵਿੱਚੋਂ ਬਹੁਤ ਘੱਟ ਲੋਕਾਂ ਦੇ ਬੱਚੇ ਲੋੜ ਜੋਗੀ ਪੰਜਾਬੀ ਬੋਲਦੇ ਹਨ, ਪੜ੍ਹਨ ਲਿਖਣ ਤੱਕ ਤਾਂ ਬਹੁਤ ਹੀ ਥੋੜ੍ਹੇ ਪਹੁੰਚੇ ਹੋਣਗੇ। ਇਸ ਨਾਕਾਮਯਾਬੀ ਦਾ ਸਾਰਾ ਇਲਜ਼ਾਮ ਪੰਜਾਬੀ ਨੂੰ ਪਿਆਰ ਕਰਨ ਵਾਲ਼ੇ ਇਨ੍ਹਾਂ ਲੋਕਾਂ ਦੇ ਸਿਰ ਮੜ੍ਹਨਾ ਸ਼ਾਇਦ ਵਧੀਕੀ ਹੋਵੇਗੀ। ਅਜੋਕੀਆਂ ਆਰਿਥਕ ਸਥਿਤੀਆਂ ਵਿੱਚ ਪਰਿਵਾਰ ਦੇ ਹਰ ਜੀਅ ਨੂੰ ਕੰਮ ਕਰਨਾ ਪੈਂਦਾ ਹੈ। ਪਰਿਵਾਰਾਂ ਦੇ ਆਪਸੀ ਰਿਸ਼ਤੇ ਨਾਤੇ ਵੀ ਬਹੁਤੀ ਵਾਰੀ ਇਹੋ ਜਿਹੇ ਨਹੀਂ ਹੁੰਦੇ ਜਿੱਥੇ ਘਰ ਵਿੱਚ ਕੋਈ ਬੱਚਿਆਂ ਨੂੰ ਪੰਜਾਬੀ ਪੜ੍ਹਾ ਸਕੇ। ਕੁਝ ਸੰਯੁਕਤ ਪਰਿਵਾਰਾਂ ਨੂੰ ਛੱਡ ਕੇ ਇਸ ਗੱਲ ਦੀ ਬਿਲਕੁਲ ਸੰਭਾਵਨਾ ਨਹੀਂ ਹੈ। ਪਰ ਜੇ ਦੂਜੇ ਪਾਸੇ ਸਕੂਲ ਵਿੱਚ ਪੰਜਾਬੀ ਪੜ੍ਹਾਈ ਜਾ ਸਕਦੀ ਹੁੰਦੀ ਤਾਂ ਇਨ੍ਹਾਂ ਵਿੱਚੋਂ ਵੱਡੀ ਗਿਣਤੀ ਨੇ ਆਪਣੇ ਬੱਚਿਆਂ ਨੂੰ ਪੰਜਾਬੀ ਪੜ੍ਹਾ ਦੇਣੀ ਸੀ[90]। ਸਾਰੀ ਵਿਚਾਰ ਚਰਚਾ ਦਾ ਨਿਚੋੜ ਇਹ ਹੈ ਕਿ ਸਾਨੂੰ ਆਪਣੇ ਬੱਚਿਆਂ ਦੀ ਪੰਜਾਬੀ ਪੜ੍ਹਾਈ ਨੂੰ ਵੀ ਉਨ੍ਹਾਂ ਦੀ ਵਿੱਦਿਆ ਦੇ ਹਿੱਸੇ ਵਜੋਂ

ਸਿਰਫ ਇਸ ਪਹੁੰਚ ਵਲ ਇਸ਼ਾਰਾ ਕੀਤਾ ਜਾ ਰਿਹਾ ਹੈ ਕਿ ਕਨੇਡਾ ਵਿੱਚ ਰਹਿੰਦਿਆਂ ਹੋਇਆਂ ਸਾਨੂੰ ਆਪਣੀਆਂ ਵਿਅਕਤੀਗਤ ਕੋਸ਼ਿਸ਼ਾਂ ਦੇ ਨਾਲ਼ ਨਾਲ਼ ਇਸ ਸਟੇਟ ਦੀ ਬਣਦੀ ਜ਼ੁੰਮੇਵਾਰੀ ਬਾਰੇ ਵੀ ਚੇਤਨ ਰਹਿਣਾ ਚਾਹੀਦਾ ਹੈ। ਉਂਜ ਕਿਸੇ ਕਾਰਨ ਟੋਰਾਂਟੋ ਅਤੇ ਬੀ ਸੀ ਦੇ ਪੰਜਾਬੀਆਂ ਦੀ ਪਹੁੰਚ ਵਿੱਚ ਕੁਝ ਅੰਤਰ ਜ਼ਰੂਰ ਹੈ। ਇਸੇ ਤਰ੍ਹਾਂ ਦੇ ਵਿਚਾਰਾਂ ਦਾ ਇੱਕ ਹੋਰ ਵਖਰੇਵਾਂ 1998 ਵਿੱਚ ਟੋਰਾਂਟੋ ਦੀ ਲੇਖਕ ਜਥੇਬੰਦੀ ਕਲਮਾਂ ਦੇ ਕਾਫਲੇ ਵੱਲੋਂ ਕਰਵਾਈ ਗਈ ਕਾਨਫਰੰਸ ਦੌਰਾਨ ਵੀ ਸਾਹਮਣੇ ਆਇਆ ਸੀ। ਟੋਰਾਂਟੋ ਵਿੱਚ ਕਾਫੀ ਲੋਕ ਉੱਥੋਂ ਦੇ ਕੁਝ ਨੌਜਵਾਨਾਂ ਵੱਲੋਂ ਪ੍ਰਗਟਾਏ ਵਿਚਾਰਾਂ ਨਾਲ਼ ਸਹਿਮਤ ਜਾਪਦੇ ਸਨ ਕਿ ਕਨੇਡਾ ਵਿੱਚ ਨੌਜਵਾਨਾਂ ਨੂੰ ਪੰਜਾਬੀ ਬੋਲੀ ਦੀ ਪੜ੍ਹਾਈ ਲਈ ਨਹੀਂ ਕਹਿਣਾ ਚਾਹੀਦਾ ਸਗੋਂ ਉਨ੍ਹਾਂ ਤੱਕ ਸਭ ਕੁਝ ਅੰਗ੍ਰੇਜ਼ੀ ਵਿੱਚ ਅਨੁਵਾਦ ਰਾਹੀਂ ਪਹੁੰਚਾਉਣਾ ਚਾਹੀਦਾ ਹੈ। ਨੌਜਵਾਨਾਂ ਦੀ ਇਸ ਪਹੁੰਚ ਨੂੰ ਗੰਭੀਰਤਾ ਨਾਲ਼ ਵੰਗਾਰਿਆ ਨਹੀਂ ਗਿਆ। ਨਾ ਹੀ ਆਮ ਜਾਣਕਾਰੀ ਮੁਤਾਬਕ ਟੋਰਾਂਟੋ ਜਾਂ ਓਨਟੈਰੀਓ ਵਿੱਚ ਪੰਜਾਬੀ ਦੀ ਪੜ੍ਹਾਈ ਵਾਸਤੇ ਕੋਈ ਸੂਬੇ ਦੀ ਸਰਕਾਰ ਕੋਲ਼ ਲਾਬੀ ਕਰ ਰਿਹਾ ਹੈ। ਮੇਰੀ ਸੀਮਤ ਜਾਣਕਾਰੀ ਅਨੁਸਾਰ, ਵੈਨਕੂਵਰ ਵਾਂਗ ਟੋਰਾਂਟੋ ਦੇ ਪੰਜਾਬੀਆਂ ਦੇ ਗੜ੍ਹ ਵਾਲੇ ਕਈ ਇਲਾਕਿਆਂ ਵਿੱਚ ਵੀ ਕਿਸੇ ਕਾਲਜ ਜਾਂ ਯੂਨੀਵਰਸਿਟੀ ਵਿੱਚ ਪੰਜਾਬੀ ਭਾਈਚਾਰੇ ਵੱਲੋਂ ਕਿਸੇ ਜਥੇਬੰਦਕ ਤਰੀਕੇ ਨਾਲ਼ ਪੰਜਾਬੀ ਲਗਵਾਉਣ ਦੀ ਕੋਸ਼ਿਸ਼ ਨਹੀਂ ਕੀਤੀ ਗਈ।

[90] ਮੇਰਾ ਆਪਣਾ ਜਾਤੀ ਤਜਰਬਾ ਵੀ ਇਹੋ ਹੈ। ਅਸੀਂ ਹਮੇਸ਼ਾਂ ਘਰ ਵਿੱਚ ਪੰਜਾਬੀ ਬੋਲਣ ਦੀ ਕੋਸ਼ਿਸ਼ ਕਰਦੇ ਰਹੇ ਹਾਂ। ਮੇਰੇ ਬੱਚੇ ਪੰਜਾਬੀ ਬੋਲਦੇ ਜ਼ਰੂਰ ਹਨ ਪਰ ਉਨ੍ਹਾਂ ਦੀ ਸ਼ਬਦਾਵਲੀ ਬੜੀ ਸੀਮਤ ਹੈ। ਅਸੀਂ ਘਰ ਵਿੱਚ ਸੁਹਿਰਦਤਾ ਨਾਲ਼ ਉਨ੍ਹਾਂ ਨੂੰ ਪੰਜਾਬੀ ਪੜ੍ਹਾਉਣ ਦੀ ਵੀ ਕੋਸ਼ਿਸ਼ ਕੀਤੀ ਪਰ ਕਾਮਯਾਬ ਨਹੀਂ ਹੋਏ। ਮੇਰੀ ਬੇਟੀ ਪ੍ਰੀਆ ਨੇ ਯੂ ਬੀ ਸੀ ਤੋਂ ਬੀ ਏ ਅਤੇ ਐੱਮ ਏ ਕੀਤੀ ਹੈ। ਉੱਥੇ ਪੰਜਾਬੀ ਪੜ੍ਹੀ ਜਾ ਸਕਦੀ ਸੀ ਅਤੇ ਉਸ ਨੇ ਲਗਾਤਾਰ ਦੋ ਸਾਲ ਪੰਜਾਬੀ ਪੜ੍ਹੀ ਹੈ।

ਦੇਖਣਾ ਚਾਹੀਦਾ ਹੈ ਅਤੇ ਬਿਨਾਂ ਸ਼ੱਕ ਵਿੱਦਿਆ ਲਈ ਢੁੱਕਵਾਂ ਸਥਾਨ ਸਕੂਲ ਹੀ ਹੋ ਸਕਦਾ ਹੈ।

ਸਾਡੇ ਲਈ ਜ਼ਰੂਰੀ ਹੈ ਕਿ ਅਸੀਂ ਇਸ ਜ਼ੁੰਮੇਵਾਰੀ ਨੂੰ ਮੁੜ ਵਿਚਾਰੀਏ। ਕਨੇਡਾ ਨੇ 1971 ਵਿੱਚ ਸਰਕਾਰੀ ਤੌਰ ਉੱਤੇ ਆਪਣੇ ਆਪ ਨੂੰ ਬਹੁ-ਸੱਭਿਆਚਾਰਕ ਭਾਈਚਾਰਾ ਮੰਨ ਲਿਆ ਸੀ। ਅੰਗ੍ਰੇਜ਼ੀ ਅਤੇ ਫਰਾਂਸੀਸੀ ਸੱਭਿਆਚਾਰਾਂ ਦੇ ਨਾਲ਼ ਨਾਲ਼ ਆਦਿ-ਵਾਸੀ ਅਤੇ ਦੁਨੀਆ ਦੇ ਹੋਰ ਦੇਸਾਂ ਤੋਂ ਏਥੇ ਆ ਵਸੇ ਲੋਕਾਂ ਦੇ ਸੱਭਿਆਚਾਰਾਂ ਨੂੰ ਕਨੇਡਾ ਦੇ ਸਮਾਜ ਦਾ ਹਿੱਸਾ ਮੰਨ ਲਿਆ ਗਿਆ ਅਤੇ ਉਨ੍ਹਾਂ ਨੂੰ ਏਥੇ ਸਤਿਕਾਰ ਨਾਲ਼ ਰਹਿਣ ਅਤੇ ਵਧਣ ਫੁੱਲਣ ਦਾ ਹੱਕ ਦਿੱਤਾ ਗਿਆ। ਆਸ ਤਾਂ ਇਹ ਸੀ ਕਿ ਬਹੁ-ਸੱਭਿਆਚਾਰਕ ਭਾਈਚਾਰੇ ਨੂੰ ਹੌਲੀ ਹੌਲੀ ਬਹੁ-ਭਾਸ਼ਾਈ ਸਮਾਜ ਵਜੋਂ ਵੀ ਮਾਨਤਾ ਮਿਲੇਗੀ ਪਰ ਅਜਿਹਾ ਅਜੇ ਹੋਇਆ ਨਹੀਂ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਕਨੇਡਾ ਦੀ ਬਹੁ-ਸੱਭਿਆਚਾਰਕ ਨੀਤੀ ਆਪਣੇ ਆਪ ਵਿੱਚ ਇੱਕ ਬੇਹੱਦ ਸਲਾਹੁਣਯੋਗ ਨੀਤੀ ਹੈ। ਇਸ ਨੀਤੀ ਕਾਰਨ ਹੀ ਕਨੇਡਾ ਦੁਨੀਆ ਭਰ ਵਿੱਚੋਂ ਮੁਕਾਬਲਤਨ ਵਧੀਆ ਸਮਾਜ ਗਿਣਿਆ ਜਾਂਦਾ ਹੈ। ਪਰ ਇਸ ਬਹੁ-ਸੱਭਿਆਚਾਰਕ ਨੀਤੀ ਦੀਆਂ ਆਪਣੀਆਂ ਹੱਦਾਂ ਹਨ। ਵੱਖਰੇ ਸੱਭਿਆਚਾਰਾਂ ਲਈ ਹੋਰ ਵੀ ਹੱਕਾਂ ਦੀ ਅਭਿਲਾਸ਼ਾ ਰੱਖਣ ਵਾਲ਼ੇ ਲੋਕ ਬਹੁ-ਸੱਭਿਆਚਾਰਕ ਨੀਤੀ ਦੀ ਆਲੋਚਨਾ ਵਿੱਚ ਅਕਸਰ ਕਹਿੰਦੇ ਹਨ ਕਿ ਇਹ ਨੀਤੀ ਨਾਚ ਗਾਣੇ (ਸੌਂਗ ਐਂਡ ਡਾਂਸ) ਤੋਂ ਅੱਗੇ ਨਹੀਂ ਜਾਂਦੀ। ਅਸਲ ਵਿੱਚ ਕਨੇਡੀਅਨ ਸਰਕਾਰ ਵੱਲੋਂ 1971 ਵਿੱਚ ਇਹ ਨੀਤੀ ਹੋਂਦ ਵਿੱਚ ਲਿਆਉਣ ਪਿੱਛੇ ਮਕਸਦ ਹੀ ਇਹ ਸੀ। ਸਰਕਾਰ ਵੱਲੋਂ ਕਨੇਡਾ ਦਾ ਸਰਕਾਰੀ ਭਾਸ਼ਾ ਕਾਨੂੰਨ (ਆਫੀਸ਼ੀਅਲ ਲੈਂਗੁਏਜ ਐਕਟ) 1969 ਵਿੱਚ ਪਾਸ ਕੀਤਾ ਗਿਆ ਸੀ ਜਿਸ ਨਾਲ਼ ਅੰਗ੍ਰੇਜ਼ੀ ਅਤੇ ਫਰਾਂਸੀਸੀ ਨੂੰ ਕਨੇਡਾ ਦੀਆਂ ਦੋ ਸਰਕਾਰੀ ਭਾਸ਼ਾਵਾਂ ਐਲਾਨ ਦਿੱਤਾ ਗਿਆ। ਕਨੇਡਾ ਵਸਣ ਵਾਲੇ ਦੂਜੇ ਭਾਈਚਾਰਿਆਂ ਵਾਸਤੇ ਇਹ ਫਿਕਰ ਵਾਲੀ ਗੱਲ ਸੀ। ਉਨ੍ਹਾਂ ਵੱਲੋਂ ਉਠਾਈ ਆਵਾਜ਼ ਦੇ ਹੁੰਗਾਰੇ ਵਜੋਂ ਅਤੇ ਉਨ੍ਹਾਂ ਨੂੰ ਤਸੱਲੀ ਦੇਣ ਵਾਸਤੇ ਕਨੇਡਾ ਦੀ ਸਰਕਾਰ ਨੇ 1971 ਵਿੱਚ ਬਹੁ-ਸੱਭਿਆਚਾਰਕ ਨੀਤੀ ਦਾ ਐਲਾਨ ਕੀਤਾ[91]।

ਸਾਡੇ ਵਾਸਤੇ ਵੀ ਜ਼ਰੂਰੀ ਹੈ ਕਿ ਅਸੀਂ ਇਸ ਨੀਤੀ ਦੇ ਬਾਹਰੀ ਪ੍ਰਭਾਵ ਤੋਂ ਹੀ ਅਚੰਭਿਤ ਨਾ ਹੋਏ ਰਹੀਏ ਸਗੋਂ ਇਸ ਨੂੰ ਆਲੋਚਨਾਤਮਕ ਨਜ਼ਰੀਏ ਨਾਲ਼ ਘੋਖੀਏ। ਭਾਸ਼ਾਵਾਂ ਦੇ ਸੰਬੰਧ ਵਿੱਚ ਜਿਹੜੀ ਗੱਲ ਸਾਹਮਣੇ ਆਉਂਦੀ ਹੈ, ਉਹ ਹੈ ਕਿ ਇਸ ਨੀਤੀ ਨੇ ਅੰਗ੍ਰੇਜ਼ੀ ਅਤੇ ਫਰਾਂਸੀਸੀ ਤੋਂ ਬਿਨਾਂ ਦੂਜੀਆਂ ਭਾਸ਼ਾਵਾਂ ਨੂੰ ਉੱਨਤ ਕਰਨ ਲਈ ਕੁਝ ਨਹੀਂ ਕੀਤਾ ਸਗੋਂ ਬਹੁਤ ਸਾਰੇ ਲੋਕਾਂ ਨੂੰ 'ਸਭ ਕੁਝ ਠੀਕ ਠਾਕ' ਹੋਣ ਦਾ ਭੁਲੇਖਾ ਪਾ ਕੇ ਨਿਹੱਥੇ ਕਰ ਦਿੱਤਾ ਹੈ। ਆਲੋਚਕਾਂ ਅਨੁਸਾਰ:

> ਬਹੁ-ਸੱਭਿਆਚਾਰਕ ਨੀਤੀਆਂ, ਦੋਧਾਰੀਆਂ ਹੁੰਦੀਆਂ ਹਨ, ਉਹ ਸੱਭਿਆਚਾਰਕ ਵੱਖਰੇਵਿਆਂ ਦੇ ਸਤਹੀ ਪਹਿਲੂਆਂ (ਉਦਾਹਰਨ ਵਜੋਂ,

---

91 Language Policy and Education in Canada Volume 1: Language Policy and Political Issues in Education .Barbara Burnaby. Memorial University of Newfoundland

> ਐਥਨਿਕ ਖਾਣੇ ਅਤੇ ਤਿਓਹਾਰ) ਦਾ ਜਸ਼ਨ ਮਨਾਉਂਦੀਆਂ ਜਟਿਲ ਕਿਸਮ ਦੇ ਬਹੁਤ ਤਾਕਤਵਰ ਜਥੇਬੰਦਕ ਨਸਲੀ ਵਿਤਕਰਿਆਂ ਤੋਂ ਧਿਆਨ ਦੂਜੇ ਪਾਸੇ ਪਾ ਸਕਦੀਆਂ ਹਨ।[92]

ਇਸ ਨੀਤੀ ਕਾਰਨ ਅਸੀਂ ਹਿੱਕ ਠੋਕ ਕੇ ਇਹ ਨਹੀਂ ਕਹਿੰਦੇ ਕਿ ਹੋਰ ਭਾਸ਼ਾਵਾਂ ਦੇ ਵਿਕਾਸ ਵਲ ਧਿਆਨ ਨਾ ਦੇਣਾ ਕਨੇਡੀਅਨ ਸਮਾਜ ਦਾ ਭਾਸ਼ਾਈ ਵਿਤਕਰਾ ਹੈ। ਉਦਾਹਰਨ ਵਜੋਂ, ਇਸ ਦੇ ਮੁਕਾਬਲੇ ਵਿੱਚ ਅਸੀਂ ਇੰਗਲੈਂਡ ਦੇ ਪੰਜਾਬੀ ਭਾਈਚਾਰੇ ਦੇ ਵਿਚਾਰ ਦੇਖ ਸਕਦੇ ਹਾਂ। ਇੰਗਲੈਂਡ ਦੇ ਬਹੁਤ ਸਾਰੇ ਲੇਖਕਾਂ ਨੇ ਭਾਸ਼ਾ ਸੰਬੰਧੀ ਵਿਚਾਰ ਪੇਸ਼ ਕਰਦਿਆਂ ਵਾਰ ਵਾਰ ਉੱਥੋਂ ਦੀ ਸਰਕਾਰ ਅਤੇ ਸਮਾਜ ਨੂੰ ਇਸ ਪੱਖ ਵਿੱਚ ਕਸੂਰਵਾਰ ਠਹਿਰਾਇਆ ਹੈ ਅਤੇ ਉਨ੍ਹਾਂ ਵਾਸਤੇ ਨਸਲਵਾਦੀ, ਬਸਤੀਵਾਦੀ ਆਦਿ ਵਿਸ਼ੇਸ਼ਣ ਵਰਤੇ ਹਨ। ਉਦਾਹਰਨ ਵਜੋਂ, ਮੰਗਤ ਭਾਰਦਵਾਜ ਅਤੇ ਨਰਿੰਦਰ ਸਿੰਘ ਦਾ ਲੇਖ 'ਬਰਤਾਨੀਆਂ ਵਿੱਚ ਪੰਜਾਬੀ ਬੋਲੀ ਦੀ ਸੰਭਾਲ, ਸਮੱਸਿਆਵਾਂ ਤੇ ਚੁਣੌਤੀਆਂ' ਦੇਖਿਆ ਜਾ ਸਕਦਾ ਹੈ। ਲੇਖਕ ਕਹਿੰਦੇ ਹਨ: "ਘੱਟ ਗਿਣਤੀ ਬੋਲੀਆਂ ਅਤੇ ਸੱਭਿਆਚਾਰਾਂ ਦੀ ਹੋਂਦ ਨੂੰ ਜੋ ਦੇਸ਼ ਵਿੱਚ ਖਤਰਾ ਬਣਿਆਂ ਹੋਇਆ ਹੈ ਉਸ ਦੇ ਵੱਖ ਵੱਖ ਪਹਿਲੂਆਂ ਨੂੰ ਅਸੀਂ ਦੁਸ਼ਮਣ, ਸੱਪ, ਅੱਗ, ਬੀਮਾਰੀ ਨਾਂ ਦੇ ਚਾਰ ਸਿਰਲੇਖਾਂ ਅਧੀਨ ਸਮਝਣ ਦਾ ਯਤਨ ਕਰਾਂਗੇ"।[93] ਅੱਗੇ ਜਾ ਕੇ "ਦੁਸ਼ਮਣ" ਦੇ ਸਿਰਲੇਖ ਥੱਲੇ ਉਹ ਲਿਖਦੇ ਹਨ:

> ਬਰਤਾਨਵੀ ਸਾਮਰਾਜ ਖਤਮ ਹੋਣ ਨਾਲ਼ ਸਾਮਰਾਜੀ ਮਾਨਿਸਕਤਾ ਅਤੇ ਸੋਚ ਨਹੀਂ ਮਰੀ। ਅੱਜ ਵੀ ਇਸ ਦੇਸ਼ ਦੀ ਸ਼ਾਇਦ 90 ਪ੍ਰਤੀਸ਼ੱਤ ਤੋਂ ਵੀ ਵਧ ਵਸੋਂ ਦਾ ਦ੍ਰਿੜ, ਵਿਸ਼ਵਾਸ ਹੈ ਕਿ ਬਰਤਾਨਵੀ ਸੱਭਿਅਤਾ ਅਤੇ ਕਦਰਾਂ ਕੀਮਤਾਂ, ਚਮੜੀ ਦਾ ਚਿੱਟਾ ਰੰਗ ਅਤੇ ਈਸਾਈ ਧਰਮ ਸਭ ਤੋਂ ਉੱਤਮ ਹਨ ਅਤੇ ਇਹਨਾਂ ਮਾਪਦੰਡਾਂ ਨਾਲ਼ ਹੀ ਹਰ ਚੀਜ਼ ਨੂੰ ਨਾਪਿਆ ਜਾਣਾ ਚਾਹੀਦਾ ਹੈ। ਜਿਹੜੀ ਵੀ ਭਾਸ਼ਾ, ਸੱਭਿਆਚਾਰ, ਕਦਰਾਂ, ਚਮੜੀ ਦਾ ਰੰਗ ਅਤੇ ਧਰਮ ਇਨ੍ਹਾਂ ਤੋਂ ਵੱਖ ਹਨ, ਉਹ ਸਭ ਘਟੀਆ ਹਨ।[94]

ਏਸੇ ਤਰ੍ਹਾਂ ਹੀ ਨਿਰੰਜਨ ਸਿੰਘ ਨੂਰ (ਮਰਹੂਮ) ਦਾ ਕਹਿਣਾ ਹੈ: "ਅੱਜ ਦੇ ਬਰਤਾਨੀਆ ਵਿੱਚ ਵੀ ਭਾਸ਼ਾਈ ਤੇ ਸੱਭਿਆਚਾਰਕ ਬਸਤੀਵਾਦ ਕਾਇਮ ਹੈ"।[95]

---

[92] Jim Cummins and Marcel Danesi, Heritage Languages: The development and denial of Canada's linguistic resources. Toronto, 1990. p. 61.

[93] ਮੰਗਤ ਭਾਰਦਵਾਜ ਅਤੇ ਨਰਿੰਦਰ ਸਿੰਘ, "ਬਰਤਾਨੀਆਂ ਵਿੱਚ ਪੰਜਾਬੀ ਬੋਲੀ ਦੀ ਸੰਭਾਲ, ਸਮੱਸਿਆਵਾਂ ਤੇ ਚੁਣੌਤੀਆਂ", ਬਰਤਾਨੀਆਂ ਵਿੱਚ ਪੰਜਾਬੀ ਭਾਸ਼ਾ, ਸੰਪਾਦਕ ਦਰਸ਼ਨ ਸਿੰਘ ਤਾਤਲਾ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1996, ਸਫਾ 57।

[94] ਉਹੀ, ਸਫਾ 58।

[95] ਨਿਰੰਜਣ ਸਿੰਘ ਨੂਰ, 'ਬਰਤਾਨੀਆਂ ਵਿੱਚ ਮਾਂ-ਬੋਲੀ ਦੀ ਕਦਰ ਤੇ ਸੰਭਾਲ ਬਰਤਾਨੀਆਂ ਵਿੱਚ ਪੰਜਾਬੀ ਭਾਸ਼ਾ, ਸੰਪਾਦਕ ਦਰਸ਼ਨ ਸਿੰਘ ਤਾਤਲਾ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1996, ਸਫਾ 87.

ਇਸ ਵਿਸ਼ੇ ਬਾਰੇ ਲਿਖੀ ਗੁਰਬਚਨ ਸਿੰਘ ਦੀ ਦੋ ਸੌ ਸਫੇ ਦੀ ਕਿਤਾਬ 'ਲੈਂਗੂਏਜ, ਰੇਸ ਐਂਡ ਐਜੂਕੇਸ਼ਨ' ਹੈ ਜੋ ਹੋਰ ਭਾਸ਼ਾਵਾਂ ਦੇ ਨਾਲ਼ ਨਾਲ਼ ਪੰਜਾਬੀ ਭਾਸ਼ਾ ਦੀ ਇੰਗਲੈਂਡ ਵਿੱਚ ਸਥਿਤੀ ਬਾਰੇ ਵਿਚਾਰ ਪੇਸ਼ ਕਰਦੀ ਹੈ।[96] ਪੀ. ਏ. ਸਿੰਘ ਘੁੰਮਣ ਦੀ ਪੁਸਤਕ 'ਏਸ਼ੀਅਨ ਟੀਚਰਜ਼ ਇਨ ਬ੍ਰਿਟਿਸ਼ ਸਕੂਲਜ਼'[97] ਵਿੱਚ ਵੀ ਪੰਜਾਬੀ ਭਾਸ਼ਾ ਬਾਰੇ ਚਰਚਾ ਕੀਤੀ ਮਿਲਦੀ ਹੈ। ਇਨ੍ਹਾਂ ਸਾਰੇ ਲੇਖਕਾਂ ਨੇ ਬਾਹਰੋਂ ਆਏ ਸੱਭਿਆਚਾਰਾਂ ਅਤੇ ਭਾਸ਼ਾਵਾਂ ਵਿਰੁੱਧ ਇੰਗਲੈਂਡ ਵਿੱਚ ਪਾਈ ਜਾਂਦੀ ਨਫਰਤ ਦਾ ਸਾਫ ਸਾਫ ਸ਼ਬਦਾਂ ਵਿੱਚ ਵਰਨਣ ਕੀਤਾ ਹੈ। ਅਜਮੇਰ ਕਵੈਂਟਰੀ ਆਪਣੀ ਕਿਤਾਬ 'ਬੋਲੀ ਅਤੇ ਮਾਂ ਬੋਲੀ' ਦੇ ਅਖੀਰਲੇ ਕਾਂਡ ਵਿੱਚ ਬਰਤਾਨੀਆਂ ਵਿੱਚ ਪੰਜਾਬੀ ਬੋਲੀ ਦੇ ਭਵਿੱਖ ਬਾਰੇ ਸੰਖੇਪ ਵਿੱਚ ਚਰਚਾ ਛੇੜਦਾ ਹੈ। ਉਹ ਇੱਕ ਬਹੁਤ ਹੀ ਮਹੱਤਵਪੂਰਨ ਸਵਾਲ ਉਠਾਉਂਦਾ ਹੈ ਕਿ ''ਮਾਤਬੋਲੀ ਸਕੂਲ ਵਿੱਚ ਕਿਹੜੇ ਵੇਲੇ ਪੜ੍ਹਾਈ ਜਾਵੇ?[98] ਪੰਜਾਬੀ ਬੋਲੀ ਨੂੰ ਸਕੂਲਾਂ ਵਿੱਚ ਲਾਗੂ ਕਰਵਾਉਣ ਦੀਆਂ ਕੋਸ਼ਿਸ਼ਾਂ ਵਿੱਚ ਇਹ ਸਵਾਲ ਬੇਹੱਦ ਅਹਿਮ ਹੈ। ਕਵੈਂਟਰੀ ਇਸ ਸਵਾਲ ਦੇ ਜਵਾਬ ਵਜੋਂ ਕਹਿੰਦਾ ਹੈ: "... ਧਾਰਿਮਕ ਸਿੱਖਿਆ ਜਿਹੜੀ ਸਰਕਾਰੀ ਕਾਨੂੰਨ ਅਧੀਨ ਹਰ ਇੱਕ ਬੱਚੇ ਲਈ ਲਾਜ਼ਮੀ ਹੈ ਪਰ ਜੇ ਮਾਪੇ ਚਾਹੁਣ ਤਾਂ ਆਪਣੇ ਬੱਚੇ ਨੂੰ ਉਸ ਵਿੱਚੋਂ ਰੋਕ ਸਕਦੇ ਹਨ, ਇਹ ਸਮਾਂ ਮਾਂ-ਬੋਲੀ ਪੜ੍ਹਾਉਣ ਲਈ ਵਰਤਿਆ ਜਾ ਸਕਦਾ ਹੈ। ਧਾਰਿਮਕ ਸਿੱਖਿਆ ਨਾਲੋਂ ਮਾਂ-ਬੋਲੀ ਹਜ਼ਾਰਾਂ ਗੁਣਾ ਵਧੇਰੇ ਜ਼ਰੂਰੀ ਅਤੇ ਲਾਭਦਾਇੱਕ ਹੈ।"[99]

ਇੰਗਲੈਂਡ ਦੇ ਮੁਕਾਬਲੇ ਅਸੀਂ ਕਨੇਡਾ ਵਿੱਚ ਕਨੇਡੀਅਨ ਸਰਕਾਰ ਅਤੇ ਸਮਾਜ ਵਲ ਅਜਿਹੇ ਵਿਚਾਰ ਪ੍ਰਗਟਾਉਣ ਤੋਂ ਕੰਨੀ ਕਤਰਾਉਂਦੇ ਹਾਂ (ਭਾਵੇਂ 70ਵਿਆਂ ਅਤੇ 80ਵਿਆਂ ਦੇ ਸ਼ੁਰੂ ਵਿੱਚ ਸਥਿਤੀ ਇਹ ਨਹੀਂ ਸੀ)। ਅਜਿਹਾ ਨਹੀਂ ਹੈ ਕਿ ਕਨੇਡੀਅਨ ਸਮਾਜ ਵਿੱਚ ਇੰਗਲੈਂਡ ਦੇ ਚਿੱਟੇ ਸਮਾਜ ਵਾਲ਼ੇ ਰੁਝਾਨ ਨਹੀਂ ਹਨ। ਪਰ ਇਹ ਰੁਝਾਨ ਬਹੁ-ਸੱਭਿਆਚਾਰਕ ਨੀਤੀ ਦੇ ਪਿੱਛੇ ਲੁਕ ਜਾਂਦੇ ਹਨ। ਇੰਗਲੈਂਡ ਦੀ ਉਦਾਹਰਨ ਦੇਣ ਤੋਂ ਇਹ ਮਕਸਦ ਵੀ ਨਹੀਂ ਕਿ ਅਸੀਂ ਉੱਠ ਕੇ ਕਨੇਡੀਅਨ ਸਮਾਜ ਨੂੰ ਗਾਲ਼ਾਂ ਕੱਢਣੀਆਂ ਸ਼ੁਰੂ ਕਰ ਦਈਏ। ਪਰ ਸਾਡੇ ਵਾਸਤੇ ਜ਼ਰੂਰੀ ਹੈ ਕਿ ਅਸੀਂ ਬਹੁ-ਸੱਭਿਆਚਾਰਵਾਦ ਦੀ ਅਸਲੀਅਤ ਨੂੰ ਪਛਾਣੀਏ ਅਤੇ ਉਸ ਮੁਤਾਬਿਕ ਪਹੁੰਚ ਅਪਣਾਈਏ।

ਦੁਨੀਆ ਦੇ ਸਾਰੇ ਮੁਲਕ ਹੁਣ ਸੰਯੁਕਤ ਰਾਸ਼ਟਰ ਸੰਘ ਰਾਹੀਂ ਇੱਕ ਲੜੀ ਵਿੱਚ ਪ੍ਰੋਏ ਹੋਏ ਹਨ। ਇਸ ਸੰਸਥਾ ਰਾਹੀਂ ਦੁਨੀਆ ਦੇ ਹਰ ਵਿਅਕਤੀ ਨੂੰ ਕੁਝ ਮਨੁੱਖੀ ਅਧਿਕਾਰ ਪ੍ਰਾਪਤ ਹਨ। ਇਹ ਗੱਲ ਵੱਖਰੀ ਹੈ ਕਿ ਬਹੁਤ ਸਾਰੇ ਮੁਲਕਾਂ ਅੰਦਰ ਅਨੇਕਾਂ ਕਾਰਨਾਂ ਵੱਸ ਲੋਕ ਇਨ੍ਹਾਂ ਅਧਿਕਾਰਾਂ ਨੂੰ ਪੂਰੀ ਤਰ੍ਹਾਂ ਮਾਣ ਨਹੀਂ ਰਹੇ। ਪਰ ਫੇਰ ਵੀ ਇਨ੍ਹਾਂ ਅਧਿਕਾਰਾਂ ਦਾ ਲਿਖਤੀ ਰੂਪ ਵਿੱਚ ਹੋਣਾ ਇਹ ਸੰਭਾਵਨਾ ਪੈਦਾ ਕਰਦਾ ਹੈ ਕਿ

---

96 Gurbachan Singh, Language, Race and Education. Jason and Company. 1988.
97 P.A. Singh Ghuman, Asian Teachers in British Schools. Multilingual Matters, 1995.
98 ਅਜਮੇਰ ਕਵੈਂਟਰੀ, ਬੋਲੀ ਅਤੇ ਮਾਂ ਬੋਲੀ, ਪੰਜਾਬੀ ਸੱਥ, ਪੰਜ ਨਦ ਪ੍ਰਕਾਸ਼ਨ, ਲਾਂਬੜਾ ਜਲੰਧਰ, 2003, ਸਫਾ 185.
99 ਉਹੀ, ਸਫਾ 186.

ਕਦੇ ਨਾ ਕਦੇ ਸਾਰੇ ਲੋਕਾਂ ਨੂੰ ਇਹ ਹੱਕ ਮਿਲਣਗੇ। ਇਹ ਲਿਖਤੀ ਦਸਤਾਵੇਜ਼ ਇਨ੍ਹਾਂ ਹੱਕਾਂ ਲਈ ਸੰਘਰਸ਼ ਕਰਨ ਦਾ ਰਾਹ ਵੀ ਪੱਧਰਾ ਕਰਦੇ ਹਨ। ਇਨ੍ਹਾਂ ਮੁੱਢਲੇ ਮਨੁੱਖੀ ਅਧਿਕਾਰਾਂ ਵਿੱਚ ਭਾਸ਼ਾਈ ਮਨੁੱਖੀ ਅਧਿਕਾਰ (ਲਿੰਗੁਇਸਟਿਕ ਹਿਊਮਨ ਰਾਈਟਸ) ਵੀ ਸ਼ਾਮਲ ਹਨ। ਰੌਬਰਟ ਫਿਲਿਪਸਨ ਅਤੇ ਟੋਵ ਸਕੂਟਨਾਬ ਕਾਂਗਾਸ ਅਨੁਸਾਰ:

> ਭਾਸ਼ਾਈ ਹੱਕਾਂ ਨੂੰ ਮੁੱਢਲੇ ਮਨੁੱਖੀ ਹੱਕ ਸਮਿਝਆ ਜਾਣਾ ਚਾਹੀਦਾ ਹੈ। ਭਾਸ਼ਾਈ ਬਹੁ-ਗਿਣਤੀਆਂ, ਭਾਰੂ ਭਾਸ਼ਾ ਬੋਲਣ ਵਾਲ਼ੇ, ਆਮ ਤੌਰ ’ਤੇ ਉਨ੍ਹਾਂ ਸਾਰੇ ਭਾਸ਼ਾਈ ਮਨੁੱਖੀ ਹੱਕਾਂ ਨੂੰ ਮਾਣਦੇ ਹਨ ਜਿਨ੍ਹਾਂ ਨੂੰ ਮੂਲ ਅਧਿਕਾਰ ਕਿਹਾ ਜਾ ਸਕਦਾ ਹੈ, ਭਾਵੇਂ ਉਨ੍ਹਾਂ ਨੂੰ ਕਿਵੇਂ ਵੀ ਪਰਿਭਾਸ਼ਤ ਕੀਤਾ ਜਾਵੇ। ਦੁਨੀਆ ਦੀਆਂ ਬਹੁਤੀਆਂ ਭਾਸ਼ਾਈ ਘੱਟ ਗਿਣਤੀਆਂ ਇਹ ਹੱਕ ਨਹੀਂ ਮਾਣਦੀਆਂ। ਸੰਸਾਰ ਦੀਆਂ 6-7000 ਜ਼ਬਾਨਾਂ ਵਿੱਚੋਂ ਸਿਰਫ ਕੁਝ ਸੌ ਜ਼ਬਾਨਾਂ ਦਾ ਹੀ ਕੋਈ ਨਾ ਕੋਈ ਸਰਕਾਰੀ ਰੁਤਬਾ ਹੈ, ਅਤੇ ਸਿਰਫ ਸਰਕਾਰੀ ਭਾਸ਼ਾਵਾਂ ਬੋਲਣ ਵਾਲ਼ੇ ਹੀ ਸਾਰੇ ਦੇ ਸਾਰੇ ਭਾਸ਼ਾਈ ਮਨੁੱਖੀ ਹੱਕ ਮਾਣਦੇ ਹਨ।[100]

ਮਾਂ-ਬੋਲੀ ਦੀ ਪ੍ਰੋੜ੍ਹਤਾ ਕਰਨ ਵਾਲ਼ੇ ਲੋਕਾਂ ਦੇ ਵਿਚਾਰ ਵਿੱਚ: ‘‘ਆਪਣੀ ਮਾਂ-ਬੋਲੀ ਦੀ ਸਿੱਖਿਆ ਵਿਅਕਤੀ ਦਾ ਮੁੱਢਲਾ ਮਨੁੱਖੀ ਅਧਿਕਾਰ ਹੈ, ਜਿਸ ਨੂੰ ਇਸ ਤੋਂ ਅੱਗੇ ਜਾਇਜ਼ ਠਹਿਰਾਉਣ (ਲਿਜਿਟਮੇਸ਼ਨ) ਦੀ ਲੋੜ ਨਹੀਂ ਹੈ’’।[101] ਸੋ ਇੱਕ ਮੁੱਢਲੇ ਮਨੁੱਖੀ ਅਧਿਕਾਰ ਦੀ ਮੰਗ ਕਰਨਾ ਕਿਸੇ ਤਰ੍ਹਾਂ ਵੀ ਨਜਾਇਜ਼ ਨਹੀਂ ਹੈ।

ਮਾਂ-ਬੋਲੀ ਦੀ ਪੜ੍ਹਾਈ ਨੂੰ ਜੇ ਅਸੀਂ ਭਾਸ਼ਾਈ ਮਨੁੱਖੀ ਹੱਕਾਂ ਦੇ ਪੱਖ ਤੋਂ ਦੇਖਦੇ ਹਾਂ ਤਾਂ ਇਹ ਜ਼ੁੰਮੇਵਾਰੀ ਸਮਾਜ ਦੀ ਭਾਵ ਕਿ ਸਰਕਾਰ ਦੀ ਬਣਦੀ ਹੈ। ਕਨੇਡਾ ਦੇ ਸਮਾਜਿਕ ਢਾਂਚੇ ਵਿੱਚ ਉਂਜ ਵੀ ਬੱਚੇ ਦੀ ਪੜ੍ਹਾਈ ਦਾ ਜ਼ੁੰਮਾਂ ਸਰਕਾਰ ਦਾ ਹੀ ਹੈ। ਪਰ ਸਾਫ ਜ਼ਾਹਰ ਹੈ ਕਿ ਭਾਸ਼ਾਵਾਂ ਦੇ ਮਾਮਲੇ ਵਿੱਚ ਕਨੇਡਾ ਦੀ ਸਰਕਾਰ ਆਪਣੀ ਇਸ ਜ਼ੁੰਮੇਵਾਰੀ ਨੂੰ ਅਜੇ ਪੂਰੀ ਤਰ੍ਹਾਂ ਮੰਨ ਨਹੀਂ ਰਹੀ। ਕਨੇਡਾ ਐਲਾਨੀਆਂ ਤੌਰ ’ਤੇ ਇੱਕ ਬਹੁ-ਸੱਭਿਆਚਾਰਕ ਸਮਾਜ ਹੈ ਜਿਸ ਵਿੱਚ ਦੂਜੇ ਸੱਭਿਆਚਾਰਾਂ ਨੂੰ ਮਾਨਤਾ ਦਿੱਤੀ ਜਾਂਦੀ ਹੈ। ਪਰ ਕਨੇਡਾ ਦੀ ਭਾਸ਼ਾ ਦੀ ਨੀਤੀ ਇਸ ਦੀ ਬਹੁ-ਸੱਭਿਆਚਾਰਕ ਨੀਤੀ ਨਾਲ਼ ਮੇਲ ਨਹੀਂ ਖਾਂਦੀ।[102] ਇੱਥੇ ਸਿਰਫ ਅੰਗ੍ਰੇਜ਼ੀ ਅਤੇ ਫਰਾਂਸੀਸੀ ਨੂੰ ਹੀ ਸਰਕਾਰੀ ਭਾਸ਼ਾ ਮੰਨਿਆ ਜਾਂਦਾ ਹੈ। ਕਿਉਬਿਕ ਦੇ ਫਰਾਂਸੀਸੀ ਪਿਛੋਕੜ ਦੇ ਲੋਕਾਂ ਨੂੰ

---

[100] *Linguistic Human Rights: Overcoming Linguistic Discrimination*, Ed. Tove Skutnabb-Kangas and Robert Phillipson. New York 1995. p.1.

[101] Tove Skutnabb-Kangas, 1988, p. 14

[102] ਫੇਰ ਵੀ ਕਨੇਡਾ ਅਮਰੀਕਾ ਦੇ ਟਾਕਰੇ ਵਿੱਚ ਅੱਗੇ ਹੈ ਕਿਉਂਕਿ ਅਮਰੀਕਾ ਵਿੱਚ ਸਰਕਾਰੀ ਤੇ ਗੈਰ ਸਰਕਾਰੀ ਤਰੀਕੇ ਨਾਲ਼ ਮੁੱਢਲੀ ਵਿੱਦਿਆ ਵਿੱਚ ਸਿਰਫ ਅੰਗ੍ਰੇਜ਼ੀ ਨੂੰ ਹੀ ਅਸਲੀ ਮਾਨਤਾ ਦਿੱਤੀ ਜਾਂਦੀ ਹੈ। ਉਂਜ ਵੱਖਰੀਆਂ ਵੱਖਰੀਆਂ ਸਟੇਟਾਂ ਵਿੱਚ ਕਈ ਵੱਖਰੇ ਵੱਖਰੇ ਨਿਯਮ ਹਨ ਜਿਨ੍ਹਾਂ ਅਧੀਨ ਅੰਗ੍ਰੇਜ਼ੀ ਤੋਂ ਬਿਨਾਂ ਦੂਜੀਆਂ ਬੋਲੀਆਂ ਵੀ ਪੜ੍ਹਾਈਆਂ ਜਾਂਦੀਆਂ ਹਨ। ਉਦਾਹਰਨ ਵਜੋਂ ਯੂਬਾ ਸਿਟੀ, ਕੈਲੇਫੋਰਨੀਆਂ ਵਿੱਚ ਪਿਛਲੇ ਕੁਝ ਸਾਲਾਂ ਤੋਂ ਪੰਜਾਬੀ ਵੀ ਪੜ੍ਹਾਈ ਜਾਂਦੀ ਹੈ।

ਵੀ ਆਪਣੀ ਬੋਲੀ ਦੇ ਹੱਕਾਂ ਵਾਸਤੇ ਲੰਮਾ ਸਮਾਂ ਜੱਦੋ ਜਿਹਦ ਕਰਨੀ ਪਈ। ਪਰ ਹੁਣ ਫਰਾਂਸੀਸੀ ਦੇ ਹੱਕ ਕਨੇਡਾ ਦੇ ਸੰਵਿਧਾਨ ਵਿੱਚ ਦਰਜ ਹਨ। ਪਰ ਇਨ੍ਹਾਂ ਦੋ ਤੋਂ ਬਿਨਾਂ ਏਥੇ ਹੋਰ ਵੀ ਬਹੁਤ ਸਾਰੀਆਂ ਭਾਸ਼ਾਵਾਂ ਬੋਲੀਆਂ ਅਤੇ ਵਰਤੀਆਂ ਜਾਂਦੀਆਂ ਹਨ ਜਿਨ੍ਹਾਂ ਵਿੱਚ ਬਹੁਤ ਸਾਰੀਆਂ ਕਨੇਡਾ ਦੇ ਮੁੱਢਲੇ ਵਸਨੀਕਾਂ ਦੀਆਂ ਭਾਸ਼ਾਵਾਂ ਵੀ ਹਨ। ਇਨ੍ਹਾਂ ਨੂੰ ਕਨੇਡਾ ਨੇ ਅਜੇ ਕਿਸੇ ਭਾਵਪੂਰਤ ਤਰੀਕੇ ਨਾਲ਼ ਕਨੇਡੀਅਨ ਬੋਲੀਆਂ ਦੇ ਤੌਰ ’ਤੇ ਨਹੀਂ ਮੰਨਿਆ ਅਤੇ ਇਨ੍ਹਾਂ ਨੂੰ ਵੱਖਰੇ ਵੱਖਰੇ ਨਾਵਾਂ ਨਾਲ਼ ਮੁਖਾਤਬ ਕੀਤਾ ਜਾਂਦਾ ਹੈ, ਜਿਸਦਾ ਆਮ ਪ੍ਰਭਾਵ ਇਹੀ ਪੈਂਦਾ ਹੈ ਕਿ ਕਨੇਡਾ ਵਿੱਚ ਵਿੱਚਰ ਰਹੀਆਂ ਇਹ ਵਿਦੇਸ਼ੀ ਬੋਲੀਆਂ ਹਨ।

ਕੁਝ ਭਾਸ਼ਾਵਾਂ ਦੇ ਮੁਕਾਬਲੇ ’ਤੇ ਦੂਜੀਆਂ ਭਾਸ਼ਾਵਾਂ ਦੇ ਭਾਸ਼ਾਈ ਮਨੁੱਖੀ ਹੱਕਾਂ ਨੂੰ ਵੱਖਰੇ ਵੱਖਰੇ ਕਾਰਨ ਦੇ ਕੇ ਦਬਾਇਆ ਜਾਂਦਾ ਹੈ। ਜਿਵੇਂ ਪਹਿਲਾਂ ਕਿਹਾ ਗਿਆ ਹੈ ਕਿ ਇਸ ਵਰਤਾਰੇ ਨੂੰ ਭਾਸ਼ਾ ਵਿਗਿਆਨੀ ਭਾਸ਼ਾਈ ਵਿਤਕਰਾ (ਲਿੰਗਿਊਸਿਜ਼ਮ) ਕਹਿੰਦੇ ਹਨ। ਇਹ ਸੰਭਵ ਹੈ ਕਿ ਕਨੇਡੀਅਨ ਸਰਕਾਰ ਜੋ ਦੂਜੀਆਂ ਬੋਲੀਆਂ ਨਾਲ਼ ਕਰ ਰਹੀ ਹੈ ਉਹ ਭਾਸ਼ਾਈ ਵਿਤਕਰਾ ਹੋਵੇ। ਜਿਸ ਤਰ੍ਹਾਂ ਇਸ ਸਮਾਜ ਵਿੱਚ ਨਸਲਵਾਦ ਦੇ ਕੋੜ੍ਹ ਨੂੰ ਖਤਮ ਕਰਨ ਲਈ ਜੱਦੋਜਹਿਦ ਚੱਲਦੀ ਹੈ ਉਸੇ ਤਰ੍ਹਾਂ ਦੀ ਜੱਦੋਜਹਿਦ ਭਾਸ਼ਾਈ ਵਿਤਕਰਾ ਖਤਮ ਕਰਨ ਲਈ ਵੀ ਚਲਣੀ ਚਾਹੀਦੀ ਹੈ।

ਉੱਪਰਲੇ ਵਿਚਾਰਾਂ ਨੂੰ ਸਹੀ ਸੰਦਰਭ ਵਿੱਚ ਹੀ ਦੇਖਣਾ ਚਾਹੀਦਾ ਹੈ। ਪੰਜਾਬੀ ਇੱਕ ਕਨੇਡੀਅਨ ਬੋਲੀ ਹੈ ਤੇ ਸਰਕਾਰੀ ਤੌਰ ’ਤੇ ਇਸ ਨੂੰ ਇਹ ਮਾਨਤਾ ਮਿਲਣੀ ਚਾਹੀਦੀ ਹੈ ਅਤੇ ਇਸ ਨੂੰ ਪੜ੍ਹਾਉਣ ਦੀ ਜ਼ੁੰਮੇਵਾਰੀ ਵੀ ਸਰਕਾਰ ਦੀ ਹੈ ਤੇ ਸਰਕਾਰ ਨੂੰ ਇਹ ਗੱਲ ਮੰਨਣੀ ਚਾਹੀਦੀ ਹੈ। ਪਰ ਇਹ ਗੱਲ ਕਹਿਣ ਤੋਂ ਬਾਅਦ ਅਸੀਂ ਵਿਅਕਤੀਗਤ ਤੌਰ ’ਤੇ ਜਾਂ ਭਾਈਚਾਰੇ ਦੇ ਤੌਰ ’ਤੇ ਸੁਰਖਰੂ ਨਹੀਂ ਹੋ ਜਾਂਦੇ ਸਗੋਂ ਸਾਡੀ ਇਸ ਪਾਸੇ ਵਲ ਜ਼ੁੰਮੇਵਾਰੀ ਵਧ ਜਾਂਦੀ ਹੈ। (ਇਸ ਬਾਰੇ ਕੁਝ ਚਰਚਾ ਕਿਤਾਬ ਦੇ ਅਖੀਰਲੇ ਹਿੱਸੇ ਵਿੱਚ ਕੀਤੀ ਜਾਵੇਗੀ)।

4.

ਬੀ. ਸੀ. ਵਿੱਚ ਪੰਜਾਬੀ ਦੀ ਪੜ੍ਹਾਈ

4.1

ਇਤਿਹਾਸਕ ਪਿਛੋਕੜ

ਕਨੇਡਾ ਦੇ ਪੱਛਮੀ ਤੱਟ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਵਿੱਚ, ਜਿੱਥੇ ਪੰਜਾਬੀਆਂ ਨੇ ਪਹਿਲਾਂ ਆ ਕੇ ਵੱਸਣਾ ਸ਼ੁਰੂ ਕੀਤਾ, ਪੰਜਾਬੀ ਬੋਲੀ ਦੇ ਵਿਕਾਸ ਸੰਬੰਧੀ ਦੋ ਮਹੱਤਵਪੂਰਨ ਗੱਲਾਂ ਵਾਪਰੀਆਂ: ਪਹਿਲਾਂ 1987 ਨੂੰ ਵੈਨਕੂਵਰ ਸਥਿੱਤ ਬ੍ਰਿਟਿਸ਼ ਕੋਲਬੀਆ ਦੇ ਵਿਸ਼ਵਵਿਦਿਆਲੇ (ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ - ਯੂ ਬੀ ਸੀ) ਵਿੱਚ ਪੰਜਾਬੀ ਭਾਸ਼ਾ, ਸਾਹਿਤ ਅਤੇ ਸਿੱਖ ਅਧਿਐਨ ਦੀ ਚੇਅਰ (ਚੇਅਰ ਇਨ ਪੰਜਾਬੀ ਲੈਂਗੂਏਜ, ਲਿਟਰੇਚਰ ਐਂਡ ਸਿੱਖ ਸਟੱਡੀਜ਼) ਦਾ ਸਥਾਪਿਤ ਹੋਣਾ ਅਤੇ ਫੇਰ 1994 ਨੂੰ ਸੂਬੇ ਦੀ ਸਰਕਾਰ ਵੱਲੋਂ ਆਪਣੀ ਨਵੀਂ ਭਾਸ਼ਾ ਨੀਤੀ ਦਾ ਐਲਾਨ। ਇਸ ਨੀਤੀ ਅਨੁਸਾਰ ਸਕੂਲਾਂ ਵਿੱਚ ਅੰਗ੍ਰੇਜ਼ੀ ਤੋਂ ਬਾਅਦ ਦੂਜੀ ਭਾਸ਼ਾ ਦੇ ਤੌਰ ’ਤੇ ਪੜ੍ਹਾਈਆਂ ਜਾਣ ਵਾਲ਼ੀਆਂ ਛੇ ਬੋਲੀਆਂ ਵਿੱਚ ਪੰਜਾਬੀ ਨੂੰ ਵੀ ਸ਼ਾਮਲ ਕਰ ਲਿਆ ਗਿਆ। ਬੀ ਸੀ ਵਿੱਚ ਜਾਂ ਕਨੇਡਾ ਵਸਣ ਵਾਲ਼ੇ ਪੰਜਾਬੀਆਂ ਵਾਸਤੇ ਹੀ ਨਹੀਂ ਸਗੋਂ ਸਮੁੱਚੇ ਪੰਜਾਬੀ ਜਗਤ ਵਾਸਤੇ ਇਹ ਇਤਿਹਾਸਕ ਫੈਸਲੇ ਸਨ। ਇਨ੍ਹਾਂ ਨਾਲ਼ ਏਥੇ ਪੰਜਾਬੀ ਬੋਲੀ ਦੇ ਵਿਕਾਸ ਦਾ ਇੱਕ ਨਵਾਂ ਯੁੱਗ ਸ਼ੁਰੂ ਹੋਇਆ। ਇਸ ਤੋਂ ਪਹਿਲਾਂ ਏਥੇ ਅਗਲੀਆਂ ਪੀੜ੍ਹੀਆਂ ਨੂੰ ਪੰਜਾਬੀ ਪੜ੍ਹਾਉਣ ਦੇ ਸੰਬੰਧ ਵਿੱਚ ਕਿਸ ਕਿਸਮ ਦੀਆਂ ਕੋਸ਼ਿਸ਼ਾਂ ਹੋਈਆਂ? ਇਹ ਮਹੱਤਵਪੂਰਨ ਇਤਿਹਾਸਕ ਫੈਸਲੇ ਕਿਸ ਤਰ੍ਹਾਂ ਸੰਭਵ ਹੋ ਸਕੇ? ਆਦਿ ਕੁਝ ਮਸਲੇ ਏਥੇ ਵਿਚਾਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।

ਕਨੇਡਾ ਵਿੱਚ ਪੰਜਾਬੀ ਭਾਈਚਾਰਾ ਵੀਹਵੀਂ ਸਦੀ ਦੇ ਸੱਤਰਵੇਂ ਦਹਾਕੇ ਦੇ ਸ਼ੁਰੂ ਤੋਂ ਲੈ ਕੇ ਬੜੀ ਤੇਜ਼ੀ ਨਾਲ਼ ਵਧਿਆ। ਨਵੇਂ ਆਏ ਲੋਕਾਂ ਨੇ ਪੰਜਾਬੀ ਨੂੰ ਆਪਣੀ ਆਪਸੀ ਬੋਲਚਾਲ ਦਾ ਮਾਧਿਅਮ ਤਾਂ ਰੱਖਿਆ ਹੀ, ਇਸਦੇ ਨਾਲ਼ ਹੀ ਉਨ੍ਹਾਂ ਨੇ ਪੰਜਾਬੀ ਬੋਲੀ ਵਿੱਚ ਅਖਬਾਰਾਂ, ਮੈਗਜ਼ੀਨ ਅਤੇ ਸੈਂਕੜਿਆਂ ਦੀ ਗਿਣਤੀ ਵਿੱਚ ਕਿਤਾਬਾਂ ਛਾਪ ਕੇ ਪੰਜਾਬੀ ਬੋਲੀ ਦੇ ਵਿਕਾਸ ਵਿੱਚ ਅਤੇ ਇਸ ਨੂੰ ਕਨੇਡਾ ਵਿੱਚ ਸਥਾਪਿਤ ਕਰਨ ਵਿੱਚ ਠੋਸ ਹਿੱਸਾ ਪਾਇਆ ਅਤੇ ਪਾ ਰਹੇ ਹਨ। ਪਰ ਜਿੱਥੇ ਤੱਕ ਅਗਲੀ ਪੀੜ੍ਹੀ ਨੂੰ ਪੰਜਾਬੀ ਪੜ੍ਹਾਉਣ ਦਾ ਸੰਬੰਧ ਹੈ ਉਸ ਵਿੱਚ ਕਾਫੀ ਲੰਮੇ ਸਮੇਂ ਤੱਕ, ਸੱਤਰਵਿਆਂ ਤੋਂ ਪਹਿਲੇ ਸਮੇਂ ਨਾਲੋਂ (ਜਿਸ ਬਾਰੇ ਪਹਿਲਾਂ ਚਰਚਾ ਕੀਤੀ ਜਾ ਚੁੱਕੀ ਹੈ) ਕੋਈ ਵੱਡੀ ਗੁਣਾਤਮਕ ਤਬਦੀਲੀ ਨਹੀਂ ਆਈ। ਪੰਜਾਬੀ ਬੋਲੀ ਨੂੰ ਪੜ੍ਹਾਉਣ ਦੀ ਜ਼ੁੰਮੇਵਾਰੀ ਗੁਰਦੁਆਰਿਆਂ ਨੇ ਹੀ ਸਮਝੀ ਅਤੇ ਇਸ ਬਾਰੇ ਅਮਲੀ ਤੌਰ ’ਤੇ ਕੁਝ ਕੀਤਾ। ਇਸ ਵਿੱਚ ਸ਼ੱਕ ਨਹੀਂ ਹੈ ਕਿ ਗੁਰਦੁਆਰਿਆਂ ਦਾ ਮੁੱਖ ਫਿਕਰ ਸਿੱਖ ਧਰਮ ਦੀ ਸਾਂਭ ਤੇ

ਵਿਕਾਸ ਹੈ ਨਾ ਕਿ ਪੰਜਾਬੀ ਬੋਲੀ, ਫੇਰ ਵੀ ਇਸ ਨੂੰ ਪੜ੍ਹਾਉਣ ਦੇ ਸੰਬੰਧ ਵਿੱਚ ਜਿੰਨਾ ਵੀ ਕੰਮ ਹੋਇਆ ਹੈ ਉਹ ਸਿੱਖ ਧਰਮ ਨਾਲ਼ ਸੰਬੰਧਿਤ ਸੰਸਥਾਵਾਂ ਅਤੇ ਵਿਅਕਤੀਆਂ ਦੇ ਸਹਿਯੋਗ ਨਾਲ਼ ਹੋਇਆ। ਬੀ ਸੀ ਦੇ ਅਨੇਕਾਂ ਗੁਰੂ ਘਰਾਂ ਵਿੱਚ ਲੱਗਦੀਆਂ ਪੰਜਾਬੀ ਜਮਾਤਾਂ ਦੇ ਨਾਲ਼ ਨਾਲ਼ ਖਾਲਸਾ ਸਕੂਲ ਵੀ ਖੋਲ੍ਹੇ ਗਏ ਹਨ, ਜਿਨ੍ਹਾਂ ਵਿੱਚ ਪੰਜਾਬੀ ਵੀ ਮਜ਼ਮੂਨ ਦੇ ਤੌਰ 'ਤੇ ਪੜ੍ਹਾਈ ਜਾਂਦੀ ਹੈ। ਵੈਨਕੂਵਰ ਦੇ ਆਸ ਪਾਸ ਦੇ ਇਲਾਕਿਆਂ ਵਿੱਚ ਧਾਰਿਮਕ ਆਸ਼ਿਆਂ ਵਾਲ਼ੀਆਂ ਕੁਝ ਹੋਰ ਜਥੇਬੰਦੀਆਂ ਅਤੇ ਵਿਅਕਤੀਆਂ ਵੱਲੋਂ ਧਾਰਿਮਕ ਸਥਾਨਾਂ ਤੋਂ ਅਲੱਗ ਵੀ ਪੰਜਾਬੀ ਬੋਲੀ ਦੀ ਪੜ੍ਹਾਈ ਦਾ ਇੰਤਜ਼ਾਮ ਕੀਤਾ ਜਾਂਦਾ ਰਿਹਾ ਹੈ।

ਦੂਜੇ ਪਾਸੇ ਸੱਤਰਵਿਆਂ ਅਤੇ ਅੱਸੀਵਿਆਂ ਦੇ ਪਹਿਲੇ ਅੱਧ ਤੱਕ ਬੇਹੱਦ ਸਰਗਰਮੀ ਨਾਲ਼ ਕੰਮ ਕਰਨ ਵਾਲ਼ੀਆਂ ਖੱਬੀ ਧਿਰ ਦੀਆਂ ਜਥੇਬੰਦੀਆਂ ਨੇ ਇਸ ਪਾਸੇ ਵਲ ਕੋਈ ਬਹੁਤਾ ਧਿਆਨ ਨਹੀਂ ਦਿੱਤਾ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਨ੍ਹਾਂ ਜਥੇਬੰਦੀਆਂ ਵੱਲੋਂ ਕੱਢੇ ਜਾਂਦੇ ਅਖਬਾਰ, ਮੈਗਜ਼ੀਨ ਤੇ ਆਪਣੇ ਕੰਮਾਂ ਸੰਬੰਧੀ ਲੋਕਾਂ ਨਾਲ਼ ਅਦਾਨ ਪ੍ਰਦਾਨ ਵਾਸਤੇ ਛਾਪੇ ਜਾਂਦੇ ਅਨੇਕਾਂ ਸਰਵਰਕ ਅਤੇ ਜਾਣਕਾਰੀ ਦਸਤਾਵੇਜ਼ਾਂ ਨੇ ਕਨੇਡਾ ਵਿੱਚ ਪੰਜਾਬੀ ਬੋਲੀ ਦਾ ਠੁੱਕ ਬੰਨ੍ਹਣ ਵਿੱਚ ਵੱਡਾ ਯੋਗਦਾਨ ਪਾਇਆ ਹੈ।

ਸਾਹਿਤਕ ਜਥੇਬੰਦੀਆਂ ਵਲੋਂ ਵੀ ਅਗਲੀਆਂ ਪੀੜ੍ਹੀਆਂ ਨੂੰ ਪੰਜਾਬੀ ਪੜ੍ਹਾਉਣ ਲਈ ਅਮਲੀ ਪੱਧਰ 'ਤੇ ਕੋਈ ਸਰਗਰਮੀਆਂ ਨਹੀਂ ਕੀਤੀਆਂ ਗਈਆਂ। ਏਸੇ ਤਰ੍ਹਾਂ ਸੱਭਿਆਚਾਰਕ ਜਾਂ ਰੰਗਮੰਚ ਨਾਲ਼ ਸੰਬੰਧਿਤ ਜਥੇਬੰਦੀਆਂ ਬਾਰੇ ਵੀ ਗੱਲ ਕੀਤੀ ਜਾ ਸਕਦੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਵਤਨੋਂ ਦੂਰ ਆਰਟ ਫਾਊਂਡੇਸ਼ਨ ਅਤੇ ਵੈਨਕੂਵਰ ਸੱਥ[103] ਵਰਗੀਆਂ ਜਥੇਬੰਦੀਆਂ ਵੱਲੋਂ ਕੀਤੀਆਂ ਰੰਗਮੰਚ ਦੀਆਂ ਸਰਗਰਮੀਆਂ ਨੇ ਪੰਜਾਬੀ ਬੋਲੀ ਦੀ ਇੱਕ ਵੱਖਰੀ ਪੱਧਰ 'ਤੇ ਵਰਤੋਂ ਕਰ ਕੇ ਕਨੇਡਾ

---

103 ਵੈਨਕੂਵਰ ਵਿੱਚ 1970ਵਿਆਂ ਦੇ ਸ਼ੁਰੂ ਤੋਂ ਹੀ ਰੰਗਮੰਚ ਦੀਆਂ ਸਰਗਰਮੀਆਂ ਚਾਲੂ ਹੋ ਗਈਆਂ ਸਨ। ਕਨੇਡਾ ਦੇ ਦੂਜੇ ਸ਼ਹਿਰਾਂ ਕੈਲਗਰੀ, ਐਡਮੰਟਨ, ਵਿਨੀਪੈੱਗ ਅਤੇ ਟੋਰਾਂਟੋ ਵਿੱਚ ਵੀ ਇਹ ਸਰਗਰਮੀਆਂ ਛੇਤੀ ਹੀ ਸ਼ੁਰੂ ਹੋ ਗਈਆਂ। ਪਰ ਉਸ ਸਮੇਂ ਦੂਜੇ ਕੇਂਦਰਾਂ ਦੇ ਮੁਕਾਬਲੇ ਵੈਨਕੂਵਰ ਵਿੱਚ ਇਨ੍ਹਾਂ ਸਰਗਰਮੀਆਂ ਦੀ ਮਿਕਦਾਰ ਜ਼ਿਆਦਾ ਸੀ। ਸੁਖਵੰਤ ਹੁੰਦਲ ਅਨੁਸਾਰ: ਵੈਨਕੂਵਰ ਵਿੱਚ ਪੰਜਾਬੀ ਕਲਚਰਲ ਐਸੋਸੀਏਸ਼ਨ, ਪੰਜਾਬ ਕਲਾ ਮੰਚ (ਹਿੰਦੁਸਤਾਨ), ਵਤਨੋਂ ਦੂਰ ਆਰਟ ਫਾਊਂਡੇਸ਼ਨ, ਯੂਨਾਇਟਡ ਥਿਏਟਰ ਆਰਿਟਸਟ ਆਫ ਇੰਡੀਆ (ਹਿੰਦੁਸਤਾਨ ਤੋਂ ਆਏ ਨਿਰਦੇਸ਼ਕ ਜੁਗਿੰਦਰ ਬਾਹਰਲਾ ਦੀ ਨਿਰਦੇਸ਼ਨਾ ਹੇਠ ਸਥਾਨਕ ਕਲਾਕਾਰਾਂ ਨੇ ਤਿਆਰ ਕੀਤਾ ਨਾਟਕ) ਭਾਰਤੀ ਨਾਟ ਕੇਂਦਰ, ਪੰਜਾਬ ਕਲਾ ਕੇਂਦਰ (ਹਿੰਦੁਸਤਾਨ), ਨੌਰਾ ਰਿਚਰਡ ਰੰਗਮੰਚ, ਇਪਾਨਾ, ਸਮਾਨਤਾ, ਅੰਮ੍ਰਿਤਸਰ ਨਾਟਕ ਕਲਾ ਕੇਂਦਰ (ਹਿੰਦੁਸਤਾਨ), ਵੈਨਕੂਵਰ ਸੱਥ, ਦਮਨਦੀਪ ਪ੍ਰੋਡਕਸ਼ਨ ਅਤੇ ਸਰਗਮ ਆਰਟ ਐਂਡ ਥਿਏਟਰ (ਹਿੰਦੁਸਤਾਨ ਤੋਂ ਆਏ ਅਦਾਕਾਰ ਤੇ ਨਿਰਦੇਸ਼ਕ ਮੋਹਨ ਬੱਗਣ ਦੀ ਨਿਰਦੇਸ਼ਨਾ ਹੇਠ ਸਥਾਨਕ ਕਲਾਕਾਰਾਂ ਵੱਲੋਂ ਤਿਆਰ ਕੀਤਾ ਨਾਟਕ), ਤਿਰਲੋਕ ਸਬਲੋਕ ਅਤੇ ਸਾਥੀਆਂ, ਸਰਬਜੀਤ ਧਾਲੀਵਾਲ ਤੇ ਸਾਥੀਆਂ ਨੇ ਨਾਟਕ ਕੀਤੇ ਹਨ। (ਸੁਖਵੰਤ ਹੁੰਦਲ, ਕੈਨੇਡਾ ਵਿੱਚ ਪੰਜਾਬੀ ਰੰਗਮੰਚ: ਇਕ ਸਰਵੇਖਣ, ਵਤਨ, ਕੈਨੇਡੀਅਨ ਪੰਜਾਬੀ ਰੰਗਮੰਚ ਵਿਸ਼ੇਸ਼ ਅੰਕ, ਜੁਲਾਈ-ਸਤੰਬਰ 1991, ਸਫਾ 5) ਵਤਨ: www.watanpunjabi.ca

ਦੀ ਧਰਤੀ ’ਤੇ ਇਸ ਦੇ ਪੈਰ ਪੱਕੇ ਕਰਨ ਵਿੱਚ ਨਿੱਗਰ ਭੂਮਿਕਾ ਨਿਭਾਈ ਹੈ ਪਰ ਅਗਲੀਆਂ ਪੀੜ੍ਹੀਆਂ ਨੂੰ ਆਪਣੀ ਬੋਲੀ ਦੀ ਤਾਲੀਮ ਦੇਣ ਸੰਬੰਧੀ ਇਨ੍ਹਾਂ ਦਾ ਯੋਗਦਾਨ ਵੀ ਨਾ ਹੋਣ ਬਰਾਬਰ ਹੈ। ਪਰ ਇਹ ਵੀ ਸਚਾਈ ਹੈ ਕਿ ਇਨ੍ਹਾਂ ਜਥੇਬੰਦੀਆਂ ਨਾਲ਼ ਜੁੜੇ ਵਿਅਕਤੀਆਂ ਅਤੇ ਉਨ੍ਹਾਂ ਦੇ ਬੱਚਿਆਂ ਉੱਪਰ ਪੰਜਾਬੀ ਬੋਲੀ ਵਿੱਚ ਹੋਣ ਵਾਲ਼ੀਆਂ ਇਨ੍ਹਾਂ ਸਰਗਰਮੀਆਂ ਦੇ ਹਾਂ-ਪੱਖੀ ਅਸਰ ਪਏ ਅਤੇ ਉਨ੍ਹਾਂ ਵਿੱਚੋਂ ਕਈ ਲੋਕ ਪੰਜਾਬੀ ਸੱਭਿਆਚਾਰ ਅਤੇ ਬੋਲੀ ਨਾਲ ਆਪਣਾ ਇੱਕ ਪੱਕਾ ਰਿਸ਼ਤਾ ਕਾਇਮ ਕਰਨ ਵਿੱਚ ਕਾਮਯਾਬ ਹੋਏ ਜੋ ਸ਼ਾਇਦ ਉੱਦਾਂ ਸੰਭਵ ਨਾ ਹੁੰਦਾ।

ਜਿਸ ਤਰ੍ਹਾਂ ਪਹਿਲਾਂ ਵੀ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਕਨੇਡਾ ਦੇ ਪੰਜਾਬੀ ਸਾਹਿਤਕਾਰਾਂ ਵੱਲੋਂ ਇੰਗਲੈਂਡ ਦੇ ਲੇਖਕਾਂ ਦੇ ਮੁਕਾਬਲੇ ਅਗਲੀਆਂ ਪੀੜ੍ਹੀਆਂ ਨੂੰ ਪੰਜਾਬੀ ਪੜ੍ਹਾਉਣ ਬਾਰੇ ਘੱਟ ਚਰਚਾ ਕੀਤੀ ਗਈ ਹੈ। ਇਨ੍ਹਾਂ ਵਿੱਚ ਬਲਬੀਰ ਸਿੰਘ ਮੋਮੀ ਵੱਲੋਂ 1987 ਵਿੱਚ ਲਿਖਿਆ ਪਰਚਾ *ਕਨੇਡਾ ਵਿੱਚ ਪੰਜਾਬੀ ਭਾਸ਼ਾ ਦਾ ਭਵਿੱਖ*[104] ਜ਼ਿਕਰਯੋਗ ਹੈ। ਅਜਮੇਰ ਰੋਡੇ ਵੱਲੋਂ ਵਤਨੋਂ ਦੂਰ ਵਿੱਚ ਛਪਣ ਵਾਲੇ ‘*ਆਪਣੇ ਲੋਕ*’ ਨਾਂ ਦੇ ਕਾਲਮ ਵਿੱਚ ਲਿਖੀ ਛੋਟੀ ਕਹਾਣੀ ਹੈ[105] ਜਿਸ ਵਿੱਚ ਇੱਕ ਏਧਰ ਦਾ ਜੰਮ-ਪਲ਼ ਨੌਜਵਾਨ ਮੁੰਡਾ ਆਪਣੀ ਮਾਂ ਨੂੰ ਜਾਨਣ ਵਾਸਤੇ ਆਪਣੀ ਮਾਂ-ਬੋਲੀ ਸਿੱਖਣ ਦੀ ਅਪੀਲ ਕਰਦਾ ਹੈ। ਪੰਜਾਬੀ ਬੋਲੀ ਨਾਲ਼ ਸੰਬੰਧਿਤ ਹੋਰ ਮੁੱਦਿਆਂ ਬਾਰੇ ਵੀ ਕਦੇ ਕਦੇ ਕੋਈ ਲਿਖਤ ਦੇਖਣ ਨੂੰ ਮਿਲ ਜਾਂਦੀ ਹੈ। ਉਦਾਹਰਨ ਵਜੋਂ, ਸੁਰਜਨ ਜ਼ੀਰਵੀ ਦਾ ਲੇਖ ‘ਸਵਾਲ ਲਿਪੀ ਦਾ’[106] ਵਿੱਚ ਪੰਜਾਬੀ ਵਿੱਚ ਲਿਪੀ ਦੀ ਸਮੱਸਿਆ ਬਾਰੇ ਚਰਚਾ ਹੈ।

ਕਨੇਡਾ ਵਿੱਚ ਪੜ੍ਹਾਈ ਦੇ ਸੰਬੰਧ ਵਿੱਚ ਅਨੇਕਾਂ ਮਸਲੇ ਹਨ ਜੋ ਗੰਭੀਰ ਸੋਚ ਤੇ ਵਿਚਾਰ ਵਟਾਂਦਰੇ ਦੀ ਹਮੇਸ਼ਾ ਮੰਗ ਕਰਦੇ ਹਨ। ਇਹ ਠੀਕ ਹੈ ਕਿ ਸਿਰਫ ਗੱਲਬਾਤ ਕਰਨ ਨਾਲ਼ ਪੰਜਾਬੀ ਬੋਲੀ ਦਾ ਵਿਕਾਸ ਨਹੀਂ ਹੋ ਜਾਣਾ, ਪਰ ਇਸ ਨਾਲ਼ ਕਨੇਡਾ ਵਿੱਚ ਆਉਂਦੀਆਂ ਸਮੱਸਿਆਵਾਂ ਤੋਂ ਅਸੀਂ ਹੁਣ ਨਾਲੋਂ ਵਧ ਚੇਤਨ ਹੁੰਦੇ ਹਾਂ। ਇੱਕ ਨਵੇਂ ਦੇਸ਼ ਵਿੱਚ ਬੋਲੀ ਦੀ ਸੰਭਾਲ ਦਾ ਮਸਲਾ ਇਕੱਲਾ ਪੰਜਾਬੀਆਂ ਨੂੰ ਹੀ ਦਰਪੇਸ਼ ਨਹੀਂ। ਦੂਜੇ ਲੋਕ ਵੀ ਇਨ੍ਹਾਂ ਸਥਿਤੀਆਂ ਵਿੱਚ ਹਨ। ਉਹ ਇਸ ਬਾਰੇ ਕੀ ਕਰਦੇ ਹਨ?, ਕੀ ਸੋਚਦੇ ਹਨ? ਇਸ ਮਸਲੇ ਉੱਪਰ ਕਿਸ ਕਿਸਮ ਦੀ ਖੋਜ ਚੱਲ ਰਹੀ ਹੈ? ਆਦਿ ਅਨੇਕਾਂ ਪਹਿਲੂ ਹਨ ਜਿਨ੍ਹਾਂ ਬਾਰੇ ਆਮ ਲੋਕਾਂ ਨੂੰ ਉਨ੍ਹਾਂ ਦੇ ਬੁੱਧੀਜੀਵੀ ਤੇ ਲੇਖਕ ਹੀ ਚੇਤਨ ਕਰ ਸਕਦੇ ਹਨ।

---

[104] ਕਨੇਡਾ ਵਿੱਚ ਪੰਜਾਬੀ ਭਾਸ਼ਾ ਦਾ ਭਵਿੱਖ, ਬਲਬੀਰ ਸਿੰਘ ਮੋਮੀ, ਕਨੇਡੀਅਨ ਪੰਜਾਬੀ ਸਾਹਿਤ ਅਤੇ ਸੱਭਿਆਚਾਰ, ਪੰਜਾਬੀ ਲੇਖਕ ਮੰਚ ਵੈਨਕੂਵਰ, 1990. ਸਫਾ 298.

[105] ਅਜਮੇਰ ਰੋਡੇ, ਆਪਣੇ ਲੋਕ, ਵਤਨ, ਅਕਤੂਬਰ/ਨਵੰਬਰ/ਦਸੰਬਰ 1989, ਸਫਾ 13. www.watanpunjabi.ca

[106] ਸੁਰਜਨ ਜ਼ੀਰਵੀ, ‘ਸਵਾਲ ਲਿਪੀ ਦਾ’, ਵਤਨ, ਜਨਵਰੀ/ਫਰਵਰੀ/ਮਾਰਚ 1993, ਸਫਾ 15. www.watanpunjabi.ca ਜ਼ੀਰਵੀ ਦੇ ਇਸ ਲੇਖ ਦੇ ਪ੍ਰਤੀਕਰਮ ਵਜੋਂ ਵਤਨ ਦੇ ਅਗਲੇ ਦੋ ਅੰਕਾਂ ਵਿੱਚ ਡਾ: ਪ੍ਰੇਮ ਪ੍ਰਕਾਸ਼ ਸਿੰਘ ਅਤੇ ਮੰਗਤ ਰਾਏ ਭਾਰਦਵਾਜ ਦੇ ਲਿਪੀ ਦੇ ਮਸਲੇ ’ਤੇ ਭਖਵੀਂ ਬਹਿਸ ਛੇੜਦੇ ਲੇਖ ਛਪੇ ਸਨ।

ਉੱਪਰ ਵਿਚਾਰੀਆਂ ਘਾਟਾਂ ਦੇ ਬਾਵਜੂਦ ਬੀ ਸੀ ਵਿੱਚ ਏਥੇ ਜੰਮ-ਪਲ਼ ਰਹੀਆਂ ਅਗਲੀਆਂ ਪੀੜ੍ਹੀਆਂ ਨੂੰ ਪੰਜਾਬੀ ਪੜ੍ਹਾਉਣ ਦੇ ਸੰਬੰਧ ਵਿੱਚ ਜ਼ਿਕਰਯੋਗ ਸਰਗਰਮੀਆਂ ਅਤੇ ਪ੍ਰਾਪਤੀਆਂ ਹੋਈਆਂ ਹਨ ਜਿਨ੍ਹਾਂ ਬਾਰੇ ਏਥੇ ਚਰਚਾ ਕੀਤੀ ਜਾਵੇਗੀ।

4.2

ਯੂ ਬੀ ਸੀ ਵਿੱਚ ਪੰਜਾਬੀ ਭਾਸ਼ਾ, ਸਾਹਿਤ ਅਤੇ ਸਿੱਖ ਅਧਿਐਨ ਚੇਅਰ ਦੀ ਸਥਾਪਨਾ

ਵੈਨਕੂਵਰ ਦੀ ਯੂਨੀਵਰਸਿਟੀ, ਯੂ ਬੀ ਸੀ, ਵਿੱਚ 1987 ਵਿੱਚ ਸਥਾਪਿਤ ਹੋਈ ਚੇਅਰ ਵੱਲੋਂ ਪੰਜਾਬੀ ਬੋਲੀ ਦੀ ਪੜ੍ਹਾਈ ਸ਼ੁਰੂ ਕੀਤੀ ਗਈ। ਕਨੇਡਾ ਵਿੱਚ ਕਿਸੇ ਉੱਚ ਵਿੱਦਿਅਕ ਅਦਾਰੇ ਵੱਲੋਂ ਪੰਜਾਬੀ ਪੜ੍ਹਾਉਣ ਦੀ ਇਹ ਪਹਿਲੀ ਕਾਮਯਾਬ ਕੋਸ਼ਿਸ਼ ਸੀ। ਇਹ ਚੇਅਰ ਸਥਾਪਿਤ ਕਰਨ ਵਿੱਚ ਮੁੱਖ ਰੋਲ 'ਫੈਡਰੇਸ਼ਨ ਆਫ ਸਿੱਖ ਸੁਸਾਈਟੀਜ਼ ਆਫ ਕੈਨੇਡਾ' ਨੇ ਨਿਭਾਇਆ।

ਇਸ ਚੇਅਰ ਦੀ ਸ਼ੁਰੂਆਤ 1983 ਵਿੱਚ ਯੂ ਬੀ ਸੀ ਦੀ ਵਿਦਿਆਰਥੀ ਜਥੇਬੰਦੀ 'ਈਸਟ ਇੰਡੀਅਨ ਸਟੂਡੈਂਟਸ ਐਸੋਸੀਏਸ਼ਨ' ਦੇ ਹਰਭਜਨ ਸਿੰਘ (ਜੋ ਹੈਰੀ ਲਾਲੀ ਦੇ ਨਾਂ ਨਾਲ ਜਾਣੇ ਜਾਂਦੇ ਹਨ ਅਤੇ ਬਾਅਦ ਵਿੱਚ ਐੱਨ ਡੀ ਪੀ ਪਾਰਟੀ ਵੱਲੋਂ ਕਈ ਵਾਰ ਐੱਮ ਐੱਲ ਏ ਚੁਣੇ ਗਏ), ਰਾਜ-ਮੋਹਿੰਦਰ ਸਿੰਘ, ਬਲਬੀਰ ਕੌਰ ਅਤੇ ਕਮਲਜੀਤ ਕੌਰ ਵੱਲੋਂ ਕੀਤੀ ਗਈ। ਉਸ ਵੇਲੇ ਯੂ ਬੀ ਸੀ ਦੇ ਏਸ਼ੀਅਨ ਅਧਿਐਨ ਵਿਭਾਗ (ਡੀਪਾਰਟਮੈਂਟ ਆਫ ਏਸ਼ੀਅਨ ਸਟੱਡੀਜ਼) ਵਿੱਚ ਚੀਨੀ, ਜਪਾਨੀ ਆਦਿ ਭਾਸ਼ਾਵਾਂ ਦੀ ਪੜ੍ਹਾਈ ਦੇ ਨਾਲ਼ ਨਾਲ਼ ਹਿੰਦੀ ਸੰਸਕ੍ਰਿਤ ਅਤੇ ਉਰਦੂ ਵੀ ਪੜ੍ਹਾਈ ਜਾ ਰਹੀ ਸੀ। ਇਨ੍ਹਾਂ ਵਿਦਿਆਰਥੀਆਂ ਨੇ ਮਹਿਸੂਸ ਕੀਤਾ ਕਿ ਦੂਜੀਆਂ ਹੋਰ ਬੋਲੀਆਂ, ਧਰਮਾਂ ਅਤੇ ਸੱਭਿਆਚਾਰਾਂ ਵਾਂਗ ਪੰਜਾਬੀ ਬੋਲੀ ਅਤੇ ਸਿੱਖ ਧਰਮ ਬਾਰੇ ਵੀ ਯੂ ਬੀ ਸੀ ਵਿੱਚ ਸਿੱਖਣ ਸਿੱਖਾਉਣ ਦੀ ਕੋਈ ਸੁਵਿਧਾ ਹੋਣੀ ਚਾਹੀਦੀ ਹੈ। ਇਸ ਮਕਸਦ ਵਾਸਤੇ ਉਨ੍ਹਾਂ ਨੇ ਵੈਨਕੂਵਰ ਦੇ ਸਿੱਖ ਆਗੂ ਪ੍ਰੀਤਮ ਸਿੰਘ ਔਲਖ ਕੋਲ਼ ਪਹੁੰਚ ਕੀਤੀ। ਸ੍ਰੀ ਔਲਖ ਉਸ ਸਮੇਂ ਫੈਡਰੇਸ਼ਨ ਆਫ ਸਿੱਖ ਸੁਸਾਇਟੀਜ਼ ਆਫ ਕੈਨੇਡਾ ਦੇ ਉੱਪ ਪ੍ਰਧਾਨ ਸਨ। ਇਨ੍ਹਾਂ ਵਿਦਿਆਰਥੀਆਂ ਨੇ ਏਸ਼ੀਅਨ ਅਧਿਐਨ ਵਿਭਾਗ ਦੇ ਉਸ ਵੇਲੇ ਦੇ ਮੁੱਖੀ ਡਾਕਟਰ ਅਸ਼ੋਕ ਅਕਲੂਜਕਰ (ਜਿਨ੍ਹਾਂ ਕੋਲੋਂ ਹੈਰੀ ਲਾਲੀ ਹਿੰਦੀ ਪੜ੍ਹ ਰਹੇ ਸਨ), ਨਾਲ਼ ਮਿਲਣੀ ਦਾ ਪ੍ਰਬੰਧ ਕੀਤਾ। ਡਾਕਟਰ ਅਕਲੂਜਕਰ ਨੇ ਉਨ੍ਹਾਂ ਦੀ ਇਸ ਕੋਸ਼ਿਸ਼ ਵਿੱਚ ਹਰ ਤਰ੍ਹਾਂ ਮਦਦ ਕਰਨ ਦਾ ਵਾਇਦਾ ਕੀਤਾ। ਇਸ ਮਿਲਣੀ ਤੋਂ ਆਸਵੰਦ ਹੋ ਕੇ ਇਸ ਸਿੱਖ ਜਥੇਬੰਦੀ ਨੇ ਆਪਣੀ ਜੁਲਾਈ 31, 1983 ਨੂੰ ਔਟਵਾ ਵਿੱਚ ਹੋਈ ਆਲ ਕੈਨੇਡਾ ਸਿੱਖ ਕਨਵੈਨਸ਼ਨ ਵਿੱਚ ਚੇਅਰ ਸਥਾਪਿਤ ਕਰਾਉਣ ਦਾ ਮਤਾ ਪਾਸ ਕੀਤਾ:

> ਇਸ ਗੱਲ ਦਾ ਫੈਸਲਾ ਕੀਤਾ ਜਾਂਦਾ ਹੈ ਕਿ ਫੈਡਰੇਸ਼ਨ ਆਫ ਸਿੱਖ ਸਟੱਡੀਜ਼ ਆਫ ਕੈਨੇਡਾ, ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਵਿੱਚ ਚੇਅਰ ਇਨ ਸਿੱਖ ਸਟੱਡੀਜ਼ ਸਥਾਪਿਤ ਕਰਨ ਵਿੱਚ ਮੱਦਦ ਕਰੇਗੀ ਅਤੇ ਇਸ ਨੂੰ ਪੂਰਾ ਸਮਰਥਨ ਦੇਵੇਗੀ। ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਇਹ ਚੇਅਰ ਸਥਾਪਿਤ ਕਰਨ ਦੀ ਇੱਛੁਕ ਹੈ ਅਤੇ ਇਸ ਚੇਅਰ ਦੀ ਸਥਾਪਤੀ ਵਿੱਚ ਆਰਿਥਕ ਪੱਖੋਂ ਵੀ ਮਦਦ ਕਰੇਗੀ।[107]

ਉਸ ਸਮੇਂ ਚੇਅਰ ਸਥਾਪਿਤ ਕਰਨ ਵਾਸਤੇ ਛੇ ਲੱਖ ਡਾਲਰ ਦੀ ਲੋੜ ਸੀ। ਇਸ ਵਿੱਚੋਂ ਅੱਧਾ ਕਨੇਡਾ ਦੀ ਫੈਡਰਲ ਸਰਕਾਰ ਦੇ ਬਹੁਸੱਭਿਆਚਾਰਕ (ਮਲਟੀਕਲਚਰਲ) ਵਿਭਾਗ ਨੇ ਦੇਣਾ ਸੀ ਤੇ ਬਾਕੀ ਦਾ ਭਾਈਚਾਰੇ ਵੱਲੋਂ ਇਕੱਠਾ ਕੀਤਾ ਜਾਣਾ ਸੀ। ਇਨ੍ਹਾਂ ਲੋਕਾਂ ਨੇ ਬੜੀ ਹਿੰਮਤ ਕਰ ਕੇ ਪੰਜਾਬੀਆਂ ਕੋਲੋਂ ਤਿੰਨ ਲੱਖ ਡਾਲਰ ਇਕੱਤਰ ਕਰ ਕੇ ਯੂਨੀਵਰਸਿਟੀ ਨੂੰ ਦਿੱਤੇ। ਇਨ੍ਹਾਂ ਕੋਸ਼ਿਸ਼ਾਂ ਦੇ ਨਤੀਜੇ ਵਜੋਂ 16 ਮਾਰਚ 1985 ਨੂੰ ਯੂਨੀਵਰਸਿਟੀ ਅਤੇ ਸਿੱਖ ਫੈਡਰੇਸ਼ਨ ਦਰਮਿਆਨ ਚੇਅਰ ਵਾਸਤੇ ਸਮਝੌਤੇ 'ਤੇ ਦਸਤਖਤ ਕੀਤੇ ਗਏ। ਪੰਜਾਬੀ ਭਾਈਚਾਰੇ ਅਤੇ ਪੰਜਾਬੀ ਬੋਲੀ ਵਾਸਤੇ ਕਨੇਡਾ ਦੀ ਧਰਤੀ 'ਤੇ ਇਹ ਇੱਕ ਵੱਡੀ ਪ੍ਰਾਪਤੀ ਸੀ।

ਇਸ ਚੇਅਰ 'ਤੇ ਨਿਯੁਕਤੀ ਵਾਸਤੇ ਯੂ ਬੀ ਸੀ ਨੇ ਡਾਕਟਰ ਹਰਜੋਤ ਓਬਰਾਏ ਨੂੰ ਚੁਣਿਆਂ ਜਿਨ੍ਹਾਂ ਨੇ ਉਸ ਵੇਲੇ ਅਸਟ੍ਰੇਲੀਆ ਤੋਂ ਆਪਣੀ ਪੀ ਐਚ ਡੀ ਖਤਮ ਕੀਤੀ ਸੀ। ਚੇਅਰ ਵੱਲੋਂ ਸਤੰਬਰ 1987 ਤੋਂ ਪੰਜਾਬੀ ਦੇ ਦੋ ਕੋਰਸ - ਪੰਜਾਬੀ-100 ਤੇ ਪੰਜਾਬੀ-200 ਸ਼ੁਰੂ ਕੀਤੇ ਗਏ।[108] ਇਨ੍ਹਾਂ ਕੋਰਸਾਂ ਨੂੰ ਵਿਦਿਆਰਥੀਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ। ਬਹੁਤੇ ਵਿਦਿਆਰਥੀ ਪੰਜਾਬੀ ਪਿਛੋਕੜ ਤੋਂ ਹੀ ਸਨ ਪਰ ਵੱਖਰੇ ਵੱਖਰੇ ਕਾਰਨਾਂ ਵਸ ਇਨ੍ਹਾਂ ਜਮਾਤਾਂ ਵਿੱਚ ਸ਼ਾਮਲ ਹੋਣ ਵਾਲੇ ਕਈ ਵਿਦਿਆਰਥੀ ਗੈਰ-ਪੰਜਾਬੀ ਵੀ ਸਨ।

---

[107] Chair in Sikh Studies, published by Federation of Sikh Societies of Canada, 1985. p. 9

[108] ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ ਬੀ ਏ ਕਰਨ ਲਈ ਕੁਲ 120 ਕਰੈਡਿਟਾਂ ਦੀ ਲੋੜ ਹੁੰਦੀ ਹੈ। ਇੱਕ ਸਮਿਸਟਰ (ਉਦਾਹਰਨ, ਸਤੰਬਰ ਤੋਂ ਦਸੰਬਰ ਤੱਕ) 'ਚ ਕੀਤੇ ਜਾ ਸਕਣ ਵਾਲੇ ਕੋਰਸ ਦੇ ਤਿੰਨ ਕਰੈਡਿਟ ਹੁੰਦੇ ਹਨ ਅਤੇ ਦੋ ਸਮਿਸਟਰਾਂ (ਉਦਾਹਰਨ, ਸਤੰਬਰ ਤੋਂ ਅਪਰੈਲ ਤੱਕ) ਵਿਚਲੇ ਕੋਰਸਾਂ ਦੇ ਛੇ। ਚਾਰ ਸਾਲਾਂ ਵਿੱਚ ਕੀਤੇ ਜਾਣ ਵਾਲੇ ਕੋਰਸਾਂ ਦੀ ਵੰਡ 100, 200, 300 ਤੇ 400 ਨੰਬਰਾਂ ਨਾਲ਼ ਕੀਤੀ ਜਾਂਦੀ ਹੈ। ਕੁਝ ਕੋਰਸ ਚਾਰ ਸਾਲਾਂ ਦੌਰਾਨ ਕਦੇ ਵੀ ਲਏ ਜਾ ਸਕਦੇ ਹੁੰਦੇ ਹਨ ਤੇ ਕੁਝ ਲਈ ਪਹਿਲਾਂ ਥੱਲੇ ਦੇ ਨੰਬਰਾਂ ਵਾਲੇ ਕੋਰਸ ਲੈਣ ਦੀ ਲੋੜ ਹੁੰਦੀ ਹੈ। ਤੀਜੇ ਵਰ੍ਹੇ ਵਿੱਚ ਜਾ ਕੇ ਵਿਦਿਆਰਥੀ ਆਪਣੀ ਪੜ੍ਹਾਈ ਦਾ ਮੁੱਖ (ਮੇਜਰ) ਵਿਸ਼ਾ ਚੁਣਦੇ ਹਨ। ਹਰ ਵਿਦਿਆਰਥੀ ਵਾਸਤੇ ਜ਼ਰੂਰੀ ਹੁੰਦਾ ਹੈ ਕਿ ਉਹ ਸਾਇੰਸ ਅਤੇ ਆਰਟਸ ਦੇ ਵੱਖਰੇ ਵੱਖਰੇ ਕੋਰਸਾਂ ਵਿੱਚੋਂ ਪਹਿਲੇ ਦੋ ਸਾਲਾਂ ਦੌਰਾਨ ਕੁਝ ਕੋਰਸ ਜ਼ਰੂਰ ਕਰੇ। ਅੰਗ੍ਰੇਜ਼ੀ ਤੋਂ ਬਿਨਾਂ ਦੂਜੀ ਭਾਸ਼ਾ ਵਜੋਂ ਇੱਕ ਹੋਰ ਭਾਸ਼ਾ ਵਿੱਚ ਘੱਟੋ ਘੱਟ ਬਾਰ੍ਹਾਂ ਕਰੈਡਿਟ ਵੀ ਇਸ ਵਿੱਚ ਸ਼ਾਮਲ ਹੁੰਦੇ ਹਨ।

ਯੂ ਬੀ ਸੀ ਦੇ ਆਰਜ਼ੀ ਪ੍ਰੈਜ਼ੀਡੈਂਟ ਡਾਕਟਰ ਆਰ ਐੱਚ ਟੀ ਸਮਿੱਥ ਅਤੇ ਫੈਡਰੇਸ਼ਨ ਆਫ ਸਿੱਖ ਸੁਸਾਈਟੀਜ਼ ਆਫ ਕੈਨੇਡਾ ਦੇ ਪ੍ਰਧਾਨ ਮਿਸਟਰ ਐੱਮ ਐੱਸ ਗੋਸਲ ਮਾਰਚ 16, 1985 ਨੂੰ ਸਮਝੌਤੇ 'ਤੇ ਦਸਤਖਤ ਕਰਦੇ ਹੋਏ

ਜਿਹੜੇ ਵਿਦਿਆਰਥੀ ਪੰਜਾਬੀ-100 ਤੇ ਪੰਜਾਬੀ-200 ਦੇ ਕੋਰਸ ਕਰ ਲੈਂਦੇ ਸਨ ਉਨ੍ਹਾਂ ਦੀ ਮੰਗ ਹੁੰਦੀ ਸੀ ਕਿ ਉਹ ਇਸ ਤੋਂ ਅੱਗੇ ਵੀ ਪੰਜਾਬੀ ਪੜ੍ਹ ਸਕਣ ਤੇ ਜੇ ਸੰਭਵ ਹੋ ਸਕੇ ਪੰਜਾਬੀ ਨੂੰ ਆਪਣੇ ਬੀ ਏ ਦੇ ਮੇਜਰ ਵਿਸ਼ੇ ਵਜੋਂ ਲੈ ਸਕਣ। ਇਸ ਮੰਗ ਦੇ ਹੁੰਗਾਰੇ ਵਜੋਂ 1998 ਤੋਂ ਪੰਜਾਬੀ 300 ਦੀ ਜਮਾਤ ਸ਼ੁਰੂ ਕੀਤੀ ਗਈ ਅਤੇ ਪਿਛਲੇ ਕੁਝ ਸਾਲਾਂ ਦੌਰਾਨ ਪੰਜਾਬੀ-400 ਦੀ ਪੱਧਰ ਦੇ ਕੋਰਸ ਵੀ ਸ਼ਾਮਲ ਕੀਤੇ ਗਏ ਹਨ। ਨਾਲ ਹੀ ਪੰਜਾਬੀ ਸਿਨਮਾ ਅਤੇ ਪੰਜਾਬੀ ਨਾਟਕ ਆਦਿ ਬਾਰੇ ਵੀ ਕੁਝ ਹੋਰ ਕੋਰਸ ਸ਼ਾਮਲ ਕੀਤੇ ਗਏ ਹਨ।

ਯੂ ਬੀ ਸੀ ਵਿੱਚ ਚੇਅਰ ਲਈ ਕੋਸ਼ਿਸ਼ਾਂ 1983 ਨੂੰ ਸ਼ੁਰੂ ਹੋਈਆ ਪਰ ਇਸ ਨੂੰ ਸਥਾਪਿਤ ਕਰਨ ਲਈ ਚਾਰ ਸਾਲ ਲੱਗ ਗਏ। ਏਨਾ ਲੰਮਾ ਸਮਾਂ ਲੱਗਣ ਦਾ ਇੱਕ ਕਾਰਨ ਤਾਂ ਇਹ ਸੀ ਕਿ ਇਸ ਕੰਮ ਲਈ ਜ਼ੁੰਮੇਵਾਰ ਮੁੱਖ ਸੰਸਥਾ ਫੈਡਰੇਸ਼ਨ ਆਫ ਸਿੱਖ ਸੁਸਾਇਟੀਜ਼ ਆਫ ਕੈਨੇਡਾ ਅੰਦਰੂਨੀ ਫੁੱਟ ਦਾ ਸ਼ਿਕਾਰ ਹੋ ਗਈ ਤੇ ਉਹ ਆਪਣੀ ਸਰਗਰਮੀ ਨੂੰ ਸ਼ੁਰੂਆਤ ਵਾਲੀ ਗਤੀ 'ਤੇ ਚਲਦਾ ਰੱਖਣ ਤੋਂ ਅਸਮਰੱਥ ਰਹੀ। ਦੂਜਾ ਕਾਰਨ ਇਹ ਵੀ ਦੱਸਿਆ ਜਾਂਦਾ ਹੈ ਕਿ ਉਸ ਸਮੇਂ ਪੰਜਾਬ ਦੀ ਸਮੱਸਿਆ ਕਾਰਨ (ਜੂਨ 1984 ਨੂੰ ਹਰਿਮੰਦਰ ਸਾਹਿਬ ਉੱਪਰ ਹੋਇਆ ਹਮਲਾ ਤੇ ਉਸੇ ਸਾਲ ਇੰਦਰਾ ਗਾਂਧੀ ਦਾ ਕਤਲ ਅਤੇ ਦਿੱਲੀ ਅਤੇ ਕਈ ਹੋਰ ਸ਼ਹਿਰਾਂ ਵਿੱਚ ਸਿੱਖਾਂ ਉੱਪਰ ਹੋਈ ਹਿੰਸਾ) ਭਾਰਤ ਦੀ ਸਰਕਾਰ ਨੇ ਦਬਾਅ ਪਾ ਕੇ ਚੇਅਰ ਨੂੰ ਰੋਕਣ ਦੀ ਕੋਸ਼ਿਸ਼ ਕੀਤੀ।

ਪਰ ਚੇਅਰ ਸਥਾਪਿਤ ਹੋਣ ਬਾਅਦ ਇਹਦੇ ਪ੍ਰੋਗਰਾਮ ਵਿੱਚ ਲੰਮਾ ਸਮਾਂ ਕਿਸੇ ਕਿਸਮ ਦੀ ਤਬਦੀਲੀ ਨਾ ਆਉਣ ਪਿੱਛੇ (ਪਹਿਲੇ ਦਸ ਸਾਲ ਸਿਰਫ ਦੋ ਪੱਧਰ ਤੱਕ ਹੀ ਪੰਜਾਬੀ ਪੜ੍ਹਾਈ ਜਾਂਦੀ ਰਹੀ) ਵੱਡਾ ਕਾਰਨ ਇਹ ਨਜ਼ਰ ਆਉਂਦਾ ਹੈ ਕਿ ਭਾਈਚਾਰੇ ਦੀ ਪ੍ਰਤੀਨਿੱਧਤਾ ਕਰ ਰਹੀ ਸੰਸਥਾ ਚੇਅਰ ਸਥਾਪਿਤ ਕਰਨ ਦੇ ਆਪਣੇ ਆਸ਼ਿਆਂ ਵਿੱਚ ਪੂਰੀ ਤਰ੍ਹਾਂ ਸਾਫ ਨਹੀਂ ਸੀ। ਇਸ ਗੱਲ ਬਾਰੇ ਭੁਲੇਖਾ ਜਾਪਦਾ ਹੈ

ਕਿ ਉਨ੍ਹਾਂ ਦਾ ਮੁੱਖ ਮੰਤਵ ਸਿੱਖ ਧਰਮ ਦਾ ਫੈਲਾਅ ਸੀ ਜਾਂ ਪੰਜਾਬੀ ਬੋਲੀ, ਸਾਹਿਤ ਤੇ ਸੱਭਿਆਚਾਰ ਦਾ ਵਿਕਾਸ? ਸੰਸਥਾ ਵੱਲੋਂ ਨਵੰਬਰ 1985 ਵਿੱਚ ਛਾਪੇ ਆਪਣੇ ਇੱਕ ਕਿਤਾਬਚੇ 'ਚੇਅਰ ਇਨ ਸਿੱਖ ਸਟੱਡੀਜ਼' (ਜਿਸ ਵਿੱਚੋਂ ਉੱਪਰ ਤਸਵੀਰ ਦਿੱਤੀ ਗਈ ਹੈ) ਵਿੱਚ ਹਰ ਜਗ੍ਹਾ ਇਸ ਚੇਅਰ ਦਾ ਨਾਂ 'ਚੇਅਰ ਇਨ ਸਿੱਖ ਸਟੱਡੀਜ਼' ਹੀ ਲਿਖਿਆ ਹੈ। ਇਸ 28 ਸਫੇ ਦੇ ਦਾਸਤਾਵੇਜ਼ ਵਿੱਚ ਪਹਿਲੀ ਵਾਰੀ ਸਫਾ 13 'ਤੇ ਯੂਨੀਵਰਸਿਟੀ ਦੇ ਅਸਥਾਈ ਪ੍ਰਧਾਨ ਡਾਕਟਰ ਆਰ ਐੱਚ ਟੀ ਸਮਿੱਥ ਵੱਲੋਂ ਦਸਤਖਤ ਕਰਨ ਸਮੇਂ ਦਿੱਤੇ ਭਾਸ਼ਣ ਵਿੱਚ ਚੇਅਰ ਦਾ ਨਾਂ 'ਚੇਅਰ ਇਨ ਪੰਜਾਬੀ ਲੈਂਗੂਏਜ, ਲਿਟਰੇਚਰ ਐਂਡ ਸਿੱਖ ਸਟੱਡੀਜ਼' ਆਉਂਦਾ ਹੈ। ਉਸ ਸਮਾਗਮ ਵਿੱਚ ਹੀ ਯੂਨੀਵਰਸਿਟੀ ਵੱਲੋਂ ਬੋਲਣ ਵਾਲੇ ਹੋਰ ਬੁਲਾਰੇ ਵੀ ਚੇਅਰ ਦਾ ਇਹੋ ਨਾਂ ਲੈ ਰਹੇ ਹਨ ਜਦ ਕਿ ਸਿੱਖ ਬੁਲਾਰੇ, ਸਣੇ ਫੈਡਰੇਸ਼ਨ ਦੇ ਪ੍ਰਧਾਨ ਮਹਿੰਦਰ ਸਿੰਘ ਗੋਸਲ ਦੇ, ਇਸ ਨੂੰ 'ਚੇਅਰ ਇਨ ਸਿੱਖ ਸਟੱਡੀਜ਼' ਹੀ ਕਹਿ ਰਹੇ ਹਨ। ਇਸ ਤਰ੍ਹਾਂ ਜਾਪਦਾ ਹੈ ਕਿ ਇਸ ਸੰਸਥਾ ਦਾ ਮੰਤਵ ਪੰਜਾਬੀ ਬੋਲੀ ਨਹੀਂ ਸਗੋਂ ਸਿੱਖ ਧਰਮ ਦਾ ਫੈਲਾਅ ਸੀ। ਸੰਭਵ ਹੈ ਕਿ ਸਿੱਖ ਸੰਸਥਾ ਇਹ ਗੱਲ ਸਮਝਣ ਤੇ ਮੰਨਣ ਵਿੱਚ ਟਪਲਾ ਖਾ ਗਈ ਹੋਵੇ ਕਿ ਯੂਨੀਵਰਸਿਟੀਆਂ ਧਰਮ ਬਾਰੇ ਪੜ੍ਹਾਉਂਦੀਆਂ ਤਾਂ ਹਨ ਪਰ ਧਰਮ ਦਾ ਪਰਚਾਰ ਨਹੀਂ ਕਰਦੀਆਂ, ਖਾਸ ਕਰ ਪੱਛਮ ਦੀਆਂ ਯੂ ਬੀ ਸੀ ਵਰਗੀਆਂ ਵੱਡੀਆਂ ਸਥਾਪਿਤ ਯੂਨੀਵਰਸਿਟੀਆਂ। ਭਾਵ ਕਿ ਇਹ ਯੂਨੀਵਰਸਿਟੀਆਂ 'ਟੀਚ' ਕਰਦੀਆਂ ਹਨ 'ਪਰੀਚ' ਨਹੀਂ।

ਯੂਨੀਵਰਸਿਟੀ ਅਤੇ ਸਿੱਖ ਫੈਡਰੇਸ਼ਨ ਦਰਮਿਆਨ ਚੇਅਰ ਦੇ ਆਸ਼ਿਆਂ ਵਿਚਲਾ ਇਹ ਵਖਰੇਵਾਂ ਅੱਗੇ ਜਾ ਕੇ ਬਹੁਤ ਸਾਰੀਆਂ ਸਮੱਸਿਆਵਾਂ ਦਾ ਕਾਰਨ ਬਣਿਆਂ। ਚੇਅਰ 'ਤੇ ਨਿਯੁਕਤ ਡਾਕਟਰ ਹਰਜੋਤ ਓਬਰਾਏ ਭਾਵੇਂ ਉਸ ਵੇਲੇ ਪੂਰੇ ਸਿੱਖੀ ਸਰੂਪ ਵਿੱਚ ਸਨ ਪਰ ਉਹ ਛੇਤੀ ਹੀ ਸਥਾਨਕ ਸਿੱਖਾਂ ਨੂੰ ਚੰਗੇ ਲੱਗਣੋਂ ਹਟ ਗਏ। ਡਾਕਟਰ ਓਬਰਾਏ ਦੀ ਵਿੱਦਿਆ ਪੱਛਮੀ ਪ੍ਰਭਾਵ ਵਾਲੇ ਅਦਾਰਿਆਂ ਵਿੱਚ ਹੋਈ ਹੋਣ ਕਰ ਕੇ ਉਹ ਅਕਾਦਮਿਕ ਗਤੀਵਿਧੀ ਨੂੰ ਭਾਈਚਾਰੇ ਤੋਂ ਅਲੱਗ ਰੱਖਣਾ ਚਾਹੁੰਦੇ ਸਨ। ਇਹ ਗੱਲ ਸਥਾਨਕ ਸਿੱਖ ਭਾਈਚਾਰੇ ਨੂੰ ਪ੍ਰਵਾਨ ਨਹੀਂ ਸੀ। ਫੇਰ 1994 ਵਿੱਚ ਡਾਕਟਰ ਓਬਰਾਏ ਦੀ ਪੁਸਤਕ *'ਦਾ ਕੰਸਟਰਕਸ਼ਨ ਆਫ ਰਿਲੀਜਿਅੱਸ ਬਾਊਂਡਰੀਜ਼: ਕਲਚਰ, ਆਈਡੈਂਟੀ ਐਂਡ ਡਾਇਵਿਰਸਟੀ ਇਨ ਦਾ ਸਿੱਖ ਟਰਾਡੀਸ਼ਨ'* ਛਪ ਗਈ। ਇਸ ਕਿਤਾਬ ਦੇ ਛਪਣ ਨਾਲ਼ ਓਬਰਾਏ ਦੇ ਵਿਰੋਧੀਆਂ ਅਨੁਸਾਰ, ਉਨ੍ਹਾਂ ਨੂੰ 'ਲੋੜੀਂਦਾ ਮਸਾਲਾ ਮਿਲ ਗਿਆ'। ਬਾਕੀ ਦੀ ਕਹਾਣੀ ਤਾਂ ਜੱਗ ਜ਼ਾਹਿਰ ਹੈ।

ਡਾਕਟਰ ਓਬਰਾਏ ਦੀ ਇਸ ਕਿਤਾਬ ਨੂੰ ਜਿੱਥੇ ਪੱਛਮ ਦੇ ਅਕਾਦਮਿਕ ਹਲਿਕਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ, ਇੱਕ ਦੋ ਵੱਡੇ ਇਨਾਮ ਵੀ ਮਿਲੇ, ਉੱਥੇ ਸਿੱਖਾਂ ਵੱਲੋਂ ਇਸ ਨੂੰ ਭੰਡਿਆ ਗਿਆ। ਉਹਨੂੰ ਯੂਨੀਵਰਸਿਟੀ ਤੋਂ ਕਢਵਾਉਣ ਲਈ ਯੂਨੀਵਰਸਿਟੀ ਉੱਪਰ ਦਬਾਅ ਪਾਇਆ ਗਿਆ। ਪਰ ਯੂ ਬੀ ਸੀ ਨੇ ਡਾਕਟਰ ਓਬਰਾਏ ਦੀ ਇਤਿਹਾਸਕਾਰ ਅਤੇ ਅਕਾਦਮਿਕ ਵਜੋਂ ਅਹਿਮੀਅਤ ਨੂੰ ਪਛਾਣਦਿਆਂ ਉਹਨੂੰ ਇੱਕ ਅਮਰੀਕਨ ਯੂਨੀਵਰਸਿਟੀ ਵੱਲੋਂ ਆਈ ਵੱਡੀ ਪੇਸ਼ਕਸ਼ ਦੇ ਬਰਾਬਰ ਦੀ

ਪੁਜ਼ੀਸ਼ਨ ਦੇ ਕੇ ਏਥੇ ਹੀ ਰੱਖਿਆ। ਪਰ ਇਸ ਸਾਰੇ ਰੌਲ਼ੇ ਦੇ ਸਿੱਟੇ ਵਜੋਂ ਡਾਕਟਰ ਓਬਰਾਏ ਨੂੰ 1996 ਵਿੱਚ ਚੇਅਰ ਤੋਂ ਅਸਤੀਫਾ ਦੇਣਾ ਪਿਆ[109]।

ਯੂ ਬੀ ਸੀ ਵਿੱਚ ਚਲ ਰਹੀ ਪੰਜਾਬੀ ਦੀ ਪੜ੍ਹਾਈ ਵਾਸਤੇ ਇਹ ਖਤਰੇ ਵਾਲ਼ਾ ਸਮਾਂ ਸੀ। ਆ ਰਹੀਆਂ ਸਮੱਸਿਆਵਾਂ ਨੂੰ ਧਿਆਨ ਵਿੱਚ ਰੱਖਦਿਆਂ ਯੂਨੀਵਰਸਿਟੀ ਵਿੱਚ ਕੁਝ ਲੋਕਾਂ ਦਾ ਵਿਚਾਰ ਸੀ ਕਿ ਚੇਅਰ ਖਤਮ ਕਰ ਦਿੱਤੀ ਜਾਵੇ। ਪਰ ਏਸ਼ੀਅਨ ਅਧਿਐਨ ਵਿਭਾਗ ਦੇ ਕੁਝ ਅਹੁਦੇਦਾਰਾਂ, ਖਾਸ ਕਰ ਡਾਕਟਰ ਕੈਨ ਬਰਾਇੰਟ ਅਤੇ ਡਾਕਟਰ ਅਸ਼ੋਕ ਅਕਲੂਚਕਰ, ਦੀ ਦੂਰਅੰਦੇਸ਼ੀ ਕਾਰਨ ਉਸ ਸਮੇਂ ਪੰਜਾਬੀ ਦੇ ਸਿਰੋਂ ਖਤਰਾ ਟਲ ਗਿਆ ਅਤੇ ਪੰਜਾਬੀ ਦੀ ਪੜ੍ਹਾਈ ਨੂੰ ਵਕਤੀ ਤੌਰ 'ਤੇ ਚੇਅਰ ਤੋਂ ਵੱਖ ਕਰ ਕੇ ਚਲਾਉਣ ਦਾ ਫੈਸਲਾ ਲਿਆ ਗਿਆ। ਚੇਅਰ ਲੰਬਾ ਸਮਾਂ ਖਾਲੀ ਰਹਿਣ ਦਿੱਤੀ ਗਈ ਅਤੇ 2005 ਵਿੱਚ ਇਸ 'ਤੇ ਡਾਕਟਰ ਐਨ ਮਰਫੀ ਨੂੰ ਨਿਯੁਕਤ ਕੀਤਾ ਗਿਆ।

ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਭਾਈਚਾਰੇ ਵੱਲੋਂ ਸਹੀ ਸੇਧ ਨਾ ਅਪਣਾਏ ਜਾਣ ਕਾਰਨ ਪੰਜਾਬੀ ਭਾਸ਼ਾ ਦੇ ਵਿਕਾਸ ਵਾਸਤੇ ਇੱਕ ਬਹੁਤ ਹੀ ਸੰਭਾਵਨਾਵਾਂ ਵਾਲੇ ਉਪਰਾਲੇ ਤੋਂ ਆਸ ਅਨੁਸਾਰ ਫਾਇਦਾ ਨਹੀਂ ਲਿਆ ਜਾ ਸਕਿਆ। ਪਰ ਫੇਰ ਵੀ ਯੂ ਬੀ ਸੀ ਦੀਆਂ ਪੰਜਾਬੀ ਜਮਾਤਾਂ ਨੇ ਪਿਛਲੇ ਢਾਈ ਤਿੰਨ ਦਹਾਕਿਆਂ ਦੌਰਾਨ ਕਨੇਡਾ ਵਿੱਚ ਜੰਮੇ-ਪਲ਼ੇ ਵੱਡੀ ਗਿਣਤੀ ਨੌਜਵਾਨਾਂ ਨੂੰ ਪੰਜਾਬੀ ਬੋਲੀ ਤੇ ਸਾਹਿਤ ਨਾਲ਼ ਜੋੜਿਆ ਹੈ। ਇਨ੍ਹਾਂ ਨੌਜਵਾਨਾਂ ਦੀ ਬੋਲੀ, ਸਾਹਿਤ ਤੇ ਸੱਭਿਆਚਾਰ ਨਾਲ਼ ਹੀ ਨਹੀਂ ਆਪਣੇ ਮਾਪਿਆਂ ਅਤੇ ਰਿਸ਼ਤੇਦਾਰਾਂ ਨਾਲ਼ ਵੀ ਨੇੜਤਾ ਗੂੜ੍ਹੀ ਹੋਈ ਹੈ। ਬਹੁਤ ਸਾਰਿਆਂ ਨੂੰ ਆਪਣੇ ਚੁਣੇ ਹੋਏ ਖੇਤਰਾਂ ਵਿੱਚ ਨੌਕਰੀਆਂ ਸਮੇਂ ਪੰਜਾਬੀ ਬੋਲੀ ਦਾ ਆਉਣਾ ਨੌਕਰੀਆਂ ਲੈਣ ਵਿੱਚ ਸਹਾਈ ਹੋਇਆ ਹੈ। ਬੀ ਸੀ ਦੇ ਐਲਿਮੈਂਟਰੀ ਤੇ ਹਾਈ ਸਕੂਲਾਂ ਵਿੱਚ ਪੰਜਾਬੀ ਪੜ੍ਹਾ ਰਹੇ ਬਹੁਤੇ ਅਧਿਆਪਕ ਤੇ ਅਧਿਆਪਕਾਵਾਂ ਇਨ੍ਹਾਂ ਕੋਰਸਾਂ ਰਾਹੀਂ ਲੰਘੇ ਹਨ, ਖਾਸ ਕਰ ਪੰਜਾਬੀ-300 ਦੀ ਜਮਾਤ[110]। ਯੂ ਬੀ ਸੀ ਦੀਆਂ ਜਮਾਤਾਂ ਤੋਂ ਬਿਨਾਂ

---

109 ਇਸ ਸਮੱਸਿਆ ਵਿੱਚ ਇਸ ਤੱਥ ਨੇ ਵੀ ਅਸਰ ਪਾਇਆ ਕਿ ਸਥਾਨਕ ਸਿੱਖ ਭਾਈਚਾਰੇ ਦੀ ਬਹੁ-ਗਿਣਤੀ ਪੰਜਾਬ ਦੇ ਪੇਂਡੂ ਪਿਛੋਕੜ ਦੀ ਸੀ ਜਦ ਕਿ ਡਾਕਟਰ ਓਬਰਾਏ ਪੰਜਾਬ ਤੋਂ ਬਾਹਰ ਦੇ ਸ਼ਹਿਰੀ ਪਿਛੋਕੜ (ਦਿੱਲੀ) ਦੇ ਸਨ। ਇਸ ਕਾਰਨ ਉਨ੍ਹਾਂ ਦੀ ਜੀਵਨ ਜਾਚ ਤੇ ਆਲੇ ਦੁਆਲੇ ਵਲ ਪਹੁੰਚ ਵਿੱਚ ਅੰਤਰ ਹੋਣਾ ਕੁਦਰਤੀ ਸੀ। ਨਾਲ਼ ਹੀ ਇਸ ਗੱਲ ਦੀ ਸੰਭਾਵਨਾ ਹੈ ਕਿ ਯੂ ਬੀ ਸੀ ਦੀ ਇਹ ਪੁਜ਼ੀਸ਼ਨ ਪੰਜਾਬ ਦੇ ਕੁਝ ਸਿੱਖ ਬੁੱਧੀਜੀਵੀਆਂ ਦਾ ਵੀ ਧਿਆਨ ਖਿੱਚ ਰਹੀ ਸੀ ਤੇ ਡਾਕਟਰ ਓਬਰਾਏ ਵਿਰੁੱਧ ਉੱਠੀ ਆਵਾਜ਼ ਵਿੱਚ ਕੁਝ ਹਿੱਸਾ ਉਨ੍ਹਾਂ ਲੋਕਾਂ ਵੱਲੋਂ ਵੀ ਪਾਇਆ ਗਿਆ ਹੋਵੇ ਜੋ ਇਸ ਚੇਅਰ 'ਤੇ ਨਿਗਾਹ ਟਿਕਾਈ ਬੈਠੇ ਸਨ।

110 ਪੰਜਾਬੀ-300 ਦੀ ਜਮਾਤ ਉਹ ਵਿਦਿਆਰਥੀ ਲੈਂਦੇ ਹਨ ਜਿਨ੍ਹਾਂ ਪਹਿਲੀਆਂ ਦੋ ਜਮਾਤਾਂ ਚੰਗੇ ਨੰਬਰਾਂ ਤੇ ਪਾਸ ਕੀਤੀਆਂ ਹੋਣ ਤੇ ਪੰਜਾਬੀ ਵਿੱਚ ਉਨ੍ਹਾਂ ਦੀ ਦਿਲਚਸਪੀ ਆਮ ਵਿਦਿਆਰਥੀਆਂ ਨਾਲੋਂ ਜ਼ਿਆਦਾ ਹੋਵੇ। ਇਨ੍ਹਾਂ ਵਿੱਚੋਂ ਬਹੁਤ ਵਿਦਿਆਰਥੀ ਅਧਿਆਪਨ ਦੇ ਕਿੱਤੇ ਵਿੱਚ ਜਾਣ ਵਾਲੇ ਹੁੰਦੇ ਹਨ। ਇਸ ਜਮਾਤ ਵਿੱਚ ਪੰਜਾਬੀ ਸਾਹਿਤ ਦੀਆਂ ਸਾਰੀਆਂ ਵੰਨਗੀਆਂ ਨਾਲ਼ ਵਿਦਿਆਰਥੀਆਂ ਦੀ ਜਾਣ ਪਛਾਣ ਕਰਵਾਈ ਜਾਂਦੀ ਹੈ।

ਉਨ੍ਹਾਂ ਲਈ ਦੂਜਿਆਂ ਨੂੰ ਪੜ੍ਹਾਉਣ ਜੋਗੀ ਪੰਜਾਬੀ ਸਿੱਖਣ ਦੀ ਕਨੇਡਾ ਵਿੱਚ ਹੋਰ ਕਿਤੇ ਕੋਈ ਸੰਭਾਵਨਾ ਨਹੀਂ ਸੀ।

ਯੂ ਬੀ ਸੀ ਵਿਚ ਇਨ੍ਹਾਂ ਉੱਪਰਲੀਆਂ ਜਮਾਤਾਂ ਦੇ ਨਾਲ਼ ਨਾਲ਼ ਇਸ ਦੇ ਕੰਟੀਨਿਊਅਸ ਸਟੱਡੀਜ਼ ਵਿਭਾਗ ਵਲੋਂ ਵੀ ਪੰਜਾਬੀ ਦੇ ਨਾਨ-ਕਰੈਡਿਟ ਕੋਰਸ ਦਿੱਤੇ ਜਾਂਦੇ ਹਨ। ਇਹ ਜਮਾਤਾਂ ਲੰਮੇ ਸਮੇਂ ਤੱਕ ਵੈਨਕੂਵਰ ਦੇ ਮੋਬਰਲੀ ਸਕੂਲ ਦੀ ਅਧਿਆਪਕਾ ਹਰਿਜੰਦਰ ਸਾਂਗਰਾ ਪੜ੍ਹਾਉਂਦੀ ਰਹੀ ਹੈ। ਇਨ੍ਹਾਂ ਜਮਾਤਾਂ ਤੋਂ ਬਹੁਤ ਸਾਰੇ ਪੇਸ਼ਾਵਰ ਲੋਕਾਂ ਨੇ ਲੋੜ ਜੋਗੀ ਪੰਜਾਬੀ ਬੋਲ ਸਕਣ ਦੀ ਯੋਗਤਾ ਹਾਸਲ ਕੀਤੀ ਜਿਨ੍ਹਾਂ ਦਾ ਵਾਹ ਪੰਜਾਬੀ ਲੋਕਾਂ ਨਾਲ ਪੈਂਦਾ ਹੈ।

4.3

ਬੀ ਸੀ ਦੇ ਪਬਲਿਕ (ਸਰਕਾਰੀ) ਸਕੂਲਾਂ ਵਿੱਚ ਪੰਜਾਬੀ ਦੀ ਪੜ੍ਹਾਈ

ਬੀ ਸੀ ਵਿੱਚ ਪੰਜਾਬੀ ਬੋਲੀ ਦੇ ਵਿਕਾਸ ਦੀ ਅਗਲੀ ਅਤੇ ਸ਼ਾਇਦ ਸਭ ਤੋਂ ਵੱਡੀ ਘਟਨਾ 1994 ਵਿੱਚ ਵਾਪਰੀ ਜਦੋਂ ਬੀ ਸੀ ਦੀ ਐੱਨ ਡੀ ਪੀ ਸਰਕਾਰ ਨੇ ਆਪਣੀ ਨਵੀਂ ਭਾਸ਼ਾ ਨੀਤੀ ਵਿੱਚ ਪੰਜਾਬੀ ਬੋਲੀ ਨੂੰ ਪੰਜ ਹੋਰ ਬੋਲੀਆਂ ਦੇ ਬਰਾਬਰ ਸਕੂਲਾਂ ਵਿੱਚ ਦੂਜੀ ਭਾਸ਼ਾ ਦੇ ਤੌਰ ’ਤੇ ਪੜ੍ਹਾਏ ਜਾਣ ਲਈ ਚੁਣ ਲਿਆ। ਪੰਜਾਬੀ ਬੋਲੀ ਨੂੰ ਪਹਿਲੀ ਵਾਰੀ ਦੁਨੀਆ ਦੀਆਂ ਵੱਡੀਆਂ ਬੋਲੀਆਂ, ਫਰਾਂਸੀਸੀ, ਸਪੇਨੀ, ਜਰਮਨ, ਚੀਨੀ ਤੇ ਜਾਪਾਨੀ ਦੇ ਬਰਾਬਰ ਦਾ ਦਰਜਾ ਮਿਲਿਆ।

4.3.1

ਨਵੀਂ ਭਾਸ਼ਾ ਨੀਤੀ ਦਾ ਪਿਛੋਕੜ

ਬੀ ਸੀ ਦੇ ਵਿੱਦਿਆ ਮਹਿਕਮੇ ਦੀ ਭਾਸ਼ਾ ਨੀਤੀ ਵਿੱਚ 1949 ਤੋਂ ਕੋਈ ਤਬਦੀਲੀ ਨਹੀਂ ਸੀ ਕੀਤੀ ਗਈ ਜਦ ਕਿ ਸਮਾਜ ਵਿੱਚ ਅਤੇ ਬੀ ਸੀ ਦੇ ਸਕੂਲਾਂ ਵਿਚਲੇ ਵਿਦਿਆਰਥੀਆਂ ਦੀ ਜਨਸੰਖਿਆ ਵਿੱਚ ਵੱਡੀਆਂ ਤਬਦੀਲੀਆਂ ਵਾਪਰ ਚੁੱਕੀਆਂ ਸਨ। ਘੱਟ ਗਿਣਤੀ ਬੋਲੀਆਂ ਦੇ ਲੋਕਾਂ ਵੱਲੋਂ ਭਾਸ਼ਾ ਨੀਤੀ ਵਿੱਚ ਤਬਦੀਲੀ ਵਾਸਤੇ ਮੰਗ ਕੀਤੀ ਜਾ ਰਹੀ ਸੀ, ਖਾਸ ਕਰ ਚੀਨੀ ਤੇ ਜਾਪਾਨੀ ਭਾਈਚਾਰਿਆਂ ਵੱਲੋਂ। ਏਸੇ ਤਰ੍ਹਾਂ ਬੀ ਸੀ ਦੀਆਂ ਘੱਟ ਗਿਣਤੀ ਬੋਲੀਆਂ ਦੇ ਹੱਕਾਂ ਵਿੱਚ ਆਵਾਜ਼ ਉਠਾਉਣ ਵਾਲੀ ਜਥੇਬੰਦੀ *ਬੀ ਸੀ ਹੈਰੀਟੇਜ ਲੈਂਗੁਏਜ ਐਸੋਸੀਏਸ਼ਨ* ਵੀ ਭਾਸ਼ਾ ਨੀਤੀ ਵਿੱਚ ਤਬਦੀਲੀ ਦੀ ਮੰਗ ਕਰਦੀ ਰਹੀ ਸੀ।

ਉਸ ਵੇਲੇ ਪੰਜਾਬੀ ਦੇ ਹੱਕ ਵਿੱਚ ਪਹਿਲੀ ਗੱਲ ਇਹ ਵਾਪਰੀ ਕਿ ਪੰਜਾਬੀ ਪਿਛੋਕੜ ਦਾ ਇੱਕ ਅਧਿਆਪਕ ਸ੍ਰੀ ਇੰਦਰ ਮੇਹਟ (ਇਸ ਬਾਰੇ ਪਹਿਲਾਂ ਵੀ ਜ਼ਿਕਰ ਕੀਤਾ ਜਾ ਚੁੱਕਾ ਹੈ) ਚਾਰ ਸਾਲ ਵਾਸਤੇ ਵਿੱਦਿਆ ਮਹਿਕਮੇ ਦੇ ਵਿਰਾਸਤੀ ਭਾਸ਼ਾ ਵਿਭਾਗ ਦਾ ਡਾਇਰੈਕਟਰ ਬਣਿਆ। ਨਵੀਂ ਭਾਸ਼ਾ ਨੀਤੀ ਤਿਆਰ ਕਰਨ ਵਿੱਚ ਉਸ ਨੇ ਜ਼ਿਕਰਯੋਗ ਭੂਮਿਕਾ ਨਿਭਾਈ।

ਪੰਜਾਬੀ ਅਧਿਆਪਕ ਇੰਦਰ ਮੇਹਟ, ਪਲੀ ਦੇ ਫੰਕਸ਼ਨ 'ਤੇ ਬੋਲਦੇ ਹੋਏ

ਵਿੱਦਿਆ ਮਹਿਕਮੇ ਵੱਲੋਂ ਨਵੀਂ ਨੀਤੀ ਬਣਾਉਣ ਸੰਬੰਧੀ ਜਾਣਕਾਰੀ ਨਾਲ਼ ਪੰਜਾਬੀ ਭਾਈਚਾਰੇ ਵਿੱਚੋਂ ਵੀ ਪੰਜਾਬੀ ਵਾਸਤੇ ਆਵਾਜ਼ ਉਠਾਉਣ ਦੀ ਲੋੜ ਮਹਿਸੂਸ ਕੀਤੀ ਗਈ। ਇਸ ਸਮੇਂ ਤੱਕ ਗੁਰਦੁਆਰਿਆਂ ਅਤੇ ਕੁਝ ਹੋਰ ਸਿੱਖ ਧਾਰਿਮਕ ਅਦਾਰਿਆਂ ਤੋਂ ਬਾਹਰ, ਭਾਈਚਾਰੇ ਵਿੱਚੋਂ ਕੋਈ ਸੰਸਥਾ ਜਾਂ ਵਿਅਕਤੀ ਪੰਜਾਬੀ ਬੋਲੀ ਦੇ ਮਸਲੇ ਵਾਸਤੇ ਸਰਗਰਮ ਨਹੀਂ ਸਨ। ਨਵੰਬਰ 1993 ਵਿੱਚ ਇੰਦਰ ਮੇਹਟ, ਸਾਧੂ ਬਿਨਿੰਗ, ਅੰਮ੍ਰਿਤ ਮਾਨ ਅਤੇ ਬਲਵਿੰਦਰ ਬਰਾੜ ਵੱਲੋਂ ਬ੍ਰਿਟਿਸ਼ ਕੋਲੰਬੀਆ ਐਸੋਸੀਏਸ਼ਨ ਫਾਰ ਪੰਜਾਬੀ ਲੈਂਗੁਏਜ ਐਜੂਕੇਸ਼ਨ (ਬੀ ਸੀ ਏ ਪੀ ਐਲ) ਨਾਂ ਦੀ ਜਥੇਬੰਦੀ ਕਾਇਮ ਕੀਤੀ ਗਈ। ਇਸ ਸੰਸਥਾ ਨੇ 12 ਦਸੰਬਰ 1993 ਨੂੰ ਪਾਲ ਬਿਨਿੰਗ ਦੀ ਸਹਾਇਤਾ ਨਾਲ਼ ਰਿਚਮੰਡ ਈਸਟ ਕਮਿਊਨਿਟੀ ਸੈਂਟਰ ਵਿੱਚ ਇਕੱਠ ਕਰ ਕੇ ਪੰਜਾਬੀ ਬੋਲੀ ਦੇ ਮਸਲੇ ਨੂੰ ਭਾਈਚਾਰੇ ਅੱਗੇ ਉਠਾਇਆ।

ਇਸ ਵਿਚਾਰ ਵਟਾਂਦਰੇ ਵਾਸਤੇ ਸਮੁੱਚੀ ਕਮਿਊਨਿਟੀ ਨੂੰ ਸੱਦਾ ਦਿੱਤਾ ਗਿਆ। ਇਹ ਪਹਿਲਾ ਮੌਕਾ ਸੀ ਕਿ ਬੀ ਸੀ ਦੇ ਵਿੱਦਿਆ ਮਹਿਕਮੇ ਵਿੱਚ ਭਾਸ਼ਾ ਦੀ ਪੜ੍ਹਾਈ ਸੰਬੰਧੀ ਚੱਲ ਰਹੇ ਅਮਲ ਬਾਰੇ ਪਬਲਿਕ ਤੌਰ 'ਤੇ ਜਾਣਕਾਰੀ ਦਿੱਤੀ ਗਈ। ਇਸ ਇਕੱਤਰਤਾ ਦੌਰਾਨ ਤਿਆਰ ਕੀਤੀ ਜਾ ਰਹੀ ਨਵੀਂ ਭਾਸ਼ਾ ਨੀਤੀ ਵਿੱਚ ਪੰਜਾਬੀ ਬੋਲੀ ਨੂੰ ਯੋਗ ਥਾਂ ਦੇਣ ਦੀ ਪਬਲਿਕ ਤੌਰ 'ਤੇ ਮੰਗ ਕੀਤੀ ਗਈ। ਇਸ ਸੰਸਥਾ ਵੱਲੋਂ ਜਾਰੀ ਕੀਤੀ ਪਰੈੱਸ ਰੀਲੀਜ਼ ਵਿੱਚ ਕਿਹਾ ਗਿਆ:

> ਇਹ ਬਹੁਤ ਜ਼ਰੂਰੀ ਹੈ ਕਿ ਵਿੱਦਿਅਕ ਢਾਂਚਾ ਸਾਰੀਆਂ ਜ਼ਬਾਨਾਂ ਦੇ ਪ੍ਰੋਗਰਾਮਾਂ ਨੂੰ ਇੱਕੋ ਜਿਹੀ ਮਾਨਤਾ ਦੇਵੇ। ਇਸ ਵਕਤ ਬੀ ਸੀ ਦਾ

> ਵਿਦਿਆ ਮੰਤਰਾਲਾ (ਮਨਿਸਟਰੀ ਆਫ ਐਜੂਕੇਸ਼ਨ) ਫਰਾਂਸੀਸੀ, ਜਰਮਨ, ਸਪੇਨੀ, ਲਾਤਿਨ, ਜਪਾਨੀ ਤੇ ਮੈਂਡਾਰਿਨ ਵਾਸਤੇ ਪਾਠਕ੍ਰਮ (ਕਰੀਕੁਲਮ) ਅਤੇ ਆਰਿਥਕ ਸਹਾਇਤਾ ਮੁਹੱਈਆ ਕਰਦੀ ਹੈ। ਪੰਜਾਬੀ ਜ਼ਬਾਨ ਵਾਸਤੇ ਕੋਈ ਪਾਠਕ੍ਰਮ ਜਾਂ ਆਰਿਥਕ ਸਹਾਇਤਾ ਉਪਲਬਧ ਨਹੀਂ ਹੈ। ... ਪੰਜਾਬੀ ਬੋਲਣ ਵਾਲੇ ਵਿਦਿਆਰਥੀਆਂ ਦੀ ਮਹੱਤਵਪੂਰਨ ਗਿਣਤੀ ਨੂੰ ਦੇਖਿਦਆਂ, ਇਹ ਹੈਰਾਨੀ ਦੀ ਗੱਲ ਹੈ ਕਿ ਇਸ ਵਕਤ ਕਿਸੇ ਵੀ ਸਕੂਲ ਵਿੱਚ, ਸਕੂਲ ਸਮੇਂ, ਪੰਜਾਬੀ ਕੋਰਸ ਨਹੀਂ ਪੇਸ਼ ਕੀਤਾ ਜਾਂਦਾ।[111]

ਇਸ ਸੰਸਥਾ ਵੱਲੋਂ ਸੱਦੀ ਗਈ ਮੀਟਿੰਗ ਨੂੰ ਭਾਈਚਾਰੇ ਵੱਲੋਂ ਭਰਵਾਂ ਹੁੰਗਾਰਾ ਮਿਲਿਆ। ਬਹੁਤ ਸਾਰੇ ਮਹੱਤਵਪੂਰਨ ਵਿਅਕਤੀ, ਖਾਸ ਕਰ ਸਥਾਨਕ ਗੁਰਦੁਆਰਿਆਂ ਦੇ ਨੁਮਾਇੰਦੇ ਸ਼ਾਮਲ ਹੋਏ। ਬੁਲਾਰਿਆਂ ਵਿੱਚ ਸ਼ਾਮਲ ਸਨ: ਉੱਜਲ ਦੋਸਾਂਝ ਜੋ ਉਸ ਵੇਲੇ ਐੱਮ ਐੱਲ ਏ ਸਨ, ਪ੍ਰੀਤਮ ਸਿੰਘ ਔਲਖ, ਦਲੀਪ ਸਿੰਘ, ਗੁਰਨਾਮ ਸਿੰਘ, ਡਾਕਟਰ ਸਾਧੂ ਸਿੰਘ, ਅਜਮੇਰ ਰੋਡੇ, ਅਮਰਜੀਤ ਸੂਫੀ, ਪ੍ਰੇਮ ਸਿੰਘ, ਰਘਬੀਰ ਸਿੰਘ ਬੈਂਸ, ਦਲਜੀਤ ਸਿੰਘ ਸਿੱਧੂ, ਸਾਧੂ ਸਿੰਘ ਢੇਸੀ, ਹਰਮਿੰਦਰ ਸੰਘੇੜ੍ਹਾ, ਪਰਮਜੀਤ ਸਿੰਘ ਰੰਧਾਵਾ, ਪਿਆਰਾ ਸਿੰਘ ਨੱਤ ਅਤੇ ਭਾਈਚਾਰੇ ਦੇ ਹੋਰ ਬਹੁਤ ਸਾਰੇ ਜਾਣੇ ਪਛਾਣੇ ਆਗੂ।

ਇੰਦਰ ਮੇਹਟ ਅਤੇ ਸਾਧੂ ਬਿਨਿੰਗ ਵੱਲੋਂ ਇਸ ਪੱਖ ’ਤੇ ਜੋਰ ਦਿੱਤਾ ਗਿਆ ਕਿ ਪੰਜਾਬੀ ਦੀ ਸਿੱਖਿਆ ਵੀ ਬਾਕੀ ਵਿਸ਼ਿਆਂ ਵਾਂਗ ਰੋਜ਼ਾਨਾ ਸਕੂਲ ਸਮੇਂ ਦੌਰਾਨ ਦਿੱਤੀ ਜਾਵੇ। ਜੋ ਵਿਦਿਆਰਥੀ ਸਕੂਲ ਸਮੇਂ ਦੌਰਾਨ, ਸਕੂਲ ਦੇ ਪਾਠਕ੍ਰਮ (ਕਰਿਕੁਲਮ) ਦੇ ਹਿੱਸੇ ਵਜੋਂ, ਪੇਸ਼ਾਵਰ ਅਧਿਆਪਕਾਂ ਕੋਲੋਂ, ਢੁੱਕਵੇਂ ਕਮਰਿਆਂ ਅਤੇ ਵਿਦਿਅਕ ਆਲੇ ਦੁਆਲੇ ਵਿੱਚ ਪੰਜਾਬੀ ਸਿੱਖਣਗੇ, ਉਨ੍ਹਾਂ ਦੇ ਮਨਾਂ ਅੰਦਰ ਪੰਜਾਬੀ ਪ੍ਰਤਿ ਇੱਕ ਵੱਖਰੀ ਕਿਸਮ ਦਾ ਮਾਣ ਤੇ ਸਤਿਕਾਰ ਪੈਦਾ ਹੋਵੇਗਾ। ਉਨ੍ਹਾਂ ਨੂੰ ਪੰਜਾਬੀ ਵੀ ਉਨ੍ਹਾਂ ਦੇ ਕਨੇਡੀਅਨ ਜੀਵਨ ਦਾ ਹਿੱਸਾ ਜਾਪੇਗੀ। ਜੋ ਵਿਦਿਆਰਥੀ ਸਕੂਲ ਸਮੇਂ ਤੋਂ ਬਾਅਦ ਜਾਂ ਹਫਤਾ-ਅੰਤ (ਵੀਕ-ਇੰਡ) ’ਤੇ ਸਕੂਲਾਂ ਤੋਂ ਬਾਹਰ ਦੀਆਂ ਥਾਵਾਂ ’ਤੇ ਪੰਜਾਬੀ ਪੜ੍ਹਨਗੇ ਉਹ ਪੰਜਾਬੀ ਨੂੰ ਆਪਣੇ ਕਨੇਡੀਅਨ ਜੀਵਨ ਦਾ ਹਿੱਸਾ ਮੰਨਣ ਵਿੱਚ ਔਖ ਮਹਿਸੂਸ ਕਰਨਗੇ। ਇਸ ਸਥਿਤੀ ਵਿੱਚ ਬੱਚੇ, ਖਾਸ ਕਰ ਛੋਟੀ ਉਮਰ ਦੇ ਬੱਚੇ, ਅਕਸਰ ਮਹਿਸੂਸ ਕਰਦੇ ਹਨ ਕਿ ਇਹ ਉਨ੍ਹਾਂ ਉੱਪਰ ਮਾਪਿਆਂ ਵਲੋਂ ਖਾਹ ਮਖਾਹ ਵਾਧੂ ਭਾਰ ਲੱਦਿਆ ਜਾ ਰਿਹਾ ਹੈ। ਜਿਸ ਸਮੇਂ ਉਨ੍ਹਾਂ ਦੇ ਸਾਥੀ ਬਾਹਰ ਖੇਡ ਰਹੇ ਹੋਣ, ਉਨ੍ਹਾਂ ਨੂੰ ਪੰਜਾਬੀ ਪੜ੍ਹਨ ਲਈ ਤਿਆਰ ਕਰਨਾ ਏਨਾ ਸੁਖਾਲਾ ਨਹੀਂ ਹੋ ਸਕਦਾ।[112]

---

111 ਬ੍ਰਿਟਿਸ਼ ਕੋਲੰਬੀਆ ਐਸੋਸੀਏਸ਼ਨ ਫਾਰ ਪੰਜਾਬੀ ਲੈਂਗੁਏਜ ਐਜੂਕੇਸ਼ਨ (ਬੀ ਸੀ ਐਪਲ) ਵੱਲੋਂ 30 ਨਵੰਬਰ, 1993 ਨੂੰ ਜਾਰੀ ਕੀਤੀ ਪਰੈੱਸ ਰੀਲੀਜ਼।

112 ਯੂ ਬੀ ਸੀ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਨੇ ਆਪਣੇ ਬਚਪਨ ਵਿੱਚ ਪੰਜਾਬੀ ਦੀ ਪੜ੍ਹਾਈ ਲਈ ਦਿਲਚਸਪੀ ਦੀ ਘਾਟ ਬਾਰੇ ਅਕਸਰ ਦੱਸਿਆ ਹੈ। ਉਨ੍ਹਾਂ ਦੇ ਕਹਿਣ ਮੁਤਾਬਕ ਉਨ੍ਹਾਂ ਵਿੱਚੋਂ ਕੁੱਝ ਇੱਕ ਦੇ ਮਨ ਵਿੱਚ ਤਾਂ ਢੇਰ ਸਾਰੀ ਨਫਰਤ ਵੀ ਪੈਦਾ ਹੋ ਗਈ ਸੀ। ਇਸ ਦੇ ਕਾਰਨਾਂ ਵਿੱਚ ਉਹ ਸ਼ਾਮਲ ਕਰਦੇ ਹਨ: ਇੱਕ ਤਾਂ ਛੋਟੀ ਉਮਰ ਵਿੱਚ ਮਾਂ-ਬੋਲੀ ਦੀ ਮਹੱਤਤਾ

ਸਕੂਲ ਸਮੇਂ ਤੋਂ ਬਾਹਰ ਸਿੱਖਿਆ ਦੀਆਂ ਗਤੀਵਿਧੀਆਂ ਬੱਚਿਆਂ ਦੇ ਮਨਾਂ ਵਿੱਚ ਉਨ੍ਹਾਂ ਦੇ ਜੀਵਨ ਦੀਆਂ ਮੁੱਖ ਗਤੀਵਿਧੀਆਂ ਦਾ ਹਿੱਸਾ ਨਹੀਂ ਬਣਦੀਆਂ ਸਗੋਂ ਉਨ੍ਹਾਂ ਦੇ ਜੀਵਨ ਦੇ ਹਾਸ਼ੀਏ 'ਤੇ ਰਹਿੰਦੀਆਂ ਹਨ। ਇਸ ਸਭਾ ਵੱਲੋਂ ਮਤਾ ਪਾਸ ਕੀਤਾ ਗਿਆ ਕਿ ਪੰਜਾਬੀ ਬੋਲੀ ਨੂੰ ਸਕੂਲੀ ਵਿੱਦਿਆ ਵਿੱਚ ਸ਼ਾਮਲ ਕਰਾਉਣ ਵਾਸਤੇ ਭਾਈਚਾਰੇ ਵਿੱਚੋਂ ਦਸਤਖਤਾਂ ਦੀ ਮੁਹਿੰਮ ਚਲਾਈ ਜਾਵੇ। ਦਸਤਖਤ ਕਰਵਾਉਣ ਵਾਲੇ ਫਾਰਮ 'ਤੇ ਤਿੰਨ ਮੰਗਾਂ ਲਿਖੀਆਂ ਗਈਆਂ[113]:

1. ਭਾਸ਼ਾ ਨੀਤੀ ਸਾਰੀਆਂ ਭਾਸ਼ਾਵਾਂ ਵਾਸਤੇ ਬਰਾਬਰਤਾ ਯਕੀਨੀ ਬਣਾਵੇ।
2. ਮਨਿਸਟਰੀ ਆਪਣੀ ਭਾਸ਼ਾ ਨੀਤੀ ਬਣਾਉਣ ਸਮੇਂ ਪੰਜਾਬੀ ਭਾਈਚਾਰੇ ਨਾਲ਼ ਵਿਚਾਰ ਵਟਾਂਦਰਾ ਕਰੇ।
3. ਪੰਜਾਬੀ ਦੀ ਪੜ੍ਹਾਈ ਸਕੂਲ ਦੀ ਪੜ੍ਹਾਈ ਦੌਰਾਨ ਹੀ ਕਰਵਾਈ ਜਾਵੇ।

ਇਸ ਮੀਟਿੰਗ ਤੋਂ ਛੇਤੀ ਬਾਅਦ ਅਗਲੇ ਕੁਝ ਹਫਿਤਆਂ ਦੌਰਾਨ ਪੰਜਾਬੀ ਭਾਈਚਾਰੇ ਵਿੱਚੋਂ ਵੱਡੀ ਗਿਣਤੀ ਵਿੱਚ ਦਸਤਖਤ ਇਕੱਠੇ ਕੀਤੇ ਗਏ ਅਤੇ ਸਰਕਾਰ ਕੋਲ਼ ਪਹੁੰਚਾਏ ਗਏ।[114]

ਉਸ ਵੇਲੇ ਮਹਾਂ-ਵੈਨਕੂਵਰ ਦੇ ਸਮੁੱਚੇ ਪੰਜਾਬੀ ਭਾਈਚਾਰੇ ਵਿੱਚ ਪੰਜਾਬੀ ਨੂੰ ਸਕੂਲੀ ਪੜ੍ਹਾਈ ਵਿੱਚ ਸ਼ਾਮਲ ਕਰਨ ਦੀ ਮੰਗ ਬਾਰੇ ਚੇਤਨਾ ਪੈਦਾ ਹੋਈ। ਸਥਾਨਕ ਗੁਰਦੁਆਰਿਆਂ ਵੱਲੋਂ ਵੀ ਇਸ ਮਸਲੇ ਬਾਰੇ ਚਿੰਤਾ ਜ਼ਾਹਿਰ ਕੀਤੀ ਗਈ। ਉਨ੍ਹਾਂ ਸਿਆਸੀ ਲੀਡਰਾਂ ਕੋਲੋਂ ਪੰਜਾਬੀ ਬੋਲੀ ਨੂੰ ਪੜ੍ਹਾਏ ਜਾਣ ਦੀ ਮੰਗ ਕੀਤੀ। ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਗੁਰਦੁਆਰਿਆਂ ਦੀ ਵੋਟਾਂ ਪੱਖੋਂ ਤਾਕਤ ਕਾਰਨ ਸਿਆਸੀ ਲੀਡਰਾਂ ਨੇ ਉਨ੍ਹਾਂ ਦੀਆਂ ਮੰਗਾਂ ਨੂੰ ਗੰਭੀਰਤਾ ਨਾਲ਼ ਲਿਆ।

ਬਾਰੇ ਪਤਾ ਨਹੀਂ ਸੀ ਅਤੇ ਨਾ ਹੀ ਕਿਸੇ ਨੇ ਉਨ੍ਹਾਂ ਨੂੰ ਇਸ ਬਾਰੇ ਸਹੀ ਤਰੀਕੇ ਨਾਲ਼ ਸਮਝਾਉਣ ਦੀ ਕੋਸ਼ਿਸ਼ ਕੀਤੀ ਸੀ; ਦੂਜਾ ਜਿਸ ਮਾਹੌਲ ਅਤੇ ਜਿਸ ਕਿਸਮ ਦੇ ਗੈਰ-ਪੇਸ਼ਾਵਰ ਅਧਿਆਪਕਾਂ ਵੱਲੋਂ ਪੰਜਾਬੀ ਪੜ੍ਹਾਈ ਜਾਂਦੀ ਸੀ ਉਹ ਉਨ੍ਹਾਂ ਨੂੰ ਪਸੰਦ ਨਹੀਂ ਸੀ; ਤੀਜਾ ਪੰਜਾਬੀ ਦੀ ਪੜ੍ਹਾਈ ਨਾਲੋਂ ਵੱਧ ਜੋਰ ਧਾਰਿਮਕ ਗੱਲਾਂ 'ਤੇ ਦਿੱਤਾ ਜਾਂਦਾ ਸੀ।

113 ਬ੍ਰਿਟਿਸ਼ ਕੋਲੰਬੀਆ ਐਸੋਸੀਏਸ਼ਨ ਫਾਰ ਪੰਜਾਬੀ ਲੈਂਗੂਏਜ ਐਜੂਕੇਸ਼ਨ ਦੀ 12 ਦਸੰਬਰ, 1993 ਦੀ ਮੀਟਿੰਗ ਵਿੱਚ ਪਟੀਸ਼ਨ ਵਾਸਤੇ ਪਾਸ ਹੋਇਆ ਮਤਾ।

114 ਉਸ ਵੇਲੇ ਦੇ ਵਿਦਿਆ ਮੰਤਰੀ ਆਰਟ ਛਾਰਬੋਨੋਅ ਨੇ ਆਪਣੇ 2 ਮਾਰਚ, 1994 ਦੇ ਇੰਦਰ ਮੋਹਟ ਅਤੇ ਸਾਧੂ ਬਿਨਿੰਗ ਦੇ ਨਾਂ ਲਿਖੇ ਖਤ ਵਿੱਚ ਇਸ ਪਟੀਸ਼ਨ ਦੀ ਪ੍ਰਾਪਤੀ ਬਾਰੇ ਲਿਖਿਆ: ''ਮੈਨੂੰ ਤੁਹਾਡੇ ਵੱਲੋਂ ਪੇਸ਼ ਕੀਤੀ ਅਰਜ਼ੀ ਮਿਲੀ ਹੈ ਜਿਹੜੀ ਇਹ ਦਰਸਾਉਂਦੀ ਹੈ ਕਿ ਇੱਕ ਬਰਾਬਰਤਾ ਵਾਲੀ ਭਾਸ਼ਾ ਨੀਤੀ ਤਿਆਰ ਕਰਨ ਲਈ, ਨੀਤੀ ਦੀ ਤਿਆਰੀ ਵਿੱਚ ਭਾਈਚਾਰੇ ਦੀ ਸਲਾਹ ਲਈ ਜਾਵੇ ਅਤੇ ਜਿੱਥੇ ਵੀ ਲੋੜੀਂਦੀ ਗਿਣਤੀ ਹੋਵੇ ਉੱਥੇ ਪਬਲਿਕ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਦੀ ਸਿੱਖਿਆ ਦਿੱਤੀ ਜਾਵੇ। ਇਸ ਵਾਸਤੇ ਪੰਜਾਬੀ ਭਾਈਚਾਰੇ ਦੀ ਪੂਰੀ ਹਿਮਾਇਤ ਹਾਸਿਲ ਹੈ।''

ਪੰਜਾਬੀ ਬੋਲੀ ਨੂੰ ਇਸ ਵੱਡੀ ਪੱਧਰ ’ਤੇ ਮਾਨਤਾ ਮਿਲਣ ਪਿੱਛੇ ਸਾਡੇ ਭਾਈਚਾਰੇ ਦੇ ਕੁਝ ਉਨ੍ਹਾਂ ਵਿਅਕਤੀਆਂ ਨੇ ਕੁੰਜੀਵਤ ਭੂਮਿਕਾ ਨਿਭਾਈ ਜੋ ਏਥੋਂ ਦੀ ਸਿਆਸਤ ਵਿੱਚ ਸਰਗਰਮ ਸਨ ਅਤੇ ਜਿਨ੍ਹਾਂ ਨੇ ਆਪਣੀ ਸੂਝ ਤੇ ਹਿੰਮਤ ਨਾਲ਼ ਉਸ ਵੇਲੇ ਦੀ ਐੱਨ ਡੀ ਪੀ ਸਰਕਾਰ ਵਿੱਚ ਆਪਣੇ ਲਈ ਸਤਿਕਾਰਯੋਗ ਥਾਂ ਬਣਾ ਲਈ ਸੀ। ਮੋਅ ਸਹੋਤਾ ਐੱਨ ਡੀ ਪੀ ਪਾਰਟੀ ਵੱਲੋਂ ਪਹਿਲੀ ਵਾਰੀ 1986 ਵਿੱਚ ਵੈਨਕੂਵਰ ਆਈਲੈਂਡ ਦੇ ਇਸਕੁਆਮਾਲਟ/ਪੋਰਟ ਰਨਫਰੂਅ ਇਲਾਕੇ ਵਿੱਚੋਂ ਐੱਮ ਐੱਲ ਏ ਚੁਣੇ ਗਏ। ਉਨ੍ਹਾਂ ਦੀ ਨਿਊ ਡੈਮੋਕਰੈਟਿਕ ਪਾਰਟੀ ਨੇ 1991 ਦੀਆਂ ਚੋਣਾਂ ਬਾਅਦ ਬੀ ਸੀ ਵਿੱਚ ਆਪਣੀ ਸਰਕਾਰ ਬਣਾਈ। ਮੋਅ ਸਹੋਤਾ ਦੀ ਉਸ ਵੇਲੇ ਆਪਣੀ ਪਾਰਟੀ ਵਿੱਚ ਕਾਫੀ ਤਕੜੀ ਥਾਂ ਸੀ। ਉਨ੍ਹਾਂ ਨੂੰ *ਇਨਵਾਇਰਨਮੈਂਟ, ਲੈਂਡਜ਼ ਐਂਡ ਪਾਰਕਸ, ਐਂਡ ਮਨਿਸਟਰ ਰਿਸਪੌਂਸੀਬਲ ਫਾਰ ਹਿਊਮਨ ਰਾਈਟਸ ਐਂਡ ਮਲਟੀਕਲਚਰਲਿਜ਼ਮ* ਦੇ ਮੰਤਰਾਲਿਆਂ ਦੀ ਜ਼ੁੰਮੇਵਾਰੀ ਸੌਂਪੀ ਗਈ।

ਬੀ ਸੀ ਦੀ ਨਵੀਂ ਭਾਸ਼ਾ ਨੀਤੀ ਵਿੱਚ ਪੰਜਾਬੀ ਬੋਲੀ ਦੇ ਸ਼ਾਮਲ ਕੀਤੇ ਜਾਣ ਵਿੱਚ ਮੋਅ ਸਹੋਤਾ ਦਾ ਸਭ ਤੋਂ ਵਧ ਯੋਗਦਾਨ ਹੈ। ਪੰਜਾਬੀ ਬੋਲੀ ਦੇ ਸੰਬੰਧ ਵਿੱਚ ਕਾਮਯਾਬੀ ਦਾ ਰਾਜ਼ ਮੋਅ ਸਹੋਤਾ ਨਾਲ਼ ਸੰਬੰਧਿਤ ਦੋ ਗੱਲਾਂ ਵਿੱਚ ਦੇਖਿਆ ਜਾ ਸਕਦਾ ਹੈ। ਇੱਕ ਉਸ ਦੀ ਉਸ ਵੇਲੇ ਐੱਨ ਡੀ ਪੀ ਸਰਕਾਰ ਵਿੱਚ ਤਾਕਤਵਰ ਪੁਜ਼ੀਸ਼ਨ ਅਤੇ ਦੂਜਾ ਉਸ ਦਾ ਪੰਜਾਬੀ ਪ੍ਰਤੀ ਨਿਰਮਲ ਲਗਾਅ।[115] ਉਹ ਏਧਰ ਦਾ ਪਲ਼ਿਆ ਹੋਣ ਕਰ ਕੇ (ਉਹ ਇੱਕ ਸਾਲ ਦਾ ਹੀ ਪਰਿਵਾਰ ਨਾਲ਼ ਕਨੇਡਾ ਆ ਗਿਆ ਸੀ) ਕਾਫੀ ਹੱਦ ਤੱਕ ਖੁਦ ਪੰਜਾਬੀ ਬੋਲੀ ਭੁੱਲ ਚੁੱਕਾ ਸੀ। ਉਸ ਨੂੰ ਆਪਣੀ ਮਾਂ-ਬੋਲੀ ਦੇ ਵਿਗੋਚੇ ਦਾ ਅਹਿਸਾਸ ਸੀ। ਮੋਹ ਸਹੋਤਾ ਵੱਡੀ ਗਿਣਤੀ ਪੰਜਾਬੀਆਂ ਨੂੰ ਬੋਲੀ ਦੇ ਪੱਖੋਂ ਲੱਗੀ ਨਾਮੁਰਾਦ ਬੀਮਾਰੀ - ਬੋਲੀ ਨੂੰ ਧਰਮ ਦੇ ਕੋਣ ਤੋਂ ਪਿਆਰਨਾ ਜਾਂ ਨਫਰਤ ਕਰਨੀ - ਤੋਂ ਵੀ ਬਚਿਆ ਹੋਇਆ ਸੀ।

---

115 ਸਰਕਾਰ ਕੋਲ ਪੰਜਾਬੀ ਦੀ ਪੜ੍ਹਾਈ ਸੰਬੰਧੀ ਲੌਬੀ ਕਰਨ ਲਈ ਇੰਦਰ ਮੇਹਟ ਅਤੇ ਸਾਧੂ ਬਿਨਿੰਗ 1994 ਦੇ ਮਾਰਚ ਵਿੱਚ ਮੰਤਰੀ ਮੋਅ ਸਹੋਤਾ ਨੂੰ ਵਿਕਟੋਰੀਆ ਉਹਦੇ ਦਫਤਰ ਵਿੱਚ ਮਿਲੇ। ਉਨ੍ਹਾਂ ਦੇ ਪੰਜਾਬੀ ਵਲ ਸਨੇਹ ਨੇ ਸਾਨੂੰ ਬੇਹੱਦ ਪ੍ਰਭਾਵਤ ਕੀਤਾ। ਆਪਣੇ ਦਫਤਰ ਵਿੱਚ ਇਸ ਕਿਸਮ ਦੀ ਗੱਲ ਕਰਨੀ ਸੁਖਾਲੀ ਹੈ ਪਰ ਮੋਅ ਸਹੋਤਾ ਦੀ ਵਡਿਆਈ ਇਸ ਵਿੱਚ ਹੈ ਕਿ ਉਨ੍ਹੀਂ ਦਿਨੀਂ ਉਹ ਗੈਰ-ਪੰਜਾਬੀਆਂ (ਗੋਰਿਆਂ) ਸਾਹਮਣੇ (ਜਿੱਥੇ ਉਹਨੂੰ ਇਹ ਗੱਲ ਕਰਨ ਦੀ ਲੋੜ ਵੀ ਨਹੀਂ ਸੀ ਤੇ ਇਹ ਉਹਦੇ ਲਈ ਸਿਆਸੀ ਪੱਖੋਂ ਲਾਹੇਵੰਦ ਵੀ ਨਹੀਂ ਸੀ) ਵੀ ਪੰਜਾਬੀ ਦੇ ਸੰਬੰਧ ਬਹੁਤ ਹੀ ਭਾਵੁਕ ਤੇ ਜੋਸ਼ੀਲੀਆਂ ਤਕਰੀਰਾਂ ਕਰਦਾ ਸੀ (ਜੋ ਮੈਨੂੰ ਖੁਦ ਸੁਣਨ ਦਾ ਮੌਕਾ ਮਿਲਿਆ।) ਉਹ ਇਸ ਗੱਲ 'ਤੇ ਜੋਰ ਦਿੰਦੇ ਸਨ ਕਿ ਲੋਕਾਂ ਨੂੰ ਆਪਣੀ ਮਾਂ-ਬੋਲੀ ਪੜ੍ਹਨ ਦਾ ਮੌਕਾ ਜ਼ਰੂਰ ਹੋਣਾ ਚਾਹੀਦਾ ਹੈ, ਉਹ ਇਸ ਮੌਕੇ ਤੋਂ ਫਾਇਦਾ ਉਠਾਉਣ ਜਾਂ ਨਾ, ਇਹ ਬਾਅਦ ਦੀ ਗੱਲ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਜੇ ਸਕੂਲ ਵਿੱਚ ਮੈਨੂੰ ਇਹ ਮੌਕਾ ਮਿਲਦਾ ਤਾਂ ਮੈਂ ਜ਼ਰੂਰ ਪੰਜਾਬੀ ਪੜ੍ਹਦਾ।

ਪੰਜਾਬੀ ਲੈਂਗੂਏਜ ਐਜੂਕੇਸ਼ਨ ਅਸੋਸੀਏਸ਼ਨ (ਪਲੀ) ਵਲੋਂ ਬੀ ਸੀ ਰਹਿ ਚੁੱਕੇ ਮਨਿਸਟਰ ਮੋਅ ਸਹੋਤਾ ਦਾ ਸਨਮਾਨ ਕਰਦੇ ਹੋਏ ਪ੍ਰਧਾਨ ਬਲਵੰਤ ਸੰਘੇੜਾ ਅਤੇ ਮੀਤ ਪ੍ਰਧਾਨ ਸਾਧੂ ਬਿਨਿੰਗ, ਮਾਈਕ ’ਤੇ ਦਿਸ ਰਹੇ ਹਨ ਅਮਨ ਤੱਗੜ।

ਮੋਹ ਸਹੋਤਾ ਨੂੰ ਪੰਜਾਬੀਆਂ ਦੀ ਆਪਣੀ ਬੋਲੀ ਪ੍ਰਤੀ ਇਸ ਬੀਮਾਰੀ ਦਾ ਗਿਆਨ ਨਾ ਹੋਣਾ ਇੱਕ ਵਰਦਾਨ ਸਾਬਤ ਹੋਇਆ। ਉਸ ਦੇ ਨਾਲ਼ ਨਾਲ਼ ਸਾਡੀ ਕਮਿਊਨਿਟੀ ਦੇ ਐੱਨ ਡੀ ਪੀ ਵਿਚਲੇ ਦੂਜੇ ਆਗੂ ਸ੍ਰੀ ਉੱਜਲ ਦੋਸਾਂਝ, ਹੈਰੀ ਲਾਲੀ ਅਤੇ ਪੰਜਾਬੀ ਕਮਿਊਨਟੀ ਨਾਲ਼ ਸਹਾਨਭੂਤੀ ਰੱਖਣ ਵਾਲ਼ੇ ਹੋਰ ਸਿਆਸਤਦਾਨਾਂ ਜਿਵੇਂ ਸੂਅ ਹੈਮਲ ਅਤੇ ਪੈਨੀ ਪਰਿਡੀ ਆਦਿ ਵੱਲੋਂ ਵੀ ਇਸ ਕੰਮ ਲਈ ਵੱਡਮੁੱਲਾ ਯੋਗਦਾਨ ਪਾਇਆ ਗਿਆ। ਕਨੇਡਾ ਵਿੱਚ ਪੰਜਾਬੀ ਬੋਲੀ ਦੀ ਪੜ੍ਹਾਈ ਦੇ ਵਿਕਾਸ ਵਿੱਚ ਇਹ ਅਹਿਮ ਇਤਿਹਾਸਕ ਫੈਸਲਾ ਸੀ ਜੋ ਹਮੇਸ਼ਾ ਸਾਡੇ ਵਾਸਤੇ ਹੀ ਨਹੀਂ ਸਗੋਂ ਦੁਨੀਆ ਵਿੱਚ ਵਸਦੇ ਹਰ ਪੰਜਾਬੀ ਵਾਸਤੇ ਇੱਕ ਮੀਲ ਪੱਥਰ ਦਾ ਕੰਮ ਕਰਦਾ ਰਹੇਗਾ।

ਪਰ ਇਹ ਸਵਾਲ ਅਜੇ ਹੋਰ ਵਿਚਾਰ ਦੀ ਮੰਗ ਕਰਦਾ ਹੈ ਕਿ ਉਸ ਸੂਬੇ ਵਿੱਚ ਜਿੱਥੇ ਕਦੇ ਕਾਮਾਗਾਟਾ ਮਾਰੂ ਨੂੰ ਵੈਨਕੂਵਰ ਦੀ ਬੰਦਰਗਾਹ ਦੇ ਬਾਹਰ ਦੋ ਮਹੀਨੇ ਸਮੁੰਦਰ ਵਿੱਚ ਖੜ੍ਹਾ ਰੱਖਣ ਬਾਅਦ ਜਬਰਨ ਵਾਪਸ ਮੋੜ ਦਿੱਤਾ ਗਿਆ ਸੀ ਅਤੇ ਪੰਜਾਬੀਆਂ ਦੇ ਦਾਖਲੇ ਉੱਪਰ ਲੰਮਾ ਸਮਾਂ ਰੋਕ ਲਾ ਰੱਖੀ ਸੀ, ਪੰਜਾਬੀ ਬੋਲੀ ਨੂੰ ਇਹ ਦਰਜਾ ਮਿਲਣਾ ਕਿਸ ਤਰ੍ਹਾਂ ਸੰਭਵ ਹੋਇਆ? ਇਹ ਜਾਨਣ ਲਈ ਸਾਨੂੰ ਵੱਡੇ ਪੱਧਰ ਤੇ ਹੋਈਆਂ ਕੁਝ ਤਬਦੀਲੀਆਂ ਬਾਰੇ ਸੰਖੇਪ ਵਿੱਚ ਚਰਚਾ ਕਰਨੀ ਪਵੇਗੀ।

4.3.2

ਸੰਸਾਰ ਪੱਧਰ 'ਤੇ ਬਦਲੀਆਂ ਸਥਿਤੀਆਂ

ਦੂਜੀ ਵੱਡੀ ਸੰਸਾਰ ਜੰਗ ਤੋਂ ਬਾਅਦ ਯੂਰਪ ਵਿੱਚੋਂ ਕਨੇਡਾ ਆਉਣ ਵਾਲੇ ਆਵਾਸੀਆਂ ਦੀ ਗਿਣਤੀ ਵਿੱਚ ਵੱਡਾ ਘਾਟਾ ਪਿਆ। ਨਤੀਜੇ ਵਜੋਂ ਏਸ਼ੀਆ ਦੇ ਮੁਲਕਾਂ, ਖਾਸ ਕਰ ਭਾਰਤ ਅਤੇ ਚੀਨ ਤੋਂ, ਵੱਡੀ ਗਿਣਤੀ ਵਿੱਚ ਆਵਾਸੀਆਂ ਨੂੰ ਏਥੇ ਆਉਣ ਦਾ ਮੌਕਾ ਮਿਲਿਆ। ਇਸ ਨਵੀਂ ਅਸਲੀਅਤ ਨੂੰ ਅਤੇ ਸੰਸਾਰ ਪੱਧਰ 'ਤੇ ਵਾਪਰ ਰਹੀਆਂ ਵਿਆਪਕ ਤਬਦੀਲੀਆਂ, ਜਿਨ੍ਹਾਂ ਵਿੱਚ ਚੀਨ, ਕੋਰੀਆ, ਵੀਅਤਨਾਮ, ਕਿਊਬਾ ਤੇ ਅਫਰੀਕਾ ਦੇ ਕਈ ਮੁਲਕਾਂ ਵਿੱਚ ਬਸਤੀਵਾਦ ਵਿਰੁੱਧ ਚਲਦੀਆਂ ਲਹਿਰਾਂ ਹੀ ਨਹੀਂ ਸਨ, ਅਮਰੀਕਾ ਵਿੱਚ ਅਫਰੀਕਨ ਪਿਛੋਕੜ ਦੇ ਕਾਲੇ ਲੋਕਾਂ ਵੱਲੋਂ ਬਰਾਬਰਤਾ ਲਈ ਚਲਾਈਆਂ ਵੱਡੀਆਂ ਲਹਿਰਾਂ ਵੀ ਸ਼ਾਮਲ ਸਨ, ਨੂੰ ਧਿਆਨ ਵਿੱਚ ਰੱਖਦਿਆਂ ਕਨੇਡਾ ਦੀ ਉਸ ਵੇਲੇ ਦੀ ਲਿਬਰਲ ਸਰਕਾਰ ਵੱਲੋਂ ਆਪਣੇ ਸਮਾਜਕ ਤੇ ਸਿਆਸੀ ਢਾਂਚੇ ਵਿੱਚ ਕੁਝ ਤਬਦੀਲੀਆਂ ਕਰਨ ਲਈ ਕਦਮ ਉਠਾਏ ਗਏ। ਕਨੇਡਾ ਦਾ 1968 ਵਿੱਚ ਚੁਣਿਆ ਗਿਆ ਪ੍ਰਧਾਨ ਮੰਤਰੀ, ਪੀਅਰ ਟਰੂਡੋ, ਨਵੀਆਂ ਸਥਿਤੀਆਂ ਤੋਂ ਭਲੀਭਾਂਤ ਜਾਣੂੰ ਸੀ ਤੇ ਵਿਅਕਤੀਗਤ ਪੱਧਰ ਤੇ ਬੜਾ ਰੰਗੀਲਾ ਤੇ ਜੋਸ਼ੀਲਾ ਇਨਸਾਨ ਸੀ। ਉਸ ਦੀ ਅਗਵਾਈ ਥੱਲੇ ਕਨੇਡਾ ਨੇ 1971 ਵਿੱਚ ਸਰਕਾਰੀ ਤੌਰ 'ਤੇ ਆਪਣੇ ਆਪ ਨੂੰ ਬਹੁ-ਸੱਭਿਆਚਾਰਕ ਭਾਈਚਾਰਾ ਮੰਨ ਲਿਆ। ਜਿਸ ਦੇ ਸਿੱਟੇ ਵਜੋਂ ਏਥੋਂ ਦੇ ਦੋ ਮੁੱਖ ਸੱਭਿਆਚਾਰਾਂ ਅੰਗ੍ਰੇਜ਼ੀ ਅਤੇ ਫਰਾਂਸੀਸੀ ਤੋਂ ਬਿਨਾਂ ਬਾਕੀ ਸੱਭਿਆਚਾਰਾਂ ਨੂੰ ਵੀ ਮਾਣ ਸਨਮਾਨ ਤੇ ਆਪਣੇ ਆਪ ਨੂੰ ਕਾਇਮ ਰੱਖਣ ਤੇ ਵਧਣ ਫੁੱਲਣ ਦਾ ਹੱਕ ਮਿਲਿਆ। ਕਨੇਡਾ ਦੇ ਬਹੁ-ਸੱਭਿਆਚਾਰਕ ਢਾਂਚੇ ਵਿੱਚ ਇਹ ਗੱਲ ਤਾਂ ਨਹੀਂ ਵਾਪਰੀ ਕਿ ਬਹੁ-ਸੱਭਿਆਚਾਰਕ ਦੇਸ਼ ਨੂੰ ਬਹੁ-ਭਾਸ਼ੀ ਦੇਸ਼ ਵੀ ਮੰਨ ਲਿਆ ਜਾਵੇ ਅਤੇ ਨਾ ਹੀ ਅਜੇ ਅਜਿਹਾ ਹੋਣ ਦਾ ਕੋਈ ਆਸਾਰ ਨਜ਼ਰ ਆਉਂਦਾ ਹੈ। ਕਨੇਡਾ ਵਿੱਚ ਸਰਕਾਰੀ ਪੱਧਰ 'ਤੇ ਅਜੇ ਵੀ ਅੰਗ੍ਰੇਜ਼ੀ ਅਤੇ ਫਰਾਂਸੀਸੀ ਹੀ ਦੋ ਪ੍ਰਮਾਣਿਤ ਜ਼ਬਾਨਾਂ ਹਨ। ਪਰ ਫੇਰ ਵੀ ਇਸ ਢਾਂਚੇ ਵਿੱਚ ਦੂਜੀਆਂ ਬੋਲੀਆਂ ਪ੍ਰਤੀ ਸਤਿਕਾਰ ਵਧਿਆ ਅਤੇ ਕੇਂਦਰੀ ਸਰਕਾਰ ਦੇ ਕੁਝ ਕਾਨੂੰਨਾਂ ਅਨੁਸਾਰ ਘੱਟ ਗਿਣਤੀ ਬੋਲੀਆਂ ਨੂੰ ਪੜ੍ਹਾਉਣ ਲਈ ਵੀ ਕੁਝ ਛੋਟਾਂ ਦਿੱਤੀਆਂ ਗਈਆਂ।

ਕਨੇਡਾ ਵਿੱਚ ਅੰਦਰੂਨੀ ਤੌਰ 'ਤੇ ਆਈਆਂ ਇਨ੍ਹਾਂ ਤਬਦੀਲੀਆਂ ਉੱਪਰ ਦੁਨੀਆ ਦੀ ਆਰਥਕਤਾ ਵਿੱਚ ਆਈਆਂ ਤਬਦੀਲੀਆਂ ਨੇ ਵੀ ਅਸਰ ਪਾਇਆ। ਜਿੱਥੇ ਪਹਿਲਾਂ ਯੂਰਪੀਅਨ ਦੇਸ਼ ਆਰਥਿਕ ਪੱਖੋਂ ਦੁਨੀਆ ਦੇ ਮੋਹਰੀ ਸਨ ਹੁਣ ਜਾਪਾਨ, ਕੋਰੀਆ, ਚੀਨ ਤੇ ਏਸ਼ੀਆ ਦੇ ਕੁਝ ਹੋਰ ਮੁਲਕ ਵੀ ਆਪਣੀ ਆਰਥਕ ਸਰਦਾਰੀ ਕਾਇਮ ਕਰਨ ਵਲ ਵਧ ਰਹੇ ਸਨ। ਵਪਾਰ ਵਿਚਲੇ ਇਸ ਯਥਾਰਥ ਕਾਰਨ ਕਨੇਡਾ ਜਾਂ ਅਸਟਰੇਲੀਆ ਵਰਗੇ ਮੁਲਕ ਵਾਸਤੇ ਜਾਪਾਨੀ ਤੇ ਚੀਨੀ ਬੋਲੀਆਂ ਦੀ ਜਾਣਕਾਰੀ ਜ਼ਰੂਰੀ ਹੋ ਗਈ। ਇਹ ਕੋਈ ਮਹਿਜ਼ ਇਤਫਾਕ ਨਹੀਂ ਕਿ 1994 ਵਿੱਚ ਅਸਟਰੇਲੀਆ ਨੇ ਆਪਣੇ ਸਕੂਲਾਂ ਵਿੱਚ ਅੰਗ੍ਰੇਜ਼ੀ ਦੇ ਨਾਲ਼ ਨਾਲ਼ ਪੜ੍ਹਾਈਆਂ ਜਾਂਦੀਆਂ ਦੂਜੀਆਂ

ਯੂਰਪੀਅਨ ਬੋਲੀਆਂ ਜਰਮਨ ਤੇ ਫਰਾਂਸੀਸੀ ਦੀ ਥਾਂ ਜਾਪਾਨੀ, ਕੋਰੀਅਨ, ਚੀਨੀ ਤੇ ਇੰਡੋਨੇਸ਼ੀਅਨ ਬੋਲੀਆਂ ਪੜ੍ਹਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ।[116] ਏਸੇ ਤਰ੍ਹਾਂ ਜਦੋਂ ਬੀ ਸੀ ਵਿੱਚ ਵਿੱਦਿਆ ਦੀ ਭਾਸ਼ਾ ਨੀਤੀ ਨੂੰ ਬਦਲਣ ਦੀ ਗੱਲ ਚੱਲੀ ਤਾਂ ਸਥਾਪਿਤ ਤਾਕਤਾਂ ਵੱਲੋਂ ਇਸ ਤਬਦੀਲੀ ਲਈ ਸੇਧ ਵਜੋਂ ਆਰਿਥਕ ਕਾਰਨਾਂ ਨੂੰ ਹੀ ਅੱਗੇ ਰੱਖਣ ਦੇ ਸੁਝਾਅ ਦਿੱਤੇ। ਉਦਾਹਰਨ ਵਜੋਂ, ਬੀ ਸੀ ਦੇ ਸਭ ਤੋਂ ਸ਼ਕਤੀਸ਼ਾਲੀ ਅਖਬਾਰ *ਵੈਨਕੂਵਰ ਸਨ* ਨੇ ਇਸ ਬਾਰੇ ਅਪ੍ਰੈਲ 12, 1994 ਨੂੰ ਇਸੇ ਪੱਖ ਤੋਂ ਸੰਪਾਦਕੀ ਲਿਖੀ। ਇਸ ਦੇ ਵਿਰੋਧ ਵਿੱਚ ਪੰਜਾਬੀ ਭਾਈਚਾਰੇ ਵਿੱਚੋਂ ਆਵਾਜ਼ ਉਠਾਈ ਗਈ ਕਿਉਂਕਿ ਪੰਜਾਬੀ ਵਾਸਤੇ ਏਥੇ ਵੀ ਉਹੀ ਖਤਰਾ ਪੈਦਾ ਹੋ ਰਿਹਾ ਸੀ ਜਿਹੜਾ ਇਸ ਨੂੰ ਭਾਰਤ ਜਾਂ ਪਾਕਿਸਤਾਨ ਵਿੱਚ ਸੀ। ਇਸ ਦੇ ਵਿਰੋਧ ਵਿੱਚ ਅਪ੍ਰੈਲ 18, 1994 ਦੇ *ਵੈਨਕੂਵਰ ਸਨ* ਵਿੱਚ ਛਪੇ ਖਤ ਵਿੱਚ ਕਿਹਾ ਗਿਆ:

> ਜਦੋਂ ਅਸੀਂ ਪੜ੍ਹਾਉਣ ਵਾਸਤੇ ਨਵੀਆਂ ਬੋਲੀਆਂ ਦੀ ਸੂਚੀ ਤਿਆਰ ਕਰੀਏ ਤਾਂ ਵਪਾਰ ਹੀ ਇੱਕੋ ਇੱਕ ਕਸਵੱਟੀ ਨਹੀਂ ਹੋਣੀ ਚਾਹੀਦੀ। ਇਨਸਾਫ ਅਤੇ ਬਰਾਬਰਤਾ ਵਾਲ਼ਾ ਇੱਕ ਸਮਾਜ ਸਿਰਜਣ ਲਈ ਸਾਨੂੰ ਆਪਣੀਆਂ ਬਦਲ ਰਹੀਆਂ ਸਮਾਜਿਕ ਤਬਦੀਲੀਆਂ ਵਲ ਵੀ ਧਿਆਨ ਦੇਣਾ ਚਾਹੀਦਾ ਹੈ। ... ਪੰਜਾਬੀ ਬੋਲਣ ਵਾਲੇ ਲੋਕ ਸਦੀ ਦੇ ਸ਼ੁਰੂ ਤੋਂ ਇਸ ਸੂਬੇ ਵਿੱਚ ਆਪਣਾ ਯੋਗਦਾਨ ਪਾ ਰਹੇ ਹਨ ਅਤੇ ਉਨ੍ਹਾਂ ਦੀ ਏਥੇ ਵੱਡੀ ਗਿਣਤੀ ਵਸਦੀ ਹੈ। ਇਸ ਲਈ, ਮੇਰੇ ਖਿਆਲ ਵਿੱਚ ਜਦੋਂ ਅਸੀਂ ਨਵੀਂ ਸੂਚੀ ਬਣਾਈਏ ਤਾਂ ਪੰਜਾਬੀ ਵੀ ਉਸ ਵਿੱਚ ਹੋਣੀ ਚਾਹੀਦੀ ਹੈ।[117]

ਦੂਜੀ ਮਹੱਤਵਪੂਰਨ ਤਬਦੀਲੀ ਵਿੱਦਿਆ ਦੇ ਖੇਤਰ ਵਿੱਚ ਹੋਈਆਂ ਨਵੀਆਂ ਖੋਜਾਂ ਦਾ ਸਿੱਟਾ ਹੈ। ਹੁਣ ਇਹ ਗੱਲ ਫੈਸਲਾਕੁੰਨ ਤਰੀਕੇ ਨਾਲ਼ ਤੈਅ ਹੋ ਚੁੱਕੀ ਹੈ ਕਿ ਬੱਚੇ ਵਾਸਤੇ ਇੱਕ ਤੋਂ ਵਧ ਬੋਲੀਆਂ ਸਿੱਖਣਾ ਔਖੀ ਜਾਂ ਹਾਨੀਕਾਰਕ ਗੱਲ ਨਹੀਂ ਸਗੋਂ ਇਹ ਗੱਲ ਉਸ ਦੇ ਬੌਧਿਕ ਵਿਕਾਸ ਵਿੱਚ ਮਦਦਗਾਰ ਸਾਬਤ ਹੁੰਦੀ ਹੈ। (ਇਸ ਨੁਕਤੇ ਬਾਰੇ ਪਹਿਲਾਂ ਵੀ ਵਿਸਥਾਰ ਵਿੱਚ ਚਰਚਾ ਕੀਤੀ ਜਾ ਚੁੱਕੀ ਹੈ) ਉਦਾਹਰਨ ਵਜੋਂ, ਜੇ ਬੱਚੇ ਨੂੰ ਮੁੱਢਲੀ ਸਿੱਖਿਆ ਉਸ ਦੀ ਮਾਂ-ਬੋਲੀ ਵਿੱਚ ਦਿੱਤੀ ਜਾਵੇ ਅਤੇ ਉਸ ਨੂੰ ਹੌਲੀ ਹੌਲੀ ਦੂਜੀ ਬੋਲੀ ਵਲ ਲਿਆਂਦਾ ਜਾਵੇ ਤਾਂ ਉਹ ਵਧੀਆ ਤਰੀਕੇ ਨਾਲ਼ ਆਪਣਾ ਵਿਕਾਸ ਕਰੇਗਾ। ਇਸ ਦੇ ਉਲਟ, ਪਹਿਲਾਂ ਇਹ ਯਕੀਨ ਕੀਤਾ ਜਾਂਦਾ ਸੀ, ਕਿ ਬੱਚੇ ਵਾਸਤੇ ਦੂਜੀ ਲੋੜੀਂਦੀ ਬੋਲੀ ਵਿੱਚ ਮੁਹਾਰਤ ਹਾਸਲ ਕਰਨ ਲਈ ਜ਼ਰੂਰੀ ਹੈ ਕਿ ਉਸ

---

116 Asian Languages Made Compulsory in Austrailia, Vancouver Sun, April 28, 1994. A 12.

117 Sadhu Binning, The Vancouver Sun, Monday, April 18, 1994. p A13.

ਨੂੰ ਉਸ ਦੀ ਮਾਂ-ਬੋਲੀ ਬੋਲਣ ਤੇ ਵਰਤਣ ਤੋਂ ਵਰਜਿਆ ਜਾਵੇ। ਹੁਣ ਇਹ ਗੱਲ ਗਲਤ ਮੰਨੀ ਜਾਣ ਲੱਗ ਪਈ ਹੈ।[118]

ਪੰਜਾਬੀ ਦੇ ਸੰਬੰਧ ਵਿੱਚ ਤੀਜੀ ਗੱਲ, ਜਿਹੜੀ ਪਹਿਲਾਂ ਵੀ ਕਹੀ ਜਾ ਚੁੱਕੀ ਹੈ, ਉਹ ਇਹ ਕਿ ਪੰਜਾਬੀ ਬੀ ਸੀ ਵਿੱਚ ਤੀਜੇ ਨੰਬਰ ਤੇ ਆਉਣ ਵਾਲ਼ੀ ਬੋਲੀ ਹੈ। ਕਨੇਡਾ ਤੇ ਬੀ ਸੀ ਵਰਗੇ ਸੂਬੇ ਵਿੱਚ ਲੋਕਤੰਤਰ ਦੀ ਹਾਲਤ ਏਨੀ ਭੈੜੀ ਨਹੀਂ ਅਤੇ ਕੁਝ ਹੱਦ ਤੱਕ ਸਰਕਾਰੀ ਢਾਂਚੇ ਕੋਲੋਂ ਇਨਸਾਫ ਦੀ ਆਸ ਰੱਖੀ ਜਾ ਸਕਦੀ ਹੈ। ਇਨ੍ਹਾਂ ਸਥਿਤੀਆਂ ਵਿੱਚ ਇਹ ਤੱਥ ਕਿ ਬੀ ਸੀ ਵਿੱਚ ਪੰਜਾਬੀ ਬੋਲਣ ਵਾਲ਼ੇ ਲੋਕ ਵੱਡੀ ਗਿਣਤੀ ਵਿੱਚ ਰਹਿੰਦੇ ਹਨ, ਆਪਣੇ ਆਪ ਵਿੱਚ ਕਾਫੀ ਅਹਿਮੀਅਤ ਰੱਖਦਾ ਹੈ।[119] ਸੋ ਇਹ ਕੁਝ ਉਹ ਕਾਰਨ ਸਨ ਜਿਨ੍ਹਾਂ ਨੇ ਅਜਿਹੇ ਹਾਲਾਤ ਪੈਦਾ ਕੀਤੇ ਜਿਨ੍ਹਾਂ ਕਰ ਕੇ ਬੀ ਸੀ ਵਿੱਚ ਪੰਜਾਬੀ ਬੋਲੀ ਨੂੰ ਦੂਜੀਆਂ ਬੋਲੀਆਂ ਦੇ ਬਰਾਬਰ ਦਾ ਸਥਾਨ ਪ੍ਰਾਪਤ ਹੋ ਸਕਿਆ ਹੈ।

4.3.3

ਬੀ ਸੀ ਦੀ ਨਵੀਂ ਭਾਸ਼ਾ ਨੀਤੀ ਉੱਪਰ ਸੰਖੇਪ ਝਾਤ:

ਜੂਨ 29, 1994 ਵਾਲੇ ਦਿਨ ਬੀ ਸੀ ਦੇ ਮੁੱਖ-ਮੰਤਰੀ (ਪ੍ਰੀਮੀਅਰ) ਮਾਈਕ ਹਾਰਕੋਰਟ ਵੱਲੋਂ ਵੈਨਕੂਵਰ ਦੇ ਚਾਈਨਾ ਟਾਊਨ ਵਿੱਚ ਬੀ ਸੀ ਦੀ ਨਵੀਂ ਭਾਸ਼ਾ ਨੀਤੀ ਦਾ ਐਲਾਨ ਕੀਤਾ ਗਿਆ। ਇਸ ਅਨੁਸਾਰ ਬੀ ਸੀ ਦੇ ਸਕੂਲਾਂ ਵਿੱਚ ਅੰਗ੍ਰੇਜ਼ੀ ਤੋਂ ਬਾਅਦ ਪੜ੍ਹਾਈਆਂ ਜਾਣ ਵਾਲ਼ੀਆਂ ਛੇ ਬੋਲੀਆਂ ਵਿੱਚ ਪੰਜਾਬੀ ਵੀ ਸ਼ਾਮਲ ਸੀ। ਸਕੂਲ ਪੜ੍ਹਦੇ ਹਰ ਵਿਦਿਆਰਥੀ ਵਾਸਤੇ ਇਹ ਜ਼ਰੂਰੀ ਕਰ ਦਿੱਤਾ ਗਿਆ ਕਿ ਉਹ ਗਰੇਡ 5 ਤੋਂ 8 ਤੱਕ ਅੰਗ੍ਰੇਜ਼ੀ ਦੇ ਨਾਲ਼ ਨਾਲ਼ ਇੱਕ ਹੋਰ ਦੂਜੀ ਭਾਸ਼ਾ ਵੀ ਸਿੱਖੇ। ਗਰੇਡ 9 ਤੋਂ ਲੈ ਕੇ 12 ਤੱਕ ਦੂਜੀ ਭਾਸ਼ਾ ਦੀ ਪੜ੍ਹਾਈ ਲਾਜ਼ਮੀ ਨਹੀਂ ਪਰ ਵਿਦਿਆਰਥੀ ਜਿਹੜੀ ਭਾਸ਼ਾ 5 ਤੋਂ 8 ਤੱਕ ਪੜ੍ਹਨਗੇ ਉਹ ਉਸ ਨੂੰ 12 ਤੱਕ ਅੱਗੇ ਪੜ੍ਹ ਸਕਣਗੇ। ਗਰੇਡ 9, 10 ਤੇ 11 ਦੌਰਾਨ ਵਿਦਿਆਰਥੀ ਭਾਸ਼ਾ ਦੇ ਕੋਰਸ ਇਖਤਿਆਰੀ ਵਿਸ਼ੇ (ਇਲੈਕਟਿਵ) ਦੇ ਤੌਰ ’ਤੇ ਵੀ ਲੈ ਸਕਦੇ ਹਨ। ਪੰਜਵੀਂ ਤੋਂ ਅੱਠਵੀਂ ਤੱਕ ਪੰਜਾਬੀ ਜਮਾਤਾਂ ਦਾ ਚਾਲੂ ਹੋਣਾ ਜਿੱਥੇ ਇੱਕ ਔਖਾ ਕੰਮ ਹੈ (ਇਸ ਬਾਰੇ ਅੱਗੇ ਚਲ ਕੇ ਚਰਚਾ

---

118 ਉਂਜ ਪੰਜਾਬੀ ਦੀਆਂ ਅਖਬਾਰਾਂ ਵਿੱਚ ਇਹ ਖਬਰ ਅਜੇ ਵੀ ਕਦੇ ਕਦੇ ਪੜ੍ਹਨ ਨੂੰ ਮਿਲ ਜਾਂਦੀ ਹੈ ਕਿ ਚੰਡੀਗੜ੍ਹ ਵਿਚ ਤਾਂ ਆਮ ਹੀ ਪਰ ਲੁਧਿਆਣੇ ਜਾਂ ਪੰਜਾਬ ਦੇ ਕਿਸੇ ਹੋਰ ਸ਼ਹਿਰ ਦੇ ਸਕੂਲਾਂ ਵਿੱਚ ਵੀ ਵਿਦਿਆਰਥੀਆਂ ਨੂੰ ਸਕੂਲ ਵਿੱਚ ਪੰਜਾਬੀ ਬੋਲਣ ਕਾਰਨ ਸਜ਼ਾ ਦਾ ਸਾਹਮਣਾ ਕਰਨਾ ਪੈਂਦਾ ਹੈ। ਗੁਲਾਮ ਜ਼ਿਹਨੀਅਤ ਦਾ ਇਸ ਤੋਂ ਵੱਡਾ ਨਮੂਨਾ ਸ਼ਾਇਦ ਹੋਰ ਕਿਤੇ ਵੀ ਦੇਖਣ ਨੂੰ ਨਾ ਮਿਲੇ।

119 ਬੋਲੀ ਦੇ ਸੰਬੰਧ ਵਿੱਚ ਪੰਜਾਬੀਆਂ ਵਾਸਤੇ ਇਹ ਇੱਕ ਵੱਖਰਾ ਅਨੁਭਵ ਹੈ ਕਿਉਂਕਿ ਪੰਜਾਬੀ ਬੋਲੀ ਨਾਲ਼ ਭਾਰਤ ਤੇ ਪਾਕਿਸਤਾਨ (ਜਿੱਥੇ ਦੇਸ਼ ਦੀ 60% ਤੋਂ ਵਧ ਅਬਾਦੀ ਪੰਜਾਬੀ ਬੋਲਦੀ ਹੈ) ਵਿੱਚ ਦਿਨ ਦਿਹਾੜੇ ਹੋ ਰਹੀ ਵਧੀਕੀ ਦਾ ਸਭ ਨੂੰ ਇਲਮ ਹੈ।

ਕੀਤੀ ਜਾਵੇਗੀ) ਉੱਥੇ ਇਸ ਦੀ ਮਹੱਤਤਾ ਵੀ ਉੱਨੀ ਹੀ ਜ਼ਿਆਦਾ ਹੈ। ਗਰੇਡ 9 ਤੋਂ 11 ਤੱਕ ਇਲੈਕਟਿਵ ਕੋਰਸ ਹੋਣ ਕਾਰਨ ਜਿੱਥੇ ਸਕੂਲ ਵੱਲੋਂ ਇਹ ਜਮਾਤ ਸ਼ੁਰੂ ਕਰਨੀ ਸੁਖਾਲੀ ਹੈ ਉੱਥੇ ਉਨੀ ਹੀ ਆਸਾਨੀ ਨਾਲ਼ ਇਸ ਨੂੰ ਹਟਾਇਆ ਜਾ ਸਕਦਾ ਹੈ। ਪਰ ਇਸ ਤੋਂ ਉਲਟ ਪੰਜਵੀਂ ਤੋਂ ਅੱਠਵੀ ਤੱਕ ਜੇ ਕਿਸੇ ਸਕੂਲ ਵਿੱਚ ਪੰਜਾਬੀ ਸ਼ੁਰੂ ਹੋ ਜਾਂਦੀ ਹੈ ਤਾਂ ਉਸ ਨੂੰ ਹਟਾਉਣਾ ਏਨਾ ਸੁਖਾਲਾ ਨਹੀਂ।

ਕਿਹੜੇ ਸਕੂਲ ਵਿੱਚ ਕਿਹੜੀ ਬੋਲੀ ਦੂਜੀ ਭਾਸ਼ਾ ਦੇ ਤੌਰ ’ਤੇ ਪੜ੍ਹਾਈ ਜਾਣੀ ਹੈ, ਇਸ ਗੱਲ ਦਾ ਫੈਸਲਾ ਸੰਬੰਧਿਤ ਸਕੂਲ ਦੇ ਅਧਿਕਾਰੀਆਂ ਅਤੇ ਸਕੂਲ ਬੋਰਡ ਦੇ ਹੱਥ ਵਿੱਚ ਦੇ ਦਿੱਤਾ ਗਿਆ। ਸੰਬੰਧਿਤ ਸਕੂਲ ਸੂਬੇ ਵਲੋਂ ਪ੍ਰਵਾਨਿਤ ਛੇ ਬੋਲੀਆਂ, ਫਰਾਂਸੀਸੀ, ਜਰਮਨ, ਸਪੇਨੀ, ਜਾਪਾਨੀ, ਚੀਨੀ ਅਤੇ ਪੰਜਾਬੀ ਵਿੱਚੋਂ ਕੋਈ ਵੀ ਇੱਕ ਜਾਂ ਇੱਕ ਤੋਂ ਵਧ ਬੋਲੀਆਂ ਦੂਜੀ ਭਾਸ਼ਾ ਦੇ ਤੌਰ ’ਤੇ ਪੜ੍ਹਾਉਣ ਵਾਸਤੇ ਚੁਣ ਸਕਦੇ ਹਨ। ਇਨ੍ਹਾਂ ਬੋਲੀਆਂ ਵਿੱਚ ਫਰਾਂਸੀਸੀ ਨੂੰ ਵਿਸ਼ੇਸ਼ ਸਥਾਨ ਦਿੱਤਾ ਗਿਆ ਹੈ ਅਤੇ ਜੇ ਕਿਸੇ ਸਕੂਲ ਵੱਲੋਂ ਕਿਸੇ ਵਿਸ਼ੇਸ਼ ਬੋਲੀ ਦੀ ਚੋਣ ਨਾ ਕੀਤੀ ਜਾਵੇ ਤਾਂ ਉਸ ਸਕੂਲ ਵਿੱਚ ਫਰਾਂਸੀਸੀ ਹੀ ਦੂਜੀ ਭਾਸ਼ਾ ਦੇ ਤੌਰ ’ਤੇ ਪੜ੍ਹਾਈ ਜਾਵੇਗੀ।[120]

ਨਾਲ਼ ਹੀ ਨਵੀਂ ਭਾਸ਼ਾ ਨੀਤੀ ਵਿੱਚ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਵਾਸਤੇ ਕਿਸੇ ਬੋਲੀ ਦੇ ਆਖਰੀ, ਭਾਵ ਕਿ ਗਰੇਡ 12 ਦੇ ਇਮਿਤਹਾਨ ਨੂੰ ਵੰਗਾਰ (ਚੈਲੰਜ ਕਰ) ਸਕਣਾ ਅਤੇ ਬਰਾਬਰ ਦਾ ਇਮਿਤਹਾਨ (ਇਕੁਵਲੈਂਸੀ ਟੈਸਟ) ਦੇ ਸਕਣਾ ਵੀ ਸ਼ਾਮਲ ਹੈ। ਦੂਜੇ ਸ਼ਬਦਾਂ ਵਿੱਚ ਜੇ ਕੋਈ ਵਿਦਿਆਰਥੀ ਪਹਿਲਾਂ ਹੀ ਕੋਈ ਬੋਲੀ ਜਾਣਦਾ ਹੋਵੇ, ਜਿਹੜੀ ਉਸ ਨੇ ਕਿਸੇ ਵੀ ਹੋਰ ਜਗ੍ਹਾ ਸਿੱਖੀ ਹੋਵੇ, ਉਦਾਹਰਨ ਵਜੋਂ, ਕੋਈ ਵਿਦਿਆਰਥੀ ਪੰਜਾਬ ਤੋਂ ਆਉਂਦਾ ਹੈ ਜਿਸ ਨੇ ਉਥੇ ਸਕੂਲ ਵਿੱਚ ਕੁਝ ਸਾਲ ਪੰਜਾਬੀ ਪੜ੍ਹੀ ਹੈ ਜਾਂ ਉਹਨੇ ਏਥੇ ਵਿਰਸੇ ਦੀ ਭਾਸ਼ਾ ਸਿਖਾਉਣ ਵਾਸਤੇ ਚਲਾਏ ਜਾਂਦੇ ਸਕੂਲਾਂ ਜਾਂ ਗੁਰਦਵਾਰੇ ਵਿੱਚ ਪੰਜਾਬੀ ਪੜ੍ਹੀ ਹੈ, ਤਾਂ ਉਹ ਵਿਦਿਆਰਥੀ ਪੰਜਾਬੀ ਦੇ ਕੋਰਸ ਨੂੰ ਵੰਗਾਰ ਸਕਦਾ ਹੈ ਅਤੇ ਉਸ ਨੂੰ ਪਾਸ ਕਰ ਕੇ ਯੂਨੀਵਰਸਿਟੀਆਂ ਵੱਲੋਂ ਦਾਖਲੇ ਵਾਸਤੇ ਦੂਜੀ ਭਾਸ਼ਾ ਦੀ ਮੰਗ ਪੂਰੀ ਕਰ ਸਕਦਾ ਹੈ।

4.3.4
ਨਵੀਂ ਭਾਸ਼ਾ ਨੀਤੀ ਨੂੰ ਸਕੂਲਾਂ ਵਿੱਚ ਲਾਗੂ ਕਰਵਾਉਣ ਦਾ ਅਮਲ

ਜਦੋਂ ਬੀ ਸੀ ਸਰਕਾਰ ਵੱਲੋਂ ਨਵੀਂ ਭਾਸ਼ਾ ਨੀਤੀ ਐਲਾਨੀ ਗਈ ਉਸ ਵੇਲੇ ਦੂਜੀਆਂ ਨਵੀਂਆਂ ਬੋਲੀਆਂ ਦੇ ਨਾਲ਼ ਨਾਲ਼ ਪੰਜਾਬੀ ਨੂੰ ਵੀ ਸਕੂਲਾਂ ਵਿੱਚ ਲਾਗੂ ਕਰਨ ਦਾ ਸਮਾਂ 1996-97 ਮਿੱਥਿਆ ਗਿਆ ਸੀ। ਇਸ ਮਕਸਦ ਵਾਸਤੇ ਸੂਬੇ ਦੇ ਵਿੱਦਿਆ ਮਹਿਕਮੇ ਵੱਲੋਂ ਸਭ ਤੋਂ ਪਹਿਲਾਂ ਪੰਜਾਬੀ ਬੋਲੀ ਦਾ ਪਾਠ-ਕ੍ਰਮ ਤਿਆਰ ਕਰਵਾਇਆ

[120] *Language Education in B C Schools: Policy and Guidelines*. British Columbia, Ministry of Education, Skills and Training p. 6.

ਗਿਆ।[121] ਫੇਰ ਉਸ ਪਾਠ-ਕ੍ਰਮ ਨੂੰ ਲਾਗੂ ਕਰਨ ਵਾਸਤੇ ਪੜ੍ਹਾਈ ਵਿੱਚ ਵਰਤਣ ਲਈ ਸੋਮਿਆਂ (ਰੀਸੋਰਸਜ਼) ਦੀ ਨਿਸ਼ਾਨਦੇਹੀ ਕੀਤੀ ਗਈ ਅਤੇ ਸਾਰੀ ਸਮੱਗਰੀ (ਮੈਟਰ) ਇੱਕ ਪਲੰਦੇ (ਪੈਕੇਜ) ਵਿੱਚ ਇਕੱਠਾ ਕਰ ਕੇ ਪੰਜਾਬੀ 5 ਤੋਂ 12 ਇੰਟੈਗਰੇਟਿਡ ਰੀਸੋਰਸਜ਼ ਪੈਕੇਜ (ਆਈ ਆਰ ਪੀ) 1995 ਵਿੱਚ ਛਾਪਿਆ ਗਿਆ। ਪੰਜਾਬੀ ਬੋਲੀ ਦੀ ਪੜ੍ਹਾਈ ਵਾਸਤੇ ਬੀ ਸੀ ਦਾ ਕੋਈ ਵੀ ਸਕੂਲ ਵਿਕਟੋਰੀਆ ਤੋਂ ਇਹ ਪੈਕੇਜ ਮੰਗਵਾ ਕੇ ਵਰਤ ਸਕਦਾ ਸੀ।[122] ਮੰਤਰਾਲੇ ਨੇ ਇਸੇ ਤਰ੍ਹਾਂ ਦੂਜੀਆਂ ਬੋਲੀਆਂ ਦੇ ਵੀ ਨਵੇਂ ਆਈ ਆਰ ਪੀ ਤਿਆਰ ਕਰਵਾਏ।

ਇਸ ਸਮੇਂ ਦੌਰਾਨ, ਮੰਤਰਾਲੇ ਵੱਲੋਂ ਕੀਤੀਆਂ ਜਾ ਰਹੀਆਂ ਤਿਆਰੀਆਂ ਬਾਰੇ 'ਖਬਰਾਂ' ਨਾ ਕਿ ਸਹੀ ਜਾਣਕਾਰੀ, ਪੰਜਾਬੀ ਭਾਈਚਾਰੇ ਵਿੱਚ ਵੱਖਰੇ ਵੱਖਰੇ ਰੂਪ ਵਿੱਚ ਪਹੁੰਚਦੀਆਂ ਰਹੀਆਂ। ਨਤੀਜੇ ਵਜੋਂ ਭਾਈਚਾਰੇ ਅੰਦਰ ਇਸ ਸਾਰੇ ਅਮਲ ਦੀ ਸਹੀ ਜਾਣਕਾਰੀ ਨਾ ਹੋਣ ਕਾਰਨ ਇੱਕ ਭੁਲੇਖਾ ਖੜ੍ਹਾ ਹੋ ਗਿਆ ਕਿ 'ਬੀ ਸੀ ਦੇ ਸਕੂਲਾਂ ਵਿੱਚ ਪੰਜਾਬੀ ਲਾਗੂ ਹੋ ਗਈ ਹੈ'। ਭਾਵ ਕਿ ਨਵੀਂ ਨੀਤੀ ਬਣੀ ਹੀ ਨਹੀਂ, ਲਾਗੂ ਵੀ ਹੋ ਗਈ ਹੈ। ਇਸ ਨਾਲ਼ ਲੋਕਾਂ ਦੇ ਮਨਾਂ ਵਿੱਚ ਇਹ ਗੱਲ ਘਰ ਕਰ ਗਈ ਕਿ ਹੁਣ ਕਿਸੇ ਨੂੰ ਵੀ ਕੁਝ ਕਰਨ ਦੀ ਲੋੜ ਨਹੀਂ ਹੈ। ਵਿਡੰਬਣਾ ਇਹ ਕਿ ਭੁਲੇਖਾ ਪੈਦਾ ਕਰਨ ਵਿੱਚ ਵੀ ਕੁਝ ਉਹ ਸਿਆਸੀ ਵਿਅਕਤੀ ਅਤੇ ਕਾਰਕੁੰਨ ਹੀ ਸ਼ਾਮਲ ਸਨ ਜਿਨ੍ਹਾਂ ਨੇ ਪੰਜਾਬੀ ਬੋਲੀ ਨੂੰ ਸਕੂਲੀ ਵਿੱਦਿਆ ਦਾ ਹਿੱਸਾ ਬਣਾਉਣ ਵਿੱਚ ਯੋਗਦਾਨ ਪਾਇਆ ਸੀ। ਇਸ ਭੁਲੇਖੇ ਦੇ ਬੇਹੱਦ ਬੁਰੇ ਨਤੀਜੇ ਨਿਕਲੇ। ਲੋਕ ਬਿਨਾਂ ਕਿਸੇ ਕੋਸ਼ਿਸ਼ ਕਰਨ ਦੇ ਇਹ ਆਸ ਲਾ ਕੇ ਬੈਠ ਗਏ ਕਿ ਸਕੂਲ ਉਨ੍ਹਾਂ ਦੇ ਬੱਚਿਆਂ ਨੂੰ ਆਪਣੇ ਆਪ ਪੰਜਾਬੀ ਪੜ੍ਹਾਉਣੀ ਸ਼ੁਰੂ ਕਰ ਦੇਣਗੇ। ਪਰ ਇਸ ਤਰ੍ਹਾਂ ਹੋਇਆ ਨਹੀਂ। ਸਮੱਸਿਆ ਨੂੰ ਸਮਝਣ ਲਈ ਅਸੀਂ ਕਹਿ ਸਕਦੇ ਹਾਂ ਕਿ ਸਾਨੂੰ ਸਰਕਾਰ ਵੱਲੋਂ ਇਸ ਨਵੀਂ ਗਰਾਊਂਡ ਵਿੱਚ ਖੇਡਣ ਦੀ ਪਹਿਲੀ ਵਾਰੀ ਇਜਾਜ਼ਤ ਦੇ ਦਿੱਤੀ ਗਈ ਪਰ ਖੇਡ 'ਚ ਹਿੱਸਾ ਲੈਣ ਲਈ ਅਜੇ ਸਾਡੇ ਕੋਲ਼ ਨਾ ਕੋਈ ਸਾਜ਼-ਸਮਾਨ ਸੀ, ਨਾ ਖਿਡਾਰੀਆਂ ਦੀ ਟੀਮ ਤੇ ਨਾ ਹੀ ਖੇਡਣ ਦੀ ਜਾਚ ਜਾਂ ਤਜਰਬਾ।

---

121 ਇਸ ਕੰਮ ਲਈ ਮੰਤਰਾਲੇ ਵੱਲੋਂ ਪੰਜਾਬੀ ਭਾਈਚਾਰੇ ਵਿੱਚੋਂ ਸੱਤ ਅਧਿਆਪਕਾਂ ਦੀ ਇੱਕ ਟੀਮ ਸੰਗਠਿਤ ਕੀਤੀ ਗਈ: ਪਰਮਜੀਤ ਪਰਮਾਰ, ਮੇਪਲ ਰਿੱਜ; ਦਵਿੰਦਰ ਪਾਵਾ, ਵੈਨਕੂਵਰ; ਅਜੀਤ ਸਿੰਘ ਬੈਂਸ, ਲਿਟਨ; ਕਮਲਜੀਤ ਸਿੱਧੂ, ਸਰ੍ਹੀ; ਗੁਰਦੇਵ ਸਿੰਘ ਧਾਲੀਵਾਲ ਦਸ਼ਮੇਸ਼ ਪੰਜਾਬੀ ਸਕੂਲ; ਅਮਰੀਕ ਪਰਹਾਰ, ਟੈਹਿਸਸ ਅਤੇ ਸਾਧੂ ਬਿਨਿੰਗ, ਯੂ ਬੀ ਸੀ।

122 ਮੰਤਰਾਲੇ ਵੱਲੋਂ ਤਿਆਰ ਕੀਤਾ 'ਪੰਜਾਬੀ 5 ਤੋਂ 12 ਇੰਟੈਗਰੇਟਿਡ ਰੀਸੋਰਸਜ਼ ਪੈਕੇਜ' ਇਸ ਹੇਠ ਲਿਖੀ ਸਾਈਟ ਤੋਂ ਉਤਾਰਿਆ (ਡਾਊਨ ਲੋਡ) ਜਾ ਸਕਦਾ ਹੈ।
http://www.bced.gov.bc.ca/irp/course.php?lang=en&subject=International_Languages&course=Punjabi_5_to_12&year=1995

4.3.5

ਨਵੀਂ ਭਾਸ਼ਾ ਨੀਤੀ ਦੇ ਲਾਗੂ ਹੋਣ ਵਿੱਚ ਮੁਸ਼ਕਲਾਂ:

ਜਿੱਥੇ ਬੀ ਸੀ ਦੇ ਵਿੱਦਿਅਕ ਢਾਂਚੇ ਵਿੱਚ ਨਵੀਂ ਭਾਸ਼ਾ ਨੀਤੀ ਨੇ ਪੰਜਾਬੀ ਨੂੰ ਛੇਆਂ ਬੋਲੀਆਂ ਵਿੱਚ ਸ਼ਾਮਲ ਕਰ ਕੇ ਇਸ ਦੇ ਵਿਕਾਸ ਵਾਸਤੇ ਇੱਕ ਸੁਨਿਹਰੀ ਮੌਕਾ ਕਾਇਮ ਕੀਤਾ ਉੱਥੇ ਇਸ ਨੀਤੀ ਨੂੰ ਲਾਗੂ ਕਰਨ ਵਾਸਤੇ ਸਥਾਪਿਤ ਕੀਤੇ ਅਮਲ ਨੇ ਪੰਜਾਬੀ ਲਈ ਕੁਝ ਵੱਡੀਆਂ ਅੜਚਣਾਂ ਖੜ੍ਹੀਆਂ ਕਰ ਦਿੱਤੀਆਂ।

ਭਾਸ਼ਾ ਨੀਤੀ ਲਾਗੂ ਕਰਨ ਦਾ ਕੰਮ ਸੂਬੇ ਦੀ ਸਰਕਾਰ ਨੇ ਆਪਣੇ ਹੱਥ ਲੈਣ ਦੀ ਥਾਂ ਸਕੂਲ ਬੋਰਡਾਂ ਅਤੇ ਉਸ ਤੋਂ ਵੀ ਅੱਗੇ ਸਕੂਲਾਂ ਦੇ ਸਪੁਰਦ ਕਰ ਦਿੱਤਾ। ਇਹ ਅਮਲ ਬੜਾ ਸਿੱਧਾ ਤੇ ਸਾਫ਼ ਹੈ: ਸਕੂਲ ਵਿੱਚ ਪੜ੍ਹਦੇ ਬੱਚਿਆਂ ਦੇ ਮਾਪੇ ਆਪਣੀ ਲੋੜ, ਇਸ ਕੇਸ ਵਿੱਚ ਪੰਜਾਬੀ ਬੋਲੀ ਪੜ੍ਹਾਏ ਜਾਣ ਦੀ ਲੋੜ, ਸਕੂਲ ਦੇ ਪ੍ਰਿੰਸੀਪਲ ਨੂੰ ਦੱਸਣ; ਉਹਨੂੰ ਮਨਾ ਕੇ ਅੱਗੇ ਉਸ ਰਾਹੀਂ ਸਕੂਲ ਬੋਰਡ ਤੱਕ ਪਹੁੰਚ ਕਰਨ। ਬਹੁਤੀ ਵਾਰੀ ਜੇ ਸਕੂਲ ਦਾ ਪ੍ਰਿੰਸੀਪਲ ਤੁਹਾਡੇ ਨਾਲ਼ ਸਹਿਮਤ ਹੋ ਜਾਵੇ ਤਾਂ ਅੱਗੋਂ ਦਾ ਅਮਲ ਉਹ ਖੁਦ ਵੀ ਕਰ ਸਕਦਾ ਹੈ। ਜੇ ਸਕੂਲ ਬੋਰਡ ਤੁਹਾਡੀ ਮੰਗ ਨਾਲ਼ ਸਹਿਮਤ ਹੋ ਜਾਵੇ ਤਾਂ ਲੋੜੀਂਦੀ ਕਾਰਵਾਈ ਕਰ ਕੇ ਤੁਹਾਡੇ ਬੱਚੇ ਦੇ ਸਕੂਲ ਵਿੱਚ ਪੰਜਾਬੀ ਲਾਗੂ ਕੀਤੀ ਜਾ ਸਕਦੀ ਹੈ।

ਪਰ ਇਹ ਸਾਧਾਰਨ ਅਮਲ ਵੀ ਪੰਜਾਬੀ ਭਾਈਚਾਰੇ ਵਾਸਤੇ ਵੱਡੀ ਮੁਸ਼ਕਲ ਬਣ ਗਿਆ। ਆਵਾਸੀਆਂ ਲਈ ਨਵੇਂ ਥਾਂ ਸ਼ੁਰੂ ਵਿੱਚ ਸਥਾਪਤੀ ਮੁੱਖ ਮਸਲਾ ਹੁੰਦਾ ਹੈ ਅਤੇ ਉਨ੍ਹਾਂ ਨੂੰ ਜੀਵਨ ਦੇ ਹੋਰ ਬਹੁਤ ਸਾਰੇ ਪਹਿਲੂਆਂ ਨੂੰ ਅੱਖੋਂ ਓਹਲੇ ਕਰਨਾ ਪੈਂਦਾ ਹੈ। ਚਾਹੁਣ ’ਤੇ ਵੀ ਨਵੀਂ ਥਾਂ ਆ ਵਸੇ ਮਾਪੇ ਕੁਝ ਦੇਰ ਲਈ ਆਪਣੇ ਬੱਚਿਆਂ ਵਲ ਲੋੜੀਂਦਾ ਧਿਆਨ ਦੇਣ ਯੋਗ ਨਹੀਂ ਹੁੰਦੇ। ਪੰਜਾਬੀ ਮਾਪਿਆਂ ਦੇ ਸੰਬੰਧ ਵਿੱਚ ਇਹ ਗੱਲ ਹੋਰ ਵੀ ਗੁੰਝਲਦਾਰ ਬਣ ਜਾਂਦੀ ਹੈ। ਉਨ੍ਹਾਂ ਨੂੰ ਖੇਤੀਬਾੜੀ ਪ੍ਰਧਾਨ ਸਮਾਜ ਵਿੱਚੋਂ ਆ ਕੇ ਸਨਅਤੀ ਸਮਾਜ ਵਿੱਚ ਬਿਨਾਂ ਕਿਸੇ ਵਿਸ਼ੇਸ਼ ਤਿਆਰੀ ਦੇ ਵਿੱਚਰਨਾ ਪੈਂਦਾ ਹੈ। ਇਹ ਕੋਈ ਸੁਖਾਲੀ ਗੱਲ ਨਹੀਂ ਹੁੰਦੀ। ਉਨ੍ਹਾਂ ਨੂੰ ਸਨਅਤੀ ਸਮਾਜ ਵਿੱਚ ਵਿੱਚਰਨ ਲਈ ਬਹੁਤ ਸਾਰੀਆਂ ਕਦਰਾਂ ਕੀਮਤਾਂ ਤੇ ਜੀਵਨ ਬਾਰੇ ਸੋਚਣ ਸਮਝਣ ਦੇ ਤੌਰ ਤਰੀਕੇ ਬਦਲਣ ਦੀ ਲੋੜ ਹੁੰਦੀ ਹੈ। ਪਰ ਇਸ ਗੱਲ ਦਾ ਅਹਿਸਾਸ ਹੋਣ ਅਤੇ ਫੇਰ ਬਦਲਣ ਲਈ ਸਮਾਂ ਚਾਹੀਦਾ ਹੈ। ਉਦਾਹਰਨ ਵਜੋਂ, ਇੱਕ ਪੱਧਰ ’ਤੇ ਤਾਂ ਪੰਜਾਬੀ ਮਾਪੇ ਸਿਰਫ ਜਿਉਂਦੇ ਹੀ ਆਪਣੀ ਔਲਾਦ ਲਈ ਹਨ, ਉਨ੍ਹਾਂ ਦਾ ਆਪਣੇ ਜੀਵਨ ਬਾਰੇ, ਭਵਿੱਖ ਬਾਰੇ, ਬੱਚਿਆਂ ਤੋਂ ਬਾਹਰੀ ਕੋਈ ਵੀ ਯੋਜਨਾ ਨਹੀਂ ਹੁੰਦੀ। ਵਿਰਾਸਤੀ ਕਦਰਾਂ ਕੀਮਤਾਂ ਵਾਲੇ ਪੰਜਾਬੀ ਮਾਪੇ ਜੋ ਵੀ ਕਰਦੇ ਹਨ, ਆਪਣੇ ਬੱਚਿਆਂ ਵਾਸਤੇ ਹੀ ਕਰਦੇ ਹਨ। ਬੱਚਿਆਂ ਵਲ ਉਨ੍ਹਾਂ ਦੀ ਇਹ ਪਹੁੰਚ ਉਨ੍ਹਾਂ ਦੇ ਪੰਜਾਬ ਵਿਚਲੇ ਆਰਿਥਕ ਤੇ ਸਮਾਜਿਕ ਮਾਹੌਲ ’ਤੇ ਉੱਸਰੀ ਹੁੰਦੀ ਹੈ। ਕਨੇਡਾ ਪੰਜਾਬ/ਭਾਰਤ ਦੇ ਟਾਕਰੇ ਇੱਕ ਵਿਕਸਤ ਸਨਅਤੀ ਸਮਾਜ ਹੈ। ਇੱਥੋਂ ਦੇ ਯਥਾਰਥ ਅਨੁਸਾਰ ਬੱਚਿਆਂ ਦੀਆਂ ਲੋੜਾਂ, ਖਾਸ ਕਰ ਸਕੂਲ ਨਾਲ਼ ਸੰਬੰਧਤ ਲੋੜਾਂ, ਬਿਲਕੁਲ ਵੱਖਰੀਆਂ ਹੁੰਦੀਆਂ ਹਨ। ਨਵੇਂ

ਆਇਆਂ ਲਈ ਇਨ੍ਹਾਂ ਨੂੰ ਸਮਝਣ ਵਾਸਤੇ ਵਕਤ ਲਗਦਾ ਹੈ। ਇਹ ਸਥਿਤੀ ਬਹੁਤ ਸਾਰੀਆਂ ਸਮੱਸਿਆਵਾਂ ਦਾ ਕਾਰਨ ਬਣਦੀ ਹੈ। ਉਦਾਹਰਨ ਵਜੋਂ, ਏਥੇ ਸਕੂਲ ਅਧਿਆਪਕ ਜਾਂ ਸਕੂਲ ਨਾਲ਼ ਸੰਬੰਧਿਤ ਕਰਮਚਾਰੀ ਅਕਸਰ ਇਹ ਸ਼ਿਕਾਇਤ ਲਾਉਂਦੇ ਹਨ ਕਿ ਪੰਜਾਬੀ ਮਾਪੇ ਆਪਣੇ ਬੱਚਿਆਂ ਦੀ ਸਕੂਲੀ ਪੜ੍ਹਾਈ ਵਿੱਚ ਦਿਲਚਸਪੀ ਨਹੀਂ ਦਿਖਾ ਰਹੇ।

ਪਰ ਇਹ ਵੀ ਸਚਾਈ ਹੈ ਕਿ ਹੁਣ ਪੰਜਾਬੀ ਮਾਪਿਆਂ ਦੇ ਇਸ ਵਰਤਾਰੇ ਵਿੱਚ ਚੰਗੇ ਪਾਸੇ ਵਲ ਨੂੰ ਤਬਦੀਲੀਆਂ ਵਾਪਰਦੀਆਂ ਦੇਖੀਆਂ ਜਾ ਸਕਦੀਆਂ ਹਨ। ਹੁਣ ਬਹੁਤ ਸਾਰੇ ਮਾਪੇ ਖੁਦ ਕਨੇਡਾ ਜੰਮੇ-ਪਲ਼ੇ ਹਨ ਜਾਂ ਲੰਮੇ ਸਮੇਂ ਤੋਂ ਏਥੇ ਰਹਿ ਰਹੇ ਹਨ ਅਤੇ ਉਹ ਆਪਣੇ ਬੱਚਿਆਂ ਦੀਆਂ ਸਕੂਲੀ ਲੋੜਾਂ ਵਲ ਪਹਿਲਾਂ ਨਾਲੋਂ ਜ਼ਿਆਦਾ ਧਿਆਨ ਦਿੰਦੇ ਹਨ। ਜਦੋਂ 1994 ਵਿੱਚ ਨਵੀਂ ਭਾਸ਼ਾ ਨੀਤੀ ਬਣੀ ਸੀ, ਉਸ ਵੇਲੇ ਨਾਲੋਂ ਹੁਣ (2013-14) ਵਿੱਚ ਫਰਕ ਦੇਖਿਆ ਜਾ ਸਕਦਾ ਹੈ। ਇਹਦੇ ਵਿੱਚ ਪੰਜਾਬੀ ਰੇਡੀਓ ਅਤੇ ਟੈਲੀਵਿਯਨ ਮਾਧਿਅਮ ਦਾ ਵੀ ਕਾਫੀ ਯੋਗਦਾਨ ਹੈ ਕਿਉਂਕਿ ਮਾਪਿਆਂ ਦੇ ਵਰਤਾਰੇ ਬਾਰੇ ਇਨ੍ਹਾਂ ਮਾਧਿਅਮਾਂ ਰਾਹੀਂ ਅਕਸਰ ਹੀ ਗੱਲਬਾਤ ਚੱਲਦੀ ਰਹਿੰਦੀ ਹੈ। ਏਥੇ ਜੰਮ-ਪਲ਼ ਰਹੇ ਪੰਜਾਬੀ ਨੌਜਵਾਨਾਂ ਵਿੱਚ ਨਸ਼ੇ ਅਤੇ ਗੈਂਗ ਸੰਬੰਧਿਤ ਸਮੱਸਿਆਵਾਂ ਬਾਰੇ ਮੀਡੀਏ ਵਿੱਚ ਚਲਦੀ ਵਿਚਾਰ ਚਰਚਾ ਅਕਸਰ ਹੀ ਪੰਜਾਬੀ ਮਾਪਿਆਂ ਵੱਲੋਂ ਆਪਣੇ ਬੱਚਿਆਂ ਵਲ ਦਿੱਤੇ ਜਾਂਦੇ ਘੱਟ ਧਿਆਨ ਦੁਆਲੇ ਘੁੰਮਦੀ ਹੈ। ਇਸ ਗੱਲਬਾਤ ਦੇ ਅਸਰ ਵਜੋਂ ਬਹੁਤੇ ਪੰਜਾਬੀ ਹੁਣ ਇਸ ਸਮੱਸਿਆ ਬਾਰੇ ਚੇਤਨ ਜਾਪਦੇ ਹਨ ਅਤੇ ਆਪਣੇ ਬੱਚਿਆਂ ਦੀਆਂ ਸਕੂਲੀ ਲੋੜਾਂ ਵਲ ਵੀ ਪਹਿਲਾਂ ਨਾਲੋਂ ਜ਼ਿਆਦਾ ਧਿਆਨ ਦਿੰਦੇ ਹਨ। ਪਰ ਇਹ ਜ਼ਰੂਰੀ ਨਹੀਂ ਕਿ ਉਨ੍ਹਾਂ ਦੇ ਫਿਕਰਾਂ ਵਿੱਚ ਪੰਜਾਬੀ ਦਾ ਫਿਕਰ ਵੀ ਸ਼ਾਮਲ ਹੋਵੇ।

ਨਵੀਂ ਨੀਤੀ ਅਨੁਸਾਰ ਸਕੂਲਾਂ ਵਿੱਚ ਪੰਜਾਬੀ ਦੀ ਪੜ੍ਹਾਈ ਸ਼ੁਰੂ ਕਰਨ ਵਿੱਚ ਆਉਂਦੀ ਦੂਜੀ ਅੜਚਨ ਬੀ ਸੀ ਦੇ ਸਕੂਲਾਂ ਦਾ ਪ੍ਰਬੰਧਕੀ ਢਾਂਚਾ ਹੈ। ਪਹਿਲਾਂ ਵਾਲ਼ੇ ਪ੍ਰਾਈਮਰੀ (ਪਹਿਲੀ ਤੋਂ ਪੰਜਵੀਂ ਤੱਕ), ਮਿਡਲ (ਛੇਵੀਂ ਤੋਂ ਅੱਠਵੀਂ ਤੱਕ) ਤੇ ਹਾਈ ਸਕੂਲ (ਨੌਂਵੀ ਤੋਂ ਬਾਰ੍ਹਵੀਂ ਤੱਕ) ਦੀ ਥਾਂ ਹੁਣ ਪ੍ਰੀ-ਸਕੂਲ, ਐਲਿਮੈਂਟਰੀ ਤੇ ਸੈਕੰਡਰੀ ਸਕੂਲ ਹਨ। ਐਲਿਮੈਂਟਰੀ ਸਕੂਲ ਗਰੇਡ ਇੱਕ ਤੋਂ ਸੱਤ ਤੱਕ ਹਨ ਅਤੇ ਅੱਠ ਤੋਂ ਲੈ ਕੇ ਬਾਰ੍ਹਵੀਂ ਤੱਕ ਸੈਕੰਡਰੀ ਸਕੂਲ ਹਨ। ਐਲਿਮੈਂਟਰੀ ਸਕੂਲਾਂ ਦੇ ਵਿਦਿਆਰਥੀ ਆਮ ਤੌਰ 'ਤੇ ਆਪਣੇ ਇਲਾਕੇ ਵਿੱਚ ਪੈਂਦੇ ਸੈਕੰਡਰੀ ਸਕੂਲਾਂ ਵਿੱਚ ਹੀ ਦਾਖਲ ਹੋ ਸਕਦੇ ਹਨ। ਕਿਉਂਕਿ ਬੱਚੇ ਨੇ ਗਰੇਡ ਅੱਠ ਸੈਕੰਡਰੀ ਸਕੂਲ ਵਿੱਚ ਜਾ ਕੇ ਖਤਮ ਕਰਨਾ ਹੁੰਦਾ ਹੈ ਇਸ ਕਰ ਕੇ ਉਹ ਸਕੂਲ ਹੀ ਗਰੇਡ ਪੰਜ ਤੋਂ ਅੱਠ ਤੱਕ ਪੰਜਾਬੀ ਲਾਗੂ ਕਰਨ ਲਈ ਤਿਆਰ ਹੁੰਦੇ ਹਨ ਜਿੱਥੇ ਅੱਗੇ ਸੈਕੰਡਰੀ ਸਕੂਲ ਵਿੱਚ ਵੀ ਪੰਜਾਬੀ ਦੀ ਪੜ੍ਹਾਈ ਹੋਵੇ। ਐਲਿਮੈਂਟਰੀ ਸਕੂਲਾਂ ਵਿੱਚ ਪੰਜਾਬੀ ਲਾਗੂ ਕਰਵਾਉਣ ਵਿੱਚ ਇਹ ਸਭ ਤੋਂ ਵੱਡੀ ਅੜਚਣ ਰਹੀ ਹੈ।

ਇਸ ਤੋਂ ਅਗਲੀ ਵੱਡੀ ਮੁਸ਼ਕਲ ਫਰਾਂਸੀਸੀ ਦੇ ਵਿਸ਼ੇਸ਼ ਸਥਾਨ ਕਾਰਨ ਪੈਦਾ ਹੁੰਦੀ ਹੈ। ਮੌਜੂਦਾ ਸਥਿਤੀ ਇਹ ਹੈ ਕਿ ਬੀ ਸੀ ਦੇ ਹਰ ਸਕੂਲ ਵਿੱਚ ਪੰਜਵੀਂ ਤੋਂ ਲੈ ਕੇ ਅੱਠਵੀਂ ਤੱਕ ਦੂਜੀ ਭਾਸ਼ਾ ਦੇ ਤੌਰ 'ਤੇ ਫਰਾਂਸੀਸੀ ਪੜ੍ਹਾਈ ਜਾਂਦੀ ਹੈ। ਜੇ ਮਾਪੇ ਚਾਹੁਣ ਕਿ ਉਨ੍ਹਾਂ ਦੇ ਬੱਚੇ ਪੰਜਵੀਂ ਤੋਂ ਲੈ ਕੇ ਅੱਠਵੀਂ ਤੱਕ ਪੰਜਾਬੀ ਪੜ੍ਹਨ ਤਾਂ ਉਸ

ਸਕੂਲ ਵਿੱਚ ਜਾਂ ਤਾਂ ਫਰਾਂਸੀਸੀ ਦੀ ਥਾਂ ਪੰਜਾਬੀ ਲੱਗੇਗੀ ਤੇ ਜਾਂ ਫੇਰ ਫਰਾਂਸੀਸੀ ਵੀ ਰਹੇਗੀ ਅਤੇ ਉਸ ਦੇ ਨਾਲ਼ ਪੰਜਾਬੀ ਵੀ ਦੂਜੀ ਭਾਸ਼ਾ ਦੇ ਤੌਰ 'ਤੇ ਲਾਈ ਜਾਵੇਗੀ। ਕਿਉਂਕਿ ਹਰ ਬੱਚੇ ਨੂੰ ਇਨ੍ਹਾਂ ਜਮਾਤਾਂ ਦੌਰਾਨ ਅੰਗ੍ਰੇਜ਼ੀ ਤੋਂ ਇਲਾਵਾ ਇੱਕ ਹੋਰ ਦੂਜੀ ਭਾਸ਼ਾ ਪੜ੍ਹਨੀ ਹੀ ਪੈਣੀ ਹੈ ਇਸ ਕਰ ਕੇ ਜੇ ਕਿਸੇ ਸਕੂਲ ਵਿੱਚ ਸਿਰਫ ਪੰਜਾਬੀ ਹੀ ਦੂਜੀ ਭਾਸ਼ਾ ਦੇ ਤੌਰ 'ਤੇ ਲਾਗੂ ਕੀਤੀ ਗਈ ਹੋਵੇ ਤਾਂ ਉਸ ਸਕੂਲ ਦੇ ਸਾਰੇ ਬੱਚੇ ਪੰਜਾਬੀ ਹੀ ਪੜ੍ਹਨਗੇ। ਦੂਜੇ ਗੈਰ-ਪੰਜਾਬੀ ਪਿਛੋਕੜ ਦੇ ਬੱਚਿਆਂ ਨੂੰ ਪੰਜਾਬੀ ਪੜ੍ਹਨ ਵਾਸਤੇ ਪ੍ਰੇਰਨਾ ਸੰਭਵ ਨਹੀਂ।

ਇਸ ਵਿੱਚ ਵਾਧਾ ਇਹ ਗੱਲ ਵੀ ਕਰਦੀ ਹੈ ਕਿ ਇੱਕ ਤਾਂ ਫਰਾਂਸੀਸੀ ਕਨੇਡਾ ਦੀ ਦੂਜੀ ਸਰਕਾਰੀ ਭਾਸ਼ਾ ਹੋਣ ਕਾਰਨ ਕਾਫੀ ਲੋਕਾਂ ਲਈ ਬੱਚਿਆਂ ਨੂੰ ਪੜ੍ਹਾਉਣ ਵਜੋਂ ਖਿੱਚ ਰੱਖਦੀ ਹੈ; ਦੂਜਾ ਕਨੇਡਾ ਦੇ ਸੰਵਿਧਾਨ ਵਿੱਚ ਫਰਾਂਸੀਸੀ ਪੜ੍ਹਾਏ ਜਾਣ ਦਾ ਹੱਕ ਲਿਖਿਆ ਹੋਇਆ ਹੋਣ ਕਰ ਕੇ ਬੀ ਸੀ ਦੀ ਸਰਕਾਰ ਨੂੰ ਫਰਾਂਸੀਸੀ ਦੀ ਪੜ੍ਹਾਈ ਬਦਲੇ ਕੇਂਦਰੀ ਸਰਕਾਰ ਕੋਲੋਂ ਕਾਫੀ ਵੱਡੀ ਮਾਇਕ ਸਹਾਇਤਾ ਮਿਲਦੀ ਹੈ। ਨਾਲ਼ ਹੀ ਬੀ ਸੀ ਵਿੱਚ ਫਰਾਂਸੀਸੀ ਮਾਪੇ, ਭਾਵੇਂ ਥੋੜ੍ਹੀ ਗਿਣਤੀ ਵਿੱਚ ਹਨ ਪਰ ਸਭ ਨਾਲੋਂ ਜ਼ਿਆਦਾ ਪੱਕੇ ਤੌਰ 'ਤੇ ਜਥੇਬੰਦ ਹਨ। ਬੀ ਸੀ ਵਿੱਚ ਰਹਿਣ ਵਾਲੇ ਫਰਾਂਸੀਸੀ ਮਾਪੇ ਪੰਜਾਬੀ ਭਾਈਚਾਰੇ ਵਿੱਚ ਪੰਜਾਬੀ ਲਈ ਹੁੰਦੀਆਂ ਸਰਗਰਮੀਆਂ ਤੋਂ ਵੀ ਵਾਕਿਫ ਹਨ ਅਤੇ ਇਸ ਨੂੰ ਖੁੰਢਾ ਕਰਨ ਦੀ ਕੋਸ਼ਿਸ਼ ਵੀ ਕਰਦੇ ਹਨ। ਉਦਾਹਰਨ ਵਜੋਂ, ਉਨ੍ਹਾਂ ਵੱਲੋਂ ਪੰਜਾਬੀ ਅਖਬਾਰ ਇੰਡੋ-ਕਨੇਡੀਅਨ (23-29 ਮਾਰਚ , 2006, ਸਫਾ 4) ਵਿੱਚ ਦਿੱਤਾ ਇਹ ਇਸ਼ਤਿਹਾਰ ਦੇਖਿਆ ਜਾ ਸਕਦਾ ਹੈ:

ਏਸੇ ਤਰ੍ਹਾਂ ਬੀ ਸੀ ਦੇ ਸਕੂਲਾਂ ਵਿੱਚ ਪੜ੍ਹਾਉਣ ਵਾਲ਼ੇ ਅਧਿਆਪਕਾਂ ਵਿੱਚ ਫਰਾਂਸੀਸੀ ਅਧਿਆਪਕਾਂ ਦੀ ਵੱਡੀ ਗਿਣਤੀ ਹੈ ਜੋ ਆਪਣੀਆਂ ਨੌਕਰੀਆਂ ਕਾਇਮ ਰੱਖਣ ਵਾਸਤੇ ਫਰਾਂਸੀਸੀ ਦੀ ਪੜ੍ਹਾਈ ਜਾਰੀ ਰੱਖਣ ਲਈ ਆਪਣੀ ਪੂਰੀ ਵਾਹ ਲਾਉਂਦੇ ਹਨ। ਦੂਜੇ ਪਾਸੇ ਫਰਾਂਸੀਸੀ ਬੋਲੀ ਦੇ ਖਿਲਾਫ ਕੋਈ ਦ੍ਰਿਸ਼ਟੀਕੋਣ ਅਪਨਾਉਣਾ ਕਿਸੇ

ਲਈ ਵੀ ਲਾਹੇਵੰਦ ਗੱਲ ਨਹੀਂ। ਸੋ ਸਭ ਕੁਝ ਮਿਲ ਕੇ ਪੰਜਾਬੀ ਬੋਲੀ ਦੀ ਪੜ੍ਹਾਈ ਲਾਗੂ ਕਰਾਉਣ ਅੱਗੇ ਫਰਾਂਸੀਸੀ ਇੱਕ ਗੁੰਝਲਦਾਰ ਮਸਲਾ ਬਣ ਕੇ ਉੱਭਰਦੀ ਹੈ।

ਉੱਪਰ ਵਿਚਾਰੀਆਂ ਗਈਆਂ ਵੱਡੀਆਂ ਅੜਚਨਾਂ ਦੇ ਨਾਲ਼ ਨਾਲ਼ ਸਕੂਲ ਤੇ ਸਕੂਲ ਬੋਰਡਾਂ ਵੱਲੋਂ ਹੋਰ ਵੀ ਕਈ ਕਿਸਮ ਦੀਆਂ ਸਮੱਸਿਆਵਾਂ ਖੜ੍ਹੀਆਂ ਕੀਤੀਆਂ ਜਾਂਦੀਆਂ ਹਨ। ਇੱਕ ਮਸਲਾ ਨੀਤੀ ਨੂੰ ਆਪਣੇ ਤਰੀਕੇ ਨਾਲ਼ ਬਿਆਨ (ਇੰਟਰਪਰਿਟ) ਕਰਨ ਦਾ ਹੈ। ਕੁਝ ਸਕੂਲ ਇਹ ਕਹਿ ਕੇ ਗੱਲ ਟਾਲ ਦੇਣੀ ਚਾਹੁੰਦੇ ਹਨ ਕਿ ਨੀਤੀ ਦਾ ਮਤਲਬ ਹੈ ਕਿ ਉਨ੍ਹਾਂ ਵਿਦਿਆਰਥੀਆਂ ਨੂੰ ਹੀ ਨਵੀਂ ਬੋਲੀ ਪੜ੍ਹਾਈ ਜਾਣੀ ਹੈ ਜੋ ਪਹਿਲਾਂ ਇਸ ਤੋਂ ਉੱਕਾ ਹੀ ਵਾਕਫ ਨਾ ਹੋਣ। ਅਜਿਹੀ ਸਥਿਤੀ ਵਿੱਚ ਪੰਜਾਬੀ ਪਿਛੋਕੜ ਵਾਲ਼ੇ ਵਿਦਿਆਰਥੀ ਪੰਜਾਬੀ ਦੀ ਪੜ੍ਹਾਈ ਤੋਂ ਵਾਂਝੇ ਕਰ ਦਿੱਤੇ ਜਾਂਦੇ ਹਨ। ਇਸ ਨਾਲ਼ ਪੰਜਾਬੀਆਂ ਵਾਸਤੇ ਸਾਰਾ ਮਕਸਦ ਹੀ ਖਤਮ ਹੋ ਕੇ ਰਹਿ ਜਾਂਦਾ ਹੈ। ਉਦਾਹਰਨ ਵਜੋਂ, ਅਜਿਹੀ ਹੀ ਸਥਿਤੀ ਵੈਨਕੂਵਰ ਦੇ ਦੱਖਣੀ ਇਲਾਕੇ ਦੇ ਸਕੂਲ ਜਾਹਨ ਆਲੀਵਰ ਵਿੱਚ ਵਾਪਰੀ। ਵੈਨਕੂਵਰ ਦਾ ਇਹ ਇਲਾਕਾ ਲੰਮੇ ਸਮੇਂ ਤੋਂ ਪੰਜਾਬੀਆਂ ਦਾ ਗੜ੍ਹ ਰਿਹਾ ਹੈ। ਇਹ ਉਹ ਹਾਈ ਸਕੂਲ ਹੈ ਜਿੱਥੇ 1923-24 ਵਿੱਚ ਸਾਧੂ ਸਿੰਘ ਧਾਮੀ ਪੜ੍ਹਿਆ ਸੀ[123] ਤੇ ਉਸ ਦੇ ਨਾਵਲ ਦਾ ਪਾਤਰ ਮਲੂਕਾ ਵੀ ਇਸੇ ਸਕੂਲ ਵਿੱਚ ਪੜ੍ਹਦਾ ਸੀ। ਪਰ 2006 ਵਿੱਚ ਇਸ ਸਕੂਲ ਦੇ ਕੁਝ ਪ੍ਰਬੰਧਕ ਭਾਸ਼ਾ ਨੀਤੀ ਨੂੰ ਉੱਪਰ ਦੱਸੇ ਨਜ਼ਰੀਏ ਨਾਲ਼ ਲਾਗੂ ਕਰਨ ’ਤੇ ਅੜੇ ਰਹੇ। ਇਸ ਸਕੂਲ ਵਿੱਚ ਅਜੇ ਤੱਕ (2015) ਵੀ ਪੰਜਾਬੀ ਦੀ ਪੜ੍ਹਾਈ ਲਾਗੂ ਕਰਵਾਉਣ ਵਿੱਚ ਕਾਮਯਾਬੀ ਨਹੀਂ ਮਿਲੀ।

ਸਕੂਲਾਂ ਅਤੇ ਸਕੂਲ ਬੋਰਡਾਂ ਵੱਲੋਂ ਅਜਿਹੀਆਂ ਕੁਝ ਹੋਰ ਮੁਸ਼ਕਲਾਂ ਵੀ ਅੱਗੇ ਲਿਆਂਦੀਆਂ ਜਾਂਦੀਆਂ ਹਨ ਜਿਵੇਂ ਕਿ ਪੈਸਿਆਂ ਦੀ ਕਮੀ, ਪੰਜਾਬੀ ਪੜ੍ਹਾਉਣ ਲਈ ਸਿੱਖਿਅਤ ਅਧਿਆਪਕ ਤੇ ਢੁੱਕਵੀਂ ਸਮੱਗਰੀ ਦੀ ਘਾਟ ਆਦਿ। ਕਈ ਵਾਰ ਵਿਦਿਆਰਥੀਆਂ ਵਿੱਚ ਪੰਜਾਬੀ ਪੜ੍ਹਨ ਲਈ ਦਿਲਚਸਪੀ ਦੀ ਘਾਟ ਨੂੰ ਵੀ ਜਮਾਤ ਸ਼ੁਰੂ ਨਾ ਕਰਨ ਦਾ ਕਾਰਨ ਦੱਸਿਆ ਜਾਂਦਾ ਹੈ। ਕੁਝ ਸਕੂਲ ਬੋਰਡਾਂ, ਖਾਸ ਕਰ ਸਰ੍ਹੀ ਤੇ ਨਿਊ ਵੈਸਟਮਿਨਸਟਰ, ਵੱਲੋਂ ਸ਼ੁਰੂ ਸ਼ੁਰੂ ਵਿੱਚ ਇਹ ਕਹਿਣ ਦੀ ਕੋਸ਼ਿਸ਼ ਕੀਤੀ ਗਈ ਸੀ ਕਿ ਪੰਜਾਬੀ ਲਾਗੂ ਕਰਨ ਵਾਸਤੇ ਸਕੂਲ ਬੋਰਡ ਕੋਲ਼ ਲੋੜੀਂਦੇ ਫੰਡ ਨਹੀਂ ਹਨ ਅਤੇ ਜੇ ਪੰਜਾਬੀ ਭਾਈਚਾਰਾ ਸਕੂਲਾਂ ਵਿੱਚ ਪੰਜਾਬੀ ਦੀ ਪੜ੍ਹਾਈ ਲਾਗੂ ਕਰਵਾਉਣੀ ਚਾਹੁੰਦਾ ਹੈ ਤਾਂ ਇਸ ਵਾਸਤੇ ਉਨ੍ਹਾਂ ਨੂੰ ਇਸ ਕੰਮ ਲਈ ਪੈਸੇ ਦੇਣੇ ਪੈਣਗੇ। ਇਸ ਸੰਬੰਧ ਵਿੱਚ ਪੰਜਾਬੀ ਲਗਵਾਉਣ ਦੀ ਕੋਸ਼ਿਸ਼ ਕਰ ਰਹੀ ਜਥੇਬੰਦੀ ਪਲੀ (ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ - ਜਿਸ ਬਾਰੇ ਅੱਗੇ ਵਿਸਥਾਰ ਵਿੱਚ ਚਰਚਾ ਕੀਤੀ ਜਾਵੇਗੀ) ਵੱਲੋਂ ਕਿਹਾ ਗਿਆ ਕਿ ਪੰਜਾਬੀ ਵੀ ਸਕੂਲ ਵਿੱਚ ਪੜ੍ਹਾਏ ਜਾਂਦੇ ਦੂਜੇ ਵਿਸ਼ਿਆਂ

---

123 ਡਾਕਟਰ ਸਾਧੂ ਸਿੰਘ ਧਾਮੀ (1906-1997) ਸੋਲ੍ਹਾਂ ਸਾਲ ਦੀ ਉਮਰੇ 1922 ਨੂੰ ਕਨੇਡਾ ਆਏ ਸਨ। ਇਸ ਸਕੂਲ ਵਿੱਚ ਦਾਖਲ ਹੋਣ ਵਾਲੇ ਉਹ ਪਹਿਲੇ ਪੱਗ ਵਾਲੇ ਵਿਦਿਆਰਥੀ ਸਨ। ਕਨੇਡਾ ਵਿੱਚ ਪੀ ਐਚ ਡੀ ਕਰਨ ਵਾਲੇ ਵੀ ਉਹ ਪਹਿਲੇ ਪੰਜਾਬੀ ਸਨ। ਆਪਣੇ ਜੀਵਨ ’ਤੇ ਅਧਾਰਤ ਉਨ੍ਹਾਂ ਨੇ ਨਾਵਲ 'ਮਲੂਕਾ' ਲਿਖਿਆ ਜੋ ਪੰਜਾਬੀਆਂ ਦੇ ਕਨੇਡਾ ਵਿੱਚ ਮੁੱਢਲੇ ਤਜਰਬੇ ਬਾਰੇ ਇੱਕੋ ਇੱਕ ਪ੍ਰਮਾਣਿਕ ਸਾਹਤਿਕ ਕਿਰਤ ਹੈ।

ਵਾਂਗ ਹੀ ਪੜ੍ਹਾਇਆ ਜਾਣ ਵਾਲ਼ਾ ਸਰਕਾਰ ਵੱਲੋਂ ਪ੍ਰਵਾਣਿਤ ਇੱਕ ਵਿਸ਼ਾ ਹੈ। ਜਿਸ ਤਰ੍ਹਾਂ ਦੂਜੇ ਵਿਸ਼ੇ ਪੜ੍ਹਾਉਣ ਲਈ ਮਾਪਿਆਂ ਕੋਲੋਂ ਜਾਂ ਕਿਸੇ ਵਿਸ਼ੇਸ਼ ਭਾਈਚਾਰੇ ਕੋਲੋਂ ਕਦੇ ਕੋਈ ਆਰਿਥਕ ਮਦਦ ਨਹੀਂ ਮੰਗੀ ਜਾਂਦੀ ਇਸੇ ਤਰ੍ਹਾਂ ਪੰਜਾਬੀ ਵਾਸਤੇ ਇਹ ਮੰਗ ਕਰਨੀ ਗਲਤ ਹੈ। ਅੰਤ ਵਿੱਚ ਇਨ੍ਹਾਂ ਸਕੂਲ ਬੋਰਡਾਂ ਨੂੰ ਇਸ ਦਲੀਲ ਨਾਲ਼ ਸਹਿਮਤ ਹੋਣਾ ਪਿਆ।

ਜਿੱਥੇ ਤੱਕ ਵਿਦਿਆਰਥੀਆਂ ਵਿੱਚ ਦਿਲਚਸਪੀ ਦੀ ਘਾਟ, ਅਧਿਆਪਕਾਂ ਦੀ ਕਮੀ ਅਤੇ ਪੜ੍ਹਾਏ ਜਾਣ ਵਾਲੀ ਸਮੱਗਰੀ ਦਾ ਸਵਾਲ ਹੈ, ਇਨ੍ਹਾਂ ਗੱਲਾਂ ਦਾ ਸੰਬੰਧ ਪੰਜਾਬੀ ਭਾਈਚਾਰੇ ਨਾਲ਼ ਹੈ। ਇਹ ਬਹੁਤ ਗੁੰਝਲਦਾਰ ਸਮੱਸਿਆਵਾਂ ਹਨ। ਉਦਾਹਰਨ ਵਜੋਂ, ਅਧਿਆਪਕਾਂ ਦੀ ਘਾਟ ਬਾਰੇ ਗੱਲ ਕੀਤੀ ਜਾ ਸਕਦੀ ਹੈ। ਇਸ ਸਮੱਸਿਆ ਦਾ ਇੱਕ ਪੱਖ ਇਹ ਹੈ ਕਿ ਬੀ ਸੀ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਾਉਣ ਵਾਸਤੇ ਤੁਹਾਡੇ ਕੋਲ਼ ਪੜ੍ਹਾ ਸਕਣ ਦਾ ਏਥੋਂ ਦਾ ਸਰਟੀਫੀਕੇਟ ਚਾਹੀਦਾ ਹੈ। ਇਸ ਨੂੰ ਪ੍ਰਾਪਤ ਕਰਨ ਲਈ ਏਥੇ ਯੂਨੀਵਰਸਿਟੀ ਵਿੱਚ ਘੱਟੋ ਘੱਟ ਇੱਕ ਸਾਲ ਲਾਉਣਾ ਜ਼ਰੂਰੀ ਹੈ। ਬੀ ਸੀ ਟੀਚਰਜ਼ ਫੈਡਰੇਸ਼ਨ ਪੂਰੀ ਤਰ੍ਹਾਂ ਯੋਗ (ਕੁਆਲੀਫਾਈਡ) ਅਧਿਆਪਕਾਂ ਤੋਂ ਬਿਨਾਂ ਕਿਸੇ ਨੂੰ ਵੀ ਸਕੂਲਾਂ ਵਿੱਚ ਪੜ੍ਹਾਉਣ ਦੀ ਆਗਿਆ ਨਹੀਂ ਦਿੰਦੀ। ਵਿੱਦਿਆ ਦੇ ਪੱਖੋਂ ਇਹ ਬਹੁਤ ਸਹੀ ਪਹੁੰਚ ਹੈ। ਪਰ ਅਮਲੀ ਪੱਧਰ ’ਤੇ ਦੇਖਿਆਂ ਜੇ ਇਸ ਤਰ੍ਹਾਂ ਨਾ ਹੁੰਦਾ ਤਾਂ ਪੰਜਾਬੀ ਪੜ੍ਹਾਉਣ ਦੀ ਇਹ ਸਮੱਸਿਆ ਵਕਤੀ ਤੌਰ ’ਤੇ ਹੱਲ ਕੀਤੀ ਜਾ ਸਕਦੀ ਸੀ। ਪਿਛਲੇ ਕੁਝ ਦਹਾਕਿਆਂ ਦੌਰਾਨ ਬਹੁਤ ਸਾਰੇ ਪੰਜਾਬੀ ਦੀਆਂ ਡਿਗਰੀਆਂ ਵਾਲੇ ਲੋਕ ਤੇ ਕਈ ਪੰਜਾਬੀ ਅਧਿਆਪਕ ਪੰਜਾਬ ਤੋਂ ਏਥੇ ਆਏ ਹਨ। ਉਨ੍ਹਾਂ ਨੂੰ ਇਸ ਕੰਮ ਲਈ ਲਾਇਆ ਜਾ ਸਕਦਾ ਸੀ। ਭਾਵੇਂ ਇਸ ਵਿੱਚ ਖਤਰਾ ਇਹ ਸੀ ਕਿ ਪੰਜਾਬ ਤੋਂ ਆਏ ਹੋਏ ਪੰਜਾਬੀ ਪੜ੍ਹਾਉਣ ਦੀ ਯੋਗਤਾ ਰੱਖਣ ਵਾਲੇ ਬਹੁਤੇ ਲੋਕਾਂ ਦਾ ਪੰਜਾਬੀ ਵਲ ਰਵੱਈਆ ਵੀ ਸੁਆਲੀਆ ਕਿਹਾ ਜਾ ਸਕਦਾ ਹੈ ਤੇ ਦੂਜਾ ਇਨ੍ਹਾਂ ਕੋਲ਼ ਭਾਸ਼ਾ ਪੜ੍ਹਾਉਣ ਦੇ ਅਜੋਕੇ ਤਰੀਕਿਆਂ ਅਤੇ ਨਵੀਂ ਤਕਨੌਲੋਜੀ ਵਿੱਚ ਸਹੀ ਸਿਖਲਾਈ ਦੀ ਘਾਟ ਵੀ ਸੀ।

ਨਤੀਜੇ ਵਜੋਂ, ਪੰਜਾਬੀ ਪੜ੍ਹਾਉਣ ਲਈ ਬਹੁਤ ਸਾਰੇ ਉਹ ਨਵੇਂ ਅਧਿਆਪਕ ਸਾਹਮਣੇ ਆਏ ਜੋ ਏਥੋਂ ਦੇ ਜੰਮੇ-ਪਲੇ ਅਤੇ ਪੜ੍ਹੇ ਲਿਖੇ ਹਨ। ਪੰਜਾਬੀ ਵੀ ਉਨ੍ਹਾਂ ਨੇ ਏਥੇ ਹੀ ਪੜ੍ਹਨੀ ਲਿਖਣੀ ਸਿੱਖੀ ਹੈ। ਇਹ ਠੀਕ ਹੈ ਕਿ ਇਨ੍ਹਾਂ ਵਿੱਚੋਂ ਬਹੁਤੇ ਪੰਜਾਬ ’ਚ ਜੰਮੇ-ਪਲ਼ੇ ਵਿਅਕਤੀ ਵਾਂਗ ਪੂਰੀ ਤਰ੍ਹਾਂ ਠੇਠ ਪੰਜਾਬੀ ਮੁਹਾਵਰੇ ਨਾਲ ਨਹੀਂ ਬੋਲ ਸਕਦੇ। ਉਨ੍ਹਾਂ ਵਾਸਤੇ ਪੰਜਾਬੀ ਦੀਆਂ ਕਈ ਆਵਾਜ਼ਾਂ ਜਿਵੇਂ ਘ, ਧ ਜਾਂ ੜ ਬੋਲਣੀਆਂ ਮੁਸ਼ਕਿਲ ਹਨ। ਬਾਵਜੂਦ ਇਸ ਦੇ ਕਿ ਇਹ ਸਮੱਸਿਆ ਇੱਕਾ ਦੁੱਕਾ ਅਧਿਆਪਕਾਂ ਦੀ ਹੀ ਸੀ ਪਰ ਪੰਜਾਬੀ ਮੀਡੀਏ ਵਿੱਚ ਇਸ ਗੱਲ ਨੂੰ ਸਮੇਂ ਸਮੇਂ ਕਾਫੀ ਨਾਂਹ-ਪੱਖੀ ਬਣਾ ਕੇ ਉਭਾਰਿਆ ਜਾਂਦਾ ਹੈ। ਪਰ ਇਸ ਤਸਵੀਰ ਦਾ ਦੂਜਾ ਪਾਸਾ ਸਗੋਂ ਜ਼ਿਆਦਾ ਵਜ਼ਨਦਾਰ ਹੈ। ਜਿਹੜੇ ਲੋਕਾਂ ਨੇ ਖੁਦ ਏਥੇ ਹੀ ਪੰਜਾਬੀ ਸਿੱਖੀ ਹੈ ਉਹ ਏਥੋਂ ਦੇ ਜੰਮ-ਪਲ਼ ਬੱਚਿਆ ਨੂੰ ਪੰਜਾਬੀ ਪੜ੍ਹਾਉਣ ਦੇ ਵਧ ਯੋਗ ਹਨ। ਇਸ ਪੱਖ ਵਿੱਚ ਪਲੀ ਵੱਲੋਂ ਇਹ ਦਲੀਲ ਦਿੱਤੀ ਜਾਂਦੀ ਰਹੀ ਹੈ ਕਿ ਪੰਜਾਬ ਵਿੱਚ ਜਾਂ ਭਾਰਤ ਦੇ ਹੋਰ ਹਿੱਸਿਆਂ ਵਿੱਚ ਜਿਹੜੇ ਲੋਕ ਅੰਗ੍ਰੇਜ਼ੀ ਪੜ੍ਹਾਉਂਦੇ ਰਹੇ ਹਨ ਉਹ ਖੁਦ ਬਹੁਤੀ ਵਧੀਆ ਅੰਗ੍ਰੇਜ਼ੀ ਨਹੀਂ ਸੀ ਬੋਲ ਸਕਦੇ (ਹੁਣ ਸ਼ਾਇਦ ਇਸ ਤਰ੍ਹਾਂ ਨਾ ਹੋਵੇ) ਪਰ ਉਹ ਪੜ੍ਹਨੀ, ਲਿਖਣੀ

ਤੇ ਬੋਲੀ ਦੀ ਵਿਆਕਰਨ ਨੂੰ ਖੂਬ ਸਮਝਦੇ ਸਨ ਅਤੇ ਸਮਝਾ ਸਕਦੇ ਸਨ। ਕਿਸੇ ਨਵੀਂ ਭਾਸ਼ਾ ਨੂੰ ਪੜ੍ਹਨਾ ਤੇ ਲਿਖਣਾ ਸਿੱਖਣਾ ਮੁਕਾਬਲਤਨ ਸੌਖਾ ਹੁੰਦਾ ਹੈ ਪਰ ਉਸ ਭਾਸ਼ਾ ਨੂੰ ਉਸ ਦੇ ਸਹੀ ਮੁਹਾਵਰੇ ਵਿੱਚ ਬੋਲ ਸਕਣਾ ਔਖਾ। ਅਸੀਂ ਦੇਖ ਸਕਦੇ ਹਾਂ ਕਿ ਬਹੁਤ ਲੋਕ ਹਨ ਜਿਨ੍ਹਾਂ ਨੂੰ ਅੰਗ੍ਰੇਜ਼ੀ ਪੜ੍ਹਨ ਲਿਖਣ ਵਿੱਚ ਕੋਈ ਮੁਸ਼ਕਲ ਨਹੀਂ ਆਉਂਦੀ ਤੇ ਉਨ੍ਹਾਂ ਨੇ ਸਾਰੀ ਉਮਰ ਇਹ ਕੰਮ ਕੀਤਾ ਹੁੰਦਾ ਹੈ ਪਰ ਜੇ ਉਨ੍ਹਾਂ ਨੂੰ ਅੰਗ੍ਰੇਜ਼ੀ ਬੋਲਣ ਵਾਲੇ ਲੋਕਾਂ ਵਿੱਚ ਵਿੱਚਰਨ ਦਾ ਮੌਕਾ ਨਾ ਮਿਲਿਆ ਹੋਵੇ ਤਾਂ ਉਨ੍ਹਾਂ ਲਈ ਖੁੱਲ੍ਹ ਕੇ ਅੰਗ੍ਰੇਜ਼ੀ ਬੋਲ ਸਕਣਾ ਸੰਭਵ ਨਹੀਂ ਹੁੰਦਾ।

ਪੜ੍ਹਾਏ ਜਾਣ ਵਾਲੀ ਸਮੱਗਰੀ ਦੀ ਘਾਟ ਦੇ ਮਸਲੇ ਦੇ ਵੀ ਅਨੇਕਾਂ ਪੱਖ ਹਨ। ਇਸ ਸਮੱਸਿਆ ਦੀ ਅਸਲੀ ਜੜ੍ਹ ਤਾਂ ਸ਼ਾਇਦ ਪੰਜਾਬੀ ਲੋਕਾਂ ਦਾ ਆਪਣੇ ਸਾਹਿਤ ਨਾਲ਼ ਬੇਗਾਨਗੀ ਦਾ ਰਿਸ਼ਤਾ ਹੀ ਕਿਹਾ ਜਾ ਸਕਦਾ ਹੈ। ਪੰਜਾਬੀ ਦੇ ਬਹੁਤੇ ਲੇਖਕ ਆਪਣੇ ਸ਼ੌਕ ਵਜੋਂ ਲਿਖਦੇ ਹਨ ਤੇ ਉਨ੍ਹਾਂ ਨੂੰ ਲੇਖਕਾਂ ਦੀਆਂ ਹੀ ਕੁਝ ਜਥੇਬੰਦੀਆਂ ਵੱਲੋਂ ਮਿਲਦੇ ਸਨਮਾਨਾਂ ਤੋਂ ਬਿਨਾਂ ਪੰਜਾਬੀ ਭਾਈਚਾਰੇ ਵਿੱਚੋਂ ਹੋਰ ਕਿਸੇ ਕਿਸਮ ਦਾ, ਖਾਸ ਕਰ ਆਰਿਥਕ ਪੱਖੋਂ ਜਾਂ ਉਨ੍ਹਾਂ ਦੀ ਲਿਖਤ ਨੂੰ ਪੜ੍ਹੇ ਜਾਣ ਵਰਗਾ ਕੋਈ ਸਾਰਿਥਕ ਹੁੰਗਾਰਾ ਨਹੀਂ ਮਿਲਦਾ। ਬਹੁਤੇ ਪੰਜਾਬੀ ਲੇਖਕਾਂ ਵਿੱਚ ਵੀ ਆਪਣੇ ਲਿਖਣ ਦੇ ਕਸਬ ਵਲ ਤੇ ਪੰਜਾਬੀ ਸਾਹਿਤ ਵਲ ਗੰਭੀਰਤਾ ਦੀ ਕਮੀ ਪਾਈ ਜਾਂਦੀ ਹੈ। ਇਨ੍ਹਾਂ ਵਿੱਚ ਬਹੁਤ ਥੋੜ੍ਹੇ ਲੇਖਕ ਹਨ ਜੋ ਖੁਦ ਚੰਗੇ ਪਾਠਕ ਵੀ ਹੋਣ ਅਤੇ ਆਪਣੇ ਆਲੇ ਦੁਆਲੇ ਦੇ ਨਾਲ਼ ਨਾਲ਼ ਦੁਨੀਆ ਦੀ ਪੱਧਰ ’ਤੇ ਵੱਖ ਵੱਖ ਖੇਤਰਾਂ ਵਿੱਚ ਚੱਲ ਰਹੀਆਂ ਬਹਿਸਾਂ ਅਤੇ ਹੋ ਰਹੇ ਵਿਕਾਸ ਬਾਰੇ ਸਮਾਜ ਦੇ ਆਮ ਵਿਅਕਤੀ ਨਾਲੋਂ ਵੱਧ ਜਾਣਕਾਰੀ ਰੱਖਦੇ ਹੋਣ। ਪੰਜਾਬੀ ਲੇਖਕਾਂ ਵਿੱਚ ਤਾਂ ਅਜਿਹੇ ਲੋਕਾਂ ਦੀ ਵੀ ਕਾਫੀ ਗਿਣਤੀ ਹੈ ਜਿਹੜੇ ਅਜੋਕੇ ਸਮੇਂ ਵੀ ਗਿਆਨ ਨੂੰ ਅਤੇ ਗਿਆਨ ਦੇ ਸੋਮਿਆਂ ਨੂੰ ਧਾਰਿਮਕ ਕਿਤਾਬਾਂ ਤੱਕ ਹੀ ਸੀਮਤ ਸਮਝਦੇ ਹਨ। ਅਜਿਹੇ ਮਾਹੌਲ ਵਿੱਚ ਇਸ ਗੱਲ ਦੀ ਆਸ ਕਰਨੀ ਸੰਭਵ ਨਹੀਂ ਕਿ ਇਹ ਲੋਕ ਬੱਚਿਆਂ ਲਈ ਸਾਹਿਤ ਲਿਖਣ ਤੇ ਉਹ ਵੀ ਅਜੋਕੇ ਸਮੇਂ ਕਨੇਡਾ ਵਿੱਚ ਪਲ ਰਹੇ ਬੱਚਿਆਂ ਦੀ ਦਿਲਚਸਪੀ ਵਾਲ਼ਾ ਸਾਹਿਤ। ਇਸ ਕੰਮ ਵਾਸਤੇ ਲੇਖਕ ਕੋਲ਼ ਆਪਣੇ ਸੱਭਿਆਚਾਰ ਤੇ ਬੋਲੀ ਦੀ ਸੂਝ ਦੇ ਨਾਲ਼ ਨਾਲ਼ ਇੱਕੀਵੀਂ ਸਦੀ ਵਿੱਚ ਹਰ ਵੇਲੇ ਨਵੀਂ ਤੋਂ ਨਵੀਂ ਤਕਨੌਲੋਜੀ ਨਾਲ਼ ਸਿੱਖ ਰਹੇ ਵਿਦਿਆਰਥੀਆਂ ਬਾਰੇ ਵੀ ਸਹੀ ਸਹੀ ਸੂਝ ਦਾ ਹੋਣਾ ਜ਼ਰੂਰੀ ਹੈ।

ਕੰਪਿਊਟਰ ਦੇ ਅਜੋਕੇ ਯੁੱਗ ਵਿੱਚ ਪੰਜਾਬੀ ਪੜ੍ਹਾਉਣ ਵਾਲੀ ਸਮੱਗਰੀ ਦੀ ਸਮੱਸਿਆ ਸਿਰਫ ਕਿਤਾਬਾਂ ਤੱਕ ਹੀ ਸੀਮਤ ਨਹੀਂ। ਸਿਖਲਾਈ ਦੇ ਹੋਰ ਖੇਤਰਾਂ ਵਾਂਗ ਨਵੀਂ ਭਾਸ਼ਾ ਸਿੱਖਣ ਸਿਖਾਉਣ ਵਾਸਤੇ ਵੀ ਹੁਣ ਬਹੁਤ ਸਾਰੀਆਂ ਵੱਖਰੀਆਂ ਵੱਖਰੀਆਂ ਤਕਨੀਕਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਕਿਸਮ ਦਾ ਮਸਾਲਾ ਤਿਆਰ ਕਰਨ ਵਾਸਤੇ ਜਿੱਥੇ ਨਵੀਂਆਂ ਤਕਨੀਕਾਂ ਦੀ ਜਾਣਕਾਰੀ ਜ਼ਰੂਰੀ ਹੈ ਉੱਥੇ ਇਸ ਵਾਸਤੇ ਪੈਸੇ ਦੀ ਵੀ ਲੋੜ ਪਹਿਲਾਂ ਨਾਲੋਂ ਵਧ ਪੈਂਦੀ ਹੈ। ਇਹ ਕੰਮ ਕਿਸੇ ਇਕੱਲੇ ਕਾਰੇ ਲੇਖਕ ਜਾਂ ਅਧਿਆਪਕ ਦੇ ਕਰਨ ਦਾ ਨਹੀਂ ਸਗੋਂ ਇਸ ਵਾਸਤੇ ਪੈਸਾ ਅਤੇ ਇਸ ਪਾਸੇ ਵਲ ਗੰਭੀਰਤਾ ਨਾਲ਼ ਧਿਆਨ ਦੇਣ ਵਾਲ਼ੀਆਂ ਵੱਡੀਆਂ ਸੰਸਥਾਵਾਂ ਦੀ ਵੀ ਲੋੜ ਹੈ। ਹੁਣ ਕੁਝ ਹੱਦ ਤੱਕ ਪਰ ਬਹੁਤ ਧੀਮੀ ਚਾਲੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਇਸ ਪਾਸੇ ਵਲ ਧਿਆਨ ਦਿੱਤਾ ਜਾ ਰਿਹਾ ਹੈ ਤੇ ਉਨ੍ਹਾਂ ਵੱਲੋਂ ਇੰਟਰਨੈੱਟ ਰਾਹੀਂ

ਪੰਜਾਬੀ ਸਿੱਖਣ ਤੇ ਸਿਖਾਉਣ ਵਾਲਿਆਂ ਵਾਸਤੇ ਤਕਨੀਕੀ ਸਹਾਇਤਾ ਦਿੱਤੀ ਜਾਣ ਲੱਗੀ ਹੈ। ਪਰ ਵਿਸ਼ਵ ਪੱਧਰ 'ਤੇ ਫੈਲੇ ਪੰਜਾਬੀ ਭਾਈਚਾਰੇ ਦੀ ਲੋੜ ਪੱਖੋਂ ਇਹ ਕੋਸ਼ਿਸ਼ ਅਜੇ ਸਮੇਂ ਦੇ ਹਾਣ ਦੀ ਨਹੀਂ ਹੋ ਸਕੀ।

ਦੂਜਾ ਹਰ ਜਗ੍ਹਾ ਦੀਆਂ ਕੁਝ ਆਪਣੀਆਂ ਵਿਸ਼ੇਸ਼ ਲੋੜਾਂ ਵੀ ਹੁੰਦੀਆਂ ਹਨ ਜਿਨ੍ਹਾਂ ਵਲ ਉੱਥੇ ਰਹਿਣ ਵਾਲੇ ਲੋਕ ਹੀ ਬਿਹਤਰ ਧਿਆਨ ਦੇ ਸਕਦੇ ਹਨ। ਉਦਾਹਰਨ ਵਜੋਂ, ਕਨੇਡਾ ਵਿੱਚ ਪੜ੍ਹ ਰਹੇ ਪੰਜਾਬੀ ਵਿਦਿਆਰਥੀਆਂ ਨੂੰ ਅਜਿਹੀ ਸਮੱਗਰੀ ਦੀ ਲੋੜ ਹੈ ਜੋ ਪੰਜਾਬੀ ਸੱਭਿਆਚਾਰ ਬਾਰੇ ਵੀ ਦੱਸਦਾ ਹੋਵੇ ਤੇ ਕਨੇਡਾ ਦੇ ਜੀਵਨ ਬਾਰੇ ਵੀ ਤੇ ਖਾਸ ਕਰ ਏਥੇ ਵਸਣ ਵਾਲੇ ਪੰਜਾਬੀਆਂ ਦੇ ਇਤਿਹਾਸ ਅਤੇ ਏਥੇ ਵਿਕਾਸ ਕਰ ਰਹੇ ਪੰਜਾਬੀ ਸੱਭਿਆਚਾਰ ਦੇ ਵਿਲੱਖਣ ਪੱਖਾਂ 'ਤੇ ਵੀ ਰੌਸ਼ਨੀ ਪਾਉਂਦਾ ਹੋਵੇ। ਇਹ ਸਭ ਕੁਝ ਆਵਾਜ਼ (ਆਡੀਓ), ਫਿਲਮ ਤੇ ਕੰਪਿਊਟਰ ਆਧਾਰਤ ਪਾਠਾਂ ਰਾਹੀਂ ਦੱਸਿਆ, ਦਿਖਾਇਆ ਤੇ ਸਿਖਾਇਆ ਜਾਵੇ। ਏਥੇ ਕੰਪਿਊਟਰ ਦੀ ਸੂਝ ਰੱਖਣ ਵਾਲੇ ਲੋਕਾਂ ਦੀ ਵੀ ਕਮੀ ਨਹੀਂ ਹੈ ਤੇ ਨਾ ਹੀ ਕਨੇਡਾ ਵਸਣ ਵਾਲੇ ਪੰਜਾਬੀਆਂ ਕੋਲ਼ ਪੈਸੇ ਦੀ ਕਮੀ ਹੈ। ਸਮੱਸਿਆ ਇਹ ਹੈ ਕਿ ਪੰਜਾਬੀ ਬੋਲੀ ਨੂੰ ਲੋੜੀਂਦੀ ਪੱਧਰ 'ਤੇ ਅਹਿਮੀਅਤ ਨਹੀਂ ਦਿੱਤੀ ਜਾ ਰਹੀ। ਅਜੇ ਵੀ ਆਸ ਇਹ ਕੀਤੀ ਜਾਂਦੀ ਹੈ ਕਿ ਪੰਜਾਬੀ ਬੋਲੀ ਦਾ ਵਿਕਾਸ ਕਰਨ ਦੀ ਖਾਹਿਸ਼ ਰੱਖਣ ਵਾਲੇ ਲੋਕ ਜਾਂ ਤਾਂ ਉਂਜ ਹੀ ਇਸ ਕੰਮ ਲਈ ਵਲੰਟੀਅਰਾਂ ਵਜੋਂ ਵਕਤ ਲਾਉਣ ਤੇ ਜਾਂ ਫਿਰ ਇਸ ਵਾਸਤੇ ਲੋੜੀਂਦੇ ਆਰਿਥਕ ਸੋਮੇ ਵੀ ਖੁਦ ਹੀ ਪੈਦਾ ਕਰਨ। ਕੋਈ ਇਸ ਕਿਸਮ ਦੀ ਸੰਸਥਾ ਨਹੀਂ ਜੋ ਪੈਸੇ ਵਾਲੇ ਲੋਕਾਂ ਨੂੰ ਪੰਜਾਬੀ ਵਿੱਚ ਲੋੜੀਂਦੀ ਸਮੱਗਰੀ ਤਿਆਰ ਕਰਨ ਵਾਸਤੇ ਪੈਸੇ ਦੇਣ ਲਈ ਸਹਿਮਤ ਕਰੇ ਤੇ ਇਸ ਕੰਮ ਦੇ ਯੋਗ ਵਿਅਕਤੀਆਂ ਨੂੰ ਉਨ੍ਹਾਂ ਦੀ ਯੋਗਤਾ ਅਨੁਸਾਰ ਪੈਸੇ ਦੇ ਕੇ ਇਸ ਪਾਸੇ ਲਾਵੇ। ਅਜਿਹੇ ਕੰਮ ਕੁਝ ਸਿੱਖ ਧਾਰਿਮਕ ਜਥੇਬੰਦੀਆਂ ਵੱਲੋਂ ਕੀਤੇ ਵੀ ਜਾ ਰਹੇ ਹਨ ਪਰ ਉਨ੍ਹਾਂ ਵੱਲੋਂ ਤਿਆਰ ਕੀਤੀ ਸਮੱਗਰੀ ਵਿੱਚ ਧਰਮ ਦਾ ਅੰਸ਼ ਏਨਾ ਭਾਰੂ ਹੁੰਦਾ ਹੈ ਕਿ ਉਹ ਸੈਕੂਲਰ ਸੋਚ ਵਾਲੇ ਅਧਿਆਪਕਾਂ ਤੇ ਸੈਕੂਲਰ ਲੀਹਾਂ ਤੇ ਚੱਲਣ ਵਾਲੇ ਵਿੱਦਿਅਕ ਢਾਂਚੇ ਲਈ ਪੂਰੀ ਤਰ੍ਹਾਂ ਢੁੱਕਵੇਂ ਨਹੀਂ।

ਏਸੇ ਤਰ੍ਹਾਂ ਵਿਦਿਆਰਥੀਆਂ ਵਿੱਚ ਦਿਲਚਸਪੀ ਦੀ ਘਾਟ - ਅਸਲ ਵਿੱਚ ਮਾਪਿਆਂ ਵਿੱਚ ਦਿਲਚਸਪੀ ਦੀ ਘਾਟ, ਕਿਉਂਕਿ ਬੱਚਿਆਂ ਦੀ ਪੜ੍ਹਾਈ ਬਾਰੇ ਫੈਸਲਾ ਤਾਂ ਮਾਪਿਆਂ ਨੇ ਹੀ ਕਰਨਾ ਹੁੰਦਾ ਹੈ - ਦੀ ਸਮੱਸਿਆ ਦੀਆਂ ਵੀ ਕਈ ਪਰਤਾਂ ਹਨ। ਇਸ ਦਾ ਇੱਕ ਪੱਖ ਸਾਡੀ ਜੀਵਨ ਵਲ ਨਿਹਾਇਤ ਹੀ ਉਪਯੋਗਵਾਦੀ (ਪਰੈਗਮੈਟਿਕ) ਪਹੁੰਚ ਹੈ। ਆਪਣੇ ਬੱਚਿਆਂ ਨੂੰ ਬੋਲੀ ਦੀ ਸਿੱਖਿਆ ਬਾਰੇ ਫੈਸਲਾ ਕਰਨ ਲੱਗੇ ਮਾਪੇ ਸੋਚਦੇ ਹਨ ਕਿ ਇਸ ਦਾ ਫਾਇਦਾ ਕੀ ਹੋਵੇਗਾ? ਕੀ ਸਾਡੇ ਬੱਚੇ ਨੂੰ ਫਰਾਂਸੀਸੀ ਪੜ੍ਹਨ ਨਾਲ਼ ਜ਼ਿਆਦਾ ਫਾਇਦਾ ਤਾਂ ਨਹੀਂ ਹੋਣ ਲੱਗਾ? ਇਸੇ ਲੀਹ 'ਤੇ ਇਹ ਸੋਚ ਵੀ ਕੰਮ ਕਰਦੀ ਹੈ ਕਿ ਜੇ ਬੱਚਾ ਪੰਜਾਬੀ ਵਿੱਚ ਆਮ ਬੋਲ ਚਾਲ ਤੇ ਖਤ ਲਿਖਣ ਪੜ੍ਹਨ ਜੋਗਾ ਹੋ ਜਾਵੇ ਤਾਂ ਬਹੁਤ ਹੈ। ਧਾਰਿਮਕ ਵਿਰਤੀ ਵਾਲੇ ਮਾਪੇ ਤੇ ਅਦਾਰੇ ਪੰਜਾਬੀ ਬੋਲੀ ਦੀ ਸਿੱਖਿਆ ਨੂੰ ਧਾਰਿਮਕ ਸਿੱਖਿਆ ਤੱਕ ਸੀਮਤ ਕਰ ਕੇ ਦੇਖਦੇ ਹਨ। ਬੱਚਿਆਂ ਵਾਸਤੇ ਪੰਜਾਬੀ ਸੱਭਿਆਚਾਰ ਦੀ ਡੂੰਘੀ ਜਾਣਕਾਰੀ, ਪੰਜਾਬੀ ਸਾਹਿਤ ਤੇ ਬੋਲੀ ਦੇ ਇਤਿਹਾਸ ਵਰਗੇ ਮਹੱਤਵਪੂਰਨ ਵਿਸ਼ਿਆਂ ਵਿੱਚ ਜਾਣਕਾਰੀ ਦਾ ਹੋਣਾ ਬਹੁਤੇ ਪੰਜਾਬੀ ਮਾਪਿਆਂ ਲਈ ਕੋਈ ਅਹਿਮੀਅਤ ਨਹੀਂ ਰੱਖਦਾ।

ਇਨ੍ਹਾਂ ਉਪ੍ਰੋਕਿਤ ਕਾਰਨਾਂ ਕਰ ਕੇ ਪੰਜਾਬੀ ਦੀ ਪੜ੍ਹਾਈ ਵਿੱਚ ਦਿਲਚਸਪੀ ਦੀ ਘਾਟ ਦਾ ਮਸਲਾ ਵੱਡੀ ਮੁਸ਼ਕਲ ਵਜੋਂ ਸਾਹਮਣੇ ਆਉਂਦਾ ਹੈ। ਅਨੇਕਾਂ ਇਤਿਹਾਸਕ, ਧਾਰਿਮਕ, ਸਿਆਸੀ ਤੇ ਆਰਿਥਕ ਕਾਰਨ ਹਨ ਜਿਨ੍ਹਾਂ ਨੇ ਮਿਲ ਕੇ ਪੰਜਾਬੀਆਂ ਦੇ ਮਨਾਂ ਵਿੱਚ ਉਨ੍ਹਾਂ ਦੀ ਆਪਣੀ ਬੋਲੀ ਪ੍ਰਤੀ ਪਹੁੰਚ ਵਿੱਚ ਨੁਕਸ ਪੈਦਾ ਕਰ ਦਿੱਤੇ ਹਨ। ਭਾਵੇਂ ਇਨ੍ਹਾਂ ਬਾਰੇ ਪਹਿਲਾਂ ਵੀ ਚਰਚਾ ਕੀਤੀ ਜਾ ਚੁੱਕੀ ਹੈ ਫੇਰ ਵੀ ਏਥੇ ਕੁਝ ਗੱਲਾਂ ਨੂੰ ਦੁਹਰਾਣਾ ਜ਼ਰੂਰੀ ਲਗਦਾ ਹੈ। ਪੰਜਾਬੀ ਭਾਈਚਾਰੇ ਵਿੱਚੋਂ ਜਿੱਥੇ ਹਿੰਦੂ ਅਤੇ ਮੁਸਲਮਾਨ, ਧਾਰਿਮਕ ਕਾਰਨਾਂ ਕਰ ਕੇ ਪੰਜਾਬੀ ਤੋਂ ਦੂਰ ਹਨ ਉੱਥੇ ਸਿੱਖ ਭਾਈਚਾਰੇ ਦੀ ਨੇੜਤਾ ਦਾ ਮੁੱਖ ਕਾਰਨ ਵੀ ਧਰਮ ਹੀ ਹੈ। ਏਥੋਂ ਦੇ ਅਨੇਕਾਂ ਮੰਦਰਾਂ ਅਤੇ ਮਸੀਤਾਂ ਵਿੱਚ, ਜਿੱਥੇ ਪੰਜਾਬੀ ਵੱਡੀ ਗਿਣਤੀ ਵਿੱਚ ਜਾਂਦੇ ਹਨ, ਪੰਜਾਬੀ ਲਈ ਕੋਈ ਥਾਂ ਨਹੀਂ ਹੈ। ਸਿੱਖ ਗੁਰਦੁਆਰਿਆਂ ਵਿੱਚ ਜਿੱਥੇ ਪੰਜਾਬੀ ਵਲ ਧਿਆਨ ਤਾਂ ਦਿੱਤਾ ਜਾਂਦਾ ਹੈ ਪਰ ਉਹ ਸਿਰਫ ਧਾਰਿਮਕ ਨੁਕਤੇ ਤੋਂ ਕਿ ਬੱਚੇ ਕੀਰਤਨ ਕਰਨ ਅਤੇ ਗੁਰਬਾਣੀ ਪੜ੍ਹਨਯੋਗ ਹੋ ਜਾਣ।

ਇਹ ਗੱਲ ਉਸ ਵੇਲੇ ਉੱਘੜ ਕੇ ਸਾਹਮਣੇ ਆਈ ਜਦੋਂ ਬੀ ਸੀ ਦੀ ਸਰਕਾਰ ਵੱਲੋਂ ਨਵੀਂ ਭਾਸ਼ਾ ਨੀਤੀ ਬਣਾਉਣ ਬਾਅਦ ਇਸ ਨੂੰ ਲਾਗੂ ਕਰਾਉਣ ਦੀਆਂ ਕੋਸ਼ਿਸ਼ਾਂ ਵਿੱਚ ਕੁਝ ਉਨ੍ਹਾਂ ਧਾਰਿਮਕ ਅਦਾਰਿਆਂ ਨੇ ਦਿਲਚਸਪੀ ਲੈਣੀ ਘੱਟ ਕਰ ਦਿੱਤੀ ਜਿਹੜੇ ਪਹਿਲਾਂ ਇਸ ਲਈ ਸਰਕਾਰ ਕੋਲੋਂ ਮੰਗ ਕਰਨ ਵਿੱਚ ਕਾਫੀ ਸਰਗਰਮ ਸਨ। ਕਾਰਨ ਇਹ ਸਾਹਮਣੇ ਆਇਆ ਕਿ ਏਥੋਂ ਦੇ ਸਕੂਲਾਂ ਵਿੱਚ ਧਾਰਿਮਕ ਵਿੱਦਿਆ ਦੇਣੀ ਕਾਨੂੰਨਨ ਗਲਤ ਹੈ। ਇਹ ਨਿਰਾਸ਼ਾ ਵਾਲੀ ਗੱਲ ਹੈ ਕਿ ਸਿੱਖ ਧਰਮ ਨਾਲ਼ ਸੰਬੰਧਿਤ ਬਹੁਤੇ ਲੋਕ ਪੰਜਾਬੀ ਬੋਲੀ ਨੂੰ ਇੱਕ ਬੋਲੀ ਵਜੋਂ ਦੇਖਣ ਤੋਂ ਅਸਮਰੱਥ ਹਨ। ਉਨ੍ਹਾਂ ਵਾਸਤੇ ਪੰਜਾਬੀ ਬੋਲੀ ਨੂੰ ਸਾਂਭਣ ਦਾ ਅਤੇ ਅਗਲੀਆਂ ਪੀੜ੍ਹੀਆਂ ਨੂੰ ਇਸ ਨਾਲ਼ ਜੋੜਨ ਦਾ ਮੁੱਖ ਮਕਸਦ ਧਾਰਿਮਕ ਪੱਖੋਂ ਹੀ ਹੈ, ਬੋਲੀ ਜਾਂ ਸੱਭਿਆਚਾਰਕ ਪੱਖੋਂ ਨਹੀਂ। ਇੱਕ ਪੱਧਰ ’ਤੇ ਉਨ੍ਹਾਂ ਦੇ ਇਸ ਵਿਹਾਰ ਲਈ ਉਨ੍ਹਾਂ ਨੂੰ ਗਲਤ ਨਹੀਂ ਕਿਹਾ ਜਾ ਸਕਦਾ ਕਿਉਂਕਿ ਉਹ ਆਪਣੇ ਧਾਰਿਮਕ ਨਜ਼ਰੀਏ ਤੋਂ ਕੁਝ ਵੀ ਗਲਤ ਸੋਚ ਜਾਂ ਕਰ ਨਹੀਂ ਰਹੇ। ਪੰਜਾਬੀ ਭਾਈਚਾਰੇ ਦੀ ਜੇ ਸਮੁੱਚੀ ਨਹੀਂ ਤਾਂ ਵੱਡੀ ਗਿਣਤੀ ਕਿਸੇ ਨਾ ਕਿਸੇ ਧਰਮ ਨਾਲ਼ ਬੱਝੀ ਹੋਈ ਹੈ। ਨਤੀਜੇ ਵਜੋਂ ਪੰਜਾਬੀ ਬੋਲੀ ਬਾਰੇ ਇੱਕ ਬੋਲੀ ਵਜੋਂ ਫਿਕਰ ਕਰਨ ਵਾਲੇ ਬਹੁਤ ਥੋੜ੍ਹੇ ਲੋਕ ਰਹਿ ਜਾਂਦੇ ਹਨ। ਧਾਰਿਮਕ ਅਦਾਰਿਆਂ ਤੋਂ ਬਾਹਰਲੇ ਇਨ੍ਹਾਂ ਲੋਕਾਂ ਕੋਲ਼ ਪੰਜਾਬੀ ਵਾਸਤੇ ਕੁਝ ਕਰਨ ਲਈ ਲੋੜੀਦੀ ਸ਼ਕਤੀ ਤੇ ਸੋਮੇ ਨਹੀਂ ਹਨ। ਨਤੀਜਾ ਇਹ ਹੈ ਕਿ ਬੋਲਚਾਲ ਦੀ ਪੱਧਰ ’ਤੇ ਪੰਜਾਬੀ ਦਾ ਹਰ ਪਾਸੇ ਬੋਲਬਾਲਾ ਹੈ। ਵੱਡੀ ਗਿਣਤੀ ਵਿੱਚ ਚਲਦੇ ਰੇਡੀਓ ਅਤੇ ਟੀ ਵੀ ਪ੍ਰੋਗਰਾਮ ਇਸ ਦੀ ਗਵਾਹੀ ਹਨ। ਪਰ ਏਥੇ ਵਸਦੀ ਪੰਜਾਬੀਆਂ ਦੀ ਅਗਲੀ ਪੀੜ੍ਹੀ ਨੂੰ ਪੰਜਾਬੀ ਵਿੱਚ ਪੜ੍ਹਨ ਲਿਖਣ ਦੀ ਯੋਗਤਾ ਵਲ ਧਿਆਨ ਦੇਣ ਵਾਲੇ ਲੋਕ ਥੋੜ੍ਹੇ ਹਨ ਅਤੇ ਇਸ ਮਕਸਦ ਲਈ ਆਰਿਥਕ ਸੋਮੇ ਉਸ ਤੋਂ ਵੀ ਘੱਟ।

4.3.6

ਪਬਲਿਕ ਸਕੂਲਾਂ ਵਿੱਚ ਪੰਜਾਬੀ ਦੀ ਪੜ੍ਹਾਈ ਲਾਗੂ ਕਰਵਾਉਣ ਲਈ ਹੋਈਆਂ ਕੋਸ਼ਿਸ਼ਾਂ ਅਤੇ ਪ੍ਰਾਪਤੀਆਂ

ਬੀ ਸੀ ਦੀ ਨਵੀਂ ਭਾਸ਼ਾ ਨੀਤੀ ਬਣਨ ਨਾਲ਼ ਪਿਛਲੇ ਡੇਢ ਦਹਾਕੇ ਦੌਰਾਨ ਹਜ਼ਾਰਾਂ ਦੀ ਗਿਣਤੀ ਵਿੱਚ ਵਿਦਿਆਰਥੀਆਂ ਨੇ ਆਪਣੀ ਪੜ੍ਹਾਈ ਦੇ ਰੈਗੂਲਰ ਸਮੇਂ, ਦੂਜੇ ਵਿਸ਼ਿਆਂ ਦੇ ਬਰਾਬਰ, ਪੰਜਾਬੀ ਪੜ੍ਹੀ ਹੈ ਅਤੇ ਪੜ੍ਹ ਰਹੇ ਹਨ। ਭਾਸ਼ਾ ਨੀਤੀ ਲਾਗੂ ਕਰਵਾਉਣ ਵਿੱਚ ਆਉਂਦੀਆਂ ਅਨੇਕਾਂ ਮੁਸ਼ਕਲਾਂ ਦੇ ਬਾਵਜੂਦ ਪੰਜਾਬੀ ਵਾਸਤੇ ਇਹ ਕੋਈ ਛੋਟੀ ਪ੍ਰਾਪਤੀ ਨਹੀਂ। ਪਰ ਨਾਲ਼ ਹੀ ਇਹ ਵੀ ਸਚਾਈ ਹੈ ਕਿ ਨਵੀਂ ਨੀਤੀ ਬਣਨ ਨਾਲ਼ ਜਿਸ ਕਿਸਮ ਦੀਆਂ ਸੰਭਾਵਨਾਵਾਂ ਪੈਦਾ ਹੋਈਆਂ ਸਨ ਉਨ੍ਹਾਂ ਮੁਤਾਬਕ ਪੰਜਾਬੀ ਦੀ ਪੜ੍ਹਾਈ ਨੇ ਵਿਕਾਸ ਨਹੀਂ ਕੀਤਾ। ਜਿੰਨੀ ਕੁ ਪ੍ਰਾਪਤੀ ਹੋਈ ਹੈ ਉਸ ਵਾਸਤੇ ਬਹੁਤ ਸਾਰੇ ਵਿਅਕਤੀਆਂ ਨੇ ਇਸ ਪਾਸੇ ਯਥਾਯੋਗ ਹਿੱਸਾ ਪਾਇਆ ਹੈ।

ਬੀ ਸੀ ਦੇ ਬਹੁਤ ਸਾਰੇ ਸ਼ਹਿਰਾਂ ਵਿੱਚ ਜਿੱਥੇ ਵੀ ਪੰਜਾਬੀ ਵਸਦੇ ਹਨ, ਉਨ੍ਹਾਂ ਨੇ ਆਪਣੀਆਂ ਕੋਸ਼ਿਸ਼ਾਂ ਨਾਲ਼ ਸਕੂਲਾਂ ਵਿੱਚ ਪੰਜਾਬੀ ਦੀ ਪੜ੍ਹਾਈ ਸ਼ੁਰੂ ਕਰਵਾਉਣ ਲਈ ਯਤਨ ਕੀਤੇ। ਕਿਸੇ ਵੀ ਪਬਲਿਕ ਸਕੂਲ ਵਿੱਚ ਪੰਜਾਬੀ ਆਪਣੇ ਆਪ ਨਹੀਂ ਲੱਗੀ। ਲੋਅਰ ਮੇਨਲੈਂਡ[124] ਦੇ ਇਲਾਕੇ ਤੋਂ ਬਾਹਰ ਦੇ ਸ਼ਹਿਰਾਂ ਵਿੱਚ ਜਿੱਥੇ ਸਮੇਂ ਸਮੇਂ ਪੰਜਾਬੀ ਦੀਆਂ ਜਮਾਤਾਂ ਚੱਲੀਆਂ ਹਨ ਉਨ੍ਹਾਂ ਵਿੱਚ ਸ਼ਾਮਲ ਹਨ: ਡੰਕਨ, ਵਿਕਟੋਰੀਆ, ਕੈਮਲੂਪਸ, ਵਿਲਿਅਮਜ਼ ਲੇਕ, ਕੁਨੈਲ, ਟੈਰਿਸ, ਓਲੀਵਰ, ਕਲੋਨਾ ਆਦਿ। ਇਨ੍ਹਾਂ ਵਿੱਚੋਂ ਕਈ ਥਾਵਾਂ 'ਤੇ ਵੱਖ ਵੱਖ ਕਾਰਨਾਂ ਵਸ ਪੰਜਾਬੀ ਸ਼ੁਰੂ ਹੋ ਕੇ ਬੰਦ ਵੀ ਹੋਈ ਹੈ। ਕਈ ਥਾਵੀਂ ਯੋਗ ਅਧਿਆਪਕ ਦੀ ਘਾਟ ਕਾਰਨ ਬਣਦੀ ਹੈ ਤੇ ਕਈ ਥਾਵੀਂ ਵਿਦਿਆਰਥੀਆਂ ਵੱਲੋਂ ਦਿਲਚਸਪੀ ਦੀ ਘਾਟ ਜਾਂ ਉਂਜ ਗਿਣਤੀ ਪੂਰੀ ਨਾ ਹੋਣਾ। ਬੀ ਸੀ ਦੇ ਕੁਝ ਸ਼ਹਿਰਾਂ ਜਿਵੇਂ ਵਿਲੀਅਮਜ਼ ਲੇਕ ਤੇ ਕੁਨੈਲ ਆਦਿ ਵਿੱਚੋਂ ਲੱਕੜੀ ਦੀ ਸਨਅਤ ਵਿੱਚ ਕੰਮਾਂ ਦੇ ਘਟਣ ਕਾਰਨ ਪੰਜਾਬੀ ਵਸੋਂ ਵੀ ਘਟ ਗਈ ਹੈ। ਏਥੋਂ ਉੱਠ ਕੇ ਬਹੁਤ ਸਾਰੇ ਲੋਕ ਬੀ ਸੀ ਦੇ ਮਹਾਂ-ਵੈਨਕੂਵਰ, ਖਾਸ ਕਰ ਸਰ੍ਹੀ ਦੇ ਇਲਾਕੇ ਵਿੱਚ ਤੇ ਜਾਂ ਅਲਬਰਟਾ ਸੂਬੇ ਵਿੱਚ ਖਾਸ ਕਰ ਕੈਲਗਰੀ ਸ਼ਹਿਰ ਜਾ ਵਸੇ ਹਨ।

---

124 ਬੀ ਸੀ ਦੇ ਫਰੇਜ਼ਰ ਦਰਿਆ ਨਾਲ਼ ਬਣੀ ਵਾਦੀ ਦੇ ਸਮੁੰਦਰ ਨਾਲ਼ ਲਗਦੇ ਇਲਾਕੇ ਨੂੰ ਲੋਅਰ ਮੇਨਲੈਂਡ ਵੀ ਕਿਹਾ ਜਾਂਦਾ ਹੈ ਜਿਸ ਵਿੱਚ ਮਹਾਂ ਵੈਨਕੂਵਰ ਅਤੇ ਨੇੜੇ ਦੇ ਸ਼ਹਿਰ ਆਉਂਦੇ ਹਨ: ਵੈਨਕੂਵਰ, ਬਰਨਬੀ, ਰਿਚਮੰਡ, ਨਿਊ ਵੈਸਟਮਿਨਸਟਰ, ਡੈਲਟਾ, ਸਰ੍ਹੀ, ਲੈਂਗਲੀ, ਐਬਟਸਫੋਰਡ, ਚਿਲਾਵੈਕ, ਮਿਸ਼ਨ, ਮੇਪਲ ਰਿੱਜ, ਕੁਕਿਟਲਮ, ਵੈਸਟ ਤੇ ਨੌਰਥ ਵੈਨਕੂਵਰ। ਮਹਾਂ ਵੈਨਕੂਵਰ ਵਿੱਚ ਵੈਸਟ ਵੈਨਕੂਵਰ ਤੋਂ ਲੈ ਕੇ ਮੇਪਲ ਰਿੱਜ ਤੇ ਲੈਂਗਲੀ ਤੱਕ ਤਕਰੀਬਨ ਦੋ ਦਰਜਨ ਦੇ ਕਰੀਬ ਛੋਟੇ ਵੱਡੇ ਸ਼ਹਿਰ ਤੇ ਕਸਬੇ ਆਉਂਦੇ ਹਨ। ਇਨ੍ਹਾਂ ਵਿੱਚੋਂ ਸਭ ਤੋਂ ਵੱਡੀ ਮਿਊਂਸਪਿਲਟੀ ਸਰ੍ਹੀ ਹੈ।

ਬੀ ਸੀ ਦੀ ਆਮ ਵਸੋਂ ਵਿੱਚੋਂ 60% ਲੋਕ ਲੋਅਰ ਮੇਨਲੈਂਡ ਵਿੱਚ ਰਹਿੰਦੇ ਹਨ। ਏਸੇ ਤਰ੍ਹਾਂ ਪੰਜਾਬੀਆਂ ਦੀ ਬਹੁਤੀ ਵਸੋਂ ਵੀ ਇੱਥੇ ਹੀ ਹੈ। ਜ਼ਿਆਦਾ ਸੰਘਣੀ ਵਸੋਂ ਵਾਲੇ ਇਲਾਕੇ ਸਰ੍ਹੀ ਅਤੇ ਐਬਟਸਫੋਰਡ ਹਨ। ਕੁਦਰਤੀ, ਸਕੂਲਾਂ ਵਿੱਚ ਪੰਜਾਬੀ ਦੀ ਪੜ੍ਹਾਈ ਬਾਰੇ ਜ਼ਿਆਦਾ ਕੋਸ਼ਿਸ਼ਾਂ ਵੀ ਲੋਅਰ ਮੇਨਲੈਂਡ ਦੇ ਇਲਾਕੇ ਵਿੱਚ ਹੀ ਹੋਈਆਂ ਹਨ।

ਭਾਸ਼ਾ ਨੀਤੀ ਦਾ ਐਲਾਨ ਹੋਣ ਬਾਅਦ ਮਹਾਂ ਵੈਨਕੂਵਰ ਦੇ ਇਲਾਕੇ ਵਿੱਚ ਕੁਝ ਜਥੇਬੰਦੀਆਂ ਨੇ ਕਾਫੀ ਸਰਗਰਮੀ ਨਾਲ਼ ਸਕੂਲਾਂ ਵਿੱਚ ਪੰਜਾਬੀ ਲਾਗੂ ਕਰਵਾਉਣ ਵਾਸਤੇ ਕੋਸ਼ਿਸ਼ਾਂ ਸ਼ੁਰੂ ਕੀਤੀਆਂ। ਸ਼ੁਰੂ ਵਿੱਚ ਇਸ ਪਾਸੇ ਹਿੱਸਾ ਪਾਉਣ ਵਾਲ਼ੀਆਂ ਜਥੇਬੰਦੀਆਂ ਵਿੱਚੋਂ ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ ਆਫ ਬਰਨਬੀ ਜਿਸ ਨੂੰ 1997-1998 ਵਿੱਚ ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ, ਬੀ ਸੀ ਕੈਨੇਡਾ (ਪਲੀ) ਬਣਾ ਦਿੱਤਾ ਗਿਆ। ਇਸ ਸੰਬੰਧ ਵਿੱਚ ਪੰਜਾਬੀ ਲੈਂਗੂਏਜ ਡੀਵੈਲਪਮੈਂਟ ਆਫ ਬੀ ਸੀ ਨੇ ਵੀ ਸ਼ੁਰੂ ਵਿੱਚ ਜ਼ਿਕਰਯੋਗ ਕੰਮ ਕੀਤਾ[125]। ਇਹ ਜਥੇਬੰਦੀ ਵੈਨਕੂਵਰ ਦੇ ਇਤਿਹਾਸਕ ਗੁਰਦਵਾਰੇ, ਜੋ ਹੁਣ ਰੌਸ ਸਟਰੀਟ 'ਤੇ ਸਥਿਤ ਹੈ, ਨਾਲ਼ ਮਿਲ ਕੇ ਕੰਮ ਕਰਦੀ ਸੀ ਤੇ ਇਨ੍ਹਾਂ ਦੀਆਂ ਮੀਟਿੰਗਾਂ ਵੀ ਗੁਰੂ ਘਰ ਨਾਲ਼ ਲਗਦੇ ਸਥਾਨ 'ਤੇ ਹੀ ਹੁੰਦੀਆਂ ਸਨ। ਪਰ ਇਨ੍ਹਾਂ ਸੰਸਥਾਵਾਂ ਵਿੱਚੋਂ ਲੰਮੇ ਸਮੇਂ ਵਾਸਤੇ ਸਿਰਫ ਪਲੀ ਹੀ ਸਰਗਰਮ ਰਹਿ ਸਕੀ ਹੈ।

ਸ਼ੁਰੂ ਵਿੱਚ ਹੋਈਆਂ ਇਨ੍ਹਾਂ ਕੋਸ਼ਿਸ਼ਾਂ ਦੇ ਕੋਈ ਬਹੁਤੇ ਵਧੀਆ ਨਤੀਜੇ ਨਾ ਨਿਕਲੇ। ਪੰਜਾਬੀ ਲੇਖਕ ਮੰਚ ਵੈਨਕੂਵਰ ਬੀ ਸੀ ਵੱਲੋਂ 20 ਸਤੰਬਰ, 1997 ਨੂੰ ਕਰਵਾਈ ਗਈ 'ਕੈਨੇਡੀਅਨ ਪੰਜਾਬੀ ਕਾਨਫਰੰਸ' ਸਮੇਂ ਪੜ੍ਹੇ ਇੱਕ ਪਰਚੇ 'ਬੀ ਸੀ ਦੇ ਸਕੂਲਾਂ ਵਿੱਚ ਪੰਜਾਬੀ ਬੋਲੀ ਦੀ ਪੜ੍ਹਾਈ' ਵਿੱਚ ਬੀ ਸੀ ਦੀ ਨਵੀਂ ਭਾਸ਼ਾ ਨੀਤੀ ਬਣਨ ਤੋਂ ਬਾਅਦ ਹੋਏ ਵਿਕਾਸ ਬਾਰੇ ਇਹ ਖੁਲਾਸਾ ਕੀਤਾ ਗਿਆ:

> ਸਤੰਬਰ 1997 ਤੋਂ ਸ਼ੁਰੂ ਹੋਈਆਂ ਕਲਾਸਾਂ ਬਾਰੇ ਮਿਲੀ ਜਾਣਕਾਰੀ ਏਨੀ ਤਸੱਲੀਬਖਸ਼ ਨਹੀਂ ਹੈ। ਨਿਰਾਸ਼ ਕਰਨ ਵਾਲੀ ਗੱਲ ਇਸ ਪੱਖ ਤੋਂ ਹੈ ਕਿ ਨਵੀਂ ਨੀਤੀ ਅਨੁਸਾਰ ਸੰਭਾਵਨਾਵਾਂ ਜ਼ਿਆਦਾ ਹਨ ਪਰ ਪ੍ਰਾਪਤੀ ਬਹੁਤ ਘੱਟ ਹੋਈ ਹੈ। ਉਂਜ ਆਪਣੇ ਆਪ ਵਿੱਚ ਇਹ ਕੋਈ ਘੱਟ ਅਹਿਮੀਅਤ ਵਾਲੀ ਗੱਲ ਨਹੀਂ ਕਿ ਇਸ ਸਾਲ ਪਹਿਲਾਂ ਕਿਸੇ ਵੀ ਸਾਲ ਨਾਲੋਂ ਜ਼ਿਆਦਾ ਸਕੂਲਾਂ ਵਿੱਚ ਪੰਜਾਬੀ ਬੋਲੀ ਦੀਆਂ ਕਲਾਸਾਂ ਚੱਲ ਰਹੀਆਂ ਹਨ। ਫੇਰ ਵੀ ਉੱਭਰ ਰਹੀ ਤਸਵੀਰ ਉਹ ਹੀ ਹੈ ਜਿਸਦਾ ਸਾਨੂੰ ਡਰ ਹੈ। ਉਹ ਹੈ ਕਿ ਅਸਲੀ ਮਸਲਾ ਪੰਜਾਬੀ ਕਮਿਊਨਿਟੀ ਵੱਲੋਂ ਪੰਜਾਬੀ ਬੋਲੀ ਪ੍ਰਤੀ ਦਿਖਾਈ ਜਾ ਰਹੀ ਮਹੱਤਵਹੀਣਤਾ ਦਾ ਹੈ। ਐਬਟਸਫੋਰਡ, ਜਿੱਥੇ ਕਾਫੀ ਵੱਡੀ ਪੰਜਾਬੀ ਕਮਿਊਨਿਟੀ ਹੈ ਅਤੇ ਭਾਈਚਾਰੇ ਵੱਲੋਂ ਖਾਲਸਾ ਸਕੂਲ ਚਲਾਇਆ ਜਾ ਰਿਹਾ ਹੈ, ਉੱਥੋਂ ਦੇ

[125] ਇਸ ਵਿੱਚ ਸਰਗਰਮੀ ਨਾਲ਼ ਹਿੱਸਾ ਲੈਣ ਵਾਲੇ ਲੋਕਾਂ ਵਿੱਚ ਪ੍ਰਮੁੱਖ ਸਨ ਹਰਭਜਨ ਸਿੰਘ ਮਨੋਚਾ, ਪੂਰਨ ਸਿੰਘ ਗਿੱਲ, ਗੁਰਿਦਆਲ ਸਿੰਘ ਨੀਲ, ਚਰਨਜੀਤ ਸਿੰਘ ਰੰਧਾਵਾ, ਅਮਰ ਸਿੰਘ ਧਾਲੀਵਾਲ, ਡਾਕਟਰ ਮੇਜਰ ਸਿੰਘ ਰੰਧਾਵਾ ਅਤੇ ਹੋਰ ਲੋਕ।

> ਸਕੂਲ ਬੋਰਡ ਤੋਂ ਮਿਲੀ ਜਾਣਕਾਰੀ ਅਨੁਸਾਰ ਕਮਿਊਨਿਟੀ ਵੱਲੋਂ ਅਤੇ ਵਿਦਿਆਰਥੀਆਂ ਵੱਲੋਂ ਪੰਜਾਬੀ ਬੋਲੀ ਦੀਆਂ ਕਲਾਸਾਂ ਸ਼ੁਰੂ ਕਰਨ ਵਾਸਤੇ ਲੋੜੀਂਦੀ ਦਿਲਚਸਪੀ ਨਹੀਂ ਦਿਖਾਈ ਗਈ। ਡੈਲਟਾ ਸਕੂਲ ਬੋਰਡ ਦਾ ਕਹਿਣਾ ਹੈ ਕਿ ਉਨ੍ਹਾਂ ਕੋਲ਼ ਅਜੇ ਤੱਕ ਕਿਸੇ ਨੇ ਵੀ ਰਸਮੀ ਤੌਰ ’ਤੇ (ਫਾਰਮਲੀ) ਪੰਜਾਬੀ ਦੀਆਂ ਕਲਾਸਾਂ ਸ਼ੁਰੂ ਕਰਨ ਵਾਸਤੇ ਦਰਖਾਸਤ ਨਹੀਂ ਕੀਤੀ। ਵੈਨਕੂਵਰ ਸਕੂਲ ਬੋਰਡ ਨੇ ਜਾਹਨ ਆਲੀਵਰ ਸਕੂਲ ਦੇ ਕੋਰਸਾਂ ਦੀ ਲਿਸਟ, ਜਾਂ ਸਕੂਲ ਦੇ ਕਲੰਡਰ ਵਿੱਚ, ਪੰਜਾਬੀ ਬੋਲੀ ਦਰਜ ਕੀਤੀ ਹੋਈ ਹੈ ਪਰ ਸਕੂਲ ਵਿੱਚ ਪੰਜਾਬੀ ਪੜ੍ਹਾਈ ਨਹੀਂ ਜਾ ਰਹੀ ਕਿਉਂਕਿ ਵਿਦਿਆਰਥੀਆਂ ਵੱਲੋਂ ਦਿਲਚਸਪੀ ਨਹੀਂ ਦਿਖਾਈ ਗਈ। ਜਾਹਨ ਆਲੀਵਰ ਸਕੂਲ ਕਨੇਡਾ ਵਿੱਚ ਸਭ ਤੋਂ ਵੱਡੇ ਗਿਣੇ ਜਾਂਦੇ ਗੁਰਦਵਾਰੇ ਦੇ ਨਜ਼ਦੀਕ ਪੈਂਦਾ ਹੈ ਤੇ ਵੈਨਕੂਵਰ ਵਿੱਚ ਪੰਜਾਬੀਆਂ ਦੇ ਗੜ੍ਹ ਵਿਚਕਾਰ ਹੈ। ਇਹ ਸਕੂਲ ਪੰਜਾਬੀ ਮਾਰਿਕਟ ਤੋਂ ਕੁਝ ਬਲਾਕ ਹੀ ਦੂਰ ਹੈ। ਏਸੇ ਤਰ੍ਹਾਂ ਬਰਨਬੀ ਦੇ ਚਾਰ ਸਕੂਲਾਂ ਦੇ ਕਲੰਡਰਾਂ ਵਿੱਚ ਪੰਜਾਬੀ ਬੋਲੀ ਦੀ ਪੜ੍ਹਾਈ ਦੇ ਕੋਰਸ ਲਿਸਟ ਕੀਤੇ ਗਏ ਹਨ ਪਰ ਮੇਰੀ ਜਾਣਕਾਰੀ ਅਨੁਸਾਰ ਪੜ੍ਹਾਈ ਕਿਤੇ ਵੀ ਨਹੀਂ ਜਾ ਰਹੀ।[126]

ਉੱਪਰਲੀਆਂ ਸਥਿਤੀਆਂ ਨਾਲ਼ ਸਿੱਝਣ ਵਾਸਤੇ ਜਿਗਰੇ ਨਾਲ਼ ਚਲਾਈ ਜਾ ਸਕਣ ਵਾਲੀ ਲੰਮੀ ਜੱਦੋਜਹਿਦ ਲੋੜੀਂਦੀ ਸੀ। ਸਮੇਂ ਦੀ ਲੋੜ ਸੀ ਕਿ ਦਰਪੇਸ਼ ਸਮੱਸਿਆਵਾਂ ਨੂੰ ਉਨ੍ਹਾਂ ਦੇ ਸਹੀ ਸੰਦਰਭ ਵਿੱਚ ਸਮਿਝਆ ਜਾਵੇ ਅਤੇ ਉਸ ਮੁਤਾਬਕ ਕਾਰਵਾਈਆਂ ਕੀਤੀਆਂ ਜਾਣ। ਇਸ ਕਾਰਜ ਨੂੰ ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ (ਪੀ ਐੱਲ ਈ ਏ – ਪਲੀ) ਵਿੱਚ ਸਰਗਰਮ ਲੋਕਾਂ ਨੇ ਆਪਣੀ ਸੂਝ ਤੇ ਹਿੰਮਤ ਅਨੁਸਾਰ ਆਰੰਭਿਆ ਅਤੇ ਲਗਾਤਾਰ ਇਸ ਕਾਰਜ ਨੂੰ ਸੰਜੀਦਗੀ ਤੇ ਪ੍ਰਤੀਬੱਧਤਾ ਨਾਲ਼ ਕਰਨ ਦੀ ਕੋਸ਼ਿਸ਼ ’ਚ ਹਨ।

---

126 ਸਾਧੂ ਬਿਨਿੰਗ, 'ਬੀ ਸੀ ਦੇ ਸਕੂਲਾਂ ਵਿੱਚ ਪੰਜਾਬੀ ਬੋਲੀ ਦੀ ਪੜ੍ਹਾਈ', ਕੈਨੇਡੀਅਨ ਪੰਜਾਬੀ ਕਾਨਫਰੰਸ, ਪੰਜਾਬੀ ਲੇਖਕ ਮੰਚ, ਸਤੰਬਰ 20, 1997, ਸਰ੍ਹੀ ਬੀ ਸੀ। ਇਹ ਅਤੇ ਪੰਜਾਬੀ ਨਾਲ ਸੰਬੰਧਿਤ ਹੋਰ ਲੇਖ ਇਸ ਸਾਈਟ ’ਤੇ ਪੜ੍ਹੇ ਜਾ ਸਕਦੇ ਹਨ: http://plea4punjabi.wordpress.com/

5

ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ (ਪਲੀ)[127]

ਪੰਜਾਬੀ ਲੈਂਗੂਏਜ ਐਜੂਕੇਸ਼ਨ ਅਸੋਸੀਏਸ਼ਨ
Punjabi Language Education Association
ਪੰਜਾਬੀ ਲਈ ਕਾਰਜਸ਼ੀਲ
Working for Punjabi

5.1

ਜਾਣ ਪਛਾਣ

ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ (ਪਲੀ) ਅਤੇ ਇਸ ਤੋਂ ਪਹਿਲਾਂ ਪੰਜਾਬੀ ਲੈਂਗੁਏਜ ਐਜੂਕਏਸ਼ਨ ਐਸੋਸੀਏਸ਼ਨ ਆਫ ਬਰਨਬੀ ਦੀ ਸ਼ੁਰੂਆਤ ਉਨ੍ਹਾਂ ਲੋਕਾਂ ਵੱਲੋਂ ਕੀਤੀ ਗਈ ਜਿਹੜੇ ਨਵੀਂ ਭਾਸ਼ਾ ਨੀਤੀ ਬਣਨ ਤੋਂ ਪਹਿਲਾਂ ਇਸ ਪਾਸੇ

---

127 ਵਿਧੀਵਤ ਰੂਪ ਵਿੱਚ ਜਥੇਬੰਦੀ ਦਾ ਇਹ ਨਾਂ 18 ਜਨਵਰੀ, 1999 ਨੂੰ ਈਸਟ ਰਿਚਮੰਡ ਕਮਿਊਨਿਟੀ ਸੈਂਟਰ ਵਿੱਚ ਹੋਈ ਮੀਟਿੰਗ ਦੌਰਾਨ ਅਪਣਾਇਆ ਗਿਆ। ਇਸ ਮੀਟਿੰਗ ਵਿੱਚ ਸ਼ਾਮਲ ਸਨ: ਅੰਮ੍ਰਿਤ ਮਾਨ, ਬਲਵੰਤ ਸਿੰਘ ਸੰਘੇੜਾ, ਪਾਲ ਬਿਨਿੰਗ, ਹਰਜਿੰਦਰ ਸਾਂਗਰਾ, ਦਵਿੰਦਰ ਪਾਵਾ, ਅਮਨਪਾਲ ਸਾਰਾ, ਨਛੱਤਰ ਰੋਡੇ, ਜੌਨਾਥਨ ਕਾਰਲੀਜ਼ ਅਤੇ ਸਾਧੂ ਬਿਨਿੰਗ।

ਵਲ ਸਰਗਰਮ ਸਨ।[128] ਵੈਨਕੂਵਰ ਅਤੇ ਆਸ ਪਾਸ ਦੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਪੰਜਾਬੀ ਦੀ ਪੜ੍ਹਾਈ ਲਾਗੂ ਕਰਵਾਉਣ ਲਈ ਅਤੇ ਪੰਜਾਬੀ ਬੋਲੀ ਨਾਲ ਸਬੰਧਤ ਮਸਲਿਆਂ ਨੂੰ ਵਿਚਾਰ ਚਰਚਾ ਅਧੀਨ ਲਿਆਉਣ ਲਈ ਇਹ ਜਥੇਬੰਦੀ ਉਦੋਂ ਤੋਂ ਆਪਣੇ ਇਸ ਨਾਂ ਥੱਲੇ ਯਤਨਸ਼ੀਲ ਹੈ।[129] ਵਿੱਦਿਅਕ ਅਦਾਰਿਆਂ ਵਿੱਚ ਪੰਜਾਬੀ ਦੀ ਪੜ੍ਹਾਈ ਲਾਗੂ ਕਰਵਾਉਣ ਦੀਆਂ ਕੋਸ਼ਿਸ਼ਾਂ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਪਲੀ ਦੇ ਕੰਮਾਂ ਬਾਰੇ ਚਰਚਾ ਕੀਤੀ ਜਾਵੇਗੀ। ਇਹ ਗੱਲ ਕਹਿ ਦੇਣੀ ਜ਼ਰੂਰੀ ਹੈ ਕਿ ਪੰਜਾਬੀ ਲਈ ਕੰਮ ਕਰਨ ਵਾਲੀ ਸਿਰਫ ਇਹ ਹੀ ਜਥੇਬੰਦੀ ਨਹੀਂ। ਪਰ ਬੀ ਸੀ ਵਿੱਚ ਅਤੇ ਖਾਸ ਕਰ ਲੋਅਰ ਮੇਨਲੈਂਡ ਵਿੱਚ ਹੋਈਆਂ ਕੋਸ਼ਿਸ਼ਾਂ ਦੇ ਵੱਖ

---

128 ਪੰਜਾਬੀ ਵਾਸਤੇ ਸਰਕਾਰ ਕੋਲ਼ ਲਾਬੀ ਕਰਨ ਲਈ ਅਤੇ ਪੰਜਾਬੀ ਭਾਈਚਾਰੇ ਅੰਦਰ ਇਸ ਮਸਲੇ ਬਾਰੇ ਚੇਤਨਾ ਲਿਆਉਣ ਲਈ 1993 ਵਿੱਚ ਬ੍ਰਿਟਿਸ਼ ਕੋਲੰਬੀਆ ਐਸੋਸੀਏਸ਼ਨ ਫਾਰ ਪੰਜਾਬੀ ਲੈਂਗੂਏਜ ਐਜੂਕੇਸ਼ਨ (ਬੀ ਸੀ ਐਪਲ) ਸਥਾਪਿਤ ਕੀਤੀ ਗਈ। ਸਰਕਾਰ ਵਲੋਂ 1994 ਵਿਚ ਨਵੀਂ ਭਾਸ਼ਾ ਨੀਤੀ ਦੇ ਐਲਾਨ ਬਾਅਦ ਬੀ ਸੀ ਐਪਲ ਦਾ ਕੰਮ ਖਤਮ ਹੋ ਗਿਆ ਤੇ ਸਕੂਲਾਂ ਵਿਚ ਪੰਜਾਬੀ ਨੂੰ ਲਾਗੂ ਕਰਵਾਉਣ ਵਾਸਤੇ ਪਹਿਲੀ ਕੋਸ਼ਿਸ਼ ਬਰਨਬੀ ਦੇ ਬਰਨਬੀ ਸਾਊਥ ਸੈਕੰਡਰੀ ਸਕੂਲ ਵਿਚ ਕੀਤੀ ਗਈ। ਇਸ ਵਾਸਤੇ ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ ਆਫ ਬਰਨਬੀ (1995) ਸਥਾਪਿਤ ਕੀਤੀ ਗਈ ਜਿਸ ਵਿੱਚ ਇਹ ਲੋਕ ਸ਼ਾਮਲ ਸਨ: ਅੰਮ੍ਰਿਤ ਮਾਨ, ਅਮਨਪਾਲ ਸਾਰਾ, ਰਾਜਿੰਦਰ ਸਿੰਘ ਪੰਧੇਰ, ਹਰਿਮੰਦਰ ਸੰਘੇੜਾ, ਸਾਧੂ ਬਿਨਿੰਗ ਅਤੇ ਹੋਰ ਸਥਾਨਕ ਵਿਅਕਤੀ।

129 ਪੰਜਾਬੀ ਲਈ ਲੰਮੇ ਸਮੇਂ ਤੋਂ ਕੰਮ ਕਰ ਰਹੀ ਇਸ ਜਥੇਬੰਦੀ ਦੀ ਵਿਲੱਖਣਤਾ ਇਹ ਹੈ ਕਿ ਇਸ ਵਿੱਚ ਭਾਈਚਾਰੇ ਦੇ ਕੁਝ ਲੋਕ ਲਗਾਤਾਰਤਾ ਨਾਲ਼ ਕੰਮ ਕਰਦੇ ਆ ਰਹੇ ਹਨ। ਇਨ੍ਹਾਂ ਵਿਚ ਬਹੁਤ ਸਾਰੇ ਲੋਕ ਖੁਦ ਸਥਾਨਕ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਪੰਜਾਬੀ ਪੜ੍ਹਾ ਰਹੇ ਹਨ ਜਾਂ ਪੜ੍ਹਾਉਂਦੇ ਰਹੇ ਹਨ। ਅਧਿਆਪਕਾਂ ਦੇ ਨਾਲ ਭਾਈਚਾਰੇ ਵਿਚੋਂ ਪੰਜਾਬੀ ਦੀ ਪੜ੍ਹਾਈ ਲਈ ਫਿਕਰਮੰਦ ਲੋਕ ਜੁੜਦੇ ਰਹੇ ਹਨ। ਪਲੀ ਦੇ 2013-2014 ਦੀ ਪ੍ਰਬੰਧਕ ਕਮੇਟੀ ਵਿਚ ਸ਼ਾਮਲ ਹਨ: ਬਲਵੰਤ ਸੰਘੇੜਾ, ਪਾਲ ਬਿਨਿੰਗ, ਰਣਬੀਰ ਜੌਹਲ, ਪਰਵਿੰਦਰ ਧਾਰੀਵਾਲ, ਰਜਿੰਦਰ ਪੰਧੇਰ, ਹਰਮੋਹਨਜੀਤ ਪੰਧੇਰ, ਜੈਸਮੀਨ ਲੇਹਲ, ਇਕਬਾਲ ਸੰਘੇੜਾ, ਕੁਲਵੰਤ ਕੌਰ ਸੇਖੋਂ, ਦਇਆ ਜੌਹਲ ਅਤੇ ਸਾਧੂ ਬਿਨਿੰਗ। ਲੰਮਾ ਸਮਾਂ ਸਰਗਰਮੀ ਨਾਲ ਕੰਮ ਕਰਨ ਵਾਲਿਆਂ ਵਿਚ ਸ਼ਾਮਲ ਹਨ ਅਤੇ ਰਹੇ ਹਨ: ਇੰਦਰ ਮੇਹਟ, ਅੰਮ੍ਰਿਤ ਮਾਨ, ਹਰਪ੍ਰੀਤ ਸੇਖਾ, ਹਰਜਿੰਦਰ ਸਾਂਗਰਾ, ਪ੍ਰੀਤ ਢਿੱਲੋਂ, ਅਮਨਪਾਲ ਸਾਰਾ, ਦਵਿੰਦਰ ਪਾਵਾ, ਰਿਮੰਦਰਜੀਤ ਧਾਮੀ, ਸੁਖੀ ਬੈਂਸ, ਅਮਨ ਤੱਗੜ, ਦਰਸ਼ਨ ਮਾਨ, ਸੁਖਵੰਤ ਹੁੰਦਲ, ਡਾ: ਐਨ ਮਰਫੀ, ਜਸਬੀਰ ਬਿਨਿੰਗ, ਅਮਨਦੀਪ ਛੀਨਾ, ਗੁਰਜੀਤ ਪੱਤੜ, ਹਰਮੀਤ ਬਾਠ, ਗੁਰਪ੍ਰੀਤ ਬੈਂਸ, ਪ੍ਰੀਤਮ ਸਿੰਘ ਔਲਖ, ਨਛੱਤਰ ਰੋਡੇ, ਜੌਨਾਥਨ ਕਾਰਲੀਜ਼, ਪਵੀਨ ਮਾਨ, ਗੁਰਲੀਨ ਭਾਟੀਆ, ਜਸਲੀਨ, ਹਰਮੀਤ ਮਾਂਗਟ, ਮਨਜਿੰਦਰ ਕੈਲ਼ਾ, ਰਾਣੀ ਗੰਡਮ, ਦੀਪ ਸਿੰਘ ਸਾਂਗਰਾ, ਮਨਜੀਤ ਖੁਨਖੁਨ, ਕੁਲਵੰਤ ਬਾਸੀ, ਅਕਿੰਦਰ ਬੈਂਸ, ਮਨਜੀਤ ਬਰਾੜ, ਸੁਰਿੰਦਰ ਸੰਘੇੜਾ, ਸਤਨਾਮ ਸਿੰਘ ਸਾਂਗਰਾ, ਅਮਰ ਸੱਲ, ਕੁਲਵਿੰਦਰ ਕੰਦੋਲਾ, ਅਬਨਾਸ਼ ਗਿੱਲ, ਪ੍ਰੀਆ ਬਿਨਿੰਗ, ਸੁਮਨਪਾਲ ਢਿੱਲੋਂ, ਜਗਮੋਹਨ ਦੱਤ ਸੁਰਿੰਦਰ ਸਿੰਘ ਘੁੰਮਣ, ਪ੍ਰਿਤਪਾਲ ਕੌਰ, ਲਸ਼ਕਰ ਸਿੰਘ ਕੈਲ਼ਾ, ਹਰਿੰਦਰਜੀਤ ਸਿੰਘ, ਮਨਿੰਦਰ ਮਾਹਲ, ਦਲਜੀਤ ਮਾਹਲ, ਨਿਰਮਲ ਗਿੱਲ, ਅਬਨਾਸ਼ ਗਿੱਲ, ਕੁਲਦੀਪ ਬਾਸੀ, ਜਗਦੀਸ਼ ਬਿਨਿੰਗ, ਕੇਵਲ ਸਿੰਘ ਤੱਗੜ ਅਤੇ ਹੋਰ ਵੀ ਬਹੁਤ ਸਾਰੇ ਲੋਕ (ਇਹ ਸੂਚੀ ਪੂਰੀ ਨਹੀਂ ਹੈ) ਕਿਸੇ ਨਾ ਕਿਸੇ ਰੂਪ ਵਿੱਚ ਇਸ ਜਥੇਬੰਦੀ ਦੇ ਕੰਮਾਂ ਵਿੱਚ ਹਿੱਸਾ ਲੈਂਦੇ ਰਹੇ ਹਨ।

ਵੱਖ ਪਹਿਲੂਆਂ ਨੂੰ ਸਮਝਣ ਲਈ ਇਸ ਜਥੇਬੰਦੀ ਦੀਆਂ ਸਰਗਰਮੀਆਂ ਬਾਰੇ ਜਾਨਣਾ ਸਹਾਈ ਹੋ ਸਕਦਾ ਹੈ। ਮੁੱਖ ਮਕਸਦ ਅਤੇ ਆਸ ਇਹ ਹੈ ਕਿ ਸ਼ਾਇਦ ਮਹਾਂ ਵੈਨਕੂਵਰ ਦੇ ਲੋਕਾਂ ਦਾ ਇਹ ਤਜਰਬਾ ਹੋਰ ਥਾਵਾਂ 'ਤੇ ਹੁੰਦੀਆਂ ਅਜਿਹੀਆਂ ਕੋਸ਼ਿਸ਼ਾਂ ਵਿੱਚ ਸਹਾਈ ਹੋ ਸਕੇ।

5.2

ਪਲੀ ਦੀ ਸਵੈ-ਪਛਾਣ:

ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ (ਪਲੀ)

ਪਲੀ ਕਨੇਡਾ ਵਿੱਚ ਪੰਜਾਬੀ ਬੋਲੀ ਦੇ ਹੁਣ ਅਤੇ ਭਵਿੱਖ ਬਾਰੇ ਫਿਕਰ ਕਰਨ ਵਾਲੇ ਲੋਕਾਂ ਵੱਲੋਂ ਹੋਂਦ ਵਿੱਚ ਲਿਆਂਦੀ ਗਈ। ਇਸ ਦੀਆਂ ਕੋਸ਼ਿਸ਼ਾਂ ਸਦਕਾ ਇਸ ਸਮੇਂ ਬੀ ਸੀ ਤੇ ਖਾਸ ਕਰ ਵੈਨਕੂਵਰ ਅਤੇ ਆਸ ਪਾਸ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਪੰਜਾਬੀ ਭਾਸ਼ਾ ਦੀ ਪੜ੍ਹਾਈ ਚੱਲ ਰਹੀ ਹੈ। ਇਨ੍ਹਾਂ ਅਦਾਰਿਆਂ ਵਿੱਚ ਪੜ੍ਹਾ ਰਹੇ ਅਧਿਆਪਕ ਅਤੇ ਪੰਜਾਬੀ ਭਾਸ਼ਾ ਨਾਲ਼ ਸਨੇਹ ਰੱਖਣ ਵਾਲੇ ਭਾਈਚਾਰੇ ਦੇ ਲੋਕ ਇਸ ਜਥੇਬੰਦੀ ਵਿੱਚ ਵਧ ਚੜ੍ਹ ਕੇ ਹਿੱਸਾ ਪਾ ਰਹੇ ਹਨ।

ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ (ਪਲੀ) ਦੇ ਮੁੱਖ ਨਿਸ਼ਾਨੇ ਇਹ ਹਨ:

1. ਕਨੇਡਾ ਵਸਦੇ ਪੰਜਾਬੀਆਂ ਦੀਆਂ ਅਗਲੀਆਂ ਪੀੜ੍ਹੀਆਂ ਨੂੰ ਪੰਜਾਬੀ ਭਾਸ਼ਾ ਦੀ ਵਿੱਦਿਆ ਰਾਹੀਂ ਪੰਜਾਬੀ ਸੱਭਿਆਚਾਰ ਨਾਲ਼ ਜੋੜਨਾ।
2. ਪੰਜਾਬੀ ਭਾਸ਼ਾ ਨੂੰ ਕਨੇਡਾ ਵਿੱਚ ਇਸ ਦਾ ਬਣਦਾ ਮਾਣਯੋਗ ਸਥਾਨ ਦੁਆਉਣਾ।

   ਪਲੀ ਇਸ ਗੱਲ ਵਿੱਚ ਯਕੀਨ ਕਰਦੀ ਹੈ ਕਿ ਕਨੇਡਾ ਵਿੱਚ ਪੰਜਾਬੀ ਦੀ ਹੋਂਦ ਕਾਇਮ ਰੱਖਣ ਲਈ ਸਭ ਤੋਂ ਜ਼ਰੂਰੀ ਗੱਲ ਇੱਥੇ ਜੰਮ-ਪਲ਼ ਰਹੀਆਂ ਅਗਲੀਆਂ ਪੀੜ੍ਹੀਆਂ ਨੂੰ ਪੰਜਾਬੀ ਭਾਸ਼ਾ ਵਿੱਚ ਵਿੱਦਿਅਤ ਕਰਨਾ ਹੈ। ਸਾਡੀ ਅਬਾਦੀ ਵਿੱਚ ਵਾਧਾ ਹੋਣ ਕਾਰਨ ਸਾਡੇ ਬਹੁਤ ਸਾਰੇ ਬੱਚੇ ਕਾਫੀ ਵਧੀਆ ਪੱਧਰ ਤੱਕ ਪੰਜਾਬੀ ਬੋਲ ਰਹੇ ਹਨ। ਪਰ ਜਿੰਨਾਂ ਚਿਰ ਉਹ ਇਸ ਨੂੰ ਪੜ੍ਹਨਾ ਤੇ ਲਿਖਣਾ ਨਹੀਂ ਸਿੱਖਦੇ ਉਨ੍ਹਾਂ ਦਾ ਇਸ ਬੋਲੀ ਨਾਲ਼ ਰਿਸ਼ਤਾ ਕਾਫੀ ਦੂਰ ਦਾ ਅਤੇ ਪੇਤਲਾ ਰਹੇਗਾ। ਪਲੀ ਦੀ ਇਹੋ ਕੋਸ਼ਿਸ਼ ਹੈ ਕਿ ਵਧ ਤੋਂ ਵਧ ਬੱਚਿਆਂ ਨੂੰ ਪੰਜਾਬੀ ਭਾਸ਼ਾ ਦੀ ਤਾਲੀਮ ਦਿੱਤੀ ਜਾ ਸਕੇ। ਪਲੀ ਦਾ ਮੁੱਖ ਨਿਸ਼ਾਨਾ ਸਰਕਾਰੀ ਜਾਂ ਪਬਲਿਕ ਅਦਾਰੇ ਹਨ। ਸਾਡਾ ਵਿਚਾਰ ਹੈ ਕਿ ਇਨ੍ਹਾਂ ਅਦਾਰਿਆਂ ਵਿੱਚ ਪੰਜਾਬੀ ਭਾਸ਼ਾ ਦੀ ਪੜ੍ਹਾਈ ਕਈ ਪੱਖਾਂ ਤੋਂ ਅਹਿਮੀਅਤ ਰੱਖਦੀ ਹੈ।

ਅਗਲੀਆਂ ਪੀੜ੍ਹੀਆਂ ਨੂੰ ਪੰਜਾਬੀ ਪੜ੍ਹਾਉਣ ਦੇ ਸੰਬੰਧ ਵਿੱਚ ਵੱਖਰੀ ਵੱਖਰੀ ਕਿਸਮ ਦੀਆਂ ਮੁਸ਼ਕਲਾਂ ਪੇਸ਼ ਆਉਂਦੀਆਂ ਹਨ:

ੳ) ਕਿਸੇ ਨਵੀਂ ਜਗ੍ਹਾ ਬੋਲੀ ਨੂੰ ਸਥਾਪਿਤ ਕਰਨਾ ਇੱਕ ਲੰਮਾ ਅਤੇ ਔਖਾ ਅਮਲ ਹੁੰਦਾ ਹੈ ਕਿਉਂਕਿ ਇਹ ਮਸਲਾ ਆਪਣੇ ਅਸਲੀ ਰੂਪ ਵਿੱਚ ਆਰਿਥਕਤਾ ਅਤੇ ਸਿਆਸਤ ਨਾਲ਼ ਜੁੜਿਆ ਹੁੰਦਾ ਹੈ।

ਅ) ਪੰਜਾਬੀ ਲੋਕਾਂ ਦਾ ਆਪਣੀ ਬੋਲੀ ਨਾਲ਼ ਰਿਸ਼ਤਾ ਬਹੁਤੀ ਵਾਰੀ ਜਜ਼ਬਾਤੀ ਪਿਆਰ ਤੋਂ ਅੱਗੇ ਨਹੀਂ ਜਾਂਦਾ। ਉਹ ਅਚੇਤ ਹੀ ਪੰਜਾਬੀ ਬੋਲੀ ਨੂੰ ਦੂਜੀਆਂ ਬੋਲੀਆਂ ਦੇ ਹਾਣ ਦੀ ਨਹੀਂ ਸਮਝਦੇ। ਉਹ ਇਸ ਦੀ ਪੜ੍ਹਾਈ ਲਿਖਾਈ ਤੇ ਤਰੱਕੀ ਨੂੰ ਲੋੜੀਂਦੀ ਅਹਿਮੀਅਤ ਨਹੀਂ ਦਿੰਦੇ। ਇਸੇ ਕਰ ਕੇ ਜਦੋਂ ਕਿਤੇ ਪੰਜਾਬੀ ਪੜ੍ਹਾਉਣ ਦੀ ਸੰਭਾਵਨਾ ਬਣਦੀ ਹੈ ਤਾਂ ਪਹਿਲੀ ਸਮੱਸਿਆ ਇਹੋ ਆਉਂਦੀ ਹੈ ਕਿ ਲੋੜ ਜਿੰਨੇ ਵਿਦਿਆਰਥੀ ਨਹੀਂ ਮਿਲਦੇ।

ੲ) ਦੂਜੀਆਂ ਬੋਲੀਆਂ ਦੀ ਤਰ੍ਹਾਂ ਪੰਜਾਬੀ ਬੋਲੀ ਦੀ ਸਾਰ ਲੈਣ ਵਾਲੀ ਕੋਈ ਸਰਕਾਰ ਜਾਂ ਕੋਈ ਹੋਰ ਵੱਡਾ ਅਦਾਰਾ ਨਹੀਂ ਹੈ। ਪੰਜਾਬੀ ਦੇ ਵਿਕਾਸ ਪਿੱਛੇ ਕਿਸੇ ਤਾਕਤ ਦੀ ਅਣਹੋਂਦ ਦੁਨੀਆ ਦੀ ਇਸ ਵੱਡੀ ਬੋਲੀ ਨੂੰ ਵੀ ਨਿਹਾਇਤ ਨਿਰਧਨ ਬਣਾ ਦਿੰਦੀ ਹੈ।

ਸ) ਪੰਜਾਬੀ ਸਮਾਜ ਦਾ ਵੱਖਰੇ ਵੱਖਰੇ ਧਰਮਾਂ ਵਿੱਚ ਵੰਡਿਆ ਹੋਣਾ ਵੀ ਬੋਲੀ ਦੇ ਮਸਲੇ ਨੂੰ ਹੋਰ ਗੁੰਝਲਦਾਰ ਬਣਾਉਂਦਾ ਹੈ।

ਹ) ਇਨ੍ਹਾਂ ਵੱਡੀਆਂ ਸਮੱਸਿਆਵਾਂ ਤੋਂ ਅੱਗੇ, ਪੜ੍ਹਾਉਣ ਵੇਲੇ, ਜਮਾਤ ਦੀ ਪੱਧਰ 'ਤੇ ਵੀ ਅਨੇਕਾਂ ਮੁਸ਼ਕਲਾਂ ਪੇਸ਼ ਆਉਂਦੀਆਂ ਹਨ ਜਿਵੇਂ ਸਿੱਖਿਅਤ ਅਧਿਆਪਕਾਂ ਦੀ ਘਾਟ, ਢੁੱਕਵੇਂ ਮੈਟਰ ਦੀ ਘਾਟ ਆਦਿ।

ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ ਵਿੱਚ ਸਰਗਰਮ ਲੋਕਾਂ ਦਾ ਯਕੀਨ ਹੈ ਕਿ ਸਮੱਸਿਆਵਾਂ ਦੇ ਭਾਰ ਥੱਲੇ ਦੱਬ ਕੇ ਰਹਿ ਜਾਣ ਨਾਲੋਂ ਸਿਰ ਉਠਾ ਕੇ ਕੁਝ ਕਰਨਾ ਜ਼ਿਆਦਾ ਜ਼ਰੂਰੀ ਹੈ। ਸਾਨੂੰ ਜੇ ਕਿਸੇ ਗੱਲ ਦਾ ਮਾਣ ਹੈ ਤਾਂ ਸਿਰਫ ਏਨਾ ਕਿ ਅਸੀਂ ਕੋਸ਼ਿਸ਼ ਕਰ ਰਹੇ ਹਾਂ। ਸਾਡੀਆਂ ਕੋਸ਼ਿਸ਼ਾਂ ਦੇ ਨਤੀਜੇ ਛੋਟੇ ਹਨ ਜਾਂ ਵੱਡੇ ਸਾਨੂੰ ਇਸ ਗੱਲ ਦਾ ਏਨਾ ਫਿਕਰ ਨਹੀਂ। ਸਾਡੇ ਵਾਂਗ ਮਹਿਸੂਸ ਕਰਨ ਵਾਲੇ ਸਾਰੇ ਪੰਜਾਬੀਆਂ ਨੂੰ ਅਸੀਂ ਖੁੱਲ੍ਹਾ ਸੱਦਾ ਦਿੰਦੇ ਹਾਂ ਕਿ ਆਓ ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ ਨਾਲ਼ ਜੁੜੋ ਅਤੇ ਪੰਜਾਬੀ ਮਾਂ-ਬੋਲੀ ਦਾ ਕਨੇਡਾ ਵਿੱਚ ਪੱਕਾ ਤੇ ਸਥਾਈ ਸਥਾਨ ਕਾਇਮ ਕਰਨ ਵਿੱਚ ਆਪਣਾ ਯੋਗਦਾਨ ਪਾਓ।

5.3

ਪਲੀ ਦਾ ਕਾਰਜ ਖੇਤਰ

ਇਸ ਜਥੇਬੰਦੀ ਵੱਲੋਂ ਮੁੱਖ ਤੌਰ 'ਤੇ ਵੈਨਕੂਵਰ, ਬਰਨਬੀ, ਰਿਚਮੰਡ, ਨਿਊ ਵੈਸਟਮਿਨਸਟਰ, ਸਰ੍ਹੀ ਅਤੇ ਡੈਲਟਾ ਦੇ ਐਲਿਮੈਂਟਰੀ ਅਤੇ ਸੈਕੰਡਰੀ ਸਕੂਲਾਂ ਵਿੱਚ, ਲੈਂਗਾਰਾ ਕਾਲਜ ਵੈਨਕੂਵਰ, ਕਵਾਂਟਲਿਨ ਪੌਲੀਟਿਕਨਿਕ ਯੂਨੀਵਰਸਿਟੀ (ਪਹਿਲਾਂ ਕਵਾਂਟਲਿਨ ਕਾਲਜ) ਸਰ੍ਹੀ ਵਿੱਚ ਅਤੇ ਸਾਈਮਨ ਫਰੇਜ਼ਰ ਯੂਨੀਵਰਸਿਟੀ ਦੇ ਬਰਨਬੀ, ਵੈਨਕੂਵਰ ਅਤੇ ਸਰ੍ਹੀ ਦੇ ਕੈਂਪਸਾਂ 'ਤੇ ਪੰਜਾਬੀ ਲਾਗੂ ਕਰਵਾਉਣ ਵਾਸਤੇ ਲੰਮੇ ਸਮੇਂ ਤੋਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਮਹਾਂ (ਗ੍ਰੇਟਰ) ਵੈਨਕੂਵਰ ਦੇ ਪੰਜਾਬੀ ਭਾਈਚਾਰੇ ਵੱਲੋਂ ਇਨ੍ਹਾਂ ਕੋਸ਼ਿਸ਼ਾਂ ਵਿੱਚ ਸ਼ੁਰੂ ਤੋਂ ਹੀ ਉਤਸ਼ਾਹ ਦਿਖਾਇਆ ਗਿਆ ਹੈ।[130] ਇਸ ਜਥੇਬੰਦੀ ਵੱਲੋਂ ਮਹਾਂ ਵੈਨਕੂਵਰ ਦੇ ਵੱਖਰੇ ਵੱਖਰੇ ਇਲਾਕਿਆਂ ਵਿੱਚ ਕੀਤੀਆਂ ਸਰਗਰਮੀਆਂ ਬਾਰੇ ਸੰਖੇਪ ਚਰਚਾ ਕੀਤੀ ਜਾ ਰਹੀ ਹੈ:

5.3.1

ਬਰਨਬੀ:

ਬੀ ਸੀ ਵਿੱਚ ਨਵੀਂ ਭਾਸ਼ਾ ਨੀਤੀ ਬਣਨ ਬਾਅਦ 1995 ਵਿੱਚ ਸਭ ਤੋਂ ਪਹਿਲਾਂ ਬਰਨਬੀ ਦੇ ਸਕੂਲਾਂ ਵਿੱਚ ਪੰਜਾਬੀ ਦੀ ਪੜ੍ਹਾਈ ਲਾਗੂ ਕਰਵਾਉਣ ਦੀਆਂ ਕੋਸ਼ਿਸ਼ਾਂ

---

130 ਪੰਜਾਬੀ ਬੋਲੀ ਲਈ ਕੰਮ ਕਰਨ ਲਈ ਭਾਈਚਾਰੇ ਵੱਲੋਂ ਦਿਖਾਏ ਉਤਸ਼ਾਹ ਦੀ ਉਦਾਹਰਨ ਵਜੋਂ, 3 ਦਸੰਬਰ, 1998 ਨੂੰ ਹੋਈ ਮੀਟਿੰਗ ਵਿੱਚ ਵਲੰਟੀਅਰ ਵਜੋਂ ਕੰਮ ਕਰਨ ਦੀ ਪੇਸ਼ਕਸ਼ ਕਰਨ ਵਾਲੇ ਲੋਕਾਂ ਦੀ ਲਿਸਟ ਦੇਖੀ ਜਾ ਸਕਦੀ ਹੈ: ਇੰਦਰ ਮੇਹਟ, ਬਲਵੰਤ ਸਿੰਘ ਸੰਘੇੜਾ, ਰਜਿੰਦਰ ਸਿੰਘ ਪੰਧੇਰ, ਅੰਮ੍ਰਿਤ ਮਾਨ, ਹਰਜਿੰਦਰ ਸਾਂਗਰਾ, ਪਾਲ ਬਿਨਿੰਗ, ਦਰਸ਼ਨ ਗਿੱਲ, ਸੁਖਵੰਤ ਹੁੰਦਲ, ਅਮਨਪਾਲ ਸਾਰਾ, ਅਜਮੇਰ ਰੋਡੇ, ਸਤਵੰਤ ਦੀਪਕ, ਬਲਦੇਵ ਦੂਹੜੇ, ਦਵਿੰਦਰ ਪਾਵਾ, ਕੰਵਲ ਸਿੰਘ ਨੀਲ, ਦਰਸ਼ਨ ਸਿੰਘ ਮਾਨ, ਹਰਭਜਨ ਸਿੰਘ ਮਨੋਚਾ, ਪ੍ਰੀਤਮ ਸਿੰਘ ਔਲਖ, ਕੰਵਲਜੀਤ ਸਿੰਘ ਸੰਧੂ, ਗੁਰਿਦਆਲ ਸਿੰਘ ਨੀਲ, ਸਵਰਨਜੀਤ ਕੌਰ ਨੀਲ, ਅਜਮੇਰ ਸਿੰਘ ਮਾਨ, ਹਰਮੀਤ ਕੌਰ ਮਾਂਗਟ, ਪਾਲ ਸਿੰਘ ਮਾਂਗਟ, ਨਛੱਤਰ ਸਿੰਘ ਰੋਡੇ, ਦਲੀਪ ਸਿੰਘ ਸੰਧੂ, ਨਰਿੰਦਰ ਕੌਰ ਬਾਠ, ਨਿਰਮਲਜੀਤ ਕੌਰ ਸੰਧੂ, ਹਰਿੰਦਰ ਸਿੰਘ ਸੰਧੂ, ਰਾਜ ਸਿੰਘ ਬਰਾੜ, ਅਮਰਿੰਦਰ ਸਿੰਘ ਗਿੱਲ, ਜਗਜੀਤ ਸਿੰਘ ਸੰਧੂ, ਜਗਮੋਹਨ ਦੱਤ, ਗੁਰਮੀਤ ਸਿੰਘ ਬੈਂਸ, ਹਰਦੀਪ ਕੌਰ ਮਾਨ, ਸੁਰਜੀਤ ਸਿੰਘ ਸੰਧੂ ਅਤੇ ਸਾਧੂ ਬਿਨਿੰਗ।

ਸ਼ੁਰੂ ਹੋਈਆਂ ਅਤੇ ਇਸ ਮਕਸਦ ਲਈ ਕੁਝ ਲੋਕਾਂ ਵੱਲੋਂ ਪੰਜਾਬੀ ਲੈਂਗੁਏਜ ਐਜੂਕੇਸ਼ਨ ਐਸੋਸੀਏਸ਼ਨ ਆਫ ਬਰਨਬੀ[131] ਬਣਾਈ ਗਈ।

ਉਸ ਵੇਲੇ ਬਰਨਬੀ ਵਿੱਚ ਇੱਕ ਤਾਂ ਪੰਜਾਬੀਆਂ ਦੀ ਵਸੋਂ ਉਂਜ ਹੀ ਥੋੜ੍ਹੀ ਸੀ ਤੇ ਏਥੇ ਰਹਿੰਦੇ ਪੰਜਾਬੀ ਬਰਨਬੀ ਦੇ ਵੱਖ ਵੱਖ ਹਿੱਸਿਆਂ ਵਿੱਚ ਖਿਲਰੇ ਹੋਏ ਸਨ। ਬਰਨਬੀ ਦੇ ਦੱਖਣ ਵਿੱਚ ਪੈਂਦੇ ਬਰਨਬੀ ਸਾਊਥ ਸੈਕੰਡਰੀ ਸਕੂਲ ਵਿੱਚ ਮੁਕਾਬਲਤਨ ਪੰਜਾਬੀ ਵਿਦਿਆਰਥੀਆਂ ਦੀ ਗਿਣਤੀ ਜ਼ਿਆਦਾ ਸੀ। ਇਸ ਨਵੀਂ ਸਥਾਪਿਤ ਜਥੇਬੰਦੀ ਵੱਲੋਂ ਬਰਨਬੀ ਦੇ ਇਸ ਸਕੂਲ ਵਿੱਚ ਪੰਜਾਬੀ ਲਗਵਾਉਣ ਲਈ ਕੋਸ਼ਿਸ਼ਾਂ ਸ਼ੁਰੂ ਕੀਤੀਆਂ ਗਈਆਂ। ਸਭ ਤੋਂ ਪਹਿਲੀ ਸਮੱਸਿਆ ਪੰਜਾਬੀ ਮਾਪਿਆਂ ਨੂੰ ਇਸ ਗੱਲ ਲਈ ਸਹਿਮਤ ਕਰਾਉਣਾ ਸੀ ਕਿ ਸਕੂਲਾਂ ਵਿੱਚ ਪੰਜਾਬੀ ਦੀ ਪੜ੍ਹਾਈ ਨਾਲ਼ ਉਨ੍ਹਾਂ ਦੇ ਬੱਚਿਆਂ ਨੂੰ ਕਿਸ ਕਿਸਮ ਦੇ ਫਾਇਦੇ ਹੋ ਸਕਦੇ ਸਨ। ਇਸ ਮਕਸਦ ਲਈ ਇੱਕ ਪੈਂਫਲਿੱਟ ਤਿਆਰ ਕੀਤਾ ਗਿਆ[132] ਜਿਸ ਵਿੱਚ ਉਨ੍ਹਾਂ ਸਾਰੇ ਸਵਾਲਾਂ ਦੇ ਜਵਾਬ ਦੇਣ ਦੀ ਕੋਸ਼ਿਸ਼ ਕੀਤੀ ਗਈ ਜਿਨ੍ਹਾਂ ਬਾਰੇ ਪੰਜਾਬੀ ਮਾਪੇ ਪੂਰੀ ਤਰ੍ਹਾਂ ਸਾਫ ਨਹੀਂ ਸਨ। ਇਸ ਇਲਾਕੇ ਦੇ ਪੰਜਾਬੀ ਮਾਪਿਆਂ ਦੀ ਇੱਕ ਮੀਟਿੰਗ ਬੁਲਾਈ ਗਈ ਜਿਸ ਵਿੱਚ ਇਲਾਕੇ ਦੇ ਵੱਡੀ ਗਿਣਤੀ ਲੋਕਾਂ ਨੇ ਹਿੱਸਾ ਲਿਆ। ਇਨ੍ਹਾਂ ਕੋਸ਼ਿਸ਼ਾਂ ਦੇ ਨਤੀਜੇ ਵਜੋਂ ਬਰਨਬੀ ਸਾਊਥ ਸੈਕੰਡਰੀ ਸਕੂਲ ਵਿੱਚ ਨੌਵੀਂ ਤੋਂ ਬਾਰਵ੍ਹੀ ਤੱਕ ਪੜ੍ਹਦੇ ਕੋਈ ਪਚਾਸੀ ਵਿਦਿਆਰਥੀਆਂ ਵਿੱਚੋਂ ਸੱਠ ਤੋਂ ਵਧ ਨੇ ਪੰਜਾਬੀ ਪੜ੍ਹਨ ਦੀ ਖਾਹਿਸ਼ ਜ਼ਾਹਿਰ ਕੀਤੀ।

ਬਰਨਬੀ ਸਕੂਲ ਬੋਰਡ ਨੇ ਪੰਜਾਬੀ ਭਾਈਚਾਰੇ ਦੀ ਇਸ ਮੰਗ ਨੂੰ ਕੁਝ ਇਕ ਕੋਸ਼ਿਸ਼ਾਂ ਬਾਅਦ ਮੰਨ ਲਿਆ। ਪਰ ਜਮਾਤਾਂ ਚਾਲੂ ਕਰਨ ਸਮੇਂ ਜਿਸ ਕਿਸਮ ਦੀ ਗੰਭੀਰਤਾ ਦੀ ਆਸ ਸੀ, ਸਕੂਲ ਬੋਰਡ ਵੱਲੋਂ ਉਹ ਦਿਖਾਈ ਨਹੀਂ ਗਈ। ਇੱਕ ਤਾਂ ਉਨ੍ਹਾਂ ਪੰਜਾਬੀ ਪੜ੍ਹਾਉਣ ਵਾਸਤੇ ਕਿਸੇ ਯੋਗ ਅਧਿਆਪਕ ਲਈ ਕੋਈ ਖੋਜ ਨਾ ਕੀਤੀ। ਸਕੂਲ ਵਿੱਚ ਪੜ੍ਹਾ ਰਹੀ ਪੰਜਾਬੀ ਪਿਛੋਕੜ ਦੀ ਅਧਿਆਪਕਾ ਦੇ ਕਹਿਣ 'ਤੇ ਹੀ ਉਸ ਨੂੰ ਇਹ ਕੰਮ ਸੌਂਪ ਦਿੱਤਾ। ਉਸ ਅਧਿਆਪਕਾ ਦੇ ਨੇਕ ਇਰਾਦਿਆਂ ਦੇ ਬਾਵਜੂਦ

---

131 ਇਹ ਜਥੇਬੰਦੀ ਖੜ੍ਹੀ ਕਰਨ ਵਾਲਿਆਂ ਬਾਰੇ ਪਹਿਲਾਂ ਦੱਸਿਆ ਜਾ ਚੁੱਕਾ ਹੈ। ਉਨ੍ਹਾਂ ਦੇ ਨਾਲ਼ ਬਰਨਬੀ ਵਿੱਚ ਰਹਿਣ ਵਾਲੇ ਬਹੁਤ ਸਾਰੇ ਲੋਕਾਂ ਵੱਲੋਂ ਇਸ ਕੰਮ ਲਈ ਉਤਸ਼ਾਹ ਦਿਖਾਇਆ ਗਿਆ। ਇਸ ਸੰਬੰਧੀ ਪਹਿਲੀਆਂ ਕੁਝ ਮੀਟਿੰਗਾਂ ਵਿੱਚ ਹਿੱਸਾ ਲੈਣ ਵਾਲੇ ਸਨ: (20 ਸਤੰਬਰ, 1995) ਦਰਸ਼ਨ ਮਾਨ, ਨਦੀਮ ਪਰਮਾਰ, ਗੁਰਚਰਨ ਟੱਲੇਵਾਲੀਆ, ਸਾਧੂ ਸਿੰਘ ਢੇਸੀ, ਪਿੰਦਰ ਦੂਲੇ, ਗੁਰਬਖਸ਼ ਉੱਭੀ, ਅਜਮੇਰ ਰੋਡੇ, ਸੁਰਜੀਤ ਕਲਸੀ, ਜਸਵੰਤ ਸਿੰਘ ਸੱਗੂ, ਪਾਲ ਬਸਰਾਂ, ਕਰਮ ਬਸਰਾਂ, ਪ੍ਰੀਆ ਬਿਨਿੰਗ, ਸੁਖਜੀਵਨ ਸਾਰਾ ਤੇ ਗਿਆਨ ਸਿੰਘ ਥਿੰਦ। 27 ਨਵੰਬਰ, 1995 ਦੀ ਮੀਟਿੰਗ ਵਿੱਚ ਕੁਝ ਹੋਰ ਨਵੇਂ ਲੋਕ ਵੀ ਜੁੜੇ: ਦਵਿੰਦਰ ਪਾਵਾ, ਪਰਮਜੀਤ ਪਰਮਾਰ, ਆਸਾ ਸਹੋਤਾ, ਡਾ: ਸਾਧੂ ਸਿੰਘ, ਹਰਜੀਤ ਦੌਧਰੀਆ, ਬਲਦੇਵ ਦੁਹੜੇ, ਗੁਰਮੁਖ ਸਿੰਘ ਭੋਗਲ, ਗੁਰਨਾਮ ਸਿੰਘ ਪੂਨੀ, ਪ੍ਰੀਤਮ ਸਿੰਘ ਔਲਖ, ਹਰਜਿੰਦਰ ਸਾਂਗਰਾ, ਪ੍ਰੀਤਮ ਕੌਰ ਬੈਂਸ, ਪਰਿਮੰਦਰ ਅਤੇ ਮੋਹਨ ਸਿੰਘ ਸਰਾਏ।

132 ਇਹ ਪੈਂਫਲਿੱਟ ਸਾਧੂ ਬਿਨਿੰਗ ਅਤੇ ਅਮਨਪਾਲ ਸਾਰਾ ਵੱਲੋਂ ਤਿਆਰ ਕੀਤਾ ਗਿਆ ਸੀ ਅਤੇ ਇਹ ਪਲੀ ਦੇ ਬਲਾਗ 'ਤੇ ਪੜ੍ਹਿਆ ਜਾ ਸਕਦਾ ਹੈ: http://plea4punjabi.wordpress.com/

ਉਹਦੇ ਕੋਲ ਲੋੜੀਂਦੀ ਯੋਗਤਾ ਨਾ ਹੋਣ ਕਾਰਨ ਉਹ ਵਿਦਿਆਰਥੀਆਂ ਨੂੰ ਪੰਜਾਬੀ ਵੱਲ ਖਿੱਚ ਨਾ ਸਕੀ। ਦੂਜਾ ਤਿੰਨਾਂ ਗਰੇਡਾਂ - ਨੌਂ ਦਸ ਤੇ ਗਿਆਰਾਂ - ਦੇ ਸਾਰੇ ਦੇ ਸਾਰੇ ਵਿਦਿਆਰਥੀਆਂ ਨੂੰ ਪੰਜਾਬੀ ਪੜ੍ਹਨ ਲਈ ਇੱਕ ਹੀ ਜਮਾਤ ਵਿੱਚ ਸ਼ਾਮਲ ਕਰ ਦਿੱਤਾ ਗਿਆ। ਇਨ੍ਹਾਂ ਦੋ ਗੱਲਾਂ ਦਾ ਨਤੀਜਾ ਇਹ ਹੋਇਆ ਕਿ ਵਿਦਿਆਰਥੀਆਂ ਵਿੱਚ ਅੱਗੇ ਪੜ੍ਹਨ ਵਾਸਤੇ ਕੋਈ ਉਤਸ਼ਾਹ ਪੈਦਾ ਨਹੀਂ ਕੀਤਾ ਜਾ ਸਕਿਆ। ਇਹ ਜਮਾਤ ਸਿਰਫ ਇੱਕ ਹੀ ਸਾਲ ਚੱਲ ਸਕੀ। ਇਸ ਸਕੂਲ ਵਿੱਚ ਮੁੜ 2007-2008 ਵਿੱਚ ਹੀ ਪੰਜਾਬੀ ਦੀ ਜਮਾਤ ਸ਼ੁਰੂ ਹੋ ਸਕੀ। ਇਹ ਸੰਭਵ ਹੈ ਕਿ ਸਕੂਲ ਬੋਰਡ ਵੱਲੋਂ ਅਜਿਹਾ ਕਿਸੇ ਨਾਂਹ-ਪੱਖੀ ਨਜ਼ਰੀਏ ਨਾਲ਼ ਨਾ ਕੀਤਾ ਗਿਆ ਹੋਵੇ। ਉਨ੍ਹਾਂ ਵਾਸਤੇ ਵੀ ਇਹ ਬਿਲਕੁਲ ਨਵੀਂ ਗੱਲ ਸੀ।

5.3.2

ਰਿਚਮੰਡ:

ਬਰਨਬੀ ਵਿੱਚ ਪੰਜਾਬੀ ਦੀ ਪੜ੍ਹਾਈ ਲਾਗੂ ਕਰਾਉਣ ਦੇ ਅਮਲ ਦੌਰਾਨ ਮਹਾਂ ਵੈਨਕੂਵਰ ਦੇ ਹੋਰ ਇਲਾਕਿਆਂ ਵਿੱਚ ਰਹਿੰਦੇ ਲੋਕਾਂ ਨੇ ਵੀ ਇਸ ਅਮਲ ਵਿੱਚ ਹਿੱਸਾ ਲਿਆ ਅਤੇ ਸਰ੍ਹੀ, ਰਿਚਮੰਡ ਆਦਿ ਵਿੱਚ ਵੀ ਪੰਜਾਬੀ ਸ਼ੁਰੂ ਕਰਾਉਣ ਬਾਰੇ ਗੱਲਬਾਤ ਚੱਲੀ। ਬਲਵੰਤ ਸਿੰਘ ਸੰਘੇੜਾ ਜੋ ਉਸ ਵੇਲੇ ਬਰਨਬੀ ਵਿੱਚ ਸਕੂਲ ਕਾਂਊਸਲਰ ਵਜੋਂ ਕੰਮ ਕਰ ਰਹੇ ਸਨ ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ (ਪਲੀ) ਦੇ ਪ੍ਰਧਾਨ ਬਣੇ। ਸ੍ਰੀ ਸੰਘੇੜਾ ਅਤੇ ਪਾਲ ਬਿਨਿੰਗ ਈਸਟ ਰਿਚਮੰਡ ਕਮਿਊਨਿਟੀ ਸੈਂਟਰ ਵਿੱਚ ਵੀ ਸਰਗਰਮ ਸਨ। ਇਨ੍ਹਾਂ ਦੀ ਸੇਧ ਥੱਲੇ ਪਲੀ ਵੱਲੋਂ ਕੀਤੀਆਂ ਸਰਗਰਮ ਕੋਸ਼ਿਸ਼ਾਂ ਦੇ ਨਤੀਜੇ ਵਜੋਂ ਸਾਲ 1997 ਦੇ ਸਤੰਬਰ ਵਿੱਚ ਰਿਚਮੰਡ ਦੇ ਦੋ ਸਕੂਲਾਂ ਮੈਕਨੇਅਰ ਸੈਕੰਡਰੀ ਅਤੇ ਕੈਂਬੀ ਸੈਕੰਡਰੀ ਸਕੂਲ ਵਿੱਚ ਪੰਜਾਬੀ ਦੀ ਪੜ੍ਹਾਈ ਚਾਲੂ ਕੀਤੀ ਗਈ।

ਸ਼ੁਰੂ ਵਿੱਚ ਰਿਚਮੰਡ ਦਾ ਤਜਰਬਾ ਬਰਨਬੀ ਦੇ ਮੁਕਾਬਲੇ ਕਾਫੀ ਆਸਵੰਦ ਸੀ। ਇਨ੍ਹਾਂ ਸਕੂਲਾਂ ਵਿੱਚ ਪੰਜਾਬੀ ਪੜ੍ਹਾਉਣ ਲਈ ਸਕੂਲ ਬੋਰਡ ਵੱਲੋਂ ਅਧਿਆਪਕਾਂ ਨੂੰ ਵਿਸ਼ੇਸ਼ ਇਸੇ ਮਕਸਦ ਲਈ ਰੱਖਿਆ ਗਿਆ। ਮੈਕਨੇਅਰ ਸਕੂਲ ਵਿੱਚ ਸਮਿਸਟਰ ਸਿਸਟਮ (ਚਾਰ ਮਹੀਨੇ ਦੇ ਸਮੇਂ ਵਾਲ਼ਾ) ਅਧੀਨ ਜਮਾਤਾਂ ਸ਼ੁਰੂ ਕੀਤੀਆਂ ਗਈਆਂ। ਸਤੰਬਰ ਤੋ ਲੈ ਕੇ ਦਸੰਬਰ ਤੱਕ ਇੱਕ ਸੈਕਸ਼ਨ ਨੌਵੀਂ ਜਮਾਤ ਦਾ ਸੀ ਜੋ ਜਨਵਰੀ ਤੋਂ ਦਸਵੀਂ ਵਿੱਚ ਤਬਦੀਲ ਹੋਣਾ ਸੀ ਅਤੇ ਦੂਜਾ ਸੈਕਸ਼ਨ ਇੰਟਰੋਡਕਟਰੀ ਗਿਆਰ੍ਹਵੀਂ ਸੀ। ਕੈਂਬੀ ਸਕੂਲ ਵਿੱਚ ਸਾਲਾਨਾ ਸਿਸਟਮ (ਅੱਠ ਮਹੀਨੇ ਦੇ ਸਮੇਂ ਵਾਲ਼ਾ) ਰੱਖਿਆ ਗਿਆ ਅਤੇ ਉਸ ਦੇ ਤਿੰਨ ਵੱਖਰੇ ਵੱਖਰੇ ਸੈਕਸ਼ਨ ਗਰੇਡ 9, 10 ਤੇ 11 ਬਣਾਏ ਗਏ।

ਪਹਿਲਾਂ ਇਹ ਤਜਰਬਾ ਕਾਫੀ ਕਾਮਯਾਬ ਰਿਹਾ ਪਰ ਦੋ ਕੁ ਸਾਲਾਂ ਬਾਅਦ ਇਹ ਵੀ ਖਤਰੇ ਵਿੱਚ ਪੈ ਗਿਆ। ਉੱਥੇ ਸਮੱਸਿਆ ਇਹ ਆਈ ਕਿ ਪੰਜਾਬੀ ਪੜ੍ਹਾਉਣ

ਵਾਸਤੇ ਪੰਜਾਬੀ ਪਿਛੋਕੜ (ਪੰਜਾਬ ਦਾ ਜੰਮ-ਪਲ਼ ਤੇ ਪੜ੍ਹਿਆ ਹੋਇਆ) ਦੇ ਜਿਸ ਅਧਿਆਪਕ ਨੂੰ ਰੱਖਿਆ ਗਿਆ ਸੀ ਉਸ ਨੇ ਉਹ ਨੌਕਰੀ ਬੀ ਸੀ ਦੇ ਇਕ ਬਾਹਰਲੇ ਸ਼ਹਿਰ ਵਿੱਚੋਂ ਵੈਨਕੂਵਰ ਇਲਾਕੇ ਵਿੱਚ ਤਬਦੀਲੀ ਕਰਵਾਉਣ ਦੇ ਇਰਾਦੇ ਨਾਲ ਲਈ ਸੀ। ਜਦੋਂ ਉਹਨੂੰ ਲੱਗਾ ਕਿ ਹੁਣ ਪੰਜਾਬੀ ਪੜ੍ਹਾਏ ਬਿਨਾਂ ਵੀ ਉਹਦੀ ਨੌਕਰੀ ਕਾਇਮ ਰਹਿ ਸਕਦੀ ਹੈ ਤਾਂ ਉਸ ਨੇ ਆਪਣੀ ਮਨ ਮਰਜ਼ੀ ਦੇ ਵਿਸ਼ੇ ਪੜ੍ਹਾਉਣ ਲਈ ਚੁਣ ਲਏ। ਇਸ ਤਰ੍ਹਾਂ ਰਿਚਮੰਡ ਦੇ ਇੱਕ ਸਕੂਲ ਵਿੱਚ ਪੰਜਾਬੀ ਦੀ ਪੜ੍ਹਾਈ ਦਾ ਦੋ ਕੁ ਸਾਲਾਂ ਬਾਅਦ ਭੋਗ ਪੈ ਗਿਆ। ਰਿਚਮੰਡ ਦੇ ਦੂਜੇ ਸਕੂਲ ਵਿੱਚ ਵੀ ਪਹਿਲੀ ਅਧਿਆਪਕਾ ਦੇ ਸੇਵਾ-ਮੁਕਤ ਹੋ ਜਾਣ ਬਾਅਦ ਹੋਰ ਅਧਿਆਪਕ ਨਾ ਮਿਲਣ ਕਾਰਨ ਪੰਜਾਬੀ ਦੀਆਂ ਜਮਾਤਾਂ ਅੱਗੇ ਨਾ ਤੁਰ ਸਕੀਆਂ। ਯੋਗ ਅਧਿਆਪਕਾਂ ਦੀ ਸਮੱਸਿਆ ਸਿਰਫ ਬਰਨਬੀ ਜਾਂ ਰਿਚਮੰਡ ਵਿੱਚ ਹੀ ਨਹੀਂ ਆਈ ਬਾਕੀ ਥਾਵਾਂ 'ਤੇ ਵੀ ਆਉਂਦੀ ਰਹੀ ਹੈ ਤੇ ਆ ਰਹੀ ਹੈ ਅਤੇ ਇਸ ਕਾਰਨ ਕਈ ਸਕੂਲਾਂ ਵਿੱਚ ਲੰਮੀ ਜੱਦੋਜਹਿਦ ਬਾਅਦ ਚੱਲੀਆਂ ਜਮਾਤਾਂ ਬੰਦ ਹੁੰਦੀਆਂ ਰਹੀਆਂ ਹਨ।

5.3.3

ਵੈਨਕੂਵਰ:

ਬੀ ਸੀ ਦੇ ਮੁੱਖ ਸ਼ਹਿਰ ਵੈਨਕੂਵਰ, ਜਿੱਥੇ ਪੰਜਾਬੀਆਂ ਦੀ ਵਸੋਂ ਵੀਹਵੀਂ ਸਦੀ ਦੇ ਸ਼ੁਰੂ ਤੋਂ ਹੈ, ਵਿੱਚ ਪੰਜਾਬੀ ਨੂੰ ਸਕੂਲਾਂ ਵਿੱਚ ਲਾਗੂ ਕਰਵਾਉਣ ਲਈ ਕੀਤੀਆਂ ਅਨੇਕਾਂ ਕੋਸ਼ਿਸ਼ਾਂ ਦੇ ਬਾਵਜੂਦ ਬਹੁਤ ਘੱਟ ਕਾਮਯਾਬੀ ਮਿਲੀ ਹੈ। 1994 ਵਿੱਚ ਨਵੀਂ ਭਾਸ਼ਾ ਨੀਤੀ ਬਣਨ ਬਾਅਦ ਕਾਫੀ ਜੱਦੋਜਹਿਦ ਦੇ ਨਤੀਜੇ ਵਜੋਂ ਵੈਨਕੂਵਰ ਦੇ ਵਾਲਟਰ ਮੋਬਰਲੀ ਐਲਿਮੈਂਟਰੀ ਸਕੂਲ ਵਿੱਚ ਸਤੰਬਰ 1999 ਤੋਂ ਪੰਜਾਬੀ ਦੀ ਇੱਕ ਜਮਾਤ ਗਰੇਡ ਪੰਜ ਤੋਂ ਸ਼ੁਰੂ ਕੀਤੀ ਗਈ। ਇਸ ਸਕੂਲ ਦੇ ਆਸ ਪਾਸ ਦੇ ਪੰਜਾਬੀ ਮਾਪਿਆਂ ਨੂੰ ਆਪਣੇ ਬੱਚੇ ਪੰਜਾਬੀ ਵਿੱਚ ਦਾਖਲ ਕਰਾਉਣ ਲਈ ਮੰਨਵਾਉਣਾ ਇਸ ਕੋਸ਼ਿਸ਼ ਦਾ ਵੱਡਾ ਹਿੱਸਾ ਸੀ। ਇਸ ਕੰਮ ਵਿੱਚ ਪਲੀ ਦੇ ਨਾਲ਼ ਉਸ ਸਕੂਲੇ ਪੜ੍ਹਾ ਰਹੀ ਅਧਿਆਪਕਾ ਹਰਿਜੰਦਰ ਸਾਂਗਰਾ ਦਾ ਵੱਡਮੁੱਲਾ ਯੋਗਦਾਨ ਸੀ। ਇਹ ਆਪਣੇ ਆਪ ਵਿੱਚ ਇੱਕ ਵਧੀਆ ਤੇ ਭਵਿੱਖ ਵਿੱਚ ਆਸ ਵਾਲੀ ਸ਼ੁਰੂਆਤ ਸੀ। ਪਰ ਹਰ ਕਿਸਮ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ 2013-14 ਤੱਕ ਵੈਨਕੂਵਰ ਦੇ ਸਿਰਫ ਇਸ ਇੱਕ ਐਲਿਮੈਂਟਰੀ ਸਕੂਲੇ ਹੀ ਪੰਜਾਬੀ ਪੜ੍ਹਾਈ ਜਾ ਰਹੀ ਹੈ। ਵੈਨਕੂਵਰ ਦੇ ਹੋਰ ਕਿਸੇ ਵੀ ਐਲਿਮੈਂਟਰੀ ਜਾਂ ਸੈਕੰਡਰੀ ਸਕੂਲ ਵਿੱਚ ਕਾਮਯਾਬੀ ਨਹੀਂ ਮਿਲੀ।

ਇਸ ਨਾਕਾਮਯਾਬੀ ਦੇ ਕਈ ਕਾਰਨ ਹਨ। ਵੈਨਕੂਵਰ ਵੱਡੀ ਅਬਾਦੀ ਵਾਲ਼ਾ ਸ਼ਹਿਰ ਹੋਣ ਕਾਰਨ ਸਮੁੱਚੀ ਅਬਾਦੀ ਵਿੱਚ ਪੰਜਾਬੀਆਂ ਦੀ ਗਿਣਤੀ, ਖਾਸ ਕਰ ਹੁਣ, ਏਨੀ ਜ਼ਿਆਦਾ ਨਹੀਂ ਹੈ। ਵੈਨਕੂਵਰ ਵਿੱਚ ਸਥਿੱਤ ਮੇਨ ਸਟਰੀਟ ਦਾ ਪੰਜਾਬੀ ਬਾਜ਼ਾਰ ਕੁਝ ਵਰ੍ਹੇ ਪਹਿਲਾਂ ਆਪਣੀ ਵੱਖਰੀ ਪਛਾਣ ਤੇ ਤਾਕਤ ਰੱਖਦਾ ਸੀ। ਇਥੋਂ ਦੇ ਪੰਜਾਬੀ ਵਪਾਰੀਆਂ ਨੇ ਮੇਨ ਸਟਰੀਟ ਦੇ ਇਸ ਹਿੱਸੇ ਵਿੱਚ ਸਟਰੀਟਾਂ ਦੇ ਨਾਂ ਪੰਜਾਬੀ ਵਿੱਚ

ਲਿਖਵਾਏ ਸਨ ਜੋ ਆਪਣੀ ਕਿਸਮ ਦੀ ਪਹਿਲੀ ਸਰਗਰਮੀ ਸੀ[133]। ਪਰ ਹੁਣ ਇਸ ਪੰਜਾਬੀ ਬਾਜ਼ਾਰ ਵਿੱਚੋਂ ਕਾਫੀ ਵਪਾਰ ਜ਼ਿਆਦਾ ਵਸੋਂ ਵਾਲੇ ਇਲਾਕੇ ਸਰ੍ਹੀ ਚਲੇ ਗਏ ਹਨ ਜਾਂ ਤੇਜ਼ੀ ਨਾਲ਼ ਜਾ ਰਹੇ ਹਨ। ਨਤੀਜੇ ਵਜੋਂ ਸਥਾਨਕ ਪੱਧਰ ਦੀ ਸਰਕਾਰ ਵਿੱਚ ਪੰਜਾਬੀਆਂ ਦਾ ਅਸਰ ਰਸੂਖ ਪਹਿਲਾਂ ਜਿੰਨਾ ਨਹੀਂ ਰਿਹਾ।

ਵੈਨਕੂਵਰ ਦੇ ਪਬਲਿਕ ਸਕੂਲਾਂ ਵਿੱਚ ਪੰਜਾਬੀ ਦੀ ਪੜ੍ਹਾਈ ਦੀ ਨਾਕਾਮਯਾਬੀ ਦਾ ਇੱਕ ਵੱਡਾ ਕਾਰਨ ਇਹ ਜਾਪਦਾ ਹੈ ਕਿ ਵੈਨਕੂਵਰ ਵਸਣ ਵਾਲੇ ਪੰਜਾਬੀਆਂ ਦੇ ਬਹੁਤੇ ਪਰਿਵਾਰਾਂ ਦੀਆਂ ਤਿੰਨ ਚਾਰ ਪੁਸ਼ਤਾਂ ਏਥੇ ਹੀ ਜੰਮੀਆਂ ਪਲੀਆਂ ਹਨ। ਪਹਿਲਾਂ ਆਏ ਲੋਕਾਂ ਦੇ ਨਾਲ਼ ਨਾਲ਼ ਇਨ੍ਹਾਂ ਵਿੱਚ ਕਾਫੀ ਗਿਣਤੀ ਪਿਛਲੀ ਸਦੀ ਦੇ ਸੱਠਵੇਂ ਅਤੇ ਸੱਤਰਵੇਂ ਦਹਾਕੇ ਦੌਰਾਨ ਆਉਣ ਵਾਲਿਆਂ ਦੀ ਵੀ ਹੈ। ਇਨ੍ਹਾਂ ਲੋਕਾਂ ਨੇ ਏਥੋਂ ਦੇ ਨਸਲਵਾਦੀ ਮਾਹੌਲ ਦੀਆਂ ਔਖਿਆਈਆਂ ਵਿੱਚ ਆਪਣਾ ਜੀਵਨ ਬਿਤਾਇਆ। ਪਹਿਲਿਆਂ ਵਿੱਚੋਂ ਕੁਝ ਲੋਕ ਲੱਕੜ ਦੀ ਸਨਅਤ ਅਤੇ ਲੱਕੜ ਤੇ ਬੂਰਾ ਢੋਣ ਵਾਲੇ ਟਰੱਕਾਂ ਦੇ ਵਪਾਰ ਵਿੱਚ ਸਥਾਪਿਤ ਹੋਏ। ਸਮੇਂ ਦੀ ਲੋੜ ਅਨੁਸਾਰ ਇਨ੍ਹਾਂ ਨੇ ਆਪਣੇ ਨਾਲ਼ ਹੁੰਦੇ ਨਸਲਵਾਦ ਨਾਲ਼ ਸਮਝੌਤਾ ਕਰ ਕੇ ਰਹਿਣਾ ਸਿੱਖ ਲਿਆ। ਏਥੇ ਇਹ ਗੱਲ ਕਹਿਣੀ ਵੀ ਜ਼ਰੂਰੀ ਹੈ ਕਿ ਜਿੱਥੇ ਕਨੇਡੀਅਨ ਗੋਰੇ ਲੋਕਾਂ ਵਿੱਚ ਨਸਲਵਾਦੀ ਲੋਕ ਹਨ ਉੱਥੇ ਬਹੁਤ ਸਾਰੇ ਲੋਕ ਬੜੀ ਸਾਫ ਸੁਥਰੀ ਸੋਚ ਵਾਲੇ ਅਤੇ ਮਨੁੱਖਤਾ ਵਿੱਚ ਬਰਾਬਤਾ ਦੇਖਣ ਵਾਲੇ ਵੀ ਹਨ। ਏਥੇ ਵਸਣ ਵਾਲੇ ਪਹਿਲੇ ਪੰਜਾਬੀਆਂ ਦੇ ਆਪੋ ਆਪਣੇ ਘੇਰਿਆਂ ਵਿੱਚ ਚੰਗੇ ਗੋਰੇ ਲੋਕ ਵੀ ਸ਼ਾਮਲ ਸਨ ਤੇ ਕਈਆਂ ਪਰਿਵਾਰਾਂ ਦੀਆਂ ਰੰਗ ਨਸਲ ਦੀ ਵਾੜ ਟੱਪ ਕੇ ਆਪਸੀ ਰਿਸ਼ਤੇਦਾਰੀਆਂ ਵੀ ਸਥਾਪਿਤ ਹੋਈਆਂ। ਨਤੀਜੇ ਵਜੋਂ, ਸਮਾਜ ਵਿੱਚ ਨਸਲਵਾਦ ਭਾਰੂ ਹੋਣ ਦੇ ਬਾਵਜੂਦ, ਏਥੇ ਵਸਦੇ ਪੰਜਾਬੀ ਕਾਫੀ ਹੱਦ ਤੱਕ ਆਪਣੇ ਆਪ ਨੂੰ ਇਸ ਸਮਾਜ ਦਾ ਹਿੱਸਾ ਸਮਝਦੇ ਸਨ। ਪਹਿਲਾਂ ਏਥੇ ਵਸਣ ਵਾਲੇ ਗਿਣਤੀ ਵਿੱਚ ਥੋੜ੍ਹੇ ਲੋਕਾਂ ਦੀ ਪੰਜਾਬ ਨਾਲ਼ ਹੁਣ ਵਾਲੀ ਸਾਂਝ ਵੀ ਨਹੀਂ ਸੀ। ਉਨ੍ਹਾਂ ਲਈ ਪੰਜਾਬੀ ਜਾਂ ਭਾਰਤੀ ਸਮਾਜ ਦਾ ਅਰਥ ਸੁੰਗੜ ਕੇ ਸਿਰਫ ਧਰਮ ਤੱਕ ਹੀ ਰਹਿ ਗਿਆ ਸੀ। ਉਨ੍ਹਾਂ ਨੇ ਆਪਣੇ ਧਾਰਮਿਕ ਅਦਾਰੇ ਤਾਂ ਕਾਇਮ ਰੱਖੇ ਪਰ ਪੰਜਾਬੀ ਬੋਲੀ ਨਾਲ਼ ਉਸ ਕਿਸਮ ਦਾ ਨਾਤਾ ਨਹੀਂ ਰੱਖ ਸਕੇ। ਇਸ ਪਿਛੋਕੜ ਕਰ ਕੇ ਅਜੋਕੇ ਸਮੇਂ ਸਕੂਲ ਜਾਣ ਵਾਲੇ ਬਹੁਤੇ ਵਿਦਿਆਰਥੀ ਤੀਜੀ ਜਾਂ ਚੌਥੀ ਪੀੜ੍ਹੀ ਦੇ ਲੋਕ ਹਨ ਜਿਨ੍ਹਾਂ ਦੇ ਮਾਪੇ ਵੀ ਏਥੇ ਹੀ ਜੰਮੇ ਜਾਂ ਏਥੇ ਆ ਕੇ ਪਲ਼ੇ ਹਨ। ਕੁਦਰਤੀ ਇਨ੍ਹਾਂ ਵਿੱਚ ਪੰਜਾਬੀ ਬੋਲੀ ਲਈ ਉਤਸ਼ਾਹ ਓਨਾ ਨਹੀਂ।

ਸਕੂਲਾਂ ਵਿੱਚ ਪੰਜਾਬੀ ਲਈ ਭਾਈਚਾਰੇ ਵਿੱਚ ਦਿਲਚਸਪੀ ਦੀ ਘਾਟ ਦਾ ਇੱਕ ਕਾਰਨ ਇਹ ਵੀ ਹੈ ਕਿ ਏਥੇ ਲੰਮੇ ਸਮੇਂ ਤੋਂ ਖਾਲਸਾ ਸਕੂਲ ਬੜੀ ਕਾਮਯਾਬੀ ਨਾਲ਼

---

133 ਇਸ ਮਹੱਤਵਪੂਰਨ ਘਟਨਾ ਸੰਬੰਧੀ ਪੰਜਾਬੀ ਮੈਗਜ਼ੀਨ ਵਤਨ ਵੱਲੋਂ ਨੋਟਿਸ ਲਿਆ ਗਿਆ: "... ਵੈਨਕੂਵਰ ਦੀ ਸਿਟੀ ਕੌਂਸਲ ਨੇ ਪੰਜਾਬੀ ਮਾਰਿਕਟ ਨੂੰ ਸਰਕਾਰੀ ਤੌਰ 'ਤੇ ਮਾਨਤਾ ਦਿੱਤੀ ਹੈ। ਨਤੀਜੇ ਵਜੋਂ 27 ਜੂਨ, 1993 ਨੂੰ ਪੰਜਾਬੀ ਮਾਰਿਕਟ ਵਿੱਚ ਗਲ਼ੀਆਂ ਦੇ ਨਾਂਵਾਂ ਵਾਲੇ ਬੋਰਡਾਂ ਉੱਪਰ ਅੰਗ੍ਰੇਜ਼ੀ ਦੇ ਨਾਲ਼ ਨਾਲ਼ ਪੰਜਾਬੀ ਵੀ ਲਿਖੀ ਗਈ ਹੈ। ਕਨੇਡਾ ਦੇ ਪੰਜਾਬੀ ਭਾਈਚਾਰੇ ਲਈ ਇਹ ਇੱਕ ਬਹੁਤ ਹੀ ਮਹੱਤਵਪੂਰਨ ਇਤਿਹਾਸਕ ਫੈਸਲਾ ਹੈ। – 'ਵਤਨ' ਜੁਲਾਈ/ਅਗਸਤ/ਸਤੰਬਰ, 1993 (ਸਫਾ 4) ਦੀ ਸੰਪਾਦਕੀ ਵਿੱਚੋਂ।
http://watanarchives.wordpress.com/ ; www.watanpunjabi.ca/

ਚਲਾਇਆ ਜਾ ਰਿਹਾ ਹੈ। ਬਹੁਤ ਸਾਰੇ ਮਾਪੇ ਜਿਹੜੇ ਆਪਣੇ ਬੱਚਿਆਂ ਨੂੰ ਪੰਜਾਬੀ ਬੋਲੀ ਨਾਲ਼ ਜੋੜਨਾ ਚਾਹੁੰਦੇ ਹਨ ਉਨ੍ਹਾਂ ਲਈ ਇਹ ਖਾਲਸਾ ਸਕੂਲ ਬਹੁਤ ਢੁੱਕਵੇਂ ਸਾਬਤ ਹੁੰਦੇ ਹਨ ਕਿਉਂਕਿ ਇਹ ਮਾਪੇ ਅਕਸਰ ਸਿੱਖ ਧਰਮ ਨਾਲ਼ ਵੀ ਜੁੜੇ ਹੁੰਦੇ ਹਨ ਅਤੇ ਬੱਚਿਆਂ ਨੂੰ ਵੀ ਜੋੜਨਾ ਚਾਹੁੰਦੇ ਹੁੰਦੇ ਹਨ।

ਪਲੀ ਵੱਲੋਂ ਵੈਨਕੂਵਰ ਸਕੂਲ ਬੋਰਡ ਨਾਲ਼ ਕੀਤੀਆਂ ਅਨੇਕਾਂ ਮੀਟਿੰਗਾਂ ਤੋਂ ਇਹ ਗੱਲ ਵੀ ਸਾਹਮਣੇ ਆਈ ਕਿ ਲੋਅਰ ਮੇਨਲੈਂਡ ਦੀਆਂ ਦੂਜੀਆਂ ਕੁਝ ਮਿਊਂਸਪਿਲਟੀਆਂ ਦੇ ਮੁਕਾਬਲੇ ਇਹ ਸਕੂਲ ਬੋਰਡ ਨਵੀਂ ਭਾਸ਼ਾ ਨੀਤੀ ਅਨੁਸਾਰ ਤਬਦੀਲੀਆਂ ਕਰਨ ਲਈ, ਖਾਸ ਕਰ ਪੰਜਾਬੀ ਲਾਗੂ ਕਰਨ ਲਈ, ਬਿਲਕੁਲ ਤਿਆਰ ਨਹੀਂ ਸੀ। ਇਸ ਵਿੱਚ ਨਿਰਸੰਦੇਹ ਨਸਲਵਾਦ ਤੇ ਭਾਸ਼ਾਈ ਵਿਤਕਰਾ (ਲਿੰਗਿਊਸਿਜ਼ਮ) ਵੀ ਸ਼ਾਮਲ ਹੈ।

5.3.4

ਸਰ੍ਹੀ

ਸਰ੍ਹੀ ਦੇ ਕਈ ਸਕੂਲਾਂ ਵਿੱਚ ਪੰਜਾਬੀ ਵਿਦਿਆਰਥੀਆਂ ਦੀ ਗਿਣਤੀ 80 ਪ੍ਰਤੀਸ਼ਤ ਤੋਂ ਵੀ ਉੱਪਰ ਹੈ। ਬਰਨਬੀ ਵਾਲੀ ਜਥੇਬੰਦੀ ਵੱਲੋਂ ਸਰ੍ਹੀ ਵਿੱਚ ਪੰਜਾਬੀ ਮਾਪਿਆਂ ਨੂੰ ਨਵੀਂ ਭਾਸ਼ਾ ਨੀਤੀ ਬਾਰੇ ਚੇਤਨ ਕਰਨ ਲਈ ਸਾਲ 1997 ਤੋਂ ਹੀ ਕੋਸ਼ਿਸ਼ਾਂ ਸ਼ੁਰੂ ਹੋ ਗਈਆਂ ਸਨ। ਇਸ ਮਕਸਦ ਲਈ ਫਰਵਰੀ 1997 ਵਿੱਚ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਵਿੱਚ ਦਿਲਚਸਪੀ ਰੱਖਣ ਵਾਲੇ ਮਾਪਿਆਂ ਲਈ ਇੱਕ ਫਾਰਮ ਵੰਡਿਆ ਗਿਆ। ਪਰ ਅਗਲੇ ਦੋ ਤਿੰਨ ਸਾਲਾਂ ਤੱਕ ਇਸ ਪਾਸੇ ਵਲ ਜਥੇਬੰਦਕ ਤੌਰ ’ਤੇ ਪੂਰਾ ਬੱਝਵਾਂ ਧਿਆਨ ਨਹੀਂ ਦਿੱਤਾ ਜਾ ਸਕਿਆ। ਫੇਰ ਵੀ ਕੁਝ ਕੋਸ਼ਿਸ਼ਾਂ ਦੇ ਨਤੀਜੇ ਵਜੋਂ ਸਰ੍ਹੀ ਸਕੂਲ ਬੋਰਡ ਵੱਲੋਂ ਸਾਲ 2000 ਤੱਕ ਚਾਰ ਸੈਕੰਡਰੀ ਸਕੂਲਾਂ - ਟੈਮਾਨਵਿਸ, ਕੂਈਨ ਇਲੈਜ਼ਿਬਿਥ, ਪਰਿੰਸਿਜ਼ ਮਾਰਗਰੈਟ ਤੇ ਇਨਵਰ ਕਰੀਕ - ਵਿੱਚ ਪੰਜਾਬੀ ਦੀਆਂ ਇੰਟਰੋਡੱਕਟਰੀ ਪੱਧਰ ਦੀਆਂ ਜਮਾਤਾਂ ਸ਼ੁਰੂ ਕੀਤੀਆਂ ਗਈਆਂ।[134] ਪਰ ਐਲਿਮੈਂਟਰੀ ਪੱਧਰ ’ਤੇ ਕਿਸੇ ਵੀ ਸਕੂਲ ਵਿੱਚ ਪੰਜਾਬੀ ਸ਼ੁਰੂ ਨਾ ਹੋ ਸਕੀ। ਇਸ ਸਮੇਂ ਦੌਰਾਨ ਸੂਬੇ ਭਰ ਵਿੱਚ ਸਿਰਫ ਤਿੰਨ ਸਕੂਲਾਂ - ਵੈਨਕੂਵਰ, ਐਬਟਸਫੋਰਡ ਤੇ ਮੈਰਿਟ - ਵਿੱਚ ਹੀ ਐਲਿਮੈਂਟਰੀ ਪੱਧਰ ’ਤੇ ਪੰਜਾਬੀ ਪੜ੍ਹਾਈ ਜਾ ਰਹੀ ਸੀ।

[134] ਇਸ ਸਮੇਂ ਸਰ੍ਹੀ ਸਕੂਲ ਬੋਰਡ ਵਿੱਚ ਚੁਣੇ ਹੋਏ ਪੰਜਾਬੀ ਪਿਛੋਕੜ ਦੇ ਮੈਂਬਰ ਸੁਰਜੀਤ ਗਿੱਲ ਹੋਰਾਂ ਦਾ ਯੋਗਦਾਨ ਜ਼ਿਕਰਯੋਗ ਹੈ।

ਇਸ ਸਥਿਤੀ ਨੂੰ ਧਿਆਨ ਵਿੱਚ ਰੱਖਦਿਆਂ ਪਲੀ ਨੇ 31 ਮਈ, 2001 ਨੂੰ ਸਰ੍ਹੀ ਸਕੂਲ ਬੋਰਡ ਨੂੰ ਪੇਸ਼ ਕੀਤੀ 'ਬ੍ਰੀਫ' ਵਿੱਚ ਕਿਹਾ[135]:

> ਦੂਜਿਆਂ ਇਲਾਕਿਆਂ ਦੇ ਮਾਪਿਆਂ ਵਾਂਗ ਹੀ ਸਰ੍ਹੀ ਦੇ ਮਾਪਿਆਂ ਨੂੰ ਵੀ ਇਸ ਗੱਲ ਦੀਆਂ ਵੱਡੀਆਂ ਆਸਾਂ ਸਨ ਕਿ ਉਨ੍ਹਾਂ ਦੇ ਬੱਚੇ ਐਲਿਮੈਂਟਰੀ ਅਤੇ ਸੈਕੰਡਰੀ ਸਕੂਲਾਂ ਵਿੱਚ ਆਪਣੀ ਮਾਂ-ਬੋਲੀ ਸਿੱਖ ਸਕਣਗੇ। ਪਰ ਪਿਛਲੇ ਸੱਤ ਸਾਲ ਬੜੀ ਹੀ ਨਿਰਾਸ਼ਾ ਵਾਲੇ ਲੰਘੇ ਹਨ। ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ, ਸਰ੍ਹੀ ਸਕੂਲ ਬੋਰਡ ਵੱਲੋਂ ਸੈਕੰਡਰੀ ਪੱਧਰ 'ਤੇ ਪੰਜਾਬੀ ਲਾਗੂ ਕਰਨ ਦੀਆਂ ਕੋਸ਼ਿਸ਼ਾਂ ਦੀ ਸਰਾਹਣਾ ਕਰਦੀ ਹੈ। ਸਾਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਇਸ ਸਮੇਂ ਸਰ੍ਹੀ ਦੇ ਚਾਰ ਸੈਕੰਡਰੀ ਸਕੂਲਾਂ ਵਿੱਚ ਪੰਜਾਬੀ ਪੜ੍ਹਾਈ ਜਾ ਰਹੀ ਹੈ। ... ਪਰ ਐਲਿਮੈਂਟਰੀ ਪੱਧਰ 'ਤੇ ਪੰਜਾਬੀ ਦੀ ਪੜ੍ਹਾਈ ਵਾਸਤੇ ਕੋਈ ਯਤਨ ਨਹੀਂ ਕੀਤਾ ਗਿਆ ਜਿੱਥੇ ਕਈ ਐਲਿਮੈਂਟਰੀ ਸਕੂਲਾਂ ਵਿੱਚ 80% ਤੋਂ ਵਧ ਬੱਚੇ ਪੰਜਾਬੀ ਪਿਛੋਕੜ ਦੇ ਘਰਾਂ ਵਿੱਚੋਂ ਆਉਂਦੇ ਹਨ।

ਇਸ ਬ੍ਰੀਫ ਵਿੱਚ ਮੰਗ ਕੀਤੀ ਗਈ ਕਿ:

> ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ, ਸਰ੍ਹੀ ਵਿੱਚ ਸੈਕੰਡਰੀ ਅਤੇ ਐਲਿਮੈਂਟਰੀ ਪੱਧਰ 'ਤੇ ਪੰਜਾਬੀ ਸਿੱਖਿਆ ਨੂੰ ਲਾਗੂ ਹੋਇਆ ਦੇਖਣ ਦੀ ਖਾਹਿਸ਼ ਰੱਖਦੀ ਹੈ। ਬੀ ਸੀ ਦੀ ਮਨਿਸਟਰੀ ਆਫ ਐਜੂਕੇਸ਼ਨ ਵੱਲੋਂ ਜਾਰੀ ਕੀਤੀ ਭਾਸ਼ਾ ਨੀਤੀ ਨੂੰ ਲਾਗੂ ਕਰਨ ਸੰਬੰਧੀ ਸਾਡਾ ਦ੍ਰਿਸ਼ਟੀਕੋਣ ਹੇਠ ਲਿਖੇ ਅਨੁਸਾਰ ਹੈ:
>
> 1. ਵਿਦਿਆਰਥੀਆਂ ਨੂੰ ਗ੍ਰੇਡ 5 ਤੋਂ ਲੈ ਕੇ ਗ੍ਰੇਡ 12 ਤੱਕ ਪੰਜਾਬੀ ਭਾਸ਼ਾ ਦੀ ਪੜ੍ਹਾਈ ਉਪਲਬਧ ਹੋਵੇ।
> 2. ਪੰਜਾਬੀ ਦੀ ਪੜ੍ਹਾਈ ਵਿਦਿਆਰਥੀਆਂ ਨੂੰ ਸਕੂਲ ਸਮੇਂ ਦੌਰਾਨ ਉਪਲਬਧ ਹੋਵੇ।
>
> ...

ਪਲੀ ਅਤੇ ਸਮੁੱਚੇ ਭਾਈਚਾਰੇ ਦੀ ਆਸ ਦੇ ਉਲਟ ਸਰ੍ਹੀ ਦੇ ਐਲਿਮੈਂਟਰੀ ਸਕੂਲਾਂ ਵਿੱਚ ਪੰਜਾਬੀ ਦੀ ਪੜ੍ਹਾਈ ਲਾਗੂ ਕਰਵਾਉਣ ਲਈ ਬਹੁਤ ਸਾਰੀਆਂ ਮੁਸ਼ਕਲਾਂ ਆਈਆਂ ਅਤੇ ਇਸ ਵਾਸਤੇ ਕਾਫੀ ਜੱਦੋਜਹਿਦ ਕਰਨੀ ਪਈ। ਜਿਨ੍ਹਾਂ ਬਾਰੇ ਏਥੇ ਕੁਝ ਵਿਸਥਾਰ ਵਿੱਚ ਚਰਚਾ ਕੀਤੀ ਜਾਵੇਗੀ।

---

135 Brief to the Surrey School Board: The Implementation of the Language Education Policy in Surrey's Elementary and Secondary Schools.
http://plea4punjabi1.wordpress.com/selected-correspondence/brief-to-surrey-school-board-may-31-2001/

ਸਰ੍ਹੀ ਸਕੂਲ ਬੋਰਡ ਨੇ ਪਹਿਲਾਂ ਤਾਂ ਐਲਿਮੈਂਟਰੀ ਪੱਧਰ ’ਤੇ ਪੰਜਾਬੀ ਦੀ ਪੜ੍ਹਾਈ ਬਾਰੇ ਗੱਲਬਾਤ ਕਰਨ ਵਿੱਚ ਹੀ ਢਿੱਲ-ਮੱਠ ਦਿਖਾਈ। ਪਲੀ ਨੇ ਬੋਰਡ ਨਾਲ਼ ਇਸ ਸੰਬੰਧੀ ਚਿੱਠੀ ਪੱਤਰ ਅਤੇ ਮੀਟਿੰਗਾਂ ਕੀਤੀਆਂ। ਇਸ ਦਬਾਅ ਥੱਲੇ ਅਕਤੂਬਰ 2001 ਵਿੱਚ ਸਕੂਲ ਜ਼ਿਲ੍ਹੇ ਦੀਆਂ ਦੋ ਡਾਇਰੈਕਟਰਾਂ ਡਾ: ਸਿੰਥੀਆ ਲਿਊਸ ਅਤੇ ਡਾ: ਸ਼ੈਰਨ ਕੋਹਿਨ ਨੇ ਸਕੂਲ ਬੋਰਡ ਨੂੰ ਐਲਿਮੈਂਟਰੀ ਸਕੂਲਾਂ ਵਿੱਚ ਪੰਜਾਬੀ ਦੀ ਪੜ੍ਹਾਈ ਬਾਰੇ ਇੱਕ ਰੀਪੋਰਟ ਪੇਸ਼ ਕੀਤੀ। ਇਸ ਰੀਪੋਰਟ ਵਿੱਚ ਉਨ੍ਹਾਂ ਨੇ ਸਰ੍ਹੀ ਦੇ ਛੇ ਐਲਿਮੈਂਟਰੀ ਸਕੂਲਾਂ ਵਿੱਚ ਪੰਜਾਬੀ ਪਿਛੋਕੜ ਦੇ ਵਿਦਿਆਰਥੀਆਂ ਦੀ ਗਿਣਤੀ ਬਾਰੇ ਕਰਵਾਇਆ ਸਰਵੇ ਪੇਸ਼ ਕੀਤਾ:

ਸਕੂਲ	ਪੰਜਾਬੀ ਵਿਦਿਆਰਥੀ	ਕੁੱਲ ਵਿਦਿਆਰਥੀ
ਕੂਗਰ ਕਰੀਕ	377	595
ਸੈਨੇਟਰ ਰੀਡ	369	639
ਸਟਰਾਅਬੇਰੀ ਹਿੱਲ	304	555
ਨਿਊਟਨ	303	526
ਬੀਵਰ ਕਰੀਕ	258	418
ਸਿੰਡਰਿਚ	235	588

ਰੀਪੋਰਟ ਵਿੱਚ ਕਿਹਾ ਗਿਆ ਕਿ ਜੇ ਇਨ੍ਹਾਂ ਸਕੂਲਾਂ ਵਿੱਚ ਗ੍ਰੇਡ 5 ਤੋਂ 7 ਤੱਕ ਹਰ ਗ੍ਰੇਡ ਵਿੱਚ 25 ਤੋ 30 ਤੱਕ ਵਿਦਿਆਰਥੀ ਪੰਜਾਬੀ ਪੜ੍ਹਨ ਲਈ ਸਹਿਮਤ ਹੋ ਜਾਣ ਤਾਂ ਜਮਾਤ ਸ਼ੁਰੂ ਕੀਤੀ ਜਾ ਸਕਦੀ ਹੈ। ਇਸ ਮਕਸਦ ਲਈ ਉਨ੍ਹਾਂ ਨੇ ਪੰਜਾਬੀ ਪੜ੍ਹਾਉਣ ਲਈ ਦੋ ਮਾਡਲ ਪੇਸ਼ ਕੀਤੇ। ਇੱਕ ਮਾਡਲ ਅਨੁਸਾਰ ਪੰਜਾਬੀ ਜਮਾਤ ਦੌਰਾਨ ਬੱਚਿਆਂ ਨੂੰ ਸਾਰੀਆਂ ਹਿਦਾਇਤਾਂ ਅਤੇ ਗੱਲਬਾਤ ਸਿਰਫ ਪੰਜਾਬੀ ਵਿੱਚ ਹੀ ਕੀਤੀ ਜਾਣੀ ਸੀ। ਦੂਜੇ ਮਾਡਲ ਵਿੱਚ ਪੰਜਾਬੀ ਨੂੰ ਦੂਜੀ ਭਾਸ਼ਾ ਵਜੋਂ ਪੜ੍ਹਾਇਆ ਜਾਣਾ ਸੀ ਅਤੇ ਜਮਾਤ ਵਿੱਚ ਪੜ੍ਹਾਉਣ ਦੀ ਭਾਸ਼ਾ ਅੰਗ੍ਰੇਜ਼ੀ ਹੋਣੀ ਸੀ। ਆਪਣੀ ਇਸ ਰੀਪੋਰਟ ਵਿੱਚ ਉਨ੍ਹਾਂ ਨੇ ਪੰਜਾਬੀ ਮਾਪਿਆਂ ਨੂੰ ਪਹਿਲਾ ਮਾਡਲ ਚੁਣਨ ਦੀ ਪੇਸ਼ਕਸ਼ ਕੀਤੀ। ਉਨ੍ਹਾਂ ਦੱਸਿਆ ਕਿ ਪਹਿਲੇ ਮਾਡਲ ਦਾ ਇੱਕ ਸਕੂਲ ਦਾ ਸਾਲਾਨਾ ਖਰਚਾ 20,000 ਡਾਲਰ ਹੋਵੇਗਾ ਅਤੇ ਇਹ ਖਰਚਾ ਬੋਰਡ ਵੱਲੋਂ ਕੀਤਾ ਜਾਵੇਗਾ। ਦੂਜੇ ਮਾਡਲ ਦਾ ਖਰਚਾ 74,000 ਡਾਲਰ ਦੱਸਿਆ ਗਿਆ। ਨਾਲ਼ ਹੀ ਉਨ੍ਹਾਂ ਨੇ ਕਿਹਾ ਕਿ ਪੰਜਾਬੀ ਦੀ ਪੜ੍ਹਾਈ ਵਾਸਤੇ ਇਹ ਆਸ ਕੀਤੀ ਜਾਂਦੀ ਹੈ ਕਿ ਇਹ ਖਰਚਾ ਪੰਜਾਬੀ ਭਾਈਚਾਰੇ ਵੱਲੋਂ ਆਵੇਗਾ।[136]

---

[136] Budget: In order for an elementary Punjabi program to be implemented in a sustainable fashion, there are budget considerations. It is hoped that these costs can be offset by grants made available through the Punjabi community. ... the Punjabi community would be interested in providing

ਪਲੀ ਨੇ ਸਰ੍ਹੀ ਸਕੂਲ ਬੋਰਡ ਨੂੰ 25 ਅਕਤੂਬਰ, 2001 ਨੂੰ ਲਿਖੇ ਇੱਕ ਖਤ[137] ਰਾਹੀਂ ਬੋਰਡ ਵੱਲੋਂ ਸੁਝਾਏ ਪਹਿਲੇ ਮਾਡਲ ਅਤੇ ਭਾਈਚਾਰੇ ਕੋਲੋਂ ਮੰਗੇ ਫੰਡਾਂ ਦੀ ਵਿਰੋਧਤਾ ਕੀਤੀ। ਬੋਰਡ ਨੇ ਪਲੀ ਵੱਲੋਂ ਕੀਤੀਆਂ ਕੋਸ਼ਿਸ਼ਾਂ ਦੀ ਪਰਵਾਹ ਕੀਤੇ ਬਿਨਾਂ, ਪੰਜਾਬੀ ਭਾਈਚਾਰੇ ਵਿਚਲੇ ਆਪਣੇ ਸਲਾਹਕਾਰਾਂ (ਇਸ ਤਰ੍ਹਾਂ ਜਾਪਦਾ ਹੈ) ਦੇ ਕਹੇ 'ਤੇ ਉੱਪਰ ਦੱਸੇ ਛੇ ਐਲਿਮੈਂਟਰੀ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਦੇ ਮਾਪਿਆਂ ਨਾਲ਼ ਸਿੱਧੀ ਪਬਲਿਕ ਮੀਟਿੰਗ ਕਰਨ ਦਾ ਫੈਸਲਾ ਕਰ ਲਿਆ। ਪਲੀ ਵੱਲੋਂ ਇੱਕ ਲਿਖਤੀ ਪੈਂਫਲਿੱਟ ਰਾਹੀਂ ਇਸ ਮੀਟਿੰਗ ਬਾਰੇ ਲੋਕਾਂ ਨੂੰ ਚੇਤਨ ਕਰਨ ਦਾ ਯਤਨ ਕੀਤਾ ਗਿਆ:

> ਸਰ੍ਹੀ ਦੇ ਸਕੂਲਾਂ ਵਿੱਚ ਪੰਜਾਬੀ ਬੋਲੀ ਦੇ ਭਵਿੱਖ ਬਾਰੇ ਇਹ ਇੱਕ ਅਹਿਮ ਫੈਸਲਾ ਹੋਵੇਗਾ। ... ਇਹ ਮੀਟਿੰਗ ਬਹੁਤ ਜ਼ਰੂਰੀ ਹੈ। ਹਰ ਮਾਪਾ ਇਸ ਮੀਟਿੰਗ ਤੇ ਜ਼ਰੂਰ ਪਹੁੰਚੇ। ... ਇਸ ਮੀਟਿੰਗ ਵਿੱਚ ਸਰ੍ਹੀ ਸਕੂਲ ਬੋਰਡ ਵੱਲੋਂ ਮਾਪਿਆਂ ਨੂੰ ਦੋ ਵੱਖਰੇ ਵੱਖਰੇ ਮਾਡਲਾਂ ਵਿੱਚੋਂ ਇੱਕ ਦੀ ਚੋਣ ਕਰਨ ਵਾਸਤੇ ਕਿਹਾ ਜਾਵੇਗਾ। ਬੋਰਡ ਵੱਲੋਂ ਜਿਹੜਾ ਦੋਭਾਸ਼ੀ ਮਾਡਲ ਲਾਗੂ ਕਰਨ ਦਾ ਸੁਝਾਅ ਦਿੱਤੇ ਜਾਣ ਦੀ ਉਮੀਦ ਹੈ ਉਹ ਮਾਡਲ ਬੱਚਿਆਂ ਦੀ ਪੰਜਾਬੀ ਦੀ ਪੜ੍ਹਾਈ ਵਾਸਤੇ ਢੁੱਕਵਾਂ ਨਹੀਂ ਹੈ ਤੇ ਨਾ ਹੀ ਇਹ ਮਾਡਲ ਬੀ ਸੀ ਦੀ ਭਾਸ਼ਾ ਨੀਤੀ ਅਨੁਸਾਰ ਹੈ। ਇਸ ਅਨੁਸਾਰ ਗ੍ਰੇਡ 6 ਤੋਂ ਲੈ ਕੇ 8 ਤੱਕ ਬੱਚਿਆਂ ਦੀ ਕੁਲ ਸਿੱਖਿਆ ਦਾ ਮਾਧਿਅਮ 50% ਪੰਜਾਬੀ ਹੋਵੇਗਾ। ਇਸ ਨਾਲ਼ ਇੱਕ ਤਾਂ ਬੱਚਿਆਂ ਦੀ ਅੰਗ੍ਰੇਜ਼ੀ ਦੀ ਪੜ੍ਹਾਈ 'ਤੇ ਮਾੜਾ ਅਸਰ ਪਵੇਗਾ ਦੂਜਾ ਉਹ ਬੱਚੇ ਹੀ ਇਹ ਜਮਾਤ ਲੈ ਸਕਣਗੇ ਜਿਹੜੇ ਗ੍ਰੇਡ ਛੇ ਵਿੱਚ ਪੰਜਾਬੀ ਵਿੱਚ ਦਿੱਤੀਆਂ ਹਿਦਾਇਤਾਂ (ਇੰਸਟਰੱਕਸ਼ਨਜ਼) ਨੂੰ ਸਮਝਦੇ ਹੋਣਗੇ। ਭਾਵੇਂ ਬੱਚੇ ਅੱਜ ਕੱਲ ਕੁਝ ਹੱਦ ਤੱਕ ਪੰਜਾਬੀ ਬੋਲ ਲੈਂਦੇ ਹਨ ਪਰ ਉਨ੍ਹਾਂ ਦਾ ਪੰਜਾਬੀ ਵਿੱਚ ਪੱਧਰ ਅਜਿਹਾ ਨਹੀਂ ਕਿ ਉਹ ਹਿਦਾਇਤਾਂ ਵੀ ਸਮਝ ਸਕਣ। ਮਾਪਿਆਂ ਦੀ ਮੰਗ ਹੋਣੀ ਚਾਹੀਦੀ ਹੈ ਕਿ ਬੱਚਿਆਂ ਨੂੰ ਪੰਜਾਬੀ ਦੂਜੀ ਭਾਸ਼ਾ ਦੇ ਤੌਰ 'ਤੇ ਆਮ ਸਕੂਲ ਸਮੇਂ ਉਨ੍ਹਾਂ ਦੇ ਆਪਣੇ ਸਕੂਲ ਵਿੱਚ ਪੜ੍ਹਾਈ ਜਾਵੇ ਜਿਸ ਤਰ੍ਹਾਂ ਕਿ 1994 ਵਿੱਚ ਬਣੀ ਨੀਤੀ ਆਗਿਆ ਦਿੰਦੀ ਹੈ।
>
> ਚਾਹੀਦਾ ਤਾਂ ਇਹ ਸੀ ਕਿ ਸਰ੍ਹੀ ਸਕੂਲ ਬੋਰਡ ਵੱਲੋਂ ਪਿਛਲੇ ਸੱਤਾਂ ਸਾਲਾਂ ਦੌਰਾਨ ਇਸ ਨੀਤੀ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਜੋ ਕਿ ਨਹੀਂ ਕੀਤੀ ਗਈ। ਹੁਣ ਜਦੋਂ ਭਾਈਚਾਰੇ ਵੱਲੋਂ ਇਹ ਮੰਗ ਉਠਾਈ ਗਈ ਹੈ ਤਾਂ ਇਹ ਵੱਖਰੇ ਵੱਖਰੇ ਮਾਡਲ ਸਾਹਮਣੇ ਰੱਖ ਕੇ ਪੰਜਾਬੀ ਬੋਲੀ ਦੀ ਪੜ੍ਹਾਈ ਦੇ ਮਸਲੇ ਨੂੰ ਉਲਝਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਬੋਰਡ ਵੱਲੋਂ ਸੁਝਾਏ ਜਾ ਰਹੇ ਮਾਡਲ ਨੂੰ ਮੰਨਵਾਉਣ ਲਈ ਕਿਹਾ ਜਾ ਰਿਹਾ ਹੈ ਕਿ ਇਸ ਮਾਡਲ ਅਨੁਸਾਰ ਪੰਜਾਬੀ ਪੜ੍ਹਾਉਣ ਦਾ ਕੋਈ ਪੈਸਾ

---

financial support for the project. from Report to The Board of School Trustees, School District 36.

137 PLEA Letter to Surrey : http://plea4punjabi1.wordpress.com/wp-admin/post.php?post=237&action=edit&message=6

> ਨਹੀਂ ਲੱਗੇਗਾ ਪਰ ਜੇ ਨੀਤੀ ਅਨੁਸਾਰ ਪੰਜਾਬੀ ਪੜ੍ਹਾਈ ਜਾਣੀ ਹੈ ਤਾਂ ਭਾਈਚਾਰੇ ਨੂੰ ਇਸ ਦਾ ਖਰਚਾ ਦੇਣਾ ਪਵੇਗਾ।
>
> ਸਕੂਲ ਬੋਰਡ ਵੱਲੋਂ ਪਬਲਿਕ ਸਕੂਲਾਂ ਵਿੱਚ ਐਜੂਕੇਸ਼ਨ ਵਾਸਤੇ ਭਾਈਚਾਰੇ ਨੂੰ ਖਰਚਾ ਦੇਣ ਲਈ ਕਹਿਣਾ ਕਿਸੇ ਤਰ੍ਹਾਂ ਵੀ ਠੀਕ ਨਹੀਂ ਹੈ। ਸਰ੍ਹੀ ਵਿੱਚ ਪੰਜਾਬੀਆਂ ਦੀ ਬਹੁ-ਗਿਣਤੀ ਕੋਲ਼ ਆਪਣੇ ਘਰ ਹਨ ਅਤੇ ਹੋਰ ਜਾਇਦਾਦਾਂ ਅਤੇ ਵਪਾਰ ਹਨ ਜਿਨ੍ਹਾਂ ਦਾ ਹਰ ਸਾਲ ਸਰ੍ਹੀ ਨੂੰ ਬੇਸ਼ੁਮਾਰ ਟੈਕਸ ਦਿੱਤਾ ਜਾਂਦਾ ਹੈ। ਪਰ ਸੌ ਸਾਲ ਇਸ ਸੂਬੇ ਦਾ ਹਿੱਸਾ ਹੋਣ ਬਾਅਦ ਵੀ ਸਾਡੇ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਲਈ, ਜਿਸ ਦਾ ਕਿ ਸੂਬੇ ਵੱਲੋਂ ਹੱਕ ਦਿੱਤਾ ਜਾ ਚੁੱਕਾ ਹੈ, ਸਾਡੇ ਕੋਲੋਂ ਹੀ ਪੈਸੇ ਮੰਗੇ ਜਾ ਰਹੇ ਹਨ। ਸਾਨੂੰ ਚਾਹੀਦਾ ਹੈ ਕਿ ਅਸੀਂ ਭਾਈਚਾਰੇ ਦੇ ਤੌਰ 'ਤੇ ਆਪਣੇ ਬਣਦੇ ਹੱਕ ਲਈ ਆਵਾਜ਼ ਉਠਾਈਏ।[138]

ਇਹ ਮੀਟਿੰਗ 10 ਦਸੰਬਰ 2001 ਨੂੰ ਸ਼ਾਮ ਦੇ 7 ਵਜੇ ਸਟਰਾਅਬੇਰੀ ਹਿੱਲ ਐਲਿਮੈਂਟਰੀ ਸਕੂਲ 7633 -124 ਸਟਰੀਟ, ਸਰ੍ਹੀ ਵਿੱਚ ਕੀਤੀ ਗਈ। ਉਨ੍ਹਾਂ ਛੇ ਸਕੂਲਾਂ ਦੇ ਬਹੁਤ ਸਾਰੇ ਮਾਪਿਆਂ ਅਤੇ ਇਸ ਮਸਲੇ ਵਿੱਚ ਦਿਲਚਸਪੀ ਰੱਖਣ ਵਾਲੇ ਭਾਈਚਾਰੇ ਦੇ ਹੋਰ ਲੋਕਾਂ ਨੇ ਵੀ ਇਸ ਵਿੱਚ ਹਿੱਸਾ ਲਿਆ।

ਇਹ ਗੱਲ ਕਾਫੀ ਹੈਰਾਨੀ ਵਾਲੀ ਸੀ ਕਿ ਇਸ ਮੀਟਿੰਗ ਦੀ ਕਾਰਵਾਈ ਗੈਰ-ਜਮਹੂਰੀ ਢੰਗ ਨਾਲ਼ ਚਲਾਈ ਗਈ ਅਤੇ ਮਸਲੇ ਬਾਰੇ ਪੂਰੀ ਬਹਿਸ ਕਰਨ ਦਾ ਕਿਸੇ ਨੂੰ ਵੀ ਮੌਕਾ ਨਾ ਦਿੱਤਾ ਗਿਆ। ਸੰਭਵ ਜਾਪਦਾ ਹੈ ਕਿ ਇਹ ਗੈਰ-ਸੁਭਾਵਕ (ਕਨੇਡਾ ਦੇ ਸੰਦਰਭ ਵਿੱਚ) ਰਵੱਈਏ ਦਾ ਕਾਰਨ ਡਾਇਰੈਕਟਰਾਂ ਦੇ ਕੁਝ ਪੰਜਾਬੀ ਸਲਾਹਕਾਰ ਹੋਣ। ਮੀਟਿੰਗ ਦੇ ਅਖੀਰ 'ਤੇ ਮਾਪਿਆਂ ਨੂੰ ਇੱਕ ਫਾਰਮ ਭਰਨ ਲਈ ਦਿੱਤਾ ਗਿਆ ਜਿਸ ਵਿੱਚ ਉਨ੍ਹਾਂ ਨੂੰ ਉਸੇ ਵੇਲੇ ਸਕੂਲ ਬੋਰਡ ਵੱਲੋਂ ਸੁਝਾਏ ਪਹਿਲੇ ਮਾਡਲ ਦੀ ਚੋਣ ਕਰਨ ਲਈ ਕਿਹਾ ਗਿਆ। ਪਲੀ ਦੇ ਮੈਂਬਰ ਵੀ ਇਸ ਮੀਟਿੰਗ ਵਿੱਚ ਸ਼ਾਮਲ ਸਨ ਅਤੇ ਉਨ੍ਹਾਂ ਨੇ ਇਸ ਗੈਰ-ਜ਼ਿੰਮੇਂਵਾਰ ਤਰੀਕੇ ਵਾਲੇ ਅਮਲ ਦੀ ਸਖਤ ਅਲੋਚਨਾ ਕੀਤੀ।[139]

ਉੱਪਰ ਬਿਆਨੀ ਜੱਦੋਜਹਿਦ ਨਾਲ਼ ਸਰ੍ਹੀ ਸਕੂਲ ਨੂੰ ਪੰਜਾਬੀ ਭਾਈਚਾਰੇ ਦੀਆਂ ਮੰਗਾਂ ਨੂੰ ਮੰਨਣਾ ਪਿਆ। ਨਤੀਜੇ ਵਜੋਂ ਡਾ: ਸ਼ੈਰਨ ਕੋਹਿਨ, ਡਾਇਰੈਕਟਰ ਆਫ ਇੰਸਟਰੱਕਸ਼ਨਜ਼, ਵੱਲੋਂ ਛੇ ਐਲਿਮੈਂਟਰੀ ਸਕੂਲਾਂ - ਕੂਗਰ ਕਰੀਕ, ਸੈਨੇਟਰ ਰੀਡ, ਸਟਰਾਅਬੇਰੀ ਹਿੱਲ, ਨਿਊਟਨ, ਬੀਵਰ ਕਰੀਕ ਅਤੇ ਸਿੰਡਰਿਚ - ਵਿੱਚ ਗ੍ਰੇਡ 3, 4 ਅਤੇ 5 ਵਿੱਚ ਪੜ੍ਹਦੇ ਬੱਚਿਆਂ ਦੇ ਮਾਪਿਆਂ ਨੂੰ 30 ਜਨਵਰੀ, 2002 ਨੂੰ ਇੱਕ ਸੁਨੇਹਾ ਭੇਜਿਆ ਗਿਆ। ਜਿਸ ਵਿੱਚ ਉਨ੍ਹਾਂ ਮਾਪਿਆਂ ਨੂੰ ਤੇ ਗਾਰਡੀਅਨਾਂ ਨੂੰ ਅਪੀਲ ਕੀਤੀ

---

138 'ਪੰਜਾਬੀ ਦੀ ਪੜ੍ਹਾਈ ਵਾਸਤੇ ਸਰ੍ਹੀ ਵਿੱਚ ਇੱਕ ਮਹੱਤਵਪੂਰਨ ਮੀਟਿੰਗ', ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ ਵੱਲੋਂ ਜਾਰੀ ਕੀਤਾ ਪੈਂਫਲਿੱਟ।

139 ਪਲੀ ਵੱਲੋਂ ਲਿਖਿਆ ਇਹ ਖਤ ਏਥੇ ਪੜ੍ਹਿਆ ਜਾ ਸਕਦਾ ਹੈ: http://plea4punjabi1.wordpress.com/selected-correspondence/plea-dec-192001-l-to-surrey-sch-board/

ਕਿ ਉਹ ਆਪਣੇ ਬੱਚਿਆਂ ਨੂੰ ਪੰਜਾਬੀ ਦੀਆਂ ਕਲਾਸਾਂ ਵਿੱਚ ਦਾਖਲ ਕਰਾਉਣ ਬਾਰੇ ਦੱਸਣ। ਉਨ੍ਹਾਂ ਕਿਹਾ:

> ਇਹ ਪ੍ਰੋਗਰਾਮ ਸਤੰਬਰ 2002 ਨੂੰ ਗ੍ਰੇਡ 5 ਤੋਂ ਸ਼ੁਰੂ ਹੋਵੇਗਾ, ਅਤੇ ਕਿਸੇ ਵੀ ਸਕੂਲ ਦੇ ਵਿਦਿਆਰਥੀਆਂ ਦੀ ਗਿਣਤੀ 'ਤੇ ਅਧਾਰਤ ਸੰਭਵ ਹੈ ਕਿ ਗ੍ਰੇਡ 5 ਤੇ 6 ਦੀ ਸਾਂਝੀ ਕਲਾਸ ਵੀ ਸ਼ੁਰੂ ਕਰਨੀ ਪਵੇ। ਇਹ ਪ੍ਰੋਗਰਾਮ ਇਸ ਤਰ੍ਹਾਂ ਕੰਮ ਕਰੇਗਾ ... ਕਲਾਸ (ਪੰਜਾਬੀ ਦੀ) ਵਿੱਚ ਸਾਰੇ ਵਿਦਿਆਰਥੀਆਂ ਨੂੰ ਰੋਜ਼ਾਨਾ 45 ਤੋਂ 60 ਮਿੰਟ ਤੱਕ ਪੰਜਾਬੀ ਵਿੱਚ ਸਿੱਖਿਆ ਮਿਲੇਗੀ। ਬਾਕੀ ਦਾ ਸਮਾਂ ਸਾਰੀ ਸਿੱਖਿਆ ਅੰਗ੍ਰੇਜ਼ੀ ਮਾਧਿਅਮ ਵਿੱਚ ਹੀ ਹੋਵੇਗੀ। ਇਹ ਵਿਦਿਆਰਥੀ ਏਸੇ ਤਰ੍ਹਾਂ ਹੀ ਗ੍ਰੇਡ 6 ਵਿੱਚ ਜਾਣਗੇ ਅਤੇ ਫੇਰ ਗ੍ਰੇਡ 7 ਵਿੱਚ। ਇਹ ਗੱਲ ਮਹੱਤਵਪੂਰਨ ਅਤੇ ਨੋਟ ਕਰਨ ਵਾਲੀ ਹੈ ਕਿ ਇਸ ਪ੍ਰੋਗਰਾਮ ਵਿੱਚ ਦਾਖਲ ਹੋਣ ਵਾਲੇ ਵਿਦਿਆਰਥੀ ਗ੍ਰੇਡ 8 ਤੱਕ ਫਰੈਂਚ ਦੀ ਥਾਂ ਪੰਜਾਬੀ ਪੜ੍ਹਨਗੇ।[140]

ਭਾਈਚਾਰੇ ਵਲੋਂ ਕੀਤੀਆਂ ਇਨ੍ਹਾਂ ਕੋਸ਼ਿਸ਼ਾਂ ਬਾਅਦ ਸਰ੍ਹੀ ਸਕੂਲ ਬੋਰਡ ਨੂੰ ਸੂਬੇ ਦੀ ਨਵੀਂ ਭਾਸ਼ਾ ਨੀਤੀ ਅਨੁਸਾਰ ਐਲਿਮੈਂਟਰੀ ਪੱਧਰ 'ਤੇ ਪੰਜਾਬੀ ਦੀ ਪੜ੍ਹਾਈ ਲਾਗੂ ਕਰਨ ਲਈ ਰਜ਼ਾਮੰਦ ਹੋਣਾ ਪਿਆ। ਪਰ ਫੇਰ ਵੱਡੀ ਸਮੱਸਿਆ ਪੰਜਾਬੀ ਮਾਪਿਆਂ ਨੂੰ ਮਨਾਉਣ ਦੀ ਸੀ ਜਿਸ ਬਾਰੇ ਪਹਿਲਾਂ ਵੀ ਕਈ ਵਾਰ ਜ਼ਿਕਰ ਕੀਤਾ ਜਾ ਚੁੱਕਾ ਹੈ। ਅਨੇਕਾਂ ਇਤਿਹਾਸਕ, ਧਾਰਿਮਕ ਤੇ ਸਮਾਜਿਕ ਕਾਰਨਾਂ ਕਰ ਕੇ ਸਾਡੇ ਬੋਲੀ ਨਾਲ਼ ਰਿਸ਼ਤੇ ਵਿੱਚ ਪਏ ਵਿਗਾੜ ਅਤੇ ਪਿਛਲੇ ਕੁਝ ਸਮੇਂ ਤੋਂ ਵਿਸ਼ਵੀਕਰਨ ਦੀ ਮਾਰ ਨੇ ਪੰਜਾਬੀਆਂ ਦੇ ਪੰਜਾਬੀ ਬੋਲੀ ਵਲ ਰਵੱਈਏ ਵਿੱਚ ਹੋਰ ਵੀ ਗੁੰਝਲਾਂ ਪਾ ਦਿੱਤੀਆਂ ਹਨ। ਨਤੀਜੇ ਵਜੋਂ ਪੰਜਾਬੀ ਮਾਪਿਆਂ ਨੂੰ ਆਪਣੇ ਬੱਚਿਆਂ ਵਾਸਤੇ ਪੜ੍ਹਾਈ ਵਿੱਚ ਪੰਜਾਬੀ ਬੋਲੀ ਦੀ ਚੋਣ ਕਰਨ ਵੇਲੇ ਬੜਾ ਸੋਚਣਾ ਪੈਂਦਾ ਹੈ ਤੇ ਕਈ ਵਾਰ ਫੈਸਲਾ ਪੰਜਾਬੀ ਦੇ ਵਿਰੋਧ ਵਿੱਚ ਕਰਨਾ ਪੈਂਦਾ ਹੈ।

ਪਲੀ ਅਤੇ ਬੀ ਸੀ ਦੇ ਹੋਰ ਬਹੁਤ ਸਾਰੇ ਲੋਕ ਇਸ ਸਮੱਸਿਆ ਨਾਲ਼ ਪਿਛਲੇ ਕਾਫੀ ਸਮੇਂ ਤੋਂ ਜੂਝਦੇ ਆ ਰਹੇ ਹਨ। ਇਸ ਅਮਲ ਵਿੱਚ ਏਥੋਂ ਦੇ ਪੰਜਾਬੀ ਮੀਡੀਏ ਨੇ ਬਹੁਤ ਹੀ ਹਾਂ-ਪੱਖੀ ਭੂਮਿਕਾ ਨਿਭਾਈ ਹੈ। ਇਸ ਸੰਬੰਧ ਵਿੱਚ ਖਾਸ ਕਰ ਰੇਡੀਓ ਦਾ ਵਿਸ਼ੇਸ਼ ਜ਼ਿਕਰ ਕਰਨਾ ਬਣਦਾ ਹੈ ਜਿਸ ਨੇ ਪੰਜਾਬੀ ਬੋਲੀ ਦੀ ਪੜ੍ਹਾਈ ਸੰਬੰਧੀ ਚੱਲ ਰਹੀਆਂ ਸਾਰੀਆਂ ਗਤੀਵਿਧੀਆਂ ਦੀ ਲੋਕਾਂ ਤੱਕ ਸਮੇਂ ਸਿਰ ਜਾਣਕਾਰੀ ਵੀ ਪਹੁੰਚਾਈ ਅਤੇ ਪੰਜਾਬੀ ਮਾਪਿਆਂ ਨੂੰ ਚੇਤਨ ਕਰਨ ਲਈ ਪਲੀ ਦੇ ਕਾਰਕੁੰਨਾਂ ਨਾਲ਼ ਰਲ਼ ਕੇ ਅਨੇਕਾਂ ਪ੍ਰੋਗਰਾਮ ਕੀਤੇ ਅਤੇ ਲੋਕਾਂ ਵਿੱਚ ਇਸ ਮਸਲੇ ਨੂੰ ਇਸ ਕਦਰ ਪਰਚਾਰਿਆ ਕਿ ਇਹ ਇੱਕ ਲਹਿਰ ਵਜੋਂ ਪੇਸ਼ ਹੋਇਆ। ਨਤੀਜੇ ਵਜੋਂ ਸਾਲ 2003-2004 ਵਿੱਚ ਸਰ੍ਹੀ ਦੇ ਚਾਰ ਐਲਿਮੈਂਟਰੀ ਸਕੂਲਾਂ - ਬੀਵਰ ਕਰੀਕ, ਨਿਊਟਨ, ਸਟਰਾਅਬੇਰੀ ਹਿੱਲ ਅਤੇ ਇਨਵਰ ਕਰੀਕ - ਵਿੱਚ ਪੰਜਾਬੀ ਦੀ ਪੜ੍ਹਾਈ ਚਾਲੂ ਹੋ ਸਕੀ।

---

[140] Letter from Dr. Sharon Cohen, Director of Instructions, School District 36, Surrey, Dated January 30, 2002

ਪਿਛਲੇ ਕੁਝ ਸਾਲਾਂ ਤੋਂ ਸਰ੍ਹੀ ਵਿੱਚ ਸੱਤ ਕੁ ਸੈਕੰਡਰੀ ਸਕੂਲਾਂ ਵਿੱਚ ਅਤੇ ਪੰਜ ਐਲਿਮੈਂਟਰੀ ਸਕੂਲਾਂ ਵਿੱਚ ਪੰਜਾਬੀ ਦੀ ਪੜ੍ਹਾਈ ਚੱਲ ਰਹੀ ਹੈ। ਹੁਣ ਪਿਛਲੇ ਤਿੰਨ ਚਾਰ ਸਾਲ ਤੋਂ ਚਲੇ ਆ ਰਹੇ ਆਰਿਥਕ ਮੰਦਵਾੜੇ ਕਾਰਨ ਕਿਸੇ ਨਵੇਂ ਸਕੂਲ ਵਿੱਚ ਇਹ ਪੜ੍ਹਾਈ ਸ਼ੁਰੂ ਕਰਵਾ ਸਕਣਾ ਹੋਰ ਵੀ ਔਖਾ ਹੋ ਗਿਆ ਹੈ। ਉਦਾਹਰਨ ਵਜੋਂ, ਕੁਝ ਮਾਪਿਆਂ ਦੀ ਮੰਗ ਤੇ ਪਲੀ ਨੇ ਸਾਲ 2011-2012 ਦੌਰਾਨ ਸਰ੍ਹੀ ਦੇ ਚਿਮਨੀ ਹਿੱਲ ਐਲਿਮੈਂਟਰੀ ਸਕੂਲ ਵਿੱਚ ਪੰਜਾਬੀ ਲਾਗੂ ਕਰਵਾਉਣ ਦੀ ਕੋਸ਼ਿਸ਼ ਕੀਤੀ ਜੋ ਨਾਕਾਮਯਾਬ ਰਹੀ।[141]

ਇਸ ਸਕੂਲ ਵਿੱਚ 75% ਤੋਂ ਉੱਪਰ ਬੱਚੇ ਪੰਜਾਬੀ ਘਰਾਂ ਵਿੱਚੋਂ ਆਉਂਦੇ ਹਨ। ਹੈਰਾਨੀ ਦੀ ਗੱਲ ਇਹ ਸੀ ਕਿ ਇਸ ਸਕੂਲ ਦੇ ਪ੍ਰਿੰਸੀਪਲ ਨੂੰ ਇਹ ਜਾਣਕਾਰੀ ਵੀ ਨਹੀਂ ਸੀ ਕਿ ਬੀ ਸੀ ਦੇ ਸਕੂਲਾਂ ਵਿੱਚ ਪੰਜਾਬੀ ਦੂਜੀ ਭਾਸ਼ਾ ਦੇ ਤੌਰ 'ਤੇ ਪੜ੍ਹਾਈ ਜਾ ਰਹੀ ਹੈ। ਸਰ੍ਹੀ ਵਿੱਚ ਪੰਜਾਬੀਆਂ ਦੀ ਏਨੀ ਵੱਡੀ ਆਰਿਥਕ ਤੇ ਸਮਾਜੀ ਤਾਕਤ ਹੋਣ ਦੇ ਬਾਵਜੂਦ ਸਕੂਲ ਬੋਰਡ ਵਲੋਂ ਪੰਜਾਬੀ ਵਲ ਇਸ ਕਿਸਮ ਦੀ ਅਣਗਹਿਲੀ ਦਾ ਵੱਡਾ ਕਾਰਨ ਇਹ ਹੈ ਕਿ ਪੰਜਾਬੀ ਭਾਈਚਾਰੇ ਵਿੱਚੋਂ ਤਾਕਤਵਰ ਲੋਕਾਂ ਵਾਸਤੇ ਪੰਜਾਬੀ ਕੋਈ ਖਾਸ ਅਹਿਮੀਅਤ ਨਹੀਂ ਰੱਖਦੀ। ਇਹ ਗੱਲ ਉਦੋਂ ਵੀ ਵਾਰ ਵਾਰ ਸਾਹਮਣੇ ਆਉਂਦੀ ਹੈ ਜਦੋਂ ਕੋਈ ਬੀ ਸੀ ਦਾ ਵਿੱਦਿਅਕ ਅਦਾਰਾ ਪੰਜਾਬ ਦੇ ਕਿਸੇ ਵਿੱਦਿਅਕ ਅਦਾਰੇ ਨਾਲ਼ ਕਿਸੇ ਕਿਸਮ ਦਾ ਸਮਝੌਤਾ ਕਰਦਾ ਹੈ (ਜੋ ਕਿ ਅੱਜ ਕੱਲ੍ਹ ਕਾਫੀ ਹੋ ਰਹੇ ਹਨ) ਤਾਂ ਪੰਜਾਬੀ ਭਾਸ਼ਾ ਕਦੇ ਵੀ ਕਿਸੇ ਵੀ ਏਜੰਡੇ 'ਤੇ ਨਹੀਂ ਹੁੰਦੀ। ਸਰ੍ਹੀ ਦੇ ਪਬਲਿਕ ਸਕੂਲਾਂ ਵਿੱਚ ਪੰਜਾਬੀ ਦੀ ਪੜ੍ਹਾਈ ਸ਼ੁਰੂ ਕਰਵਾਉਣ ਵਿੱਚ ਇਹ ਗੱਲ ਵੀ ਸਮੱਸਿਆ ਬਣਦੀ ਹੈ ਕਿ ਭਾਈਚਾਰੇ ਵਿਚਲੀਆਂ ਧਾਰਿਮਕ ਜਥੇਬੰਦੀਆਂ (ਜਿਨ੍ਹਾਂ ਦੇ ਹੱਥ ਵਿੱਚ ਭਾਈਚਾਰੇ ਦੀ ਅਸਲੀ ਤਾਕਤ ਹੈ) ਵੀ ਇਸ ਗੱਲ ਵਿੱਚ ਕੋਈ ਖਾਸ ਦਿਲਚਸਪੀ ਨਹੀਂ ਲੈਂਦੀਆਂ। ਇਨ੍ਹਾਂ ਵਲੋਂ ਜ਼ਿਆਦਾ ਧਿਆਨ ਖਾਲਸਾ ਸਕੂਲਾਂ ਵਲ ਹੀ ਦਿੱਤਾ ਜਾਂਦਾ ਹੈ।

---

141 ਇਸ ਵਾਰ ਸਰ੍ਹੀ ਸਕੂਲ ਬੋਰਡ ਵੱਲੋਂ ਪੰਜਾਬੀ ਚਾਲੂ ਨਾ ਕਰਨ ਦੇ ਦੋ ਕਾਰਨ ਦੱਸੇ ਗਏ। ਇਕ, ਕਿ ਉਨ੍ਹਾਂ ਕੋਲ਼ ਪੰਜਾਬੀ ਜਮਾਤ ਵਾਸਤੇ ਕੋਈ ਕਮਰਾ ਉਪਲਬਧ ਨਹੀਂ। ਦੂਜਾ ਕਾਰਨ ਇਹ ਦਿੱਤਾ ਗਿਆ ਕਿ ਸਰ੍ਹੀ ਦੇ ਦੂਜੇ ਇੱਕ ਦੋ ਐਲਿਮੈਂਟਰੀ ਸਕੂਲਾਂ ਵਿੱਚ, ਜਿੱਥੇ ਪੰਜਾਬੀ ਪੜ੍ਹਾਈ ਜਾ ਰਹੀ ਹੈ, ਉੱਥੇ 'ਡਿਸਟਰਿਕਟ ਲੈਵਲ' ਦੇ ਪ੍ਰੋਗਰਾਮ ਹਨ। ਭਾਵ ਕਿ ਸਰ੍ਹੀ ਦੇ ਕਿਸੇ ਵੀ ਇਲਾਕੇ ਵਿੱਚੋਂ ਪੰਜਾਬੀ ਪੜ੍ਹਨ ਦੇ ਚਾਹਵਾਨ ਵਿਦਿਆਰਥੀ ਉਨ੍ਹਾਂ ਸਕੂਲਾਂ ਵਿੱਚ ਦਾਖਲਾ ਲੈ ਸਕਦੇ ਹਨ। ਪਰ ਜਿਸ ਕਿਸਮ ਦਾ ਏਥੋਂ ਦਾ ਵਿੱਦਿਅਕ ਢਾਂਚਾ ਹੈ ਇਹ ਗੱਲ ਕਿਸੇ ਵੀ ਮਾਪੇ ਵਾਸਤੇ ਢੁੱਕਵੀਂ ਨਹੀਂ ਹੈ। ਨਤੀਜੇ ਵਜੋਂ ਕੋਈ ਵੀ ਵਿੱਦਿਆਰਥੀ ਸਰ੍ਹੀ ਦੇ ਕਿਸੇ ਹੋਰ ਇਲਾਕੇ ਵਿੱਚੋਂ ਆ ਕੇ ਏਥੇ ਦਾਖਲਾ ਨਹੀਂ ਲੈ ਰਿਹਾ। ਇਸ ਗੱਲ ਤੋਂ ਭਲੀਭਾਂਤ ਜਾਣੂ ਹੋਣ ਦੇ ਬਾਵਜੂਦ ਸਰ੍ਹੀ ਸਕੂਲ ਬੋਰਡ ਇਸ ਗੱਲ ਨੂੰ ਇੱਕ ਬਹਾਨੇ ਵਜੋਂ ਵਰਤ ਰਿਹਾ ਹੈ। ਇਸ ਸਕੂਲ ਵਿਚ ਪੜ੍ਹਦੇ ਬੱਚਿਆਂ ਦੇ ਪੰਜਾਬੀ ਮਾਪੇ ਅਤੇ ਪਲੀ ਲਗਾਤਾਰ ਕੋਸ਼ਿਸ਼ ਕਰ ਰਹੇ ਹਨ। ਇਸ ਸਬੰਧੀ ਪਿਛਲੇ ਇਕ ਸਾਲ ਦੌਰਾਨ ਸਰ੍ਹੀ ਸਕੂਲ ਬੋਰਡ ਨਾਲ ਅੱਧੀ ਦਰਜਨ ਦੇ ਕਰੀਬ ਮੀਟਿੰਗਾਂ ਕੀਤੀਆਂ ਜਾ ਚੁੱਕੀਆਂ ਹਨ ਪਰ ਅਜੇ ਤੱਕ (2014 ਦੇ ਅਖੀਰ ਤੱਕ) ਕੋਈ ਕਾਮਯਾਬੀ ਨਹੀਂ ਮਿਲੀ।

5.3.5

ਡੈਲਟਾ ਤੇ ਨਿਊ ਵੈਸਟਮਿਨਸਟਰ

ਇਸ ਜੱਦੋਜਹਿਦ ਦੇ ਹਿੱਸੇ ਵਜੋਂ ਇਸੇ ਕਿਸਮ ਦੀਆਂ ਸਰਗਰਮੀਆਂ ਸਰ੍ਹੀ ਦੇ ਨਾਲ਼ ਲਗਦੇ ਸ਼ਹਿਰ ਡੈਲਟਾ ਅਤੇ ਨਿਊ ਵੈਸਟਮਿਨਸਟਰ ਵਿੱਚ ਕੀਤੀਆਂ ਜਾਂਦੀਆਂ ਰਹੀਆਂ ਹਨ। ਪਰ ਹੁਣ ਤੱਕ ਡੈਲਟਾ ਦੇ ਕਿਸੇ ਵੀ ਐਲਿਮੈਂਟਰੀ ਸਕੂਲ ਵਿੱਚ ਪੰਜਾਬੀ ਦੀ ਪੜ੍ਹਾਈ ਸ਼ੁਰੂ ਨਹੀਂ ਹੋ ਸਕੀ ਅਤੇ ਸਿਰਫ ਇੱਕ ਹੀ ਸੈਕੰਡਰੀ ਸਕੂਲ ਵਿੱਚ ਕੁਝ ਵਰ੍ਹਿਆਂ ਤੋਂ ਪੰਜਾਬੀ ਦੀ ਜਮਾਤ ਚਲਦੀ ਹੈ। ਏਸੇ ਤਰ੍ਹਾਂ ਨਿਊ ਵੈਸਟਮਿਨਸਟਰ ਦੇ ਇੱਕ ਸੈਕੰਡਰੀ ਅਤੇ ਇੱਕ ਐਲਿਮੈਂਟਰੀ ਸਕੂਲ ਵਿੱਚ ਪੰਜਾਬੀ ਦੀਆਂ ਜਮਾਤਾਂ ਸ਼ੁਰੂ ਕਰਵਾਈਆਂ ਜਾ ਸਕੀਆਂ ਹਨ।

ਸਰ੍ਹੀ ਤੇ ਮਹਾਂ ਵੈਨਕੂਵਰ ਦੇ ਹੋਰ ਸਕੂਲਾਂ ਵਿੱਚ ਪੰਜਾਬੀ ਦੀ ਪੜ੍ਹਾਈ ਲਾਗੂ ਕਰਵਾਉਣ ਲਈ ਕੋਸ਼ਿਸ਼ਾਂ ਅਜੇ ਵੀ ਚੱਲ ਰਹੀਆਂ ਹਨ ਪਰ ਕਾਮਯਾਬੀ ਸਿਰਫ ਉੱਥੇ ਹੀ ਮਿਲਦੀ ਹੈ ਜਿੱਥੇ ਪੰਜਾਬੀ ਮਾਪੇ ਖੁਦ ਇਸ ਗੱਲ ਵਿੱਚ ਵਧ ਚੜ੍ਹ ਕੇ ਦਿਲਚਸਪੀ ਲੈਣ।

5.3.6

ਸਾਈਮਨ ਫਰੇਜ਼ਰ ਯੂਨੀਵਰਸਿਟੀ (ਐੱਸ ਐੱਫ ਯੂ)

ਪਲੀ ਵੱਲੋਂ ਐੱਸ ਐੱਫ ਯੂ ਵਿੱਚ ਪੰਜਾਬੀ ਦੀ ਪੜ੍ਹਾਈ ਚਾਲੂ ਕਰਵਾਉਣ ਲਈ 1999 ਤੋਂ ਮੰਗ ਕੀਤੀ ਜਾ ਰਹੀ ਸੀ। ਐੱਸ ਐੱਫ ਯੂ ਨੇ ਸਾਲ 2000 ਵਿੱਚ ਪੰਜਾਬੀ ਦੀ ਜਮਾਤ ਚਾਲੂ ਕੀਤੀ। ਇਹ ਜਮਾਤ ਉਨ੍ਹਾਂ ਵੱਲੋਂ - ਸੈਲਫ ਇੰਸਟਰੱਕਸ਼ਨਲ ਲੈਂਗੁਏਜ ਪ੍ਰੋਗਰਾਮ (ਐੱਸ ਆਈ ਐੱਲ ਪੀ - ਸਿਲਪ)- ਨਾਂ ਦੇ ਨਵੇਂ ਪ੍ਰੋਗਰਾਮ ਅਧੀਨ ਸ਼ੁਰੂ ਕੀਤੀ ਗਈ। ਇਸ ਪ੍ਰੋਗਰਾਮ ਅਨੁਸਾਰ ਵਿਦਿਆਰਥੀ ਬਿਨਾਂ ਕਿਸੇ ਅਧਿਆਪਕ ਦੀ ਮਦਦ ਦੇ ਆਪ ਹੀ ਭਾਸ਼ਾ ਪੜ੍ਹਦੇ ਹਨ। ਲੋੜ ਅਨੁਸਾਰ ਉਹ ਪੰਜਾਬੀ ਜਾਨਣ ਵਾਲੇ ਟਿਊਟਰ ਨਾਲ਼ ਹਫਤੇ ਵਿੱਚ ਦੋ ਵਾਰ ਮਿਲ ਕੇ ਲੋੜੀਂਦੀ ਮਦਦ ਲੈਂਦੇ ਹਨ। ਇਸ ਤਰੀਕੇ ਨਾਲ਼ ਭਾਸ਼ਾ ਪੜ੍ਹਾਉਣ ਲਈ ਯੂਨੀਵਰਸਿਟੀ ਨੂੰ ਨਾ ਕਿਸੇ ਅਧਿਆਪਕ ਨੂੰ ਪੈਸੇ ਦੇਣ ਦੀ ਲੋੜ ਹੈ ਤੇ ਨਾ ਹੀ ਕਲਾਸਰੂਮ ਦੀ ਅਤੇ ਨਾ ਹੀ ਕੋਰਸ ਨਾਲ਼ ਸੰਬੰਧਿਤ ਕਿਸੇ ਹੋਰ ਰੈਗੂਲਰ ਖਰਚੇ ਦੀ। ਸ਼ੁਰੂ ਵਿੱਚ ਚਲਾਏ ਇਨ੍ਹਾਂ ਕੋਰਸਾਂ ਦਾ ਵਿਦਿਆਰਥੀਆਂ ਨੂੰ ਦੂਜੇ ਕੋਰਸਾਂ ਵਾਂਗ ਕਰੈਡਿਟ (3 ਯੂਨਿਟ) ਮਿਲਦਾ ਸੀ ਜੋ ਬਾਅਦ ਵਿੱਚ ਬੰਦ ਕਰ ਦਿੱਤਾ ਗਿਆ। ਤਿੰਨ ਮਹੀਨਿਆਂ ਦੇ ਸਮਿਸਟਰ ਦੇ ਅਖੀਰ ਵਿੱਚ ਵਿਦਿਆਰਥੀਆਂ ਦਾ ਇਮਿਤਹਾਨ ਲੈਣ ਵਾਸਤੇ ਕਿਸੇ ਪੰਜਾਬੀ ਦੇ ਵਿਸ਼ੇਸ਼ੱਗ ਜਾਂ

ਅਧਿਆਪਕ ਦੀ ਲੋੜ ਸੀ। ਇਸ ਵਾਸਤੇ ਇੱਕ ਵਾਰੀ ਨਿਊ ਯਾਰਕ ਦੀ ਯੂਨੀਵਰਸਿਟੀ ਸਿਰਾਕੂਜ਼ ਤੋਂ ਪੰਜਾਬੀ ਪਿਛੋਕੜ ਦੇ ਭਾਸ਼ਾ ਵਿਗਿਆਨੀ ਡਾਕਟਰ ਤੇਜ ਭਾਟੀਆ ਨੂੰ ਸੱਦਿਆ ਗਿਆ[142]। ਇਨ੍ਹਾਂ ਕੋਰਸਾਂ ਲਈ ਲੋੜੀਂਦੀ ਸਮੱਗਰੀ ਤਿਆਰ ਕਰਨ ਲਈ ਐੱਸ ਐੱਫ ਯੂ ਨੇ ਬੀ ਸੀ ਦੀ ਸਰਕਾਰ ਤੋਂ ਪਲੀ ਦੀ ਮਦਦ ਨਾਲ਼ ਗਰਾਂਟ ਵੀ ਲਈ। ਐੱਸ ਐੱਫ ਯੂ ਦੀ ਇਹ ਗਰਾਂਟ ਮੰਨਜ਼ੂਰ ਕਰਵਾਉਣ ਵਿੱਚ ਸ੍ਰੀ ਉੱਜਲ ਦੋਸਾਂਝ ਹੋਰਾਂ ਮੁੱਖ ਭੂਮਿਕਾ ਨਿਭਾਈ ਜੋ ਉਸ ਸਮੇਂ ਐੱਨ ਡੀ ਪੀ ਦੀ ਸਰਕਾਰ ਵਿੱਚ ਤਾਕਤਵਰ ਪੁਜ਼ੀਸ਼ਨ ਵਿੱਚ ਸਨ। ਕੋਰਸ ਲਈ ਸਮੱਗਰੀ ਤਿਆਰ ਕਰਨ ਦੇ ਸੰਬੰਧ ਵਿੱਚ ਮਾਰਚ 2002 ਵਿੱਚ ਡਾਕਟਰ ਗੁਰਿੰਦਰ ਸਿੰਘ ਮਾਨ ਨੂੰ ਯੂਨੀਵਰਸਿਟੀ ਆਫ ਕੈਲੇਫੋਰਨੀਆ, ਸੈਂਟਾ ਬਾਰਬਰਾ ਤੋਂ ਸੱਦਿਆ ਗਿਆ।

ਸਾਈਮਨ ਫਰੇਜ਼ਰ ਯੂਨੀਵਰਸਿਟੀ ਵੱਲੋਂ ਸ਼ੁਰੂ ਕੀਤੀ ਇਹ ਕੋਸ਼ਿਸ਼ ਪੰਜਾਬੀ ਪੜ੍ਹਾਈ ਦੇ ਨਜ਼ਰੀਏ ਤੋਂ ਕਿਸੇ ਤਰ੍ਹਾਂ ਵੀ ਕਾਮਯਾਬ ਨਹੀਂ ਰਹੀ। ਇਹ ਕੋਰਸ ਅਜੇ ਵੀ ਕਦੇ ਕਦੇ ਬਿਨਾਂ ਕਰੈਡਿਟ ਦੇ ਪੜ੍ਹਾਇਆ ਜਾਂਦਾ ਹੈ। ਐੱਸ ਐੱਫ ਯੂ ਵਿੱਚ ਪੰਜਾਬੀ ਲਾਗੂ ਕਰਵਾਉਣ ਲਈ ਪਲੀ ਵੱਲੋਂ ਸ਼ਾਇਦ ਕਿਸੇ ਵੀ ਹੋਰ ਅਦਾਰੇ ਨਾਲੋਂ ਵਧ ਕੋਸ਼ਿਸ਼ ਤੇ ਸਮਾਂ ਲਾਇਆ ਗਿਆ ਪਰ ਕਾਮਯਾਬੀ ਬਹੁਤ ਹੀ ਘੱਟ ਹੋਈ ਹੈ। ਪਿਛਲੇ ਕੁਝ ਸਾਲਾਂ ਦੌਰਾਨ ਵੀ ਪਲੀ ਵੱਲੋਂ ਇਹ ਕੋਸ਼ਿਸ਼ ਜਾਰੀ ਰੱਖੀ ਗਈ ਹੈ ਅਤੇ ਰੱਖੀ ਜਾ ਰਹੀ ਹੈ, ਖਾਸ ਕਰ ਯੂਨੀਵਰਸਿਟੀ ਦੇ ਸਰ੍ਹੀ ਵਿੱਚ ਉਸਰੇ ਨਵੇਂ ਕੈਂਪਸ ’ਤੇ ਜੋ ਪੰਜਾਬੀ ਭਾਈਚਾਰੇ ਦੇ ਗੜ੍ਹ ਵਿੱਚ ਹੈ। ਸਾਲ 2013 ਦੇ ਸ਼ੁਰੂ ਵਿਚ ਸਾਬਕਾ ਐਮ ਪੀ ਸ੍ਰੀ ਹਰਬ ਧਾਲੀਵਾਲ ਦੀ ਸਹਾਇਤਾ ਨਾਲ ਪਲੀ ਦੇ ਪ੍ਰਧਾਨ ਬਲਵੰਤ ਸੰਘੇੜਾ ਅਤੇ ਉੱਪ ਪ੍ਰਧਾਨ ਸਾਧੂ ਬਿਨਿੰਗ ਨੇ ਐਸ ਐਫ ਯੂ ਦੇ ਪ੍ਰੈਜ਼ੀਡੈਂਟ ਡਾਕਟਰ ਐਂਡਰਿਊ ਪੈਟਰ ਨਾਲ ਇਸ ਸੰਬੰਧੀ ਮੀਟਿੰਗ ਕੀਤੀ। ਇਸ ਮੀਟਿੰਗ ਦੌਰਾਨ ਪਲੀ ਵਲੋਂ ਪੰਜਾਬੀ ਬੋਲੀ ਤੇ ਸਾਹਿਤ ਦੇ ਸਬੰਧ ਵਿਚ ਐਸ ਐਫ ਯੂ ਤੋਂ ਤਿੰਨ ਗੱਲਾਂ ਦੀ ਮੰਗ ਕੀਤੀ ਗਈ। ਇਕ) ਐਸ ਐਫ ਯੂ ਦੇ ਸਰ੍ਹੀ ਕੈਮਪਸ ਵਿਚ ਪੰਜਾਬੀ ਦੀ ਪੜ੍ਹਾਈ ਸ਼ੁਰੂ ਕੀਤੀ ਜਾਵੇ; ਦੋ) ਪੰਜਾਬੀ ਅਧਿਆਪਕਾਂ ਦੀ ਸਿੱਖਲਾਈ ਵਾਸਤੇ ਵਿਸ਼ੇਸ਼ ਪ੍ਰੋਗਰਾਮ ਉਲੀਕਿਆ ਜਾਵੇ; ਤਿੰਨ) ਆਉਣ ਵਾਲੇ ਸਮੇਂ ਵਿਚ ਪੰਜਾਬੀ ਬੋਲੀ ਤੇ ਸਾਹਿਤ ਦੀ ਪ੍ਰਫੁਲਤਾ ਲਈ ਐਸ ਐਫ ਯੂ ਵਿਚ ਚੇਅਰ ਸਥਾਪਤ ਕੀਤੀ ਜਾਵੇ। ਪਲੀ ਵਲੋਂ ਇਸ ਸਬੰਧ ਵਿਚ ਐਸ ਐਫ ਯੂ ਦੇ ਡੀਨ ਆਫ ਐਜੂਕੇਸ਼ਨ ਅਤੇ ਹੋਰ ਜ਼ੁੰਮੇਵਾਰ ਅਧਿਕਾਰੀਆਂ ਨਾਲ ਵੀ ਕੁਝ ਮੀਟਿੰਗਾਂ ਕੀਤੀਆਂ ਗਈਆਂ। ਨਤੀਜੇ ਵਜੋਂ ਸਤੰਬਰ 2013 ਵਿਚ ਐਸ ਐਫ ਯੂ ਦੇ ਸਰ੍ਹੀ ਕੈਮਪਸ ਵਿਚ ਪਹਿਲੀ ਵਾਰ ਪੰਜਾਬੀ ਦਾ ਇਕ ਕੋਰਸ ਸ਼ੁਰੂ ਕੀਤਾ ਗਿਆ। ਪਰ ਨਿਰਾਸ਼ਾ ਵਾਲੀ ਗੱਲ ਇਹ ਹੈ ਕਿ ਇਸ ਨੂੰ ਸਤੰਬਰ 2014 ਵਿਚ ਦੁਬਾਰਾ ਸ਼ੁਰੂ ਨਹੀਂ ਕੀਤਾ ਗਿਆ। ਇਸ ਕੋਰਸ ਦੀ ਲਗਾਤਾਰਤਾ ਲਈ ਵੀ ਤੇ ਦੂਜੀਆਂ ਦੋਵਾਂ ਮੰਗਾਂ ਲਈ ਵੀ ਯੂਨੀਵਰਸਿਟੀ ਨਾਲ ਲਗਾਤਾਰ ਵਾਰਤਾਲਾਪ ਕੀਤਾ ਜਾ ਰਿਹਾ ਹੈ।

---

142 ਇਸ ਕੰਮ ’ਤੇ ਐੱਸ ਐੱਫ ਯੂ ਦਾ ਕਾਫੀ ਖਰਚ ਆਇਆ। ਨਤੀਜੇ ਵਜੋਂ ਇਸ ਕੋਰਸ ਨੂੰ ਚਲਾਉਣ ਲਈ ਅਤੇ ਇਮਿਤਹਾਨ ਲਈ ਇਸ ਤੋਂ ਬਾਅਦ ਐੱਸ ਐੱਫ ਯੂ ਵੱਲੋਂ ਸਥਾਨਕ ਅਧਿਆਪਕਾਂ – ਹਰਜਿੰਦਰ ਸਾਂਗਰਾ, ਰਣਬੀਰ ਜੌਹਲ, ਪ੍ਰੀਤ ਹੁੰਦਿਆਲ, ਦਵਿੰਦਰ ਪਾਵਾ, ਅਕਿੰਦਰ ਬੈਂਸ, ਸਾਧੂ ਬਿਨਿੰਗ ਤੇ ਹੋਰਾਂ ਦੀ ਮਦਦ ਲਈ ਗਈ।

5.3.7

ਕਵਾਂਟਲਿਨ ਪੌਲੀਟਿਕਨਿਕ ਯੂਨੀਵਰਸਿਟੀ

ਇਹ ਵਿੱਦਿਅਕ ਅਦਾਰਾ ਵੀ ਸਰ੍ਹੀ ਦੇ ਕੇਂਦਰ ਵਿੱਚ ਹੈ ਤੇ ਇਸ ਦੇ ਆਲੇ ਦੁਆਲੇ ਪੰਜਾਬੀਆਂ ਦੀ ਸੰਘਣੀ ਵਸੋਂ ਹੈ। ਪਹਿਲਾਂ ਇਸ ਦਾ ਨਾਂ ਕਵਾਂਟਲਿਨ ਯੂਨੀਵਰਸਿਟੀ ਕਾਲਜ ਹੁੰਦਾ ਸੀ। ਪਲੀ ਵੱਲੋਂ ਪਹਿਲੀ ਵਾਰੀ 23 ਨਵੰਬਰ 2004 ਨੂੰ ਕਾਲਜ ਦੇ ਮੁੱਖੀ ਮਿਸਟਰ ਸਕਿੱਪ ਟਰਿੱਪਲਿੱਟ ਨੂੰ ਖਤ ਲਿਖ ਕੇ ਮੀਟਿੰਗ ਦੀ ਖਾਹਿਸ਼ ਜ਼ਾਹਿਰ ਕੀਤੀ ਗਈ। ਉਨ੍ਹਾਂ ਵੱਲੋਂ ਬਿਨਾਂ ਕਿਸੇ ਦੇਰੀ ਦੇ ਮੀਟਿੰਗ ਲਈ ਹਾਂ ਕਰ ਦਿੱਤੀ ਗਈ[143]। ਸਾਡੇ ਵੱਲੋਂ ਇਹ ਪੁੱਛੇ ਜਾਣ 'ਤੇ ਕਿ ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਇਲਾਕੇ 'ਚ ਪੈਂਦੇ ਇਸ ਕਾਲਜ ਵਿੱਚ ਪੰਜਾਬੀ ਕਿਉਂ ਨਹੀਂ ਪੜ੍ਹਾਈ ਜਾਂਦੀ? – ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਪੰਜਾਬੀ ਭਾਈਚਾਰੇ ਵਿੱਚੋਂ ਕਿਸੇ ਨੇ ਵੀ ਉਨ੍ਹਾਂ ਕੋਲ਼ ਇਸ ਸੰਬੰਧੀ ਕਦੇ ਕੋਈ ਮੰਗ ਨਹੀਂ ਕੀਤੀ। ਪਲੀ ਵੱਲੋਂ ਸ਼ੁਰੂ ਕੀਤੀ ਗੱਲ ਬਾਤ ਨਾਲ਼ ਅਗਲੇ ਸਾਲ ਤੋਂ ਇਸ ਕਾਲਜ ਵਿੱਚ ਪੰਜਾਬੀ ਦੀ ਜਮਾਤ ਸ਼ੁਰੂ ਹੋ ਗਈ। ਇਸ ਸੰਬੰਧੀ ਕਾਲਜ ਵੱਲੋਂ ਮੀਡੀਏ ਨੂੰ ਦਿੱਤੀ ਪਰੈੱਸ ਰੀਲੀਜ਼ ਵਿੱਚ ਕਿਹਾ ਗਿਆ:

> ਕਵਾਂਟਲਿਨ ਯੂਨੀਵਰਸਿਟੀ ਕਾਲਜ ਦਾ ਪੰਜਾਬੀ ਪ੍ਰੋਗਰਾਮ ਇਸ ਸਤੰਬਰ ਵਿੱਚ ਬਹੁਤ ਕਾਮਯਾਬੀ ਨਾਲ਼ ਸ਼ੁਰੂ ਕੀਤਾ ਗਿਆ ਹੈ। ਇਸ ਇੰਟ੍ਰੋਡਕਟਰੀ ਕੋਰਸ ਦੀ ਮੰਗ ਇੰਨੀ ਜੋਰਦਾਰ ਸੀ ਕਿ ਰਿਜਸਟ੍ਰੇਸ਼ਨ ਸ਼ੁਰੂ ਹੋਣ ਬਾਅਦ ਛੇਤੀ ਹੀ ਪਤਾ ਲੱਗ ਗਿਆ ਕਿ ਜਮਾਤ ਦੀਆਂ ਸਤਾਈ ਸੀਟਾਂ ਕਾਫੀ ਨਹੀਂ ਹੋਣਗੀਆਂ। ਕਾਲਜ ਨੇ ਉਸੇ ਵੇਲੇ ਇੱਕ ਹੋਰ ਸੈਕਸ਼ਨ ਖੋਲ੍ਹ ਕੇ ਸੀਟਾਂ ਦੀ ਗਿਣਤੀ ਦੁੱਗਣੀ ਕਰ ਦਿੱਤੀ। ਇਹ ਦੂਜਾ ਸੈਕਸ਼ਨ ਵੀ ਇੱਕ ਹਫਤੇ ਵਿੱਚ ਹੀ ਭਰ ਗਿਆ। ਪੰਜਾਬੀ ਦੀ ਜਮਾਤ ਵਿੱਚ ਦਾਖਲ ਹੋਣ ਵਾਲੇ ਕਵਾਂਟਲਿਨ ਦੇ ਇਹ ਨਵੇਂ ਵਿਦਿਆਰਥੀ ਪੰਜਾਬੀ ਭਾਈਚਾਰੇ ਵਿੱਚੋਂ ਵੀ ਅਤੇ ਵੱਡੇ ਭਾਈਚਾਰੇ ਵਿੱਚੋਂ ਆ ਰਹੇ ਹਨ।

ਪਲੀ ਵੱਲੋਂ ਕੀਤੀਆਂ ਗਈਆਂ ਸਾਰੀਆਂ ਕੋਸ਼ਿਸ਼ਾਂ ਵਿੱਚੋਂ ਸਭ ਤੋਂ ਘੱਟ ਸ਼ਕਤੀ ਅਤੇ ਸਮਾਂ ਕਵਾਂਟਲਿਨ ਵਿੱਚ ਪੰਜਾਬੀ ਲਗਵਾਉਣ 'ਤੇ ਲੱਗਾ ਅਤੇ ਕਾਮਯਾਬੀ ਕਿਸੇ ਵੀ ਹੋਰ ਥਾਂ ਨਾਲੋਂ ਵਧ ਮਿਲੀ।[144] ਇਨ੍ਹਾਂ ਕੋਸ਼ਿਸ਼ਾਂ ਵਿੱਚ ਸਭ ਤੋਂ ਵਧ ਯੋਗਦਾਨ

---

143 ਇਹ ਮੀਟਿੰਗ ਕਵਾਂਟਲਿਨ ਕਾਲਜ ਵਿੱਚ ਮਿਸਟਰ ਸਕਿੱਪ ਟਰਿੱਪਲਿੱਟ ਦੇ ਦਫਤਰ ਵਿੱਚ ਹੋਈ ਅਤੇ ਇਸ ਵਿੱਚ ਪਲੀ ਵੱਲੋਂ ਪ੍ਰਧਾਨ ਬਲਵੰਤ ਸੰਘੇੜਾ ਅਤੇ ਮੀਤ ਪ੍ਰਧਾਨ ਸਾਧੂ ਬਿਨਿੰਗ ਨੇ ਹਿੱਸਾ ਲਿਆ।

144 ਕਵਾਂਟਲਿਨ ਵਿੱਚ ਪੰਜਾਬੀ ਕਨੇਡਾ ਦੀ ਜੰਮ-ਪਲ ਅਧਿਆਪਕ ਰਣਬੀਰ ਜੌਹਲ ਵੱਲੋਂ ਪੜ੍ਹਾਈ ਜਾ ਰਹੀ ਹੈ। ਇਨ੍ਹਾਂ ਕੋਰਸਾਂ ਵਿੱਚ ਸਹਾਇਕ ਵਜੋਂ, ਪ੍ਰੀਤ ਹੁੰਦਿਆਲ, ਪਰਿਮੰਦਰ ਧਾਰੀਵਾਲ ਅਤੇ ਸੁਮਨਪਾਲ ਢਿੱਲੋਂ ਹੋਰਾਂ ਨੇ ਕਾਫੀ ਵਧੀਆ ਯੋਗਦਾਨ ਪਾਇਆ ਹੈ। ਸਮੇਂ ਸਮੇਂ ਇਹ ਕੋਰਸ ਸਾਧੂ ਬਿਨਿੰਗ ਵਲੋਂ ਵੀ ਪੜ੍ਹਾਏ ਗਏ ਹਨ।

ਕਵਾਂਟਲਿਨ ਦੇ ਮੌਡਰਨ ਲੈਂਗੁਏਜ ਵਿਭਾਗ ਦੀ ਉਸ ਸਮੇਂ ਦੀ ਚੇਅਰ ਬੀਅਟਰਿਸ ਪਾਇਰਸ[145] ਦਾ ਸੀ। ਉਹ ਖੁਦ ਕਾਲਜ ਵਿੱਚ ਜਰਮਨ ਭਾਸ਼ਾ ਪੜ੍ਹਾਉਂਦੀ ਸੀ। ਇਹ ਖੁਸ਼ੀ ਦੀ ਗੱਲ ਹੈ ਕਿ ਕਵਾਂਟਲਿਨ ਦੇ ਇਹ ਕੋਰਸ ਬੜੀ ਕਾਮਯਾਬੀ ਨਾਲ ਚੱਲ ਰਹੇ ਹਨ। ਪੰਜਾਬੀ ਦੀਆਂ ਪੱਧਰਾਂ ਦੇ ਨਾਲ ਨਾਲ ਏਥੇ ਪੰਜਾਬੀ ਸਾਹਿਤ ਤੇ ਸੱਭਿਆਚਾਰ ਬਾਰੇ ਵੀ ਕੁਝ ਕੋਰਸ ਸ਼ੁਰੂ ਕੀਤੇ ਗਏ ਹਨ।

ਕਵਾਂਟਲਿਨ ਪੌਲੀਟਿਕਨਿਕ ਯੂਨੀਵਰਸਿਟੀ ਦੇ ਮੌਡਰਨ ਲੈਂਗੁਏਜ ਵਿਭਾਗ ਦੀ ਚੇਅਰ ਬੀਅਟਰਿਸ ਪਾਇਰਸ ਦਾ ਪਲੀ ਵਲੋਂ ਸਨਮਾਨ।ਖੱਬੇ ਤੋਂ ਸੱਜੇ: ਸਾਧੂ ਬਿਨਿੰਗ, ਬਲਵੰਤ ਸੰਘੇੜਾ ਤੇ ਅਮਨ ਤੱਗੜ।

ਉੱਪਰ ਵਿਚਾਰੇ ਗਏ ਮਹਾਂ ਵੈਨਕੂਵਰ ਇਲਾਕੇ ਦੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਪੰਜਾਬੀ ਦੀ ਪੜ੍ਹਾਈ ਲਾਗੂ ਕਰਵਾਉਣ ਦੇ ਨਾਲ਼ ਨਾਲ਼ ਪਲੀ ਵੱਲੋਂ ਸਿੱਧੇ ਅਸਿੱਧੇ ਤਰੀਕੇ ਨਾਲ਼ ਫਰੇਜ਼ਰ ਵੈਲੀ ਯੂਨੀਵਰਸਿਟੀ, ਐਬਟਸਫੋਰਡ ਵਿੱਚ ਪੰਜਾਬੀ ਦੀ ਪੜ੍ਹਾਈ ਚਾਲੂ ਹੋਣ ਸਮੇਂ ਯੋਗਦਾਨ ਪਾਇਆ ਗਿਆ। ਉਨ੍ਹਾਂ ਨੇ ਕੋਰਸ ਤਿਆਰ ਕਰਨ ਸਮੇਂ ਅਤੇ ਅਧਿਆਪਕਾਂ ਦੀ ਚੋਣ ਕਰਨ ਸਮੇਂ ਯੂ ਬੀ ਸੀ ਅਤੇ ਪਲੀ ਕੋਲੋਂ ਇਸ ਕੰਮ ਵਿੱਚ ਲੋੜੀਂਦੀ ਮਦਦ ਲਈ। ਏਸੇ ਤਰ੍ਹਾਂ ਅਲਬਰਟਾ ਸਰਕਾਰ ਵੱਲੋਂ ਜਦੋਂ ਸਕੂਲਾਂ ਵਿੱਚ ਪੰਜਾਬੀ ਲਾਗੂ ਕਰਵਾਉਣ ਦੇ ਯਤਨ ਸ਼ੁਰੂ ਹੋਏ ਤਾਂ ਉਹਨਾਂ ਵੱਲੋਂ ਵੀ ਬੀ ਸੀ ਦੀ ਇਸ ਜਥੇਬੰਦੀ ਅਤੇ ਯੂ ਬੀ ਸੀ ਤੋਂ ਪੰਜਾਬੀ ਕਰੀਕੁਲਮ ਤਿਆਰ ਕਰਨ ਸਮੇਂ ਸਹਾਇਤਾ ਲਈ ਗਈ। ਪਲੀ ਵੱਲੋਂ ਕੈਲਗਰੀ, ਐਡਮੰਟਨ, ਟੋਰਾਂਟੋ ਆਦਿ ਵਿੱਚ ਪੰਜਾਬੀ ਬੋਲੀ ਦੀ ਪੜ੍ਹਾਈ ਅਤੇ ਇਸ ਨੂੰ ਕਨੇਡਾ ਵਿੱਚ ਇੱਕ ਕਨੇਡੀਅਨ ਬੋਲੀ

145 ਸ਼ੁਰੂ ਵਿੱਚ ਏਥੇ ਪੰਜਾਬੀ ਦੇ ਚਾਰ ਕੋਰਸਾਂ ਵਾਸਤੇ ਕਰੀਕੁਲਮ ਤਿਆਰ ਕੀਤਾ ਗਿਆ ਸੀ: ਪੰਜਾਬੀ 1100 – ਇੰਟਰੋਡੱਕਟਰੀ ਪੰਜਾਬੀ 1; ਪੰਜਾਬੀ 1101 – ਇੰਟਰੋਡੱਕਟਰੀ ਪੰਜਾਬੀ 2; ਪੰਜਾਬੀ 2200 – ਇੰਟਰਮੀਡੀਏਟ ਪੰਜਾਬੀ 1; ਪੰਜਾਬੀ 2201 – ਇੰਟਰਮੀਡੀਏਟ ਪੰਜਾਬੀ 2 ਇਹ ਕਰੀਕੁਲਮ ਤਿਆਰ ਕਰਨ ਲਈ ਕਵਾਂਟਲਿਨ ਕਾਲਜ ਵੱਲੋਂ ਮੈਨੂੰ ਜ਼ੁੰਮੇਵਾਰੀ ਸੌਂਪੀ ਗਈ ਸੀ। ਇਸ ਕੰਮ ਵਿੱਚ ਬੀਅਟਰਿਸ ਪਾਇਰਸ ਨੇ ਬੇਹੱਦ ਦਿਲਚਸਪੀ ਲਈ ਅਤੇ ਮੇਰੀ ਲੋੜੋਂ ਵਧ ਮਦਦ ਕੀਤੀ। ਇਸ ਕਾਲਜ ਵਿੱਚ ਪੰਜਾਬੀ ਦੇ ਕੋਰਸ ਏਨੀ ਛੇਤੀ ਚਾਲੂ ਹੋਣ ਦਾ ਕਾਰਨ ਵੀ ਬੀਅਟਰਿਸ ਵੱਲੋਂ ਦਿਖਾਈ ਦਿਲਚਸਪੀ ਹੀ ਸੀ।

ਵਜੋਂ ਮਾਨਤਾ ਦੁਆਉਣ ਲਈ ਚਲਦੇ ਵਿਚਾਰ ਵਟਾਂਦਰੇ ਵਿੱਚ ਲਗਾਤਾਰ ਹਿੱਸਾ ਪਾਇਆ ਜਾਂਦਾ ਰਿਹਾ ਹੈ।

5.4

ਪਲੀ ਦੀਆਂ ਕੁਝ ਹੋਰ ਮਹੱਤਵਪੂਰਨ ਸਰਗਰਮੀਆਂ:

ਬੀ ਸੀ ਵਿੱਚ ਪੰਜਾਬੀ ਬੋਲੀ ਦੀਆਂ ਜੜ੍ਹਾਂ ਪੱਕੀਆਂ ਕਰਨ ਵਾਸਤੇ ਪਲੀ ਵੱਲੋਂ ਉੱਪਰ ਬਿਆਨੇ ਕੰਮਾਂ ਦੇ ਨਾਲ਼ ਨਾਲ਼ ਲਗਾਤਾਰਤਾ ਨਾਲ਼ ਕਈ ਕਿਸਮ ਦੀਆਂ ਹੋਰ ਕੋਸ਼ਿਸ਼ਾਂ ਵੀ ਕੀਤੀਆਂ ਜਾਂਦੀਆਂ ਹਨ। ਜਿਵੇਂ ਪੰਜਾਬੀ ਵਪਾਰੀਆਂ ਨੂੰ ਉਤਸ਼ਾਹਿਤ ਕਰਨਾ ਕਿ ਉਹ ਆਪਣੇ ਸਟੋਰਾਂ ਦੇ ਨਾਂ ਅੰਗ੍ਰੇਜ਼ੀ ਦੇ ਨਾਲ਼ ਨਾਲ਼ ਪੰਜਾਬੀ ਵਿੱਚ ਵੀ ਲਿਖਵਾਉਣ। ਇਸ ਪਿੱਛੇ ਇਹ ਸੋਚ ਕੰਮ ਕਰਦੀ ਹੈ ਕਿ ਕਿਸੇ ਬੋਲੀ ਦਾ ਉਸ ਦੀ ਆਪਣੀ ਲਿਪੀ ਵਿੱਚ ਲਿਖਿਆ ਦਿੱਸਣਾ ਬੇਹੱਦ ਅਹਿਮੀਅਤ ਰੱਖਦਾ ਹੈ। ਉਦਾਹਰਨ ਲਈ, ਕਨੇਡਾ ਅਤੇ ਅਮਰੀਕਾ ਦੇ ਜਿਨ੍ਹਾਂ ਸ਼ਹਿਰਾਂ ਵਿੱਚ ਚੀਨੀ ਮੂਲ ਦੇ ਲੋਕਾਂ ਦੀ ਵੱਸੋਂ ਹੈ ਉੱਥੋਂ ਦੇ 'ਚਾਈਨਾ ਟਾਊਨ' ਦਾ ਇੱਕ ਵਿਸ਼ੇਸ਼ ਅੰਗ ਹਰ ਪਾਸੇ ਲਿਖੀ ਚੀਨੀ ਭਾਸ਼ਾ ਵੀ ਹੁੰਦੀ ਹੈ। ਉਸ ਨਾਲ਼ ਗੈਰ-ਚੀਨੀ ਲੋਕਾਂ ਨੂੰ ਵੀ ਇਸ ਗੱਲ ਦਾ ਪਤਾ ਲੱਗ ਜਾਂਦਾ ਹੈ ਕਿ ਇਹ ਜਗ੍ਹਾ ਕਿਹੜੀ ਹੈ ਤੇ ਏਥੇ ਕੌਣ ਰਹਿੰਦਾ ਹੈ। ਪੰਜਾਬੀ ਵਿੱਚ ਸਟੋਰਾਂ ਦੇ ਨਾਂ ਵਾਲੇ ਫੱਟਿਆਂ 'ਤੇ ਪੰਜਾਬੀ ਲਿਖੀ ਹੋਣੀ ਸਾਡੇ ਏਥੋਂ ਦੇ ਜੰਮ-ਪਲ਼ ਰਹੇ ਅਤੇ ਪੰਜਾਬੀ ਸਿੱਖ ਰਹੇ ਬੱਚਿਆਂ ਵਾਸਤੇ ਵਿਸ਼ੇਸ਼ ਦਿਲਚਸਪੀ ਰੱਖਦੀ ਹੈ। ਆਪਣੀ ਨਵੀਂ ਸਿੱਖੀ ਪੰਜਾਬੀ ਪੜ੍ਹਨ ਦੀ ਜਾਚ ਨਾਲ਼ ਜਦੋਂ ਉਹ ਇਨ੍ਹਾਂ ਤਖ਼ਤੀਆਂ ਨੂੰ ਪੜ੍ਹਦੇ ਹਨ ਤਾਂ ਉਹ ਆਪ ਵੀ ਇੱਕ ਵੱਖਰੀ ਖੁਸ਼ੀ ਅਨੁਭਵ ਕਰਦੇ ਹਨ ਅਤੇ ਉਨ੍ਹਾਂ ਦੇ ਮਾਪੇ ਵੀ। ਨਿਰਾਸ਼ਾ ਵਾਲੀ ਗੱਲ ਇਹ ਹੈ ਕਿ ਉਨ੍ਹਾਂ ਨੂੰ ਜਲੰਧਰ ਜਾਂ ਲੁਧਿਆਣੇ ਜਾ ਕੇ ਇਹ ਖੁਸ਼ੀ ਬਹੁਤ ਘੱਟ ਨਸੀਬ ਹੁੰਦੀ ਹੈ।

ਇਸੇ ਕਿਸਮ ਦੀਆਂ ਕੋਸ਼ਿਸ਼ਾਂ ਪਲੀ ਵੱਲੋਂ ਹੋਰ ਪਬਲਿਕ ਥਾਵਾਂ 'ਤੇ ਵੀ ਪੰਜਾਬੀ ਵਿੱਚ ਜਾਣਕਾਰੀ ਲਿਖਵਾਉਣ ਲਈ ਕੀਤੀਆਂ ਜਾਂਦੀਆਂ ਹਨ। ਵੈਨਕੂਵਰ ਦੇ ਹਵਾਈ ਅੱਡੇ 'ਤੇ ਦੂਜੀਆਂ ਭਾਸ਼ਾਵਾਂ ਦੇ ਨਾਲ਼ ਨਾਲ਼ ਪੰਜਾਬੀ ਵਿੱਚ ਜਾਣਕਾਰੀ ਲਿਖਵਾਉਣ ਵਿੱਚ ਵੀ ਪਲੀ ਨੇ ਜ਼ਿਕਰਯੋਗ ਭੂਮਿਕਾ ਨਿਭਾਈ[146]।

---

146 ਵੈਨਕੂਵਰ ਦੇ ਹਵਾਈ ਅੱਡੇ ਉੱਪਰ ਅੰਗ੍ਰੇਜ਼ੀ, ਫਰਾਂਸੀਸੀ, ਚੀਨੀ ਦੇ ਨਾਲ ਨਾਲ ਪੰਜਾਬੀ ਵਿਚ ਜਾਣਕਾਰੀ ਦੇਖ ਕੇ ਹਰ ਪੰਜਾਬੀ ਨੂੰ ਹੈਰਾਨੀ ਭਰੀ ਖੁਸ਼ੀ ਹੁੰਦੀ ਹੈ। ਪਰ ਹੁਣ ਇਹ ਦੇਖਣ ਵਿਚ ਆਇਆ ਹੈ ਕਿ ਵੈਨਕੂਵਰ ਦੇ ਹਵਾਈ ਅੱਡੇ 'ਤੇ ਪੰਜਾਬੀ ਵਿਚ ਜਾਣਕਾਰੀ ਵਧਾਉਣ ਦੀ ਥਾਂ (ਸਾਡੇ ਨਾਲ ਇਹ ਵਾਇਦਾ ਕੀਤਾ ਗਿਆ ਸੀ) ਘਟ ਗਈ ਹੈ। ਪਲੀ ਨੇ ਇਸ ਸਬੰਧੀ ਹਵਾਈ ਅੱਡੇ ਦੇ ਅਧਿਕਾਰੀਆ ਨਾਲ ਖਤਾਂ ਰਾਹੀ ਵੀ ਤੇ ਇਕ ਮੀਟਿੰਗ ਰਾਹੀਂ ਵੀ ਗੱਲਬਾਤ ਕੀਤੀ ਹੈ। ਭਾਈਚਾਰੇ ਵਿਚ ਕੁਝ ਚੁੰਝ ਚਰਚਾ ਇਸ ਗੱਲ ਬਾਰੇ ਵੀ ਚੱਲ ਰਹੀ ਹੈ ਕਿ ਬੀ ਸੀ ਵਿਚ ਦਾਖਲ ਹੋਣ ਵਾਲੀਆਂ ਕੁਝ ਥਾਵਾਂ 'ਤੇ ਜਿੱਥੇ ਪਹਿਲਾਂ ਹੋਰ ਜ਼ਬਾਨਾਂ ਦੇ ਨਾਲ ਨਾਲ ਪੰਜਾਬੀ

ਪੰਜਾਬੀ ਨਾਲ਼ ਸੰਬੰਧਤ ਮਸਲਿਆਂ ਬਾਰੇ ਗੰਭੀਰ ਵਿਚਾਰ ਵਟਾਂਦਰਾ ਕਰਨ ਲਈ ਅਤੇ ਪੰਜਾਬੀ ਪੜ੍ਹ ਰਹੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਲਈ ਕੀਤੀਆਂ ਜਾਂਦੀਆਂ ਦੋ ਮੁੱਖ ਸਰਗਰਮੀਆਂ ਬਾਰੇ ਕੁਝ ਵਿਸਥਾਰ ਵਿੱਚ ਚਰਚਾ ਕੀਤੀ ਜਾਵੇਗੀ। ਪਲੀ ਵਲੋਂ ਹਰ ਵਰ੍ਹੇ 21 ਫਰਵਰੀ ਦੇ ਦੁਆਲੇ 'ਅੰਤਰਰਾਸ਼ਟਰੀ ਮਾਂ-ਬੋਲੀ ਦਿਨ' ਮਨਾਇਆ ਜਾਂਦਾ ਹੈ। ਅਤੇ ਪੰਜਾਬੀ ਸਿੱਖ ਰਹੇ ਵਿਦਿਆਰਥੀਆਂ ਦੀ ਪੰਜਾਬੀ ਵਿੱਚ ਯੋਗਤਾ ਨੂੰ ਲੋਕਾਂ ਅੱਗੇ ਪੇਸ਼ ਕਰਨ ਲਈ ਅਤੇ ਉਨ੍ਹਾਂ ਨੂੰ ਪੰਜਾਬੀ ਸਿੱਖਣ ਲਈ ਹੋਰ ਉਤਸ਼ਾਹਿਤ ਕਰਨ ਲਈ ਅਪਰੈਲ-ਜੂਨ ਦੌਰਾਨ ਜਾਂ ਸਤੰਬਰ-ਨਵੰਬਰ ਦੌਰਾਨ 'ਜਸ਼ਨ' ਮਨਾਇਆ ਜਾਂਦਾ ਹੈ।

5.4.1

ਅੰਤਰਰਾਸ਼ਟਰੀ ਮਾਂ-ਬੋਲੀ ਦਿਨ:

ਵਿਚ ਵੀ ਜੀਅ ਆਇਆਂ ਨੂੰ ਲਿਖਿਆ ਹੋਇਆ ਸੀ, ਹੁਣ ਉਸ ਦੀ ਜਗ੍ਹਾ ਕਿਸੇ ਹੋਰ ਭਾਰਤੀ ਭਾਸ਼ਾ ਵਿਚ ਲਿਖਿਆ ਗਿਆ ਹੈ। ਇਸ ਕਿਸਮ ਦੀਆਂ ਕੁਝ ਹੋਰ ਤਬਦੀਲੀਆਂ ਕਨੇਡਾ ਵਿਚ ਭਾਰਤ ਦੀ ਅਪਰੈਲ-ਮਈ (2014) ਵਿਚ ਹੋਈ ਚੋਣ ਦੇ ਨਤੀਜੇ ਬਾਅਦ ਦੇਖਣ ਵਿਚ ਆਈਆਂ ਹਨ। ਪਲੀ ਨੇ ਕਦੇ ਵੀ ਕਿਸੇ ਵੀ ਹੋਰ ਬੋਲੀ ਦਾ ਕਿਸੇ ਵੀ ਰੂਪ ਵਿਚ ਵਿਰੋਧ ਨਹੀਂ ਕੀਤਾ ਪਰ ਪੰਜਾਬੀ ਨੂੰ ਹਟਾ ਕੇ ਕਿਸੇ ਹੋਰ ਬੋਲੀ ਵਿਚ ਲਿਖਿਆ ਜਾਣਾ, ਜਿੱਥੇ ਬਹੁਤ ਵੱਡੀ ਗਿਣਤੀ ਪੰਜਾਬੀ ਪਿਛਲੇ ਸਵਾ ਸੌ ਸਾਲ ਤੋਂ ਵਸਦੇ ਹੋਣ ਕਿਸੇ ਪੱਖੋਂ ਵੀ ਚੰਗੀ ਗੱਲ ਨਹੀਂ ਹੈ। ਹਵਾਈ ਅੱਡੇ ਦੇ ਅਧਿਕਾਰੀਆਂ ਨਾਲ ਹੋਈ ਮੀਟਿੰਗ ਬਾਰੇ ਰੀਪੋਰਟ ਇਨ੍ਹਾਂ ਥਾਵਾਂ 'ਤੇ ਪੜ੍ਹੀ ਜਾ ਸਕਦੀ ਹੈ: http://www.5abi.com/vishesh/vishesh2014/030-vancouver-airport-sanghera-140814.htm
http://thelinkpaper.ca/?p=39870

ਪੰਜਾਬੀ ਲੈਂਗੁਏਜ ਐਜੂਕੇਸ਼ਨ ਅਸੋਸੀਏਸ਼ਨ (ਪਲੀ) ਦੇ ਸਰਗਰਮ ਮੈਂਬਰ

ਸਾਲ 1999 ਤੋਂ ਲੈ ਕੇ ਦੁਨੀਆ ਭਰ ਵਿੱਚ ਹਰ ਵਰ੍ਹੇ 21 ਫਰਵਰੀ ਦਾ ਦਿਨ ਅੰਤਰਰਾਸ਼ਟਰੀ ਮਾਂ-ਬੋਲੀ ਦਿਨ ਵਜੋਂ ਮਨਾਇਆ ਜਾਂਦਾ ਹੈ[147]। ਪਲੀ ਇਸ ਦਿਨ ਨੂੰ ਸਾਲ 2001 ਤੋਂ ਮੰਨਾਉਂਦੀ ਆ ਰਹੀ ਹੈ ਪਰ ਪੂਰਾ ਜਥੇਬੰਦਕ ਤੌਰ 'ਤੇ ਇਸ ਨੂੰ 2003 ਤੋਂ ਮੰਨਾਉਣਾ ਸ਼ੁਰੂ ਕੀਤਾ। ਇਸ ਦੀ ਤਿਆਰੀ ਵਜੋਂ ਸਥਾਨਕ ਅਖਬਾਰਾਂ ਵਾਸਤੇ ਲਿਖੇ 27 ਜਨਵਰੀ, 2003 ਦੇ ਲੇਖ ਦਾ ਕੁਝ ਹਿੱਸਾ ਏਥੇ ਸਾਂਝਾ ਕੀਤਾ ਜਾ ਰਿਹਾ ਹੈ:

> ਦੁਨੀਆ ਭਰ ਵਿੱਚ ਆਪਣੀਆਂ ਬੋਲੀਆਂ ਦੇ ਭਵਿੱਖ ਪ੍ਰਤੀ ਚਿੰਤਤ ਲੋਕਾਂ ਵੱਲੋਂ 21 ਫਰਵਰੀ ਦਾ ਦਿਨ ਮਾਂ-ਬੋਲੀ ਦੇ ਦਿਨ ਵਜੋਂ ਮਨਾਇਆ ਜਾਂਦਾ

---

147 ਇਹ ਗੱਲ ਸਾਡੇ ਲਈ, ਖਾਸ ਕਰ ਕਨੇਡਾ ਵਸਣ ਵਾਲਿਆ ਲਈ, ਦਿਲਚਸਪੀ ਵਾਲੀ ਹੈ ਕਿ ਬੰਗਲਾਦੇਸ਼ ਵੱਲੋਂ ਯੂਨੈਸਕੋ ਕੋਲ ਇਸ ਗੱਲ ਦੀ ਬੇਨਤੀ ਕਰਨ ਵਾਲੇ ਦੋ ਮੁੱਖ ਵਿਅਕਤੀ ਰਫੀਕਉਲ ਅਸਲਾਮ (ਇਨ੍ਹਾਂ ਦਾ ਨਵੰਬਰ 2013 ਨੂੰ ਸਰ੍ਹੀ ਵਿਚ ਦੇਹਾਂਤ ਹੋ ਗਿਆ ਹੈ) ਅਤੇ ਐਬਫਸ ਸਾਲਾਮ ਸਰ੍ਹੀ, ਬੀ ਸੀ ਦੇ ਰਹਿਣ ਵਾਲੇ ਹਨ। ਆਪਣੀ ਮਾਂ-ਬੋਲੀ ਨੂੰ ਸਹੀ ਅਰਥਾਂ ਵਿੱਚ ਪਿਆਰ ਕਰਨ ਵਾਲੇ ਇਨ੍ਹਾਂ ਲੋਕਾਂ ਨੂੰ ਮਿਲ ਕੇ ਵੱਖਰਾ ਹੀ ਅਹਿਸਾਸ ਹੁੰਦਾ ਹੈ ਕਿ ਮਾਂ-ਬੋਲੀ ਨੂੰ ਪਿਆਰ, ਸਤਿਕਾਰ ਤੇ ਉਸ ਉੱਪਰ ਮਾਣ ਕਿਵੇਂ ਕਰੀਦਾ ਹੈ। ਬੀ ਸੀ ਵਿੱਚ ਬੰਗਾਲੀ ਭਾਸ਼ਾ ਬੋਲਣ ਵਾਲੇ ਬਹੁਤ ਥੋੜ੍ਹੇ ਲੋਕ ਹਨ ਪਰ ਉਨ੍ਹਾਂ ਵੱਲੋਂ ਆਪਣੀ ਬੋਲੀ ਵਾਸਤੇ ਕੀਤੀਆਂ ਜਾਂਦੀਆਂ ਕੋਸ਼ਿਸ਼ਾਂ ਏਥੋਂ ਦੇ ਲੋਕਾਂ ਦਾ ਧਿਆਨ ਖਿੱਚਣ ਵਾਲ਼ੀਆਂ ਹਨ। ਉਦਾਹਰਨ ਵਜੋਂ, ਸਾਲ 2011 ਵਿੱਚ ਉਨ੍ਹਾਂ ਨੇ ਸਰ੍ਹੀ ਵਿੱਚ ਅੰਤਰਰਾਸ਼ਟਰੀ ਮਾਂ-ਬੋਲੀ ਦਿਨ ਵਿਸ਼ੇਸ਼ ਸਮਾਗਮ ਵਿੱਚ ਮਨਾਇਆ ਅਤੇ ਸਰ੍ਹੀ ਦੀ ਬੀਅਰ ਕਰੀਕ ਪਾਰਕ (ਇਹ ਪਾਰਕ ਪੰਜਾਬੀਆਂ ਦੇ ਗੜ੍ਹ ਵਿੱਚ ਹੋਣ ਕਾਰਨ ਸਾਰੇ ਕਨੇਡਾ ਭਰ ਵਿੱਚ ਪੰਜਾਬੀਆਂ ਦੀ ਪਾਰਕ ਵਜੋਂ ਜਾਣੀ ਜਾਂਦੀ ਹੈ) ਵਿੱਚ ਬੰਗਾਲੀ ਬੋਲੀ ਲਈ ਸ਼ਹੀਦ ਹੋਏ ਨੌਜਵਾਨਾਂ ਦੀ ਯਾਦ ਵਿੱਚ ਇੱਕ ਸਮਾਰਕ ਚਿੰਨ੍ਹ ਵੀ ਸਥਾਪਿਤ ਕੀਤਾ।

ਹੈ। ਇਹ ਫੈਸਲਾ ਯੂਨੈਸਕੋ (ਯੂਨਾਈਟਿਡ ਨੇਸ਼ਨਜ਼ ਐਜੂਕੇਸ਼ਨਲ, ਸਾਇੰਟਿਫਿਕ ਐਂਡ ਕਲਚਰਲ ਔਰਗੇਨਾਈਜ਼ੇਸ਼ਨ) ਨੇ 1999 ਵਿੱਚ ਬੰਗਲਾਦੇਸ਼ ਵੱਲੋਂ ਪੇਸ਼ ਕੀਤੇ ਗਏ ਇੱਕ ਮਤੇ ਦੇ ਨਤੀਜੇ ਵਜੋਂ ਕੀਤਾ ਸੀ ਕਿ ਹਰ ਵਰ੍ਹੇ 21 ਫਰਵਰੀ ਦਾ ਦਿਨ ਮਾਂ-ਬੋਲੀ ਦਿਨ (ਮਦਰ ਲੈਂਗੂਏਜ ਡੇਅ) ਦੇ ਤੌਰ 'ਤੇ ਮਨਾਇਆ ਜਾਵੇਗਾ। ਇਹ ਦਿਨ ਬੰਗਲਾਦੇਸ਼ ਵਿੱਚ ਮਾਂ-ਬੋਲੀ ਦੇ ਕੌਮੀ ਸ਼ਹੀਦਾਂ ਦੇ ਦਿਨ ਦੇ ਤੌਰ 'ਤੇ ਜਾਣਿਆਂ ਜਾਂਦਾ ਹੈ। ਇਸ ਦਿਨ 1952 ਵਿੱਚ ਬੰਗਲਾਦੇਸ਼, ਜੋ ਉਸ ਵੇਲੇ ਪੂਰਬੀ ਪਾਕਿਸਤਾਨ ਸੀ, ਵਿੱਚ ਆਪਣੀ ਭਾਸ਼ਾ ਦੀ ਪਹਿਚਾਣ ਲਈ ਸੰਘਰਸ਼ ਕਰ ਰਹੇ ਨੌਜਵਾਨ ਬੰਗਾਲੀਆਂ ਨੇ ਅਪਣੀ ਮਾਂ-ਬੋਲੀ ਖਾਤਰ ਆਪਣੇ ਜੀਵਨ ਦੀਆਂ ਕੁਰਬਾਨੀਆਂ ਦਿੱਤੀਆਂ ਸਨ। ਬੰਗਲਾਦੇਸ਼ ਵੱਲੋਂ ਰੱਖੇ ਇਸ ਰੈਜ਼ੂਲੇਸ਼ਨ ਨੂੰ ਯੂਨੈਸਕੋ ਦੇ 188 ਮੈਂਬਰ ਦੇਸ਼ਾਂ ਨੇ ਮਾਨਤਾ ਦਿੱਤੀ ਸੀ। ਹੁਣ ਇਹ ਦਿਨ ਦੁਨੀਆ ਭਰ ਵਿੱਚ ਮਾਂ-ਬੋਲੀ ਦੇ ਦਿਨ ਵਜੋਂ ਮਨਾਇਆ ਜਾਂਦਾ ਹੈ।

ਸਾਡੇ ਲਈ ਵੀ ਜ਼ਰੂਰੀ ਹੈ ਕਿ ਅਸੀਂ ਪੰਜਾਬੀ ਬੋਲੀ ਦੇ ਉੱਜਲੇ ਭਵਿੱਖ ਖਾਤਰ ਇਸ ਦਿਨ ਕੁਝ ਸੋਚ ਵਿਚਾਰ ਕਰੀਏ। ਸਾਡੇ ਲਈ ਸੋਚਣ ਵਾਲੀ ਗੱਲ ਹੈ ਕਿ ਜਿਸ ਗਤੀ ਨਾਲ਼ ਦੁਨੀਆ ਦੇ ਵੱਖ ਵੱਖ ਦੇਸ਼ਾਂ ਵਿੱਚ ਵੱਸਦੇ ਪੰਜਾਬੀ ਆਪਣਾ ਜੀਵਨ ਖੁਸ਼ਹਾਲ ਬਣਾ ਰਹੇ ਹਨ ਅਤੇ ਮਾਣ ਤਾਣ ਹਾਸਲ ਕਰ ਰਹੇ ਹਨ ਉਸ ਗਤੀ ਨਾਲ਼ ਸਾਡੀ ਬੋਲੀ ਨੂੰ ਮਾਣ ਤਾਣ ਕਿਉਂ ਨਹੀਂ ਮਿਲ ਰਿਹਾ। ਪਾਕਿਸਤਾਨ ਵਿੱਚ ਪੰਜਾਬੀਆਂ ਦੀ ਵੱਸੋਂ ਸੱਤਰ ਅੱਸੀ ਮਿਲੀਅਨ ਦੁਆਲੇ ਹੈ ਪਰ ਪੰਜਾਬੀ ਬੋਲੀ ਨੂੰ ਕੋਈ ਸਤਿਕਾਰ ਹਾਸਲ ਨਹੀਂ। ਭਾਰਤੀ ਪੰਜਾਬ ਵਿੱਚ ਪੰਜਾਬੀ ਨਾਲ਼ ਲਗਾਤਾਰ ਵਿਤਕਰਾ ਹੁੰਦਾ ਆ ਰਿਹਾ ਹੈ। ਸਰਕਾਰੇ ਦਰਬਾਰੇ ਪੰਜਾਬੀ ਦੇ ਮਾਣ ਦੀ ਕਮੀ ਦੇ ਨਤੀਜੇ ਵਜੋਂ ਪੰਜਾਬ ਦਾ ਹਰ ਮਾਪਾ ਇਹ ਚਾਹੁੰਦਾ ਹੈ ਕਿ ਉਹਦੇ ਬੱਚੇ ਅੰਗ੍ਰੇਜ਼ੀ ਵਿੱਚ ਤਾਲੀਮ ਹਾਸਲ ਕਰਨ। ਪ੍ਰਾਈਵੇਟ ਸਕੂਲਾਂ ਵਿੱਚ ਵਾਹ ਲਗਦੀ ਨੂੰ ਪੰਜਾਬੀ ਪੜ੍ਹਾਈ ਹੀ ਨਹੀਂ ਜਾਂਦੀ ਤੇ ਸਰਕਾਰੀ ਸਕੂਲਾਂ ਵਿੱਚ ਸਭ ਤੋਂ ਵਧ ਤਰਸਯੋਗ ਹਾਲਤ ਪੰਜਾਬੀ ਬੋਲੀ ਦੀ ਪੜ੍ਹਾਈ ਦੀ ਹੀ ਹੈ। ਇੰਗਲੈਂਡ ਵਿੱਚ ਪਿਛਲੇ ਕਈ ਦਹਾਕਿਆਂ ਤੋਂ ਪੰਜਾਬੀ ਬੋਲੀ ਬੋਲਣ ਵਾਲਿਆਂ ਦੀ ਗਿਣਤੀ ਅੰਗ੍ਰੇਜ਼ੀ ਤੋਂ ਬਾਅਦ ਦੂਜੇ ਨੰਬਰ 'ਤੇ ਆਉਂਦੀ ਰਹੀ ਹੈ ਅਤੇ ਬਹੁਤ ਸਾਰੇ ਸੁਹਿਰਦ ਲੋਕਾਂ ਦੀਆਂ ਅਣਥੱਕ ਕੋਸ਼ਿਸ਼ਾਂ ਦੇ ਬਾਵਜੂਦ ਅਗਲੀਆਂ ਪੀੜ੍ਹੀਆਂ ਨੂੰ ਪੰਜਾਬੀ ਨਾਲ਼ ਨਹੀਂ ਜੋੜਿਆ ਜਾ ਸਕਿਆ। ਸਾਡੇ ਏਥੇ ਬੀ ਸੀ ਵਿੱਚ ਪੰਜਾਬੀ ਤੀਜੇ ਨੰਬਰ 'ਤੇ ਹੈ ਅਤੇ 1994 ਤੋਂ ਸਕੂਲਾਂ ਵਿੱਚ ਇਸ ਨੂੰ ਦੂਜੀ ਬੋਲੀ ਦੇ ਤੌਰ 'ਤੇ ਪੜ੍ਹਾਏ ਜਾਣ ਦਾ ਦਰਜਾ ਵੀ ਹਾਸਲ ਹੈ ਪਰ ਇਸ ਦੇ ਬਾਵਜੂਦ ਪੰਜਾਬੀ ਮਾਪੇ ਆਪਣੇ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਵਿੱਚ ਬਹੁਤ ਘੱਟ ਰੁਚੀ ਦਿਖਾ ਰਹੇ ਹਨ। ਹਰ ਥਾਂ ਪੰਜਾਬੀਆਂ ਦਾ ਆਪਣੀ ਮਾਂ-ਬੋਲੀ ਵਲ ਇਹ ਰਵੱਈਆ ਕਿਉਂ ਹੈ? ਆਪਣੇ ਸੱਭਿਆਚਾਰ ਦਾ ਸਭ ਤੋਂ ਵਧ ਮਹੱਤਵਪੂਰਨ ਅੰਗ ਆਪਣੀ ਮਾਂ-ਬੋਲੀ ਸੰਬੰਧੀ ਇਸ ਪ੍ਰਸ਼ਨ ਨੂੰ ਅਸੀਂ ਕਿੰਨਾ ਕੁ ਚਿਰ ਅੱਖੋਂ ਉਹਲੇ ਕਰੀ ਜਾਵਾਂਗੇ? ਆਓ ਦੂਜੇ ਲੋਕਾਂ ਵਾਂਗ 21 ਫਰਵਰੀ ਦੇ ਦਿਨ ਆਪਾਂ ਵੀ ਆਪਣੀ ਮਾਂ-ਬੋਲੀ ਦੇ ਭਵਿੱਖ ਬਾਰੇ ਕੋਈ ਹਾਅ ਦਾ ਨਾਹਰਾ ਮਾਰੀਏ।

ਇਸ ਉੱਪਰਲੇ ਲੇਖ ਵਾਂਗ ਅੰਤਰਰਸ਼ਟਰੀ ਮਾਂ-ਬੋਲੀ ਦਿਨ ਦੇ ਸੰਬੰਧ ਵਿੱਚ ਪਲੀ ਵੱਲੋਂ ਹਰ ਵਰ੍ਹੇ ਸਥਾਨਕ ਮੀਡੀਏ ਵਿੱਚ ਅੰਗ੍ਰੇਜ਼ੀ ਅਤੇ ਪੰਜਾਬੀ ਵਿੱਚ ਲੇਖ ਲਿਖੇ ਜਾਂਦੇ ਹਨ ਅਤੇ ਰੇਡੀਓ ਤੇ ਟੈਲੀਵਿਯਨ ਮਾਧਿਅਮ ਰਾਹੀਂ ਪੰਜਾਬੀ ਬੋਲੀ ਦੇ ਮਸਲਿਆਂ ਸੰਬੰਧੀ ਚਰਚਾ ਛੇੜੀ ਜਾਂਦੀ ਹੈ। ਬਲਵੰਤ ਸੰਘੇੜਾ ਹੋਰੀਂ ਕਨੇਡਾ ਵਿੱਚ ਪੰਜਾਬੀ ਲਈ ਚੱਲ ਰਹੀ ਜੱਦੋਜਹਿਦ ਸੰਬੰਧੀ ਪਿਛਲੇ ਪੰਦਰਾਂ ਸਾਲਾਂ ਦੌਰਾਨ ਅੰਗ੍ਰੇਜ਼ੀ ਵਿੱਚ ਵੱਡੀ ਗਿਣਤੀ ਵਿੱਚ ਲੇਖ ਲਿਖੇ ਹਨ। ਇਨ੍ਹਾਂ ਰਾਹੀਂ ਪੰਜਾਬੀਆਂ ਦੀ ਅਗਲੀ ਪੀੜ੍ਹੀ, ਜੋ ਪੰਜਾਬੀ ਨਹੀਂ ਜਾਣਦੀ, ਨੂੰ ਪੰਜਾਬੀ ਦੇ ਮਸਲਿਆਂ ਨਾਲ਼ ਜੋੜਿਆ ਹੈ। ਅਤੇ ਗੈਰ-ਪੰਜਾਬੀਆਂ ਵਿੱਚ ਪੰਜਾਬੀ ਬੋਲੀ ਬਾਰੇ ਚੇਤਨਤਾ ਪੈਦਾ ਕਰਨ ਵਿੱਚ ਵੱਡਾ ਹਿੱਸਾ ਪਾਇਆ ਹੈ ਅਤੇ ਪਾ ਰਹੇ ਹਨ[148]। ਪੰਜਾਬੀ ਬਾਰੇ ਉਨ੍ਹਾਂ ਦੇ ਕੁਝ ਚੋਣਵੇਂ ਲੇਖ ਪਲੀ ਦੇ ਬਲਾਗ[149] ’ਤੇ ਵੀ ਪੜ੍ਹੇ ਜਾ ਸਕਦੇ ਹਨ।

ਪਲੀ ਵੱਲੋਂ ਹਰ ਸਾਲ 21 ਫਰਵਰੀ ਦੇ ਦੁਆਲੇ ਕੀਤੇ ਜਾਂਦੇ ਸਮਾਗਮ ਵਿੱਚ ਮੁੱਖ ਤੌਰ ’ਤੇ ਦੋ ਗੱਲਾਂ ਕੀਤੀਆਂ ਜਾਂਦੀਆਂ ਹਨ। ਇੱਕ ਤਾਂ ਪੰਜਾਬੀ ਬੋਲੀ ਨਾਲ਼ ਸੰਬੰਧਿਤ ਮਸਲਿਆਂ ਬਾਰੇ ਗੰਭੀਰ ਚਰਚਾ ਕਰਵਾਈ ਜਾਂਦੀ ਹੈ। ਦੂਜਾ ਪੰਜਾਬੀ ਸਿੱਖ ਰਹੇ ਵਿਦਿਆਰਥੀਆਂ ਵੱਲੋਂ ਪੇਸ਼ਕਾਰੀਆਂ ਕੀਤੀਆਂ ਜਾਂਦੀਆਂ ਹਨ।

ਕਨੇਡਾ ਵਿੱਚ ਤੇ ਖਾਸ ਕਰ ਬੀ ਸੀ ਵਿੱਚ ਪੰਜਾਬੀ ਬੋਲੀ ਨਾਲ਼ ਸੰਬੰਧਿਤ ਮਸਲਿਆਂ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਹਰ ਵਰ੍ਹੇ ਭਾਈਚਾਰੇ ਦੇ ਵੱਖ ਵੱਖ ਹਿੱਸਿਆਂ ਵਿੱਚੋਂ ਸਰਗਰਮ ਲੋਕਾਂ ਨੂੰ ਸੱਦਾ ਦਿੱਤਾ ਜਾਂਦਾ ਹੈ। ਇਹ ਵਿਚਾਰ ਵਟਾਂਦਰਾ ਪੈਨਲ ਦੇ ਰੂਪ ਵਿੱਚ ਹੁੰਦਾ ਹੈ। ਸੱਦੇ ਹੋਏ ਸੱਜਣ ਪਹਿਲਾਂ ਪੰਜਾਬੀ ਬੋਲੀ ਦੇ ਮਸਲਿਆਂ ਅਤੇ ਉਨ੍ਹਾਂ ਦੇ ਸੰਭਾਵੀ ਹੱਲਾਂ ਬਾਰੇ ਆਪਣੇ ਨਜ਼ਰੀਏ ਤੋਂ ਵਿਚਾਰ ਪੇਸ਼ ਕਰਦੇ ਹਨ ਅਤੇ ਫੇਰ ਸ੍ਰੋਤਿਆਂ ਵਿੱਚੋਂ ਲੋਕ ਸਵਾਲ ਕਰਦੇ ਹਨ ਜਾਂ ਸੁਣੇ ਵਿਚਾਰਾਂ ਬਾਰੇ ਆਪਣੇ ਪ੍ਰਤੀਕਰਮ ਦਿੰਦੇ ਹਨ। ਇਹ ਕੰਮ ਮੁੱਖ ਤੌਰ ’ਤੇ ਇਸ ਨਿਸ਼ਾਨੇ ਨੂੰ ਸਾਹਮਣੇ ਰੱਖ ਕੇ ਕੀਤਾ ਜਾਂਦਾ ਹੈ ਕਿ ਇਨ੍ਹਾਂ ਮਸਲਿਆਂ ਬਾਰੇ ਘੱਟੋ ਘੱਟ ਪੰਜਾਬੀ ਭਾਈਚਾਰੇ ਵਿੱਚ ਸਾਂਝੀ ਸੋਚ ਦਾ ਵਿਕਾਸ ਹੋਵੇ।

ਪੈਨਲਾਂ ਵਿੱਚ ਪਲੀ ਵੱਲੋਂ ਹੁਣ ਤੱਕ ਭਾਈਚਾਰੇ ਦੇ ਇਨ੍ਹਾਂ ਹਿੱਸਿਆਂ ਵਿੱਚੋਂ ਵੱਖ ਵੱਖ ਲੋਕਾਂ ਨੂੰ ਸੱਦ ਕੇ ਵਿਚਾਰ ਵਟਾਂਦਰਾ ਕਰਵਾਇਆ ਜਾ ਚੁੱਕਾ ਹੈ:

---

148 ਬਲਵੰਤ ਸੰਘੇੜਾ ਪੰਜਾਬੀ ਲਈ ਕੰਮ ਕਰਨ ਦੇ ਨਾਲ਼ ਨਾਲ਼ ਪੰਜਾਬੀ ਭਾਈਚਾਰੇ ਦੇ ਹੋਰ ਮਸਲਿਆਂ ਬਾਰੇ (ਜਿਵੇਂ ਨੌਜਵਾਨਾਂ ਵਿੱਚ ਨਸ਼ਿਆਂ ਅਤੇ ਹਿੰਸਾ ਦੇ ਰੁਝਾਨ) ਅਤੇ ਕਨੇਡਾ ਦੇ ਬਹੁਸੱਭਿਆਚਾਰ ਲਈ ਵੀ ਸਰਗਰਮੀ ਨਾਲ਼ ਕੰਮ ਕਰਦੇ ਹਨ। ਉਨ੍ਹਾਂ ਦੀਆਂ ਭਾਈਚਾਰੇ ਲਈ ਕੀਤੀਆਂ ਸੇਵਾਵਾਂ ਬਦਲੇ ਉਨ੍ਹਾਂ ਨੂੰ ਅਨੇਕਾਂ ਇਨਾਮ ਸਨਮਾਨ ਮਿਲ ਚੁੱਕੇ ਹਨ। ਬੀ ਸੀ ਦਾ ਵੱਡਾ ਸਨਮਾਨ - ਆਰਡਰ ਆਫ ਬੀ ਸੀ - ਵੀ ਉਨ੍ਹਾਂ ਨੂੰ ਮਿਲ ਚੁੱਕਾ ਹੈ। ਸਾਲ 2012 ਵਿੱਚ ਭਾਈਚਾਰੇ ਵਿੱਚੋਂ 25 ਪ੍ਰਮੁੱਖ ਆਵਾਸੀਆਂ ਦੀ ਲਿਸਟ ਵਿੱਚ ਵੀ ਉਨ੍ਹਾਂ ਦਾ ਨਾਂ ਆਇਆ ਹੈ।

149 http://plea4punjabi1.wordpress.com/documents/a-matter-of-great-pride-for-punjabis/

ਸਾਲ 2005 ਦੀ ਪੈਨਲ:

ਅਧਿਆਪਕ: ਇੰਦਰ ਮੇਹਟ, ਜਿੰਨੀ ਸਿੰਮਸ (ਜੋ ਉਸ ਵੇਲੇ ਬੀ ਸੀ ਟੀਚਰਜ਼ ਫੈਡਰੇਸ਼ਨ ਦੀ ਪ੍ਰਧਾਨ ਸੀ ਤੇ ਹੁਣ ਸਰ੍ਹੀ ਤੋਂ ਐੱਨ ਡੀ ਪੀ ਵੱਲੋਂ ਐੱਮ ਪੀ ਹਨ) ਤੇ ਸਾਧੂ ਬਿਨਿੰਗ।

ਸਾਲ 2006 ਦੀ ਪੈਨਲ:

ਵਿੱਦਿਅਕ ਅਦਾਰਿਆਂ ਦੇ ਆਗੂ: ਡਾਕਟਰ ਸਕਿੱਪ ਟਰਿਪਲਿੱਟ (ਕਵਾਂਟਲਿਕ ਪੌਲੈਟਿਕਨਿਕ ਯੂਨੀਵਰਸਿਟੀ), ਡਾਕਟਰ ਸ਼ੈਰਨ ਕੋਹਿਨ (ਸਰ੍ਹੀ ਸਕੂਲ ਬੋਰਡ), ਡਾਕਟਰ ਪੀਟਰ ਨੌਸਕੋ (ਡੀਪਾਰਟਮੈਂਟ ਆਫ ਏਸ਼ੀਅਨ ਸਟੱਡੀਜ਼, ਯੂ ਬੀ ਸੀ), ਡਾਕਟਰ ਟੈਰਿਸਾ ਐਰੋਲੀਗਾ-ਪਾਈਪਰ (ਯੂਨੀਵਰਸਿਟੀ ਆਫ ਫਰੇਜ਼ਰ ਵੈਲੀ, ਐਬਟਸਫੋਰਡ)

ਸਾਲ 2007 ਦੀ ਪੈਨਲ:

ਪੰਜਾਬੀ ਮੀਡੀਆ: ਗੁਰਪ੍ਰੀਤ ਸਿੰਘ (ਰੇਡੀਓ ਇੰਡੀਆ), ਹਰਿਜੰਦਰ ਸਿੰਘ ਥਿੰਦ (ਰੇਡੀਓ ਰੈੱਡ ਐੱਫ ਐੱਮ), ਦਿਲਬਰ ਕੰਗ (ਚੈਨਲ ਐੱਮ/ਓਮਨੀ ਚੈਨਲ), ਗੁਰਵਿੰਦਰ ਸਿੰਘ ਧਾਲੀਵਾਲ (ਰੇਡੀਓ ਸ਼ੇਰੇ ਪੰਜਾਬ) ਤੇ ਰੁਪਿੰਦਰ ਕੌਰ ਹੇਅਰ-ਬੈਂਸ (ਇੰਡੋ-ਕਨੇਡੀਅਨ ਅਖਬਾਰ)।

ਸਾਲ 2008 ਦੀਆਂ ਪੈਨਲਾਂ:

ਪਹਿਲਾ ਸੈਸ਼ਨ: ਪੰਜਾਬੀ ਵਪਾਰੀ: ਅਮਰਿੰਦਰ ਸਿੰਘ ਬੱਬਰ, ਅਮਰਜੀਤ ਸਿੰਘ ਸਮਰਾ (ਏ ਕਲਾਸ ਆਟੋ ਬੌਡੀ), ਟੋਨੀ ਸਿੰਘ (ਫਰੂਟੀਕੈਨਾ), ਅਮ੍ਰਿਤਪਾਲ ਸਿੰਘ ਗਿੱਲ (ਐਮਰੀਟਿਕ ਕੰਮਿਪਊਟਰ) ਅਤੇ ਪੁਨੀਤ ਕੌਰ ਸੰਧਰ (ਵਕੀਲ)।

ਦੂਜਾ ਸੈਸ਼ਨ : ਡਾਕਟਰ ਰਘਬੀਰ ਸਿੰਘ ਸਿਰਜਨਾ, ਡਾਕਟਰ ਐਨ ਮਰਫੀ (ਯੂ ਬੀ ਸੀ) ਸ੍ਰੀ ਸ਼ੇਸਨ ਪਾਲ (ਯੂ ਬੀ ਸੀ)।

ਸਾਲ 2009 ਦੀ ਪੈਨਲ:

ਪਾਕਿਸਤਾਨੀ ਪੰਜਾਬੀ ਭਾਈਚਾਰੇ ਵਿਚੋਂ: ਡਾ: ਸੈਫ਼ ਖਾਲਿਦ, ਫੌਜ਼ੀਆ ਰਫ਼ੀਕ, ਨਿੱਗਦ ਸ਼ਹਿਨਾਜ, ਮੁਹੰਮਦ ਰਫੀਕ ਅਤੇ ਗੁਲਾਮ ਮੁਜਤਬਾ।

ਸਾਲ 2010 ਦੀ ਪੈਨਲ:

ਕਨੇਡਾ ਵਿੱਚ ਜੰਮੇ-ਪਲ਼ੇ ਪੰਜਾਬੀ ਨੌਜਵਾਨ: ਜੋਗਾ ਸਿੰਘ (ਬੈਂਕ ਮੈਨੇਜਰ), ਵਰਿੰਦਰ ਸੰਘੇੜਾ (ਵਕੀਲ), ਕੁਲਜੀਤ ਸਾਜਨ (ਡਾਕਟਰ), ਸਟੀਵ ਰਾਏ (ਪੁਲਸ ਅਫਸਰ), ਹਰਮੋਹਨਜੀਤ ਪੰਧੇਰ (ਅਧਿਆਪਕ ਤੇ ਹੁਣ ਬਰਨਬੀ ਸਕੂਲ ਬੋਰਡ ਮੈਂਬਰ), ਬਾਲੀ ਦਿਓਲ (ਰੇਡੀਓ ਹੋਸਟ), ਮਨਦੀਪ ਪਟਰੋਲਾ (ਟੀ ਵੀ ਹੋਸਟ)।

ਪਲੀ ਦੇ ਇਨ੍ਹਾਂ ਸਾਲਾਨਾ ਸਮਾਗਮਾਂ ਵਿੱਚ ਪੰਜਾਬੀ ਪਿਛੋਕੜ ਦੇ ਸਿਆਸੀ ਲੋਕ ਹਮੇਸ਼ਾ ਸ਼ਿਰਕਤ ਕਰਦੇ ਹਨ। ਇਹ ਸਾਰੀਆਂ ਸਿਆਸੀ ਪਾਰਟੀਆਂ ਅਤੇ ਹਰ ਪੱਧਰ ਦੀਆਂ ਸਰਕਾਰਾਂ ਵਿੱਚ ਲੋਕਾਂ ਵੱਲੋਂ ਚੁਣੇ ਹੋਏ ਲੋਕ ਹੁੰਦੇ ਹਨ। ਐੱਨ ਡੀ ਪੀ ਪਾਰਟੀ ਵੱਲੋਂ ਅਕਸਰ ਐੱਮ ਐੱਲ ਏ ਹੈਰੀ ਬੈਂਸ, ਜਗਰੂਪ ਬਰਾੜ, ਰਾਜ ਚੌਹਾਨ ਹਾਜ਼ਰ ਹੁੰਦੇ ਹਨ। ਲਿਬਰਲ ਵੱਲੋਂ ਐੱਮ ਐੱਲ ਏ ਡੇਵ ਹੇਅਰ, ਸਾਬਕਾ ਐੱਮ ਪੀ ਸੁੱਖ ਧਾਲੀਵਾਲ ਤੇ ਉੱਜਲ ਦੋਸਾਂਝ। ਕੰਜ਼ਰਵੇਟਿਵ ਪਾਰਟੀ ਵੱਲੋਂ ਸਾਬਕਾ ਐੱਮ ਪੀ ਗੁਰਮੰਤ ਗਰੇਵਾਲ। ਸਰ੍ਹੀ ਸਕੂਲ ਬੋਰਡ ਵੱਲੋਂ ਇਜਾਜ਼ ਚੱਠਾ ਤੇ ਸੁਰਜੀਤ ਗਿੱਲ ਅਤੇ ਬਰਨਬੀ ਸਕੂਲ ਬੋਰਡ ਵੱਲੋਂ ਬਲਜਿੰਦਰ ਨੌਰੰਗ ਅਤੇ ਹਰਮੋਹਨਜੀਤ ਪੰਧੇਰ।

ਪੰਜਾਬੀ ਪਿਛੋਕੜ ਦੇ ਸਿਆਸੀ ਲੋਕਾਂ ਦੇ ਨਾਲ਼ ਨਾਲ਼ ਕਦੇ ਗੈਰ-ਪੰਜਾਬੀ ਸਿਆਸੀ ਲੋਕ ਵੀ ਸ਼ਾਮਲ ਹੁੰਦੇ ਹਨ। ਏਥੇ ਦੱਸਣ ਵਾਲੀ ਵਿਸ਼ੇਸ਼ ਗੱਲ ਇਹ ਹੈ ਕਿ ਇਨ੍ਹਾਂ ਸਿਆਸੀ ਨੇਤਾਵਾਂ ਨੂੰ ਪਲੀ ਵੱਲੋਂ ਕੋਈ ਵਿਸ਼ੇਸ਼ ਸੱਦਾ ਨਹੀਂ ਦਿੱਤਾ ਜਾਂਦਾ ਅਤੇ ਨਾ ਹੀ ਇਨ੍ਹਾਂ ਨੂੰ ਸਮਾਗਮ ਵਿੱਚ ਬੋਲਣ ਵਾਸਤੇ ਕੋਈ ਵਿਸ਼ੇਸ਼ ਸਮਾਂ ਜਾਂ ਧਿਆਨ ਦਿੱਤਾ ਜਾਂਦਾ ਹੈ। ਜਦੋਂ ਸਮਾਗਮ ਵਿੱਚ ਹਿੱਸਾ ਲੈ ਰਹੇ ਦੂਜੇ ਲੋਕ ਆਪਣੀ ਰਾਇ ਦਿੰਦੇ ਹਨ ਉਸ ਦੌਰਾਨ ਹੀ ਸਿਆਸੀ ਲੋਕ ਵੀ ਕੁਝ ਪਲਾਂ ਵਾਸਤੇ ਆਪਣਾ ਯੋਗਦਾਨ ਪਾਉਂਦੇ ਹਨ। ਪੰਜਾਬੀ ਮਾਂ-ਬੋਲੀ ਦੇ ਸਮਾਗਮ ਵਿੱਚ ਇਸ ਤਰ੍ਹਾਂ ਸ਼ਾਮਲ ਹੋਣਾ ਇਨ੍ਹਾਂ ਵੱਲੋਂ ਬੋਲੀ ਨਾਲ਼ ਪਿਆਰ ਅਤੇ ਆਪਣੇ ਭਾਈਚਾਰੇ ਦੇ ਮਸਲਿਆਂ ਨੂੰ ਸੰਜੀਦਗੀ ਨਾਲ਼ ਲੈਣਾ ਦਰਸਾਉਂਦਾ ਹੈ। ਇਸ ਤਰ੍ਹਾਂ ਆਪਣੀ ਸ਼ਮੂਲੀਅਤ ਨਾਲ਼ ਉਹ ਪਲੀ ਅਤੇ ਪੰਜਾਬੀ ਭਾਈਚਾਰੇ ਵੱਲੋਂ ਹਮੇਸ਼ਾ ਸਤਿਕਾਰ ਦੇ ਪਾਤਰ ਬਣਦੇ ਹਨ।

ਐਲਿਸ ਰੋਅ, ਯੂ ਬੀ ਸੀ ਦੀ ਚੀਨੀ ਮੂਲ ਦੀ ਵਿਦਿਆਰਥਣ

ਅੰਤਰਰਾਸ਼ਟਰੀ ਮਾਂ-ਬੋਲੀ ਦਿਨ 'ਤੇ ਪੈਨਲ ਦੇ ਵਿਚਾਰ ਵਟਾਂਦਰੇ ਤੋਂ ਬਿਨਾਂ ਸਕੂਲਾਂ ਵਿੱਚ ਪੰਜਾਬੀ ਸਿੱਖ ਰਹੇ ਵਿਦਿਆਰਥੀਆਂ ਵੱਲੋਂ ਆਪਣੀ ਯੋਗਤਾ ਦੀਆਂ ਵੱਖਰੀਆਂ

ਵੱਖਰੀਆਂ ਪੇਸ਼ਕਾਰੀਆਂ ਰਾਹੀਂ ਪ੍ਰਦਰਸ਼ਨੀ ਕੀਤੀ ਜਾਂਦੀ ਹੈ। ਇਹ ਅਕਸਰ ਕਵਿਤਾ, ਗੀਤ ਤੇ ਭਾਸ਼ਣ ਦੇ ਰੂਪ ਵਿੱਚ ਹੁੰਦੀ ਹੈ।

5.4.2

ਪੰਜਾਬੀ ਜਸ਼ਨ

ਪੰਜਾਬੀ ਜਸ਼ਨ, ਪਲੀ ਵੱਲੋਂ ਕੀਤੀ ਜਾਂਦੀ ਦੂਜੀ ਵੱਡੀ ਤੇ ਸ਼ਾਇਦ ਜ਼ਿਆਦਾ ਮਹੱਤਵ ਵਾਲੀ ਵੀ, ਸਰਗਰਮੀ ਰਹੀ ਹੈ। ਇਸ ਵਿੱਚ ਸਥਾਨਕ ਵਿੱਦਿਅਕ ਅਦਾਰਿਆਂ ਵਿੱਚ ਪੰਜਾਬੀ ਸਿੱਖ ਰਹੇ ਵਿਦਿਆਰਥੀਆਂ ਵਾਸਤੇ ਉਨ੍ਹਾਂ ਦੀ ਪੰਜਾਬੀ ਵਿੱਚ ਗ੍ਰਹਿਣ ਕੀਤੀ ਯੋਗਤਾ ਨੂੰ ਲੋਕਾਂ ਸਾਹਮਣੇ ਪੇਸ਼ ਕਰਨ ਦਾ ਮੌਕਾ ਪੈਦਾ ਕੀਤਾ ਜਾਂਦਾ ਹੈ। ਇਸ ਦੀ ਸ਼ੁਰੂਆਤ ਮਾਰਚ 1999 ਦੌਰਾਨ ਈਸਟ ਰਿਚਮੰਡ ਕਮਿਊਨਿਟੀ ਸੈਂਟਰ ਵਿੱਚ ਯੂ ਬੀ ਸੀ ਦੀ 1998-1999 ਦੀ ਪੰਜਾਬੀ 300 ਦੀ ਜਮਾਤ ਵੱਲੋਂ ਕੀਤੀਆਂ ਪੇਸ਼ਕਾਰੀਆਂ ਨਾਲ਼ ਹੋਈ। ਇਨ੍ਹਾਂ ਸਾਲਾਂ ਦੌਰਾਨ ਇਸ ਸਰਗਰਮੀ ਨੇ ਕਈ ਵੱਖਰੇ ਵੱਖਰੇ ਰੂਪ ਅਖਤਿਆਰ ਕੀਤੇ ਹਨ। ਵਿਦਿਆਰਥੀਆਂ ਵੱਲੋਂ ਪੰਜਾਬੀ ਬੋਲੀ ਵਿੱਚ ਆਪਣੀ ਸਿੱਖੀ ਹੋਈ ਯੋਗਤਾ ਨੂੰ ਕਦੇ ਕਵਿਤਾ ਤੇ ਗੀਤ ਰਾਹੀਂ ਤੇ ਕਦੇ ਛੋਟੇ ਛੋਟੇ ਸਕਿੱਟਾਂ ਰਾਹੀਂ ਪੇਸ਼ ਕੀਤਾ ਜਾਂਦਾ ਹੈ। ਕੁਝ ਸਾਲਾਂ ਤੋਂ ਵਿਦਿਆਰਥੀਆਂ ਦੇ ਭਾਸ਼ਨ ਮੁਕਾਬਲੇ ਵੀ ਕਰਵਾਏ ਜਾਂਦੇ ਹਨ।

ਸ਼ੁਰੂ ਸ਼ੁਰੂ ਵਿੱਚ ਪੰਜਾਬੀ ਪੜ੍ਹਾ ਰਹੇ ਸਾਰੇ ਅਧਿਆਪਕਾਂ ਵੱਲੋਂ ਪਲੀ ਨੂੰ ਇਸ ਸਮਾਗਮ ਵਾਸਤੇ ਹਰ ਤਰ੍ਹਾਂ ਦਾ ਪੂਰਾ ਸਹਿਯੋਗ ਦਿੱਤਾ ਜਾਂਦਾ ਸੀ। ਹਿੱਸਾ ਲੈਣ ਵਾਲੇ ਵਿਦਿਆਰਥੀਆਂ ਵਿਚ ਪੰਜਾਬੀ ਬੋਲੀ ਲਈ ਹੋਰ ਉਤਸ਼ਾਹ ਪੈਦਾ ਕਰਨ ਲਈ ਸਰਟੀਫੀਕੇਟ ਅਤੇ ਕਿਤਾਬਾਂ ਜਾਂ ਨਕਦ ਪੈਸਿਆਂ ਦੇ ਰੂਪ ਵਿੱਚ ਇਨਾਮ ਦਿੱਤੇ ਜਾਂਦੇ ਹਨ। ਇਸ ਸਰਗਰਮੀ ਰਾਹੀਂ ਅਧਿਆਪਕ ਕਈ ਗੈਰ-ਪੰਜਾਬੀ ਭਾਈਚਾਰੇ ਦੇ ਵਿਦਿਆਰਥੀਆਂ ਨੂੰ ਵੀ ਲੋਕਾਂ ਸਾਹਮਣੇ ਪੇਸ਼ ਕਰਦੇ ਹਨ। ਦੂਜੇ ਭਾਈਚਾਰਿਆਂ ਦੇ ਵਿਦਿਆਰਥੀਆਂ ਨੂੰ ਸਟੇਜ ਤੋਂ ਪੰਜਾਬੀ ਬੋਲਦੇ ਤੇ ਕਵਿਤਾਵਾਂ ਪੜ੍ਹਦੇ ਸੁਣਨਾ/ਦੇਖਣਾ ਹਰ ਕਿਸੇ ਦੇ ਮਨ 'ਚ ਆਪਣੀ ਬੋਲੀ ਲਈ ਇੱਕ ਵੱਖਰੀ ਕਿਸਮ ਦਾ ਅਹਿਸਾਸ ਪੈਦਾ ਕਰਦਾ ਹੈ। ਇਸ ਨਾਲ਼ ਗੈਰ-ਪੰਜਾਬੀ ਭਾਈਚਾਰੇ ਵਿੱਚੋਂ ਆਏ ਹੋਏ ਵਿਦਿਆਰਥੀ ਵੀ ਉਮਰ ਭਰ ਨਾ ਭੁੱਲਣ ਵਾਲ਼ਾ ਤਜਰਬਾ ਲੈ ਕੇ ਜਾਂਦੇ ਹਨ।

ਇਸ ਸਮਾਗਮ ਸੰਬੰਧੀ ਕੁਝ ਦੇਰ ਬਾਅਦ ਸਮੱਸਿਆ ਇਹ ਆਈ ਕਿ ਬਹੁਤੇ ਅਧਿਆਪਕ ਬੱਚਿਆਂ ਵੱਲੋਂ ਭੰਗੜਾ ਤੇ ਗਿੱਧਾ ਪੇਸ਼ ਕਰਨ ਨੂੰ ਤਰਜੀਹ ਦੇਣ ਲੱਗ ਪਏ। ਬਹੁ-ਸੱਭਿਆਚਾਰ ਦੇ ਅਸਰ ਥੱਲੇ ਵੱਖਰੇ ਵੱਖਰੇ ਸੱਭਿਆਚਾਰਾਂ ਤੋਂ ਆਏ ਵਿਦਿਆਰਥੀਆਂ ਵੱਲੋਂ ਬਹੁਤੇ ਸਕੂਲਾਂ ਵਿੱਚ ਆਪੋ ਆਪਣੇ ਲੋਕ-ਨਾਚ ਪੇਸ਼ ਕੀਤੇ ਜਾਂਦੇ ਹਨ। ਪੰਜਾਬੀ ਤੇ ਭਾਰਤੀ ਪਿਛੋਕੜ ਦੇ ਅਧਿਆਪਕਾਂ ਤੇ ਵਿਦਿਆਰਥੀਆਂ ਵੱਲੋਂ ਸਕੂਲਾਂ 'ਚ ਹਰ ਸਾਲ ਦੋ ਤਿਓਹਾਰ - ਵਿਸਾਖੀ ਤੇ ਦਿਵਾਲੀ - ਬਹੁਤ ਉਤਸ਼ਾਹ ਨਾਲ਼ ਮਨਾਏ ਜਾਂਦੇ ਹਨ। ਇਹ ਆਪਣੇ ਆਪ ਵਿੱਚ ਬਹੁਤ ਵਧੀਆ ਗੱਲ ਹੈ ਜੋ ਏਥੋਂ

ਦੇ ਜੰਮ ਪਲ਼ ਬੱਚਿਆ ਨੂੰ ਉਨ੍ਹਾਂ ਦੇ ਮਾਪਿਆਂ ਦੇ ਸੱਭਿਆਚਾਰ ਨਾਲ਼ ਜੋੜਨ ਦਾ ਬੇਹੱਦ ਸਫਲ ਤੇ ਸਾਰਿਥਕ ਤਰੀਕਾ ਹੈ। ਪਰ ਕਈ ਅਧਿਆਪਕ ਪਲੀ ਵੱਲੋਂ ਕੀਤੇ ਜਾਣ ਵਾਲੇ ਸਮਾਗਮਾਂ 'ਤੇ ਵੀ ਇਨ੍ਹਾਂ ਤਿਓਹਾਰਾਂ ਲਈ ਤਿਆਰ ਕੀਤੇ ਲੋਕ-ਨਾਚ ਹੀ ਪੇਸ਼ ਕਰਨ ਲਈ ਬਜ਼ਿੱਦ ਸਨ। ਪਲੀ ਦੇ ਕਾਮਿਆਂ ਦਾ ਵਿਚਾਰ ਰਿਹਾ ਹੈ ਕਿ ਭਾਈਚਾਰੇ 'ਚ ਵਿਦਿਆਰਥੀਆਂ ਨੂੰ ਭੰਗੜਾ ਤੇ ਗਿੱਧਾ ਪਾਉਣ ਤੇ ਦੇਖਣ ਦੇ ਹੋਰ ਬਹੁਤ ਸਾਰੇ ਮੌਕੇ ਉੱਪਲਬਧ ਹਨ। ਲੋੜ ਇਸ ਗੱਲ ਦੀ ਹੈ ਕਿ ਉਨ੍ਹਾਂ ਨੂੰ ਪੰਜਾਬੀ ਬੋਲੀ ਤੇ ਇਸ ਦੇ ਸਾਹਿਤ ਨਾਲ਼ ਵੀ ਜੋੜਿਆ ਜਾਵੇ। ਨਾਲ਼ ਹੀ ਵਿਦਿਆਰਥੀਆਂ ਨੂੰ, ਜੋ ਕੁਝ ਉਹ ਆਪਣੀਆਂ ਪੰਜਾਬੀ ਜਮਾਤਾਂ ਵਿੱਚ ਸਿੱਖਦੇ ਹਨ ਉਸ ਨੂੰ, ਆਪਣੇ ਮਾਪਿਆਂ ਅਤੇ ਭਾਈਚਾਰੇ ਦੇ ਹੋਰ ਲੋਕਾਂ ਸਾਹਮਣੇ ਪੇਸ਼ ਕਰਨ ਦਾ ਮੌਕਾ ਮਿਲੇ। ਪੰਜਾਬੀ ਅਧਿਆਪਕਾਂ ਅਤੇ ਪਲੀ ਦੇ ਨਜ਼ਰੀਏ ਵਿੱਚ ਆਏ ਇਸ ਫਰਕ ਕਾਰਨ ਇਸ ਸਰਗਰਮੀ 'ਤੇ ਕਾਫੀ ਮਾੜਾ ਅਸਰ ਪਿਆ। ਪਰ ਪਲੀ ਵੱਲੋਂ ਸਹਿਯੋਗੀ ਅਧਿਆਪਕਾਂ ਦੀ ਮਦਦ ਨਾਲ਼ ਇਹ ਪ੍ਰੋਗਰਾਮ ਅਜੇ ਵੀ ਕਾਫੀ ਕਾਮਯਾਬੀ ਨਾਲ਼ ਕੀਤੇ ਜਾਂਦੇ ਹਨ। ਉਦਾਹਰਨ ਵਜੋਂ, ਅਜਿਹੇ ਇੱਕ ਪ੍ਰੋਗਰਾਮ ਦੀ ਰੀਪੋਰਟ ਦੇ ਕੁਝ ਹਿੱਸੇ ਸਾਂਝੇ ਕੀਤੇ ਜਾਂਦੇ ਹਨ:

> ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ ਵੱਲੋਂ ਗਿਆਰਾਂ ਮਈ (2003) ਐਤਵਾਰ ਵਾਲੇ ਦਿਨ ਸਰ੍ਹੀ ਵਿੱਚ ਚੌਥਾ ਸਾਲਾਨਾ 'ਪੰਜਾਬੀ ਜਸ਼ਨ' ਧੂਮ ਧਾਮ ਨਾਲ਼ ਮਨਾਇਆ ਗਿਆ। ਇਸ ਵਿੱਚ ਛੋਟੇ ਵਿਦਿਆਰਥੀਆਂ ਦੇ ਪੰਜਾਬੀ ਪੈਂਤੀ (ਵਰਣਮਾਲ਼ਾ) ਸਿੱਖਣ ਵਾਲੇ ਗੀਤਾਂ ਤੋਂ ਲੈ ਕੇ ਪੰਜਾਬੀ ਭਾਸ਼ਾ ਨਾਲ਼ ਅੰਤਾਂ ਦਾ ਤੇਹੁ ਦਰਸਾਉਣ ਵਾਲੇ ਦਿਲ ਟੁੰਬਵੇਂ ਗੀਤ ਅਤੇ ਨੌਜਵਾਨਾਂ ਵਿੱਚ ਡਰੱਗ ਅਤੇ ਹਿੰਸਾ ਵਰਗੇ ਗੰਭੀਰ ਮਸਲਿਆਂ ਬਾਰੇ ਸਕਿੱਟਾਂ ਤੱਕ ਪੇਸ਼ਕਾਰੀਆਂ ਹੋਈਆਂ ਜਿਨ੍ਹਾਂ ਨੇ ਸ੍ਰੋਤਿਆਂ ਨੂੰ ਤਿੰਨ ਘੰਟੇ ਤੋਂ ਵਧ ਸਮੇਂ ਲਈ ਕੀਲ ਰੱਖਿਆ। ... ਯੂ ਬੀ ਸੀ ਤੋਂ ਯੂਰਪੀਅਨ ਪਿਛੋਕੜ ਦੀ ਟੋਨੀਆ ਨੈਂਸ ਨੇ ਇੱਕ ਕਵਿਤਾ ਸੁਣਾਈ ਅਤੇ ਚੀਨੀ ਪਿਛੋਕੜ ਦੀ ਐਲਿਸ ਰੋਅ (ਇਹ ਕੁੜੀ ਪੰਜਾਬੀ ਪਿਛੋਕੜ ਦੇ ਪੰਜਾਹ ਵਿਦਿਆਰਥੀਆਂ ਦੀ ਜਮਾਤ ਵਿੱਚੋਂ ਪਹਿਲੇ ਨੰਬਰ ਤੇ ਆਈ ਸੀ) ਨੇ ਪਹਿਲਾਂ ਆਪਣੇ ਪੰਜਾਬੀ ਪੜ੍ਹਨ ਦੇ ਤਜਰਬੇ ਬਾਰੇ ਪੰਜਾਬੀ ਵਿੱਚ ਗੱਲਬਾਤ ਕੀਤੀ ਅਤੇ ਫੇਰ ਪ੍ਰੋ: ਮੋਹਨ ਸਿੰਘ ਦੀ ਕਵਿਤਾ 'ਮਾਂ' (ਉਸ ਦਿਨ ਮਦਰ'ਜ਼ ਡੇਅ ਹੋਣ ਕਾਰਨ) ਪੇਸ਼ ਕੀਤੀ।[150]

ਪਿਛਲੇ ਕੁਝ ਸਾਲਾਂ ਦੌਰਾਨ ਪਲੀ ਵੱਲੋਂ ਭਾਸ਼ਣ ਮੁਕਾਬਲੇ ਵੀ ਕਰਵਾਏ ਗਏ ਹਨ। ਇਹ ਮੁਕਾਬਲੇ ਵਿਦਿਆਰਥੀਆਂ ਨੂੰ ਪੰਜਾਬੀ ਬੋਲੀ ਵਿੱਚ ਯੋਗਤਾ ਅਨੁਸਾਰ ਵੱਖਰੇ ਵੱਖਰੇ ਵਰਗਾਂ ਵਿੱਚ ਵੰਡ ਕੇ ਕਰਵਾਏ ਗਏ। ਪਲੀ ਵੱਲੋਂ 8 ਨਵੰਬਰ 2009 ਨੂੰ ਕਰਵਾਏ ਗਏ ਇੱਕ ਅਜਿਹੇ ਮੁਕਾਬਲੇ ਦੀ ਰੀਪੋਰਟ ਦੇ ਕੁਝ ਹਿੱਸੇ ਉਦਾਹਰਨ ਵਜੋਂ ਪੇਸ਼ ਹਨ:

---

150 ਪੰਜਾਬੀ ਕਹਾਣੀਕਾਰ ਤੇ ਪਲੀ ਦੇ ਸਹਿਯੋਗੀ ਹਰਪ੍ਰੀਤ ਸੇਖਾ ਵੱਲੋਂ ਲਿਖੀ ਤੇ ਸਥਾਨਕ ਅਖਬਾਰਾਂ ਵਿੱਚ ਛਪੀ ਰੀਪੋਰਟ। ਇਹ ਅਤੇ ਪਲੀ ਦੀਆਂ ਹੋਰ ਰੀਪੋਰਟਾਂ ਪੜ੍ਹਨ ਲਈ: http://plea4punjabi.wordpress.com/reports-2/

> ... ਇਸ ਮੁਕਾਬਲੇ ਵਿੱਚ ਬੀ ਸੀ ਦੇ ਸਕੂਲਾਂ, ਕਾਲਜਾਂ ਅਤੇ ਵਿਸ਼ਵ ਵਿਦਿਆਲਿਆਂ ਵਿੱਚ ਪੰਜਾਬੀ ਪੜ੍ਹਦੇ ਵਿਦਿਆਰਥੀਆਂ ਨੇ ਭਾਗ ਲਿਆ। ਮੁਕਾਬਲੇ ਨੂੰ ਤਿੰਨ ਹਿੱਸਿਆ ਵਿੱਚ ਵੰਡਿਆ ਗਿਆ। ਪਹਿਲੇ ਦੋ ਹਿੱਸਿਆ ਵਿੱਚ ਮੁੱਢਲੇ ਅਤੇ ਵਿਕਸਤ ਸਿਖਾਂਦਰੂ ਸਨ। ਉਨ੍ਹਾਂ ਨੂੰ ਭਾਸ਼ਣ ਤਿਆਰ ਕਰਨ ਲਈ ਹੇਠ ਲਿਖੇ ਵਿਸ਼ੇ ਪਹਿਲਾਂ ਦਿੱਤੇ ਗਏ ਸਨ: 1) ਬੀ ਸੀ ਨੂੰ ਓਲੰਪਿਕਸ (ਸਾਲ 2010 ਵਿਚ ਵੈਨਕੂਵਰ ਵਿਚ ਵਿੰਟਰ ਓਲੰਪਿਕਸ ਹੋਣੀਆਂ ਸਨ) ਦੇ ਫਾਇਦੇ ਹੋਣਗੇ ਜਾਂ ਨੁਕਸਾਨ? 2) ਬੀ ਸੀ ਵਿੱਚ ਬੇਘਰਿਆਂ ਦੀ ਸਮੱਸਿਆ, 3) ਜੀਵਨ ਵਿੱਚ ਖੇਡਾਂ ਦੀ ਮਹੱਤਤਾ, 4) ਪੰਜਾਬੀ ਭਾਈਚਾਰੇ ਵਿੱਚ ਭਰੂਣ ਹੱਤਿਆ। ... ਤੀਜੇ ਹਿੱਸੇ ਵਿੱਚ ਪੰਜਾਬੀ ਵਿੱਚ ਨਿਪੁੰਨ ਵਿਦਿਆਰਥੀ ਸਨ। ਉਨ੍ਹਾਂ ਨੂੰ ਮੌਕੇ 'ਤੇ ਹੀ ਵਿਸ਼ਾ ਦਿੱਤਾ ਗਿਆ। ... ਮੁੱਢਲੇ ਸਿਖਾਂਦਰੂਆਂ ਵਿੱਚ ਵੰਦਨਾ ਟਿਵਾਣਾ ਤੇ ਐਸਟਰੈਡ ਨੇ ਭਰੂਣ ਹੱਤਿਆ ਬਾਰੇ ਬੋਲਿਆ। ਰੋਜ਼ ਢਿੱਲੋਂ ਨੇ ਖੇਡਾਂ ਦੀ ਮਹੱਤਤਾ ਅਤੇ ਫਰਾਹ ਰਸ਼ੀਦ ਨੇ ਬੇਘਰੇ ਲੋਕਾਂ ਨੂੰ ਆਪਣੇ ਭਾਸ਼ਣ ਦਾ ਵਿਸ਼ਾ ਬਣਾਇਆ। ਇਹ ਸਾਰੀਆਂ ਹੀ ਕਵਾਂਟਲਿਨ ਪੌਲੀਟਿਕਨਿਕ ਯੂਨੀਵਰਸਿਟੀ ਦੀਆਂ ਵਿਦਿਆਰਥਣਾਂ ਸਨ। ਫਰਾਹ ਰਸ਼ੀਦ ਨੇ ਪਹਿਲਾ ਅਤੇ ਰੋਜ਼ ਢਿੱਲੋਂ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਵਿਕਸਤ ਸਿਖਾਂਦਰੂਆਂ ਵਿੱਚ ਸੱਤਵੇਂ ਗਰੇਡ ਤੋਂ ਲੈ ਕੇ ਯੂਨੀਵਰਸਿਟੀ ਪੱਧਰ ਤੱਕ ਦੇ ਵਿਦਿਆਰਥੀ ਸਨ। ਸ਼ਿਵਰਾਜ ਸਿੰਘ ਮੁੰਡੀ, ਸੁਖਪ੍ਰੀਤ ਕੌਰ ਪੂਨੀਆ, ਰਣਦੀਪ ਕੌਰ ਹੁੰਦਲ, ਲਵਪ੍ਰੀਤ ਕੌਰ ਗਿੱਲ, ਸੰਦੀਪ ਕੌਰ ਬਾਗੜੀ, ਅਮ੍ਰਿਤ ਕੌਰ ਮਠਾੜੂ, ਪਰਿੰਸ ਰੰਧਾਵਾ, ਪਾਲ ਢੀਂਡਸਾ, ਪ੍ਰਭਜੋਤ ਕੌਰ, ਰਮਨਦੀਪ ਸਿੰਘ ਰੰਧਾਵਾ, ਉਜੈਰ ਮੁਹੰਮਦ, ਮਨਦੀਪ ਸਿੰਘ ਪਰਹਾਰ, ਵਨੀਤ ਸਰਾ, ਰਿਦਮ ਕੌਰ ਅਤੇ ਹਰਪ੍ਰੀਤ ਕੌਰ ਨੇ ਇਸ ਮੁਕਾਬਲੇ ਵਿੱਚ ਭਾਗ ਲਿਆ। ਤੀਜੇ ਹਿੱਸੇ ਵਿੱਚ ਬਲਜੀਤ ਕੌਰ, ਪਰਨੀਤ ਕੌਰ ਸਿੱਧੂ, ਅਮਨਜੋਤ ਦਿਓਲ, ਇਵਨੀਤ ਸਿੰਘ ਬੈਂਸ, ਸਿੰਮੀ ਢਿੱਲੋਂ, ਅਤੇ ਅਭਿਰੂਪ ਸਿੰਘ ਚੀਮਾ ਨੇ ਭਾਗ ਲਿਆ। ਇੱਕ ਨੰਨ੍ਹੇ ਬੱਚੇ ਮੋਹਨਜੀਤ ਛੀਨਾ ਨੇ 'ਮੈਂ ਇੱਕ ਬੀਬਾ ਬੱਚਾ ਹਾਂ' ਕਵਿਤਾ ਪੜ੍ਹੀ। ਸ਼ਿਵਰਾਜ ਸਿੰਘ ਮੁੰਡੀ ਨੇ 'ਆਓ ਮੇਰੇ ਹਾਣੀਓਂ ਨਾ ਲੜ ਲੜ ਮਰੀਏ' ਗੀਤ ਗਾਇਆ। ਗੁਰਲੀਨ ਭਾਟੀਆ ਨੇ ਇੱਕ ਪੰਜਾਬੀ ਲੋਕ ਗੀਤ ਤੇ ਪ੍ਰੋਫੈਸਰ ਮੋਹਨ ਸਿੰਘ ਦੀ ਕਵਿਤਾ 'ਛੱਤੋ ਦੀ ਬੇਰੀ' ਵੀ ਸੁਣਾਈ।[151]

ਇਨ੍ਹਾਂ ਮੁਕਾਬਲਿਆਂ ਵਿੱਚ ਹਿੱਸਾ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਸਰਟੀਫੀਕੇਟ ਅਤੇ ਜੇਤੂਆਂ ਨੂੰ ਇਨਾਮ ਵਜੋਂ ਵੱਖਰਾ ਸਨਮਾਨ ਚਿੰਨ੍ਹ ਤੇ ਨਕਦ ਇਨਾਮ ਦਿੱਤੇ ਜਾਂਦੇ ਹਨ। ਇਨ੍ਹਾਂ ਇਨਾਮਾਂ ਵਾਸਤੇ ਫੰਡਾਂ ਦਾ ਬਹੁਤਾ ਹਿੱਸਾ ਹਮੇਸ਼ਾ ਦੀਪਕ ਬਿਨਿੰਗ ਫਾਊਂਡੇਸ਼ਨ ਦੇ ਪਾਲ ਬਿਨਿੰਗ ਅਤੇ ਜਸਬੀਰ ਬਿਨਿੰਗ ਵੱਲੋਂ ਦਿੱਤਾ ਜਾਂਦਾ ਹੈ।

---

[151] ਪੂਰੀ ਰੀਪੋਰਟ ਲਈ: http://plea4punjabi.wordpress.com/reports-2/

6.

ਪੰਜਾਬੀਆਂ ਦਾ ਆਪਣੀ ਬੋਲੀ ਵੱਲ ਰਵੱਈਆ

ਕਨੇਡਾ ਵਿਚ ਪੰਜਾਬੀ ਬੋਲੀ ਦੇ ਭਵਿੱਖ ਦੀਆਂ ਸੰਭਾਵਨਾਵਾਂ ਬਾਰੇ ਵਿਚਾਰ ਕਰਨ ਤੋਂ ਪਹਿਲਾਂ ਜ਼ਰੂਰੀ ਹੈ ਕਿ ਇਕ ਝਾਤ ਇਸ ਦੀ ਮੌਜੂਦਾ ਸਥਿਤੀ ਤੇ ਪਾਈ ਜਾਵੇ ਤੇ ਨਾਲ ਹੀ ਇਸ ਗੱਲ ਬਾਰੇ ਵੀ ਚਰਚਾ ਕੀਤੀ ਜਾਵੇ ਕਿ ਇਸ ਵੇਲੇ ਏਥੇ ਵਸਦੇ ਪੰਜਾਬੀਆਂ ਦਾ ਆਪਣੀ ਬੋਲੀ ਵੱਲ ਕੀ ਰਵੱਈਆ ਹੈ। ਇਸ ਮਸਲੇ ਬਾਰੇ ਕਿਉਂਕਿ ਇਸ ਕਿਤਾਬ 'ਚ ਪਹਿਲਾਂ ਵੀ ਜ਼ਿਕਰ ਆਉਂਦਾ ਰਿਹਾ ਹੈ, ਇਸ ਲਈ ਸੰਭਵ ਹੈ ਕਿ ਕੁਝ ਦੁਹਰਾਅ ਹੋਵੇ।[152]

ਕਨੇਡਾ ਵਿੱਚ ਪੰਜਾਬੀ ਬੋਲੀ ਦੀ ਹੋਂਦ ਦੇ ਪਿਛਲੇ ਇੱਕ ਸੌ ਸੋਲ੍ਹਾਂ-ਸਤਾਰਾਂ ਸਾਲਾਂ ਦੌਰਾਨ ਇਸ ਉੱਤੇ ਸਭ ਤੋਂ ਵਧ ਅਸਰ ਆਵਾਸ ਦੀਆਂ ਤਬਦੀਲੀਆਂ ਨੇ ਪਾਇਆ ਹੈ। ਪਿਛਲੀ ਸਦੀ ਦੇ ਸ਼ੁਰੂ ਸਾਲਾਂ - 1903 ਤੋਂ 1908 - ਦੌਰਾਨ ਪੰਜਾਬੀ ਕਾਫੀ ਵੱਡੀ ਗਿਣਤੀ 'ਚ ਏਥੇ ਆਏ ਪਰ ਫੇਰ ਨਸਲੀ ਕਾਰਨਾਂ ਵੱਸ ਇਨ੍ਹਾਂ ਦਾ ਏਥੇ ਆਉਣਾ ਲੰਮੇ ਸਮੇਂ ਤੱਕ ਅਮਲੀ ਤੌਰ 'ਤੇ ਬੰਦ ਰਿਹਾ। ਵੋਟ ਵਰਗੇ ਮੁੱਢਲੇ ਹੱਕਾਂ ਤੋਂ ਵਾਂਝੇ ਰੱਖ ਕੇ ਪੰਜਾਬੀ ਭਾਈਚਾਰੇ ਨੂੰ ਕਨੇਡੀਅਨ ਸਮਾਜ ਦਾ ਅੰਗ ਨਾ ਬਣਨ ਦਿੱਤਾ ਗਿਆ। ਆਵਾਸ ਦੇ ਕਾਨੂੰਨਾਂ ਵਿੱਚ ਹੋਈਆਂ ਤਬਦੀਲੀਆਂ ਨਾਲ਼ 1960ਵਿਆਂ ਦੇ ਅੱਧ ਤੋਂ ਪੰਜਾਬੀਆਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋਇਆ ਹੈ। ਇਸ ਵੇਲੇ ਪੰਜਾਬੀ ਭਾਈਚਾਰਾ ਕਨੇਡੀਅਨ ਸਮਾਜ ਦਾ ਇੱਕ ਸਥਾਪਿਤ ਅੰਗ ਹੈ ਅਤੇ ਇਸ ਦੀ ਸਿਆਸੀ ਤੇ ਆਰਿਥਕ ਸ਼ਕਤੀ ਜ਼ਿਕਰਯੋਗ ਹੈ। ਇਸ ਵੇਲੇ ਗਿਣਤੀ ਪੱਖੋਂ ਪੰਜਾਬੀ ਬੋਲੀ ਕਨੇਡਾ ਵਿੱਚ ਤੀਜੇ ਸਥਾਨ 'ਤੇ ਹੈ।[153] ਪੰਜਾਬੀ ਹੁਣ ਕਨੇਡਾ ਦੇ ਹਰ ਹਿੱਸੇ 'ਚ ਵਸਦੇ ਹਨ। ਕਨੇਡਾ ਦੇ ਕੁਝ ਵੱਡੇ ਸ਼ਹਿਰਾਂ - ਟਰਾਂਟੋ, ਵੈਨਕੂਵਰ, ਕੈਲਗਰੀ ਤੇ ਐਡਮੰਟਨ - ਵਿੱਚ ਪੰਜਾਬੀਆਂ ਦੀ ਵਸੋਂ ਗੌਲਣਯੋਗ ਹੈ।[154]

ਪੰਜਾਬ ਤੋਂ ਆਉਣ ਵਾਲੇ ਬਹੁਤੇ ਪੰਜਾਬੀ, ਖਾਸ ਕਰ ਪੇਂਡੂ ਪਿਛੋਕੜ 'ਚੋਂ ਆਉਣ ਵਾਲੇ, ਆਪਣੀ ਬੋਲੀ 'ਤੇ ਮਾਣ ਮਹਿਸੂਸ ਕਰਦੇ ਹਨ ਅਤੇ ਜਿੱਥੇ ਵੀ ਸੰਭਵ ਹੋ ਸਕੇ ਇਸ ਦੀ ਵਰਤੋਂ ਕਰ ਰਹੇ ਹਨ। ਨਤੀਜੇ ਵਜੋਂ, ਪਿਛਲੇ ਦਹਾਕਿਆਂ ਦੌਰਾਨ, ਪੰਜਾਬੀ ਬੋਲੀ ਨੇ ਕਨੇਡਾ ਵਿੱਚ ਕਈ ਪੱਖਾਂ ਤੋਂ ਵਿਕਾਸ ਕੀਤਾ ਹੈ। ਇਹ ਪਹਿਲੀ

---

152 ਏਥੇ ਸਾਂਝੀ ਕੀਤੀ ਜਾ ਰਹੀ ਬਹੁਤੀ ਜਾਣਕਾਰੀ 17 ਮਈ, 2009 ਨੂੰ ਔਟਵਾ ਵਿਖੇ ਹੋਈ ਕਾਂਨਫਰੰਸ ਸਮੇਂ ਪੇਸ਼ ਕੀਤੇ ਪੇਪਰ - 'ਪੰਜਾਬੀ ਭਾਸ਼ਾ ਦਾ ਕਨੇਡਾ ਵਿੱਚ ਭਵਿੱਖ' 'ਤੇ ਅਧਾਰਿਤ ਹੈ:
http://sadhubinning.blogspot.ca/2012/06/punjabi-language.html?utm_source=BP_recent

153 ਦੇਖੋ ਫੁੱਟਨੋਟ ਨੰਬਰ 23.

154 ਦੇਖੋ ਫੁੱਟਨੋਟ ਨੰਬਰ 43.

ਵਾਰ ਵਪਾਰ, ਸੰਚਾਰ ਅਤੇ ਸੱਭਿਆਚਾਰ ਦੀਆਂ ਸਰਗਰਮੀਆਂ ਦਾ ਮਾਧਿਅਮ ਬਣੀ ਹੈ। ਇਸ ਵਿਕਾਸ ਦੇ ਦੋ ਅਸਰ ਪਏ ਹਨ। ਪਹਿਲਾ ਅਸਰ ਮਨੋਵਿਗਿਅਨਕ ਹੈ। ਪੰਜਾਬੀਆਂ ਅੰਦਰ ਆਪਣੀ ਬੋਲੀ ਲਈ ਭਰੋਸਾ ਪੈਦਾ ਹੋਇਆ ਹੈ ਜੋ ਪਹਿਲਾਂ ਨਹੀਂ ਸੀ। ਇਸ ਭਰੋਸੇ ਦਾ ਹੀ ਨਤੀਜਾ ਹੈ ਕਿ ਪੰਜਾਬੀਆਂ ਨੇ ਮਹਾਂ ਵੈਨਕੂਵਰ ਦੇ ਹਸਪਤਾਲਾਂ, ਕਚਿਹਰੀਆਂ, ਹਵਾਈ ਅੱਡੇ ਆਦਿ ਥਾਵਾਂ ’ਤੇ ਜਾਣਕਾਰੀ ਦਿੰਦੀਆਂ ਤਖ਼ਤੀਆਂ ਪੰਜਾਬੀ ਵਿੱਚ ਲਿਖਵਾਈਆਂ ਹਨ। ਹੁਣ ਪੰਜਾਬੀਆਂ ਦੀ ਬਹੁਤੀ ਵਸੋਂ ਵਾਲੇ ਸ਼ਹਿਰਾਂ ਵਿੱਚ ਅਨੇਕਾਂ ਅਜਿਹੀਆਂ ਨੌਕਰੀਆਂ ਹਨ ਜਿਨ੍ਹਾਂ ਵਿੱਚ ਪੰਜਾਬੀ ਦੀ ਸੂਝ ਨੌਕਰੀ ਲੈਣ ਵਿੱਚ ਸਹਾਈ ਹੁੰਦੀ ਹੈ। ਹਰ ਪੱਧਰ ਦੀ ਸਰਕਾਰ ਲੋੜ ਅਨੁਸਾਰ ਜਾਣਕਾਰੀ ਪੰਜਾਬੀ ਵਿੱਚ ਅਨੁਵਾਦ ਕਰਵਾ ਰਹੀ ਹੈ। ਆਵਾਸ, ਇਨਸਾਫ (ਜਸਟਿਸ) ਤੇ ਸਿਹਤ ਸੇਵਾਵਾਂ ਵਿੱਚ ਕਾਫੀ ਲੋਕ ਦੁਭਾਸ਼ੀਏ ਵਜੋਂ ਕੰਮ ਕਰਦੇ ਹਨ। ਫਿਲਮ ਅਤੇ ਸੰਗੀਤ ਉਦਯੋਗ ਵਜੋਂ ਵਿਕਸਤ ਹੋ ਰਹੇ ਹਨ। ਆਰਿਥਕਤਾ ਨਾਲ਼ ਜੁੜੀਆਂ ਇਹ ਸਰਗਰਮੀਆਂ ਪੰਜਾਬੀ ਬੋਲੀ ਦੀ ਅਹਿਮੀਅਤ ਅਤੇ ਉਮਰ ਵਿੱਚ ਵਾਧਾ ਕਰ ਰਹੀਆਂ ਹਨ। ਨਾਲ਼ ਹੀ ਇਹ ਉਹ ਸਰਗਰਮੀਆਂ ਹਨ, ਜਿਨ੍ਹਾਂ ਸਦਕਾ ਬਾਹਰ ਵਸਦੇ ਪੰਜਾਬੀਆਂ ਦੀਆਂ ਅਗਲੀਆਂ ਪੀੜ੍ਹੀਆਂ ਵੀ ਪੰਜਾਬੀ ਬੋਲੀ ਤੇ ਸੱਭਿਆਚਾਰ ਨਾਲ਼ ਜੁੜ ਰਹੀਆਂ ਹਨ। ਪਰ ਜਿੱਥੋਂ ਤੱਕ ਅਗਲੀਆਂ ਪੀੜ੍ਹੀਆਂ ਵਾਸਤੇ ਪੰਜਾਬੀ ਬੋਲੀ ਦੀ ਪੜ੍ਹਾਈ ਦਾ ਸੰਬੰਧ ਹੈ, ਸਥਿਤੀ ਏਨੀ ਸੰਤੁਸ਼ਟਤਾ ਵਾਲੀ ਨਹੀਂ, ਭਾਵੇਂ ਬੀ ਸੀ ਵਿੱਚ ਇਸ ਪਾਸੇ ਕੁਝ ਪ੍ਰਾਪਤੀਆਂ ਹੋਈਆਂ ਹਨ।

ਜਦੋਂ ਵੀ ਅਸੀਂ ਪੰਜਾਬੀ ਬੋਲੀ ਦੀ ਗੱਲ ਕਰਨ ਲੱਗਦੇ ਹਾਂ ਤਾਂ ਸਾਡੇ ਸਾਹਮਣੇ ਬੇਸ਼ੁਮਾਰ ਨਾਂਹ-ਪੱਖੀ ਮਸਲੇ ਆ ਖੜ੍ਹਦੇ ਹਨ। ਦੁਨੀਆ ਦੀ ਇੱਕ ਵੱਡੀ ਬੋਲੀ ਹੋਣ ਦੇ ਬਾਵਜੂਦ ਪੰਜਾਬੀਆਂ ਦਾ ਆਪਣੀ ਬੋਲੀ ਵਲ ਰਵੱਈਆ ਨਿਰਾਸ਼ ਕਰਨ ਵਾਲ਼ਾ ਹੈ। ਪੰਜਾਬੀਆਂ ਨੇ ਬਾਕੀ ਭਾਰਤੀਆਂ ਵਾਂਗ ਆਜ਼ਾਦੀ ਦੇ ਛਿਆਹਟ ਸਤਾਹਟ ਸਾਲ ਬਾਅਦ ਵੀ ਬਸਤੀਵਾਦ ਦੇ ਪਏ ਮਾਰੂ ਅਸਰਾਂ ਦੀ ਪਛਾਣ ਨਹੀਂ ਕੀਤੀ ਅਤੇ ਨਤੀਜੇ ਵਜੋਂ ਇਨ੍ਹਾਂ ਤੋਂ ਪਿੱਛਾ ਨਹੀਂ ਛੁਡਾਇਆ ਜਾ ਸਕਿਆ। ਪੰਜਾਬੀ ਬੋਲਣ ਵਾਲੇ ਲੋਕ ਧਰਮਾਂ, ਇਲਾਕਿਆਂ ਅਤੇ ਬੋਲੀ ਲਿਖਣ ਲਈ ਵਰਤੀ ਜਾਣ ਵਾਲੀ ਲਿਪੀ ਦੇ ਆਧਾਰ ’ਤੇ ਵੰਡੇ ਹੋਏ ਹਨ। ਹੁਣ ਵਿਸ਼ਵੀਕਰਨ ਦਾ ਮਾਰੂ ਅਸਰ, ਵਿਸ਼ੇਸ਼ ਕਰ ਕੇ ਭਾਰਤੀ ਪੰਜਾਬ ਵਿੱਚ, ਪੰਜਾਬੀ ਲਈ ਖਤਰਾ ਬਣ ਰਿਹਾ ਹੈ। ਜਿੱਥੇ ਯੂਰਪ ਦੀਆਂ ਛੋਟੀਆਂ ਛੋਟੀਆਂ ਬੋਲੀਆਂ ਵੀ ਅੰਗ੍ਰੇਜ਼ੀ ਦੇ ਨਾਲ਼ ਨਾਲ਼ ਆਪਣੀ ਹੋਂਦ ਕਾਇਮ ਰੱਖਣ ਲਈ ਹੌਸਲੇ ’ਚ ਹਨ, ਉੱਥੇ ਲਗਦਾ ਹੈ ਕਿ ਵੱਡੀ ਗਿਣਤੀ ਪੰਜਾਬੀ ਪਹਿਲਾਂ ਹੀ ਢੇਰੀ ਢਾਹ ਕੇ ਬੈਠੇ ਹਨ, ਖਾਸ ਕਰ ਕੇ ਕਥਿਤ ਪੜ੍ਹਿਆ ਲਿਖਿਆ ਵਰਗ। ਦੁਨੀਆ ਦੀਆਂ ਹੋਰ ਬੋਲੀਆਂ ਨਾਲ ਮੁਕਾਬਲਾ ਕਰਨ ’ਤੇ ਪੰਜਾਬੀ ਦੀ ਸਥਿਤੀ ਕੋਈ ਏਨੀ ਸਿਹਤਮੰਦ ਨਹੀਂ ਜਾਪਦੀ। ਉਦਾਹਰਨ ਵਜੋਂ, ਇਸਰਾਇਲ ਵਿੱਚ ਯਿਡਿਸ਼ ਮੁੜ ਕੇ ਸੁਰਜੀਤ ਕੀਤੀ ਗਈ ਹੈ ਅਤੇ ਇਸੇ ਤਰ੍ਹਾਂ ਆਇਰਲੈਂਡ ’ਚ ਗੈਲਿਕ ਨੂੰ ਵਿਨਾਸ਼ ਤੋਂ ਬਚਾਇਆ ਜਾ ਰਿਹਾ ਹੈ। ਅਸਟ੍ਰੇਲੀਆ, ਨਿਊਜ਼ੀਲੈਂਡ ਅਤੇ ਉੱਤਰੀ ਅਮਰੀਕਾ ਦੇ ਆਦਿ-ਵਾਸੀ ਲੋਕ ਆਪਣੀਆਂ ਕਈ ਤਕਰੀਬਨ ਖਤਮ ਹੋ ਚੁੱਕੀਆਂ ਬੋਲੀਆਂ ਨੂੰ ਮੁੜ ਜਗਾਉਣ ਦੇ ਆਹਰ ’ਚ ਹਨ। ਪਰ ਪੰਜਾਬੀ ਦੀ ਸਥਿਤੀ ਅਜਿਹੀ ਹੈ ਕਿ ਪਾਕਿਸਤਾਨ, ਜੰਮੂ ਕਸ਼ਮੀਰ, ਦਿੱਲੀ, ਹਰਿਆਣਾ, ਹਿਮਾਚਲ ਪ੍ਰਦੇਸ਼ ਤੇ ਚੰਡੀਗੜ੍ਹ, ਜਿੱਥੇ ਪੰਜਾਬੀਆਂ ਦੀ

ਵਸੋਂ ਹੈ ਅਤੇ ਲੋਕ ਪੰਜਾਬੀ ਬੋਲੀ ਦੀ ਵਰਤੋਂ ਵੀ ਕਰਦੇ ਹਨ, ਉੱਥੇ ਵਿੱਦਿਅਕ ਅਤੇ ਅਕਾਦਮਿਕ ਹਲਿਕਆਂ 'ਚ ਪੰਜਾਬੀ ਨੂੰ ਇੱਕ ਬੀਤ ਚੁੱਕੀ ਬੋਲੀ ਵਜੋਂ ਲਿਆ ਜਾ ਰਿਹਾ ਹੈ। ਇਨ੍ਹਾਂ ਥਾਵਾਂ 'ਤੇ ਸੰਸਿਕ੍ਰਤ ਵਾਂਗ ਪੰਜਾਬੀ ਵਿੱਚ ਉੱਚ-ਪੱਧਰੀ ਡਿੱਗਰੀਆਂ ਤਾਂ ਦਿੱਤੀਆਂ ਜਾਂਦੀਆਂ ਹਨ ਪਰ ਛੋਟੀਆਂ ਜਮਾਤਾਂ ਨੂੰ ਇਸ ਬੋਲੀ 'ਚ ਪੜ੍ਹਾਇਆ ਨਹੀਂ ਜਾ ਰਿਹਾ। ਜਿੱਥੇ ਪੰਜਾਬੀ ਪੜ੍ਹਾਈ ਵੀ ਜਾ ਰਹੀ ਹੈ, ਖਾਸ ਕਰ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ, ਉਸ ਬਾਰੇ ਆਮ ਮਿਲਦੀ ਜਾਣਕਾਰੀ ਅਨੁਸਾਰ, ਸਰਕਾਰ ਦਾ ਅਤੇ ਪੜ੍ਹਾਉਣ ਵਾਲਿਆਂ ਦਾ ਰਵੱਈਆ ਕਾਫੀ ਹੱਦ ਤੱਕ ਨਾਂਹ-ਪੱਖੀ ਹੈ। ਗੁਲਾਮੀ ਦੇ ਅਸਰ ਵਜੋਂ ਮੱਧ ਵਰਗ ਦੇ ਲੋਕ ਹੀ ਨਹੀਂ ਥੱਲਲੇ ਵਰਗ ਦੇ ਲੋਕ ਵੀ ਕੋਸ਼ਸ਼ ਕਰਦੇ ਹਨ ਕਿ ਆਪਣੀਆਂ ਅਗਲੀਆਂ ਪੀੜ੍ਹੀਆਂ ਨਾਲ ਗੱਲਬਾਤ ਵਿਚ ਪਾਕਿਸਤਾਨ ਵਿਚ ਉਰਦੂ ਤੇ ਭਾਰਤੀ ਪੰਜਾਬ ਵਿਚ ਹਿੰਦੀ ਜਾਂ ਅੰਗ੍ਰੇਜ਼ੀ ਵਰਤੀ ਜਾਵੇ। ਬੱਚਿਆਂ ਦੇ ਚੰਗੇ ਭਵਿੱਖ ਦੀ ਆਸ ਵਿਚ ਸਾਰੀ ਤਵੱਜੋ ਤੇ ਸ਼ਕਤੀ ਅੰਗ੍ਰੇਜ਼ੀ ਵਲ ਲਾਈ ਜਾ ਰਹੀ ਹੈ। ਸਦੀਆਂ ਦੀ ਗੁਲਾਮੀ ਅਤੇ ਆਰਿਥਕ ਅਸੁਰੱਖਿਅਤਾ ਦੇ ਅਸਰ ਥੱਲੇ ਇਕੱਲੇ ਪੰਜਾਬੀ ਹੀ ਨਹੀਂ ਸਮੁੱਚੇ ਭਾਰਤ ਦੇ ਲੋਕ ਆਪਣੇ ਬੱਚਿਆਂ ਦੇ ਭਵਿੱਖ ਲਈ ਅੰਗ੍ਰੇਜ਼ੀ ਵਲ ਮੰਗਤਿਆਂ ਵਾਲ਼ੀਆਂ ਲਲਚਾਈਆਂ ਨਜ਼ਰਾਂ ਨਾਲ਼ ਦੇਖ ਰਹੇ ਹਨ। ਇਸ ਸੰਬੰਧੀ ਕੀਤੀ ਡਾਕਟਰ ਵੇਦ ਪ੍ਰਤਾਪ ਵੈਦਿਕ ਦੀ ਟਿੱਪਣੀ ਬੜੀ ਢੁੱਕਵੀਂ ਲਗਦੀ ਹੈ:

> 15 ਲੱਖ ਲੋਕਾਂ ਨੂੰ ਵਿਦੇਸ਼ਾਂ ਵਿੱਚ ਨੌਕਰੀ ਮਿਲ ਜਾਵੇ, ਇਸ ਕਰ ਕੇ ਅਸੀਂ 15 ਕ੍ਰੋੜ ਬੱਚਿਆਂ ਨੂੰ ਅੰਗ੍ਰੇਜ਼ੀ ਦੀ ਚੱਕੀ ਵਿੱਚ ਪੀਸਣ ਲਈ ਤਿਆਰ ਹਾਂ। ਅਸੀਂ ਕਿੰਨੇ ਬੁੱਧੂ ਅਤੇ ਜ਼ਾਲਮ ਰਾਸ਼ਟਰ ਹਾਂ। ਇੰਨਾ ਹੀ ਨਹੀਂ, ਅੰਗ੍ਰੇਜ਼ੀ ਦੇ ਮੋਹ ਕਾਰਨ ਅਸੀਂ ਚੀਨੀ, ਜਪਾਨੀ, ਰੂਸੀ, ਫਰਾਂਸੀਸੀ, ਜਰਮਨ ਅਤੇ ਸਪੇਨੀ ਵਰਗੀਆਂ ਭਾਸ਼ਾਵਾਂ ਆਪਣੇ ਬੱਚਿਆਂ ਨੂੰ ਨਹੀਂ ਸਿਖਾਉਂਦੇ।[155]

ਨਵੀਆਂ ਤਕਨੀਕਾਂ ਨਾਲ ਅਜੋਕੇ ਸਮੇਂ ਸੰਚਾਰ ਅਤੇ ਆਵਾਜਾਈ ਵਿਚ ਹੋਈਆਂ ਹੈਰਾਨਕੁੰਨ ਤਬਦੀਲੀਆਂ ਕਰਕੇ ਇਨ੍ਹਾਂ ਸਥਿਤੀਆਂ ਦਾ ਦੋਵਾਂ ਪੰਜਾਬਾਂ ਤੋਂ ਬਾਹਰ ਵਸਦੇ ਪੰਜਾਬੀਆਂ ਉੱਪਰ ਵੀ ਡੂੰਘਾ ਅਸਰ ਪੈਂਦਾ ਹੈ। ਇਸ ਤਰ੍ਹਾਂ ਇਹ ਕੋਈ ਹੈਰਾਨੀ ਦੀ ਗੱਲ ਨਹੀਂ ਰਹਿ ਜਾਂਦੀ ਕਿ ਕਨੇਡਾ ਵਸਦੇ ਪੰਜਾਬੀ ਮਾਪੇ ਵੀ ਆਪਣੇ ਬੱਚਿਆਂ ਦੇ ਉੱਜਲੇ ਭਵਿੱਖ ਵਿੱਚ ਪੰਜਾਬੀ ਬੋਲੀ ਦੀ ਕੋਈ ਖਾਸ ਥਾਂ ਨਹੀਂ ਦੇਖ ਰਹੇ।

ਪੰਜਾਬੀਆਂ ਦੇ ਆਪਣੀ ਬੋਲੀ ਨਾਲ਼ ਰਿਸ਼ਤੇ 'ਚ ਪਏ ਇਨ੍ਹਾਂ ਵਿਗਾੜਾਂ ਕਾਰਨ ਅਗਲੀਆਂ ਪੀੜ੍ਹੀਆਂ ਨੂੰ ਪੰਜਾਬੀ ਨਾਲ਼ ਜੋੜਨ, ਪੰਜਾਬੀ ਨੂੰ ਕਨੇਡਾ ਦੇ ਵਿੱਦਿਅਕ ਅਦਾਰਿਆਂ ਵਿੱਚ ਸਥਾਪਿਤ ਕਰਵਾਉਣ ਅਤੇ ਇਸ ਨੂੰ ਇੱਕ ਕਨੇਡੀਅਨ ਬੋਲੀ ਵਜੋਂ ਮਾਨਤਾ ਦਿਵਾਉਣ ਵਲ ਲੋੜੀਂਦੇ ਕਦਮ ਨਹੀਂ ਪੁੱਟੇ ਜਾ ਰਹੇ। ਇੱਥੇ ਇਹ ਸਵਾਲ ਪੈਦਾ ਹੁੰਦਾ ਹੈ ਕਿ ਕਨੇਡਾ ਵਿੱਚ ਦੂਜੀਆਂ ਬੋਲੀਆਂ ਵਾਲੇ ਇਸ ਸੰਬੰਧੀ ਕੀ ਕਰ ਰਹੇ ਹਨ? ਉਦਾਹਰਨ ਵਜੋਂ, ਚੀਨੀ ਭਾਈਚਾਰੇ ਵੱਲੋਂ ਇਹੋ ਜਿਹੀ ਮੰਗ ਦੀ ਕਦੇ ਬਹੁਤੀ ਚਰਚਾ

---

155 *'ਅੰਗ੍ਰੇਜ਼ੀ ਦੀ ਚੱਕੀ 'ਚ ਪਿਸ ਰਹੇ ਭਾਰਤੀ ਬੱਚੇ'*, ਡਾਕਟਰ ਵੇਦ ਪ੍ਰਤਾਪ ਵੈਦਿਕ। ਹਮਦਰਦ ਵੀਕਲੀ, ਵੈਨਕੂਵਰ ਐਡੀਸ਼ਨ, ਮਈ 29, 2009, ਸਫਾ 4.

ਨਹੀਂ ਕੀਤੀ ਜਾਂਦੀ। ਕਾਰਨ ਹੈ ਕਿ ਚੀਨੀ ਅਤੇ ਇਹੋ ਜਿਹੀਆਂ ਹੋਰ ਕਈ ਬੋਲੀਆਂ ਦੀ ਸਥਿਤੀ ਪੰਜਾਬੀ ਨਾਲੋਂ ਵੱਖਰੀ ਹੈ। ਇਨ੍ਹਾਂ ਨੂੰ ਬੋਲਣ ਵਾਲੇ ਲੋਕਾਂ ਦੇ ਮਨਾਂ ਅੰਦਰ ਆਪਣੀ ਬੋਲੀ ਪ੍ਰਤੀ ਕਿਸੇ ਕਿਸਮ ਦੀ ਕੋਈ ਦੂਰੀ ਜਾਂ ਸਮੱਸਿਆ ਨਹੀਂ ਹੈ। ਇਨ੍ਹਾਂ ਪਿੱਛੇ ਤਾਕਤਵਰ ਸਰਕਾਰਾਂ ਹਨ ਜੋ ਆਪਣੀ ਬੋਲੀ ਵਾਸਤੇ ਹਰ ਲੋੜੀਂਦੀ ਗੱਲ ਕਰਨ ਲਈ ਤੱਤਪਰ ਰਹਿੰਦੀਆਂ ਹਨ। ਨਤੀਜੇ ਵਜੋਂ, ਕਨੇਡਾ ਵਿੱਚ ਜੰਮ-ਪਲ਼ ਰਹੇ ਚੀਨੀ ਪਿਛੋਕੜ ਦੇ ਬੱਚਿਆਂ ਵਿੱਚੋਂ ਅੱਸੀ ਪ੍ਰਤੀਸ਼ੱਤ ਤੋਂ ਵਧ ਆਪਣੀ ਬੋਲੀ ਪੜ੍ਹਨੀ ਤੇ ਲਿਖਣੀ ਸਿੱਖ ਰਹੇ ਹਨ। ਯੂ ਬੀ ਸੀ ਦੇ ਏਸ਼ੀਅਨ ਸਟੱਡੀਜ਼ ਡੀਪਾਰਟਮੈਂਟ ਵਿੱਚ ਜਿੱਥੇ ਪੰਜਾਬੀ ਨਾਲ਼ ਸੰਬੰਧਿਤ ਇੱਕ ਜਾਂ ਡੇਢ ਅਧਿਆਪਕ (ਫੈਕਲਟੀ) ਹੈ ਉੱਥੇ ਚੀਨੀ ਬੋਲੀ ਨਾਲ਼ ਸੰਬੰਧਿਤ ਵੀਹ ਤੋਂ ਉੱਤੇ ਫੈਕਲਟੀ ਦੇ ਮੈਂਬਰ ਹਨ। ਸਿਰਫ ਯੂ ਬੀ ਸੀ ਹੀ ਨਹੀਂ, ਹੋਰ ਬਹੁਤ ਸਾਰੀਆਂ ਯੂਨੀਵਰਸਿਟੀਆਂ ਵੱਲੋਂ ਵੀ ਚੀਨੀ ਵਿੱਚ ਹਰ ਪੱਧਰ ਦੀਆਂ ਡਿਗਰੀਆਂ ਤੱਕ ਦੀ ਪੜ੍ਹਾਈ ਕਰਵਾਈ ਜਾਂਦੀ ਹੈ। ਪੰਜਾਬੀ ਲਈ ਅਜੇ ਤੱਕ ਕਿਸੇ ਪਾਸੇ ਬੀ ਏ ਦੀ ਡਿਗਰੀ ਤੱਕ ਵੀ ਵਿਕਾਸ ਨਹੀਂ ਹੋ ਸਕਿਆ। ਕਨੇਡਾ ਵਿਚ ਗਿਣਤੀ ਪੱਖੋਂ ਘੱਟ ਹੋਣ ਦੇ ਬਾਵਜੂਦ ਜਪਾਨੀ ਜਾਂ ਕੋਰੀਅਨ ਭਾਸ਼ਾਵਾਂ ਦੀ ਸਥਿਤੀ ਵੀ ਪੰਜਾਬੀ ਨਾਲੋਂ ਕਿਤੇ ਬਿਹਤਰ ਹੈ। ਯੂਰਪੀਅਨ ਪਿਛੋਕੜ ਦੀਆਂ ਬੋਲੀਆਂ ਸਪੇਨੀ, ਇਤਾਲਵੀ, ਜਰਮਨ ਤੇ ਰੂਸੀ ਆਦਿ ਦਾ ਵੀ ਸਥਾਨ ਵੱਖਰਾ ਹੈ। ਕਨੇਡਾ ਦੀਆਂ ਅਨੇਕਾਂ ਯੂਨੀਵਰਸਿਟੀਆਂ ਵਿੱਚ ਇਹ ਬੋਲੀਆਂ ਅਤੇ ਇਨ੍ਹਾਂ ਦੇ ਸਾਹਿਤ ਨੂੰ 'ਮਾਡਰਨ ਲੈਂਗੂਏਜਜ਼' ਦੇ ਨਾਂ ਥੱਲੇ ਲੰਮੇ ਸਮੇਂ ਤੋਂ ਪੜ੍ਹਾਇਆ ਜਾ ਰਿਹਾ ਹੈ। ਕਈਆਂ ਯੂਨੀਵਰਸਿਟੀਆਂ ਵਿੱਚ ਇਨ੍ਹਾਂ ਜ਼ਬਾਨਾਂ ਦੇ ਵੱਖਰੇ ਵੱਖਰੇ ਵਿਭਾਗ ਹਨ। ਦੂਜੇ ਪਾਸੇ ਕਿਸੇ ਵੀ ਕਨੇਡੀਅਨ ਯੂਨੀਵਰਸਿਟੀ ਵੱਲੋਂ ਪੰਜਾਬੀ ਸਾਹਿਤ ਵਲ ਅਜੇ ਕੋਈ ਧਿਆਨ ਨਹੀਂ ਦਿੱਤਾ ਗਿਆ।

ਇਸ ਸਥਿਤੀ ਦਾ ਇੱਕ ਕਾਰਨ ਕਨੇਡਾ ਦਾ ਅੰਗ੍ਰੇਜ਼ੀ ਬੋਲੀ ਨਾਲ ਨੇੜਲਾ ਰਿਸ਼ਤਾ ਕਿਹਾ ਜਾ ਸਕਦਾ ਹੈ। ਬਾਵਜੂਦ ਇਸ ਗੱਲ ਦੇ ਕਿ ਕਨੇਡਾ ਦੁਨੀਆ ਵਿੱਚ ਬਹੁ-ਸੱਭਿਆਚਾਰਕ ਦੇਸ਼ ਵਜੋਂ ਜਾਣਿਆਂ ਤੇ ਸਤਿਕਾਰਿਆ ਜਾਂਦਾ ਹੈ, ਇਸ ਦੇ ਬਰਤਾਨੀਆਂ ਨਾਲ਼ ਸੰਬੰਧ ਅਜੇ ਵੀ ਗੂੜ੍ਹੇ ਮਾਂ-ਪੁੱਤਰ ਵਾਲੇ ਹਨ। ਜਿੱਥੇ ਦੂਜੇ ਮੁਲਕਾਂ ਨੇ ਆਪਣੀਆਂ ਆਜ਼ਾਦ ਹਸਤੀਆਂ ਕਾਇਮ ਕੀਤੀਆਂ ਹਨ ਉੱਥੇ ਕਨੇਡਾ ਅਜੇ ਵੀ ਇੰਗਲੈਂਡ ਦੀ ਰਾਣੀ ਨੂੰ ਆਪਣੀ ਰਾਣੀ ਮੰਨਦਾ ਹੈ ਤੇ ਹਰ ਵਰ੍ਹੇ ਉਸ ਨੂੰ ਵੱਡੀ ਰਕਮ ਅਦਾ ਕੀਤੀ ਜਾਂਦੀ ਹੈ। ਦੁਨੀਆ ਦੀ ਦੂਜੀ ਵੱਡੀ ਲੜਾਈ ਤੋਂ ਪਹਿਲਾਂ ਇੰਗਲੈਂਡ ਸਭ ਤੋਂ ਵੱਡੀ ਸਾਮਰਾਜੀ ਤਾਕਤ ਸੀ ਤੇ ਅਜੋਕੇ ਸਮੇਂ ਦੀ ਵੱਡੀ ਸਾਮਰਾਜੀ ਤਾਕਤ ਅਮਰੀਕਾ ਨਾਲ ਵੀ ਇਸ ਦਾ ਰਿਸ਼ਤਾ ਇੰਗਲੈਂਡ ਵਾਂਗ ਗੂੜ੍ਹਾ ਹੈ। ਇਹ ਦੋਵੇਂ ਸਾਮਰਾਜੀ ਤਾਕਤਾਂ ਦੁਨੀਆ ਵਿਚ ਆਪਣੀ ਸਰਦਾਰੀ ਕਾਇਮ ਰੱਖਣ ਲਈ ਅੰਗ੍ਰੇਜ਼ੀ ਬੋਲੀ ਨੂੰ ਬਹੁਤ ਮਹੱਤਵਪੂਰਨ ਸਮਝਦੀਆਂ ਹਨ। ਕਨੇਡਾ ਨੂੰ ਵੀ ਅੰਗ੍ਰੇਜ਼ੀ ਦੀ ਸਰਦਾਰੀ ਵਿਚੋਂ ਹਰ ਕਿਸਮ ਦਾ ਲਾਭ ਪ੍ਰਾਪਤ ਹੁੰਦਾ ਹੈ। ਇਸ ਦੇ ਨਤੀਜੇ ਵਜੋਂ ਕਨੇਡਾ ਅੰਗ੍ਰੇਜ਼ੀ ਜ਼ਬਾਨ ਵਾਸਤੇ ਜੇ ਵਧ ਨਹੀਂ ਤਾਂ ਇੰਗਲੈਂਡ ਤੇ ਅਮਰੀਕਾ ਜਿੰਨਾ ਹੀ ਪ੍ਰਤੀਬੱਧ ਹੈ। ਇਹੀ ਕਾਰਨ ਹੈ ਕਿ ਇਸ ਦੇ ਕਿਊਬਿਕ ਸੂਬੇ ਦੇ ਲੋਕਾਂ ਨੂੰ ਆਪਣੀ ਮਾਂ-ਬੋਲੀ ਫਰਾਂਸੀਸੀ ਨੂੰ ਕਾਇਮ ਰੱਖਣ ਲਈ ਲੰਮੀ ਲੜਾਈ ਕਰਨੀ ਪਈ ਤੇ ਅਜੇ ਵੀ ਕਰਨੀ

ਪੈ ਰਹੀ ਹੈ। ਇੱਕ ਪੱਧਰ 'ਤੇ ਦੂਜੇ ਸੱਭਿਆਚਾਰਾਂ ਨੂੰ ਜੀ ਆਇਆਂ ਕਹਿੰਦਾ ਇਹ ਮੁਲਕ ਦੂਜੀਆਂ ਬੋਲੀਆਂ ਦੀ ਹੋਂਦ ਮੰਨਣ ਤੋਂ ਇਨਕਾਰੀ ਹੈ।

ਭਾਵੇਂ ਦੋ ਸਰਕਾਰੀ ਬੋਲੀਆਂ ਤੋਂ ਇਲਾਵਾ ਬਾਕੀ ਦੀਆਂ ਸਾਰੀਆਂ ਬੋਲੀਆਂ ਹੀ ਕਨੇਡਾ ਵਿਚ ਵਿਦੇਸ਼ੀ ਹਨ ਪਰ ਜਿਸ ਤਰ੍ਹਾਂ ਉੱਪਰ ਵਿਚਾਰਿਆ ਗਿਆ ਹੈ ਕਿ ਦੂਜੀਆਂ ਬਹੁਤੀਆਂ ਬੋਲੀਆਂ ਦੀ ਸਥਿਤੀ ਵੱਖਰੀ ਹੈ। ਇਸ ਲਈ ਪੰਜਾਬੀ ਬੋਲੀ ਨੂੰ ਕਨੇਡਾ 'ਚ ਪ੍ਰਫੁੱਲਤ ਹੋਣ ਵਾਸਤੇ ਇਹ ਸੰਘਰਸ਼ ਜ਼ਰੂਰ ਕਰਨਾ ਪਵੇਗਾ ਕਿ ਇਸ ਨੂੰ ਕਨੇਡਾ ਵਿੱਚ ਇੱਕ ਕਨੇਡੀਅਨ ਬੋਲੀ ਵਜੋਂ ਮਾਨਤਾ ਮਿਲੇ ਅਤੇ ਕਨੇਡੀਅਨ ਸਟੇਟ ਇਸ ਦੇ ਵਿਕਾਸ ਵਿੱਚ ਆਰਥਿਕ ਵਸੀਲੇ ਲਾਵੇ। ਕਨੇਡਾ ਵਸਦੇ ਪੰਜਾਬੀਆਂ ਨੇ ਗਦਰ ਪਾਰਟੀ ਤੇ ਕਾਮਾਗਾਟਾ ਮਾਰੂ (ਜਿਸ ਦੀ 2014 ਵਿਚ ਸ਼ਤਾਬਦੀ ਮੰਨਾਈ ਗਈ ਹੈ) ਤੋਂ ਲੈ ਕੇ ਹਰ ਕਿਸਮ ਦੀਆਂ ਮੁਸ਼ਕਿਲਾਂ ਦੇ ਬਾਵਜੂਦ ਜੋ ਹੈਰਾਨਕੁਨ ਤਰੱਕੀ ਕੀਤੀ ਹੈ ਤੇ ਆਪਣੇ ਲਈ ਇਸ ਮੁਲਕ ਵਿਚ ਇਕ ਵਧੀਆ ਸਥਾਨ ਸਥਾਪਤ ਕੀਤਾ ਹੈ ਉਸ ਨੂੰ ਧਿਆਨ ਵਿਚ ਰੱਖਦਿਆਂ ਇਹ ਆਸ ਕੀਤੀ ਜਾ ਸਕਦੀ ਹੈ ਕਿ ਜੇ ਪੰਜਾਬੀ ਬੋਲੀ ਦੇ ਭਵਿੱਖ ਬਾਰੇ ਫਿਕਰ ਵੀ ਏਥੇ ਵਸਦੇ ਆਮ ਪੰਜਾਬੀਆਂ ਦੇ ਫਿਕਰਾਂ ਦਾ ਹਿੱਸਾ ਬਣ ਜਾਵੇ ਤਾਂ ਕੁਝ ਵੀ ਅਸੰਭਵ ਨਹੀਂ।

7.

ਕਨੇਡਾ ਵਿੱਚ ਪੰਜਾਬੀ ਦੀ ਮੌਜੂਦਾ ਸਥਿਤੀ

7.1

ਪੰਜਾਬੀ ਭਾਸ਼ਾ ਦੀ ਮਾਨਤਾ ਦਾ ਮਸਲਾ[156]

ਜਿਸ ਤਰ੍ਹਾਂ ਪਹਿਲਾਂ ਵੀ ਇਸ ਬਾਰੇ ਚਰਚਾ ਕੀਤੀ ਜਾ ਚੁੱਕੀ ਹੈ ਕਿ ਪੰਜਾਬੀ ਵਾਸਤੇ ਇਹ ਮਸਲਾ ਦੂਜੀਆਂ ਬੋਲੀਆਂ ਨਾਲੋਂ ਜ਼ਿਆਦਾ ਗੰਭੀਰ ਹੈ। ਇਸ ਨੂੰ ਧਿਆਨ ’ਚ ਰੱਖ ਕੇ ਪਲੀ ਵੱਲੋਂ ਪਿਛਲੇ ਬਾਰ੍ਹਾਂ ਤੇਰ੍ਹਾਂ ਸਾਲਾਂ ਤੋਂ ਹਰ ਅੰਤਰਰਾਸ਼ਟਰੀ ਮਾਂ-ਬੋਲੀ ਦਿਨ ’ਤੇ ਪੰਜਾਬੀ ਬੋਲੀ ਨੂੰ ਕਨੇਡਾ ਵਿੱਚ ਕਨੇਡੀਅਨ ਬੋਲੀ ਵਜੋਂ ਮਾਨਤਾ ਦਿਵਾਉਣ ਬਾਰੇ ਗੱਲਬਾਤ ਕੀਤੀ ਜਾਂਦੀ ਰਹੀ ਹੈ। ਪਲੀ ਦੇ ਇਨ੍ਹਾਂ ਇਕੱਠਾਂ ਵਿੱਚ ਸਥਾਨਕ ਪੰਜਾਬੀ ਭਾਈਚਾਰੇ ਵਿਚਲੇ ਵੀ ਤੇ ਵੱਡੇ ਕਨੇਡੀਅਨ ਭਾਈਚਾਰੇ ਵਿੱਚੋਂ ਵੀ ਸਿਆਸੀ ਲੋਕ ਸ਼ਿਰਕਤ ਕਰਦੇ ਹਨ। ਇਹ ਆਗੂ ਸਾਰੀਆਂ ਵੱਡੀਆਂ ਸਿਆਸੀ ਪਾਰਟੀਆਂ - ਐੱਨ ਡੀ ਪੀ, ਲਿਬਰਲ ਤੇ ਕੰਜ਼ਰਵੇਟਿਵ - ਵਿੱਚੋਂ ਹੁੰਦੇ ਹਨ ਅਤੇ ਤਿੰਨਾਂ ਪੱਧਰਾਂ - ਮਿਊਂਸਪਲ, ਸੂਬਾ ਅਤੇ ਕੇਂਦਰ - ਦੀਆਂ ਸਰਕਾਰਾਂ ਤੋਂ ਹੁੰਦੇ ਹਨ। ਪਲੀ ਵੱਲੋਂ, ਅਤੇ ਇਕੱਠ ਵਿੱਚ ਆਏ ਹੋਰ ਲੋਕਾਂ ਵੱਲੋਂ ਵੀ, ਪੰਜਾਬੀ ਬੋਲੀ ਨੂੰ ਕਨੇਡਾ ਵਿੱਚ ਮਾਨਤਾ ਦਿਵਾਉਣ ਬਾਰੇ ਉਹ ਸਾਰੇ ਵਿਚਾਰ ਸੁਣਦੇ ਹਨ ਅਤੇ ਬਹੁਤੀਆਂ ਗੱਲਾਂ ਨਾਲ਼ ਸਹਿਮਤ ਵੀ ਹੁੰਦੇ ਜਾਪਦੇ ਹਨ। ਪਰ ਅਜੇ ਤੱਕ ਕਿਸੇ ਵੀ ਸਿਆਸੀ ਆਗੂ ਨੇ ਇਸ ਬਾਰੇ ਔਟਵਾ ਜਾ ਕੇ ਇਹ ਮਸਲਾ ਉਠਾਉਣ ਦੀ ਹਿੰਮਤ ਨਹੀਂ ਕੀਤੀ। ਏਥੇ ਇਹ ਗੱਲ ਕਰਨ ਤੋਂ ਮਕਸਦ ਇਨ੍ਹਾਂ ਸਿਆਸੀ ਆਗੂਆਂ ਦੀ ਬੇਲੋੜੀ ਅਲੋਚਨਾ ਕਰਨ ਤੋਂ ਨਹੀਂ। ਉਨ੍ਹਾਂ ਦੇ ਅਜਿਹਾ ਨਾ ਕਰ ਸਕਣ ਪਿੱਛੇ ਬਹੁਤ ਸਾਰੇ ਕਾਰਨ ਸਮਝ ਪੈਂਦੇ ਹਨ।

ਪੰਜਾਬੀ ਬੋਲੀ ਨੂੰ ਕਨੇਡਾ ਵਿੱਚ ਕੌਮੀ ਪੱਧਰ ’ਤੇ ਮਾਨਤਾ ਦਿਵਾਉਣ ਦਾ ਮਸਲਾ ਕਾਫੀ ਗੁੰਝਲਦਾਰ ਹੈ। ਦੂਜੀਆਂ ਬੋਲੀਆਂ ਨੂੰ ਕੌਮੀ ਪੱਧਰ ’ਤੇ ਕਨੇਡੀਅਨ ਬੋਲੀਆਂ ਵਜੋਂ ਮਾਨਤਾ ਦੇਣ ਦਾ ਫੈਸਲਾ ਕੇਂਦਰ ਸਰਕਾਰ ਦੇ ਅਧਿਕਾਰ ਵਿੱਚ ਹੈ। ਇੱਕ ਪਾਸੇ ਬਹੁ-ਸੱਭਿਆਚਾਰਕ ਮੁਲਕ ਹੋਣ ਦੇ ਬਾਵਜੂਦ ਕਨੇਡੀਅਨ ਸਰਕਾਰ ਦੀ ਭਾਸ਼ਾ ਨੀਤੀ ਸਿਰਫ ਅੰਗ੍ਰੇਜ਼ੀ ਅਤੇ ਫਰਾਂਸੀਸੀ ਨੂੰ ਹੀ ਕਨੇਡੀਅਨ ਬੋਲੀਆਂ ਮੰਨਦੀ ਹੈ। ਦੂਜੇ ਪਾਸੇ ਪੰਜਾਬੀ ਭਾਈਚਾਰਾ ਹੁਣ ਕਨੇਡੇ ਦਾ ਇੱਕ ਸਥਾਪਿਤ ਤੇ ਮੁਕਾਬਲਤਨ ਤਾਕਤਵਰ ਹਿੱਸਾ ਹੋਣ ਦੇ ਬਾਵਜੂਦ, ਬੋਲੀ ਨਾਲ ਰਿਸ਼ਤੇ ਵਿਚਲੇ ਅਨੇਕਾਂ ਕਾਰਨਾਂ ਵੱਸ, ਕਨੇਡਾ ਦੀ ਭਾਸ਼ਾ ਨੀਤੀ ਨੂੰ ਵੰਗਾਰ ਨਹੀਂ ਰਿਹਾ। ਇਸ ਵੇਲੇ ਕਨੇਡੀਅਨ ਭਾਸ਼ਾ ਨੀਤੀ ਬਾਰੇ

---

[156] ਏਥੇ ਸਾਂਝੀ ਕੀਤੀ ਜਾ ਰਹੀ ਜਾਣਕਾਰੀ 27-28 ਜੂਨ, 2009 ਨੂੰ ਸਰ੍ਹੀ ਬੀ ਸੀ ’ਚ ਹੋਈ ਕਾਂਨਫਰੰਸ ਸਮੇਂ ਪੜ੍ਹੇ ਪੇਪਰ - ‘ਕਨੇਡਾ ਵਿੱਚ ਪੰਜਾਬੀ ਭਾਸ਼ਾ ਦੀ ਮਾਨਤਾ’ :http://plea4punjabi.wordpress.com/ - ’ਤੇ ਅਧਾਰਿਤ ਹੈ।

ਅਤੇ ਕਨੇਡਾ ਵਿੱਚ ਦੂਜੀਆਂ ਬੋਲੀਆਂ ਦੇ ਵਿਕਾਸ ਦੀ ਸੰਭਾਵਨਾ ਬਾਰੇ ਜਾਨਣ ਦੀ ਜ਼ਰੂਰਤ ਹੈ ਅਤੇ ਇਸ ਨੀਤੀ ਨੂੰ ਵੰਗਾਰਨ ਦੀ ਲੋੜ ਹੈ। ਨਾਲ਼ ਹੀ ਇਸ ਗੱਲ ਬਾਰੇ ਵੀ ਲੇਖਾ ਜੋਖਾ ਕਰਨਾ ਜ਼ਰੂਰੀ ਹੈ ਕਿ ਪੰਜਾਬੀ ਬੋਲੀ ਨੂੰ ਕਨੇਡਾ ਵਿੱਚ ਅਗਲੀਆਂ ਪੀੜ੍ਹੀਆਂ ਵਿੱਚ ਜੀਉਂਦਾ ਰੱਖਣ ਲਈ ਇਸ ਵੇਲੇ ਕੀ ਕਰਨ ਦੀ ਲੋੜ ਹੈ ਅਤੇ ਨਾਲ ਹੀ ਕੀ ਕੀਤਾ ਜਾ ਸਕਦਾ ਹੈ। ਇਸ ਹਿੱਸੇ ਵਿੱਚ ਮੁੱਖ ਤੌਰ ’ਤੇ ਇਨ੍ਹਾਂ ਦੋ ਨੁਕਤਿਆਂ ਬਾਰੇ ਚਰਚਾ ਕੀਤੀ ਜਾਵੇਗੀ: ੧) ਕਨੇਡੀਅਨ ਸਰਕਾਰ ਦੀ ਭਾਸ਼ਾ ਨੀਤੀ। ੨) ਪੰਜਾਬੀ ਦੀ ਮੌਜੂਦਾ ਸਥਿਤੀ।

7.2

ਕਨੇਡੀਅਨ ਸਰਕਾਰ ਦੀ ਭਾਸ਼ਾ ਨੀਤੀ।

ਬੋਲੀ ਹੀ ਉਹ ਮਾਧਿਅਮ ਹੈ ਜਿਸ ਰਾਹੀਂ ਸੱਭਿਆਚਾਰ ਦੀਆਂ ਕਦਰਾਂ ਕੀਮਤਾਂ, ਰੀਤੀ ਰਿਵਾਜ, ਜੀਵਨ ਦਰਸ਼ਨ, ਵਿਸ਼ਵਾਸ ਆਦਿ ਸਭ ਕੁਝ ਆਪਣੇ ਅਸਲੀ ਰੂਪ ਵਿਚ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਪਹੁੰਚਦੇ ਹਨ। ਬੋਲੀ ਦੇ ਏਨਾ ਮਹੱਤਵਪੂਰਨ ਹੋਣ ਦੇ ਬਾਵਜੂਦ, ਅਤੇ ਸ਼ਾਇਦ ਇਸੇ ਕਰਕੇ ਹੀ, ਬਹੁ-ਸੱਭਿਆਚਾਰਕ ਮੁਲਕ ਕਨੇਡਾ ਅੰਗ੍ਰੇਜ਼ੀ ਅਤੇ ਫਰਾਂਸੀਸੀ ਤੋਂ ਬਿਨਾਂ ਦੂਜੀਆਂ ਬੋਲੀਆਂ ਦੀ ਹੋਂਦ ਮੰਨਣ ਤੋਂ ਇਨਕਾਰੀ ਹੈ। ਅਜੋਕੀ ਅਸਲੀਅਤ ਇਹ ਹੈ ਕਿ ਦੋਵਾਂ ਹੀ ਸਰਕਾਰੀ ਬੋਲੀਆਂ ਬੋਲਣ ਵਾਲੇ ਲੋਕਾਂ ਦੀ ਸੰਖਿਆ ਲਗਾਤਾਰ ਘਟ ਰਹੀ ਹੈ।

ਜਿੱਥੇ ਘਰ ਵਿਚ ਸਿਰਫ ਅੰਗ੍ਰੇਜ਼ੀ ਬੋਲਣ ਵਾਲੇ ਲੋਕਾਂ ਦੀ ਪ੍ਰਤੀਸ਼ੱਤ 2001 ਵਿਚ 61.6 ਸੀ ਤੇ 2006 ਵਿਚ 60.3 ਤੇ ਹੁਣ 2011 ਵਿਚ ਇਹ 58.0 ਰਹਿ ਗਈ ਹੈ। ਇਸੇ ਤਰ੍ਹਾਂ ਘਰ ਵਿਚ ਸਿਰਫ ਫਰਾਂਸੀਸੀ ਬੋਲਣ ਵਾਲੇ ਲੋਕਾਂ ਦੀ ਪ੍ਰਤੀਸ਼ੱਤ 2001 ਵਿਚ 19.8 ਸੀ ਤੇ 2006 ਵਿਚ 19.1 ਤੇ ਹੁਣ 2011 ਵਿਚ ਇਹ 18.2 ਰਹਿ ਗਈ ਹੈ। ਉੱਥੇ ਦੂਜੀਆਂ ਬੋਲੀਆਂ ਦੀ ਸੰਖਿਆ ਵੱਧ ਰਹੀ ਹੈ। ਜਿੱਥੇ 2001 ਵਿਚ 5.7 ਪ੍ਰਤੀਸ਼ੱਤ ਲੋਕ ਘਰ ਵਿਚ ਅੰਗ੍ਰੇਜ਼ੀ ਅਤੇ ਫਰਾਂਸੀਸੀ ਤੋਂ ਬਿਨਾਂ ਕੋਈ ਹੋਰ ਜ਼ਬਾਨ ਬੋਲਦੇ ਸਨ, 2011 ਉਨ੍ਹਾਂ ਦੀ ਗਿਣਤੀ ਵਧ ਕੇ 6.5 ਪ੍ਰਤੀਸ਼ੱਤ ਹੋ ਗਈ ਹੈ[157]। ਪਰ ਇਸ ਸਚਾਈ ਦੇ ਬਾਵਜੂਦ ਬਾਕੀ ਦੀਆਂ ਸਾਰੀਆਂ ਬੋਲੀਆਂ ਨੂੰ ਕਨੇਡਾ ਵਿਚ ਵਿਦੇਸ਼ੀ ਬੋਲੀਆਂ ਮੰਨਿਆਂ ਜਾਂਦਾ ਹੈ ਅਤੇ ਉਨ੍ਹਾਂ ਬਾਰੇ ਗੱਲ ਕਰਨ ਸਮੇਂ ਵੱਖਰੇ ਵੱਖਰੇ ਸੰਬੋਧਨ ਵਰਤੇ ਜਾਂਦੇ ਹਨ: ਬਦੇਸ਼ੀ ਭਾਸ਼ਾ, ਅਧੁਨਿਕ ਭਾਸ਼ਾ, ਵਿਰਸੇ ਦੀ ਭਾਸ਼ਾ (ਹੈਰੀਟੇਜ ਲੈਂਗੂਏਜ), ਅੰਤਰਰਾਸ਼ਟਰੀ ਭਾਸ਼ਾ (ਇੰਟਰਨੈਸ਼ਨਲ ਲੈਂਗੁਏਜਜ਼), ਆਵਾਸੀ ਭਾਸ਼ਾ (ਇਮੀਗਰੈਂਟ ਲੈਂਗੂਏਜ), ਘਰੇਲੂ ਭਾਸ਼ਾ (ਹੋਮ ਲੈਂਗੂਏਜ), ਭਾਈਚਾਰੇ ਦੀ ਭਾਸ਼ਾ (ਕਮਿਊਨਿਟੀ ਲੈਂਗੂਏਜ), ਦੂਜੀ ਭਾਸ਼ਾ, ਤੀਜੀ ਭਾਸ਼ਾ ਤੇ ਮਾਂ-ਬੋਲੀ ਆਦਿ।

---

157 http://www12.statcan.gc.ca/census-recensement/2011/as-sa/98-314-x/2011001/tbl/tbl5-eng.cfm

ਏਥੇ ਕੌਮੀ ਪੱਧਰ 'ਤੇ ਸਿਰਫ ਅੰਗ੍ਰੇਜ਼ੀ ਅਤੇ ਫਰਾਂਸੀਸੀ ਨੂੰ ਹੀ ਸਰਕਾਰੀ ਮਾਨਤਾ ਪ੍ਰਾਪਤ ਹੈ ਅਤੇ ਕਾਨੂੰਨੀ ਤੌਰ 'ਤੇ ਦੁਭਾਸ਼ੀ ਸਿਰਫ ਉਸ ਨੂੰ ਹੀ ਮੰਨਿਆਂ ਜਾਂਦਾ ਹੈ ਜਿਹੜਾ ਇਹ ਦੋਵੇਂ ਸਰਕਾਰੀ ਭਾਸ਼ਾਵਾਂ ਬੋਲਦਾ ਹੋਵੇ। ਇਸ ਹਿਸਾਬ ਨਾਲ ਕਨੇਡਾ ਵਿਚ 83% ਤੋਂ ਵਧ ਲੋਕ ਸਿਰਫ ਇਕ ਹੀ ਜ਼ਬਾਨ ਬੋਲਣ ਵਾਲੇ ਹਨ। ਜਦ ਵੀ ਭਾਸ਼ਾ ਨੀਤੀ ਦੀ ਗੱਲ ਹੁੰਦੀ ਹੈ ਤਾਂ ਉਹ ਸਿਰਫ ਦੋ ਸਰਕਾਰੀ ਬੋਲੀਆਂ ਦੀ ਹੀ ਹੁੰਦੀ ਹੈ। ਭਾਸ਼ਾਵਾਂ ਦੇ ਹੱਕਾਂ ਬਾਰੇ ਦੂਜੇ ਯੁਰਪੀਅਨ ਲੋਕਾਂ, ਖਾਸ ਕਰ, ਯੁਕਰੇਰੀਅਨਾਂ ਅਤੇ ਇਟੈਲੀਅਨਾਂ ਨੇ ਪਿਛਲੀ ਸਦੀ ਦੇ ਪੰਜਵੇਂ ਛੇਵੇਂ ਦਹਾਕੇ ਦੌਰਾਨ ਕਾਫੀ ਸੰਘਰਸ਼ ਕੀਤਾ ਪਰ ਕਨੇਡਾ ਦੀਆਂ ਦੋਵੇਂ ਵੱਡੀਆਂ ਭਾਸ਼ਾਵਾਂ ਦੂਜੀਆਂ ਬੋਲੀਆਂ ਨੂੰ ਹੱਕ ਦੇਣ ਦੇ ਵਿਰੋਧ 'ਚ ਸਨ। ਦੂਜੇ ਭਾਈਚਾਰਿਆਂ ਦੀਆਂ ਇਨ੍ਹਾਂ ਸਰਗਰਮੀਆਂ ਦੇ ਨਤੀਜੇ ਵਜੋਂ ਕਨੇਡਾ ਨੂੰ ਬਹੁ-ਸੱਭਿਆਚਾਰਕ ਮੁਲਕ ਤਾਂ ਮੰਨ ਲਿਆ ਗਿਆ ਪਰ ਦੂਜੀਆਂ ਬੋਲੀਆਂ ਨੂੰ ਕਨੇਡੀਅਨ ਮੰਨਣ ਤੋਂ ਇਨਕਾਰ ਕੀਤਾ ਗਿਆ। ਪੀਅਰ ਟਰੂਡੋ ਸਮੇਂ 1969 ਵਿਚ ਪਹਿਲਾ ਸਰਕਾਰੀ ਭਾਸ਼ਾ ਕਾਨੂੰਨ (ਆਫੀਸ਼ੀਅਲ ਲੈਂਗੁਏਜ ਐਕਟ) ਪਾਸ ਕੀਤਾ ਗਿਆ ਸੀ ਜਿਸ ਨੂੰ 1988 ਵਿਚ ਸੋਧਿਆ ਗਿਆ[158]। ਕਨੇਡਾ ਦੀਆਂ ਦੋ ਸਰਕਾਰੀ ਭਾਸ਼ਾਵਾਂ ਤੋਂ ਬਿਨਾਂ ਕਿਸੇ ਹੋਰ ਜ਼ਬਾਨ ਦਾ ਉਸ ਵਿਚ ਜ਼ਿਕਰ ਨਹੀਂ ਹੈ। ਜਦੋਂ ਘੱਟ ਗਿਣਤੀ ਜ਼ਬਾਨ ਦੇ ਹੱਕਾਂ ਦੀ ਗੱਲ ਹੁੰਦੀ ਹੈ ਤਾਂ ਉਹ ਅੰਗ੍ਰੇਜ਼ੀ ਬੋਲਦੇ ਇਲਾਕੇ ਵਿਚ ਫਰਾਂਸੀਸੀ ਬੋਲੀ ਹੁੰਦੀ ਹੈ ਤੇ ਫਰਾਂਸੀਸੀ ਬੋਲਦੇ ਇਲਾਕੇ ਵਿਚ ਅੰਗ੍ਰੇਜ਼ੀ ਹੁੰਦੀ ਹੈ।

ਕਨੇਡਾ ਦੀ ਕੇਂਦਰੀ ਸਰਕਾਰ ਇਨ੍ਹਾਂ ਦੋ ਸਰਕਾਰੀ ਬੋਲੀਆਂ ਦੇ ਵਿਕਾਸ ਵਾਸਤੇ ਵੱਡੀ ਪੱਧਰ 'ਤੇ ਯੋਜਨਾਵਾਂ ਬਣਾਉਂਦੀ ਹੈ ਅਤੇ ਪੈਸੇ ਖਰਚਦੀ ਹੈ। ਉਦਾਹਰਨ ਵਜੋਂ, ਜੂਨ 2008 ਵਿਚ ਸਰਕਾਰ ਨੇ ਇਕ "ਰੋਡਮੈਪ ਫਾਰ ਲਿੰਗੁਇਸਟਿਕ ਡੁਐਲਿਟੀ ਇਨ ਕੈਨੇਡਾ 2008-2013" ਰੀਲੀਜ਼ ਕੀਤਾ। ਇਸ ਅਨੁਸਾਰ ਇਨ੍ਹਾਂ ਪੰਜਾਂ ਸਾਲਾਂ ਵਿਚ ਸਰਕਾਰ ਨੇ 1.1 ਬਿਲੀਅਨ ਡਾਲਰ ਇਨ੍ਹਾਂ ਬੋਲੀਆਂ ਦੇ ਵਿਕਾਸ ਲਈ ਵੱਖਰੇ ਵੱਖਰੇ ਭਾਈਚਾਰਿਆਂ ਵਿਚ ਖਰਚਣੇ ਸਨ[159]। ਇਨ੍ਹਾਂ ਪੈਸਿਆਂ ਦਾ ਇਨ੍ਹਾਂ ਬੋਲੀਆਂ ਉੱਪਰ ਵਿਦਿਅਕ ਅਦਾਰਿਆ ਰਾਹੀਂ ਖਰਚ ਹੋਣ ਵਾਲੇ ਪੈਸੇ ਨਾਲ ਕੋਈ ਸਬੰਧ ਨਹੀਂ ਸੀ।

ਯੂ ਐਨ ਅਨੁਸਾਰ ਇਸ ਵੇਲੇ ਦੁਨੀਆਂ ਵਿਚ 193 ਮੁਲਕ ਹਨ ਜਦ ਕਿ ਬੋਲੀਆਂ ਦੀ ਗਿਣਤੀ ਪੰਜ ਤੋਂ ਸੱਤ ਹਜ਼ਾਰ ਤੱਕ ਦੱਸੀ ਜਾਂਦੀ ਹੈ। ਵੱਡੀ ਗਿਣਤੀ ਮੁਲਕ ਬਹੁ-ਭਾਸ਼ਾਵੀ ਹਨ ਅਤੇ ਉਨ੍ਹਾਂ ਵਿੱਚੋਂ ਬਹੁਤਿਆਂ ਨੇ ਲੋੜ ਅਨੁਸਾਰ ਭਾਸ਼ਾ ਨੀਤੀਆਂ ਤਿਆਰ ਕੀਤੀਆਂ ਹੋਈਆਂ ਹਨ ਜਿਨ੍ਹਾਂ ਵਿਚ ਉਹ ਘੱਟ ਗਿਣਤੀ ਬੋਲੀਆਂ ਨੂੰ ਵੀ ਮਾਨਤਾ ਦਿੰਦੇ ਹਨ। ਉਦਾਹਰਨ ਵਜੋਂ, ਭਾਰਤ ਵਿੱਚ ਵੀਹ ਤੋਂ ਉੱਤੇ ਬੋਲੀਆਂ ਸਰਕਾਰੀ ਹੋਣ ਦਾ ਦਰਜਾ ਰੱਖਦੀਆਂ ਹਨ। ਯੂਰਪ ਦੇ ਬਹੁਤ ਸਾਰੇ ਮੁਲਕਾਂ ਅਤੇ ਅਸਟ੍ਰੇਲੀਆ ਆਦਿ ਨੇ ਆਪਣੀਆਂ ਭਾਸ਼ਾ ਨੀਤੀਆਂ ਤਿਆਰ ਕੀਤੀਆਂ ਹੋਈਆਂ ਹਨ ਪਰ ਕਨੇਡਾ ਇਸ ਪੱਖੋਂ ਕਾਫੀ ਪਛੜਿਆ ਹੋਇਆ ਹੈ। 'ਕੈਨੇਡੀਅਨ ਫੈਡਰੇਸ਼ਨ ਫਾਰ ਦਾ ਹਿਊਮੈਨੀਟੀਜ਼ ਐਂਡ ਸੋਸ਼ਿਲ ਸਾਇੰਸਜ਼' ਦੀ 4 ਜਨਵਰੀ, 2002 ਦੀ ਇੱਕ

---

158 Ref. http://culturalpolicies.net/web/canada.php?aid=422
159 ਉੱਪਰ ਵਾਲਾ ਹੀ

ਲਿਖਤ ''ਸੈਟਿੰਗ ਏਜੰਡਾਜ਼ ਫਾਰ ਲੈਂਗੂਏਜ ਐਜੂਕੇਸ਼ਨ ਇਨ ਕੈਨੇਡਾ: ਫਿਲਿੰਗ ਏ ਨੈਸ਼ਨਲ ਵੋਇਡ''[160] ਅਨੁਸਾਰ:

> ਇਹ ਗੱਲ ਸਾਫ ਹੈ ਕਿ ਕਨੇਡਾ ਇੱਕ ਕੌਮੀ ਪੱਧਰ ਦੀ ਸੰਯੁਕਤ ਭਾਸ਼ਾਈ ਵਿੱਦਿਆ ਨੀਤੀ ਦੀ ਕਮੀ ਵਿੱਚ, ਭਾਸ਼ਾਈ ਵਿੱਦਿਆ ਦੀ ਮਹੱਤਤਾ ਬਾਰੇ ਖੋਜ ਦੀ ਕਮੀ ਵਿੱਚ ਅਤੇ ਆਧੁਨਿਕ ਭਾਸ਼ਾਈ ਵਿੱਦਿਆ ਨਾਲ਼ ਜੁੜੇ ਮਸਲਿਆਂ ਤੋਂ ਦੂਰੀ ਰੱਖਣ ਵਿੱਚ, ਦੂਜੇ ਵਿਕਸਤ ਮੁਲਕਾਂ ਤੋਂ ਵੀ ਪਿੱਛੇ ਹੈ। *(ਭਾਵ ਕਿ ਇਨ੍ਹਾਂ ਗੱਲਾਂ ਵਿੱਚ ਦੂਜੇ ਵਿਕਸਤ ਮੁਲਕ ਵੀ ਪਿੱਛੇ ਹਨ ਪਰ ਕਨੇਡਾ ਉਨ੍ਹਾਂ ਤੋਂ ਵੀ ਪਿੱਛੇ ਹੈ)।* ਇੱਕੀਵੀਂ ਸਦੀ ਦੇ ਇੱਕ ਸਮਾਜ ਵਜੋਂ ਕਨੇਡਾ ਹੁਣ ਇਸ ਗੱਲੋਂ ਸੰਤੁਸ਼ਟਤਾ ਨਹੀਂ ਮਹਿਸੂਸ ਕਰ ਸਕਦਾ ਕਿ ਉਹ ਭਾਸ਼ਾ ਦੀ ਵਿੱਦਿਆ ਵਲ ਬੇਨੇਮੀ ਤੇ ਟੁਕੜਿਆਂ ਵਿੱਚ ਵੰਡੀ ਪਹੁੰਚ ਅਪਣਾਈ ਰੱਖੇ: ਅਜਿਹਾ ਕਰਦੇ ਰਹਿਣ ਨਾਲ਼ ਇਸ ਗੱਲ ਦਾ ਖਤਰਾ ਹੈ ਕਿ ਕਨੇਡਾ ਦੂਜੇ ਮੁਲਕਾਂ ਤੋਂ ਏਨਾ ਪਿੱਛੇ ਰਹਿ ਜਾਵੇ ਕਿ ਮੁੜ ਸੰਭਲ ਨਾ ਸਕੇ।

ਕਨੇਡਾ ਦੀ ਪੈਂਤੀ ਮਿਲੀਅਨ ਦੀ ਅਬਾਦੀ ਵਿਚ ਹੁਣ ਵੱਡੀ ਗਿਣਤੀ ਸਰਕਾਰੀ ਬੋਲੀਆਂ ਤੋਂ ਇਲਾਵਾ ਦੂਜੀਆਂ ਬੋਲੀਆਂ ਬੋਲਣ ਵਾਲੀ ਹੈ। 2011 ਦੀ ਮਰਦਮਸ਼ੁਮਾਰੀ ਅਨੁਸਾਰ ਕਨੇਡਾ ਦੇ 24% ਲੋਕ ਅੰਗ੍ਰੇਜ਼ੀ ਜਾਂ ਫਰਾਂਸੀਸੀ ਤੋਂ ਬਿਨਾਂ ਘਰ ਵਿਚ ਕੋਈ ਹੋਰ ਬੋਲੀ ਬੋਲਦੇ ਹਨ। ਇਹ ਸਚਾਈ ਹੈ ਕਿ ਪਿਛਲੇ ਕੁਝ ਦਹਾਕਿਆਂ ਦੌਰਾਨ ਕਨੇਡਾ ਵਿਚ ਗੈਰ-ਚਿੱਟੇ ਲੋਕਾਂ ਨਾਲ ਹੁੰਦਾ ਨਸਲੀ ਵਿਤਕਰਾ ਕੁਝ ਹੱਦ ਤੱਕ ਘਟਿਆ ਹੈ ਅਤੇ ਇਕ ਬਹੁ-ਸੱਭਿਆਚਾਰਕ ਮੁਲਕ ਵਜੋਂ ਦੁਨੀਆਂ ਭਰ ਵਿਚ ਇਸ ਦੀ ਪਛਾਣ ਉੱਭਰੀ ਹੈ। ਪਰ ਜਿੱਥੇ ਤੱਕ ਭਾਸ਼ਾ ਦਾ ਸਬੰਧ ਹੈ ਕਨੇਡਾ ਵਿੱਚ ਵਿਤਕਰਾ ਪੂਰੀ ਤਰ੍ਹਾਂ ਕਾਇਮ ਹੈ ਜਿਸ ਨੂੰ ਭਾਸ਼ਾਈ ਵਿਤਕਰਾ (ਲਿੰਗਿਊਸਿਜ਼ਮ) ਕਿਹਾ ਜਾਂਦਾ ਹੈ। ਏਥੇ ਜਾਂ ਤਾਂ ਦੂਜੀਆਂ ਬੋਲੀਆਂ ਦੀ ਹੋਂਦ ਨੂੰ ਸਵੀਕਾਰਨ ਤੋਂ ਹੀ ਨਾਂਹ ਕੀਤੀ ਜਾਂਦੀ ਹੈ ਪਰ ਜਿੱਥੇ ਕਿਤੇ ਦੂਜੀਆਂ ਬੋਲੀਆਂ ਬਾਰੇ ਕੋਈ ਗੱਲ ਹੁੰਦੀ ਵੀ ਹੈ ਉਸ ਦਾ ਮਕਸਦ ਵੀ ਦੋ ਸਰਕਾਰੀ ਬੋਲੀਆਂ ਨੂੰ ਹੋਰ ਮਜ਼ਬੂਤ ਕਰਨਾ ਹੁੰਦਾ ਹੈ ਜਿਵੇਂ ਕਿ ਇਸ ਉਕਤੀ ਤੋਂ ਜ਼ਾਹਿਰ ਹੈ:

> ਵਧ ਰਹੀ ਪਛਾਣ ਦਾ ਇੱਕ ਹੋਰ ਖੇਤਰ ਹੈ ਗੈਰ-ਸਰਕਾਰੀ ਭਾਸ਼ਾਵਾਂ, ਜਾਂ ਤੀਜੀਆਂ ਭਾਸ਼ਾਵਾਂ ਜਾਂ ਵਿਰਾਸਤੀ ਭਾਸ਼ਾਵਾਂ। *ਕਨੇਡੀਅਨ ਬਹੁਸੱਭਿਆਚਾਰਕ ਕਾਨੂੰਨ (ਮਲਟੀਕਲਚਰਲ ਐਕਟ) (1985)* ਅਨੁਸਾਰ ਕਨੇਡਾ ਦੀ ਇਹ ਨੀਤੀ ਹੈ ਕਿ ''ਸਰਕਾਰੀ ਭਾਸ਼ਾਵਾਂ ਦੀ ਵਰਤੋਂ ਅਤੇ ਉਨ੍ਹਾਂ ਦੇ ਰੁਤਬੇ ਨੂੰ ਤਾਕਤਵਰ ਬਣਾਉਂਦਿਆਂ ਹੋਇਆਂ ਅੰਗ੍ਰੇਜ਼ੀ ਅਤੇ ਫਰਾਂਸੀਸੀ ਤੋਂ ਬਿਨਾਂ ਦੂਜੀਆਂ ਬੋਲੀਆਂ ਨੂੰ ਸਾਂਭਣਾ ਤੇ

---

160 Ref. http://www.fedcan.ca/english/fromold/publicstatementmodernlang.cfm

> ਵਧਾਉਣਾ ਹੈ'' ਅਤੇ ''ਉਨ੍ਹਾਂ ਸਾਰੀਆਂ ਭਾਸ਼ਾਵਾਂ ਨੂੰ ਗ੍ਰਹਿਣ ਕਰਨ ਅਤੇ ਰੱਖਣ ਵਿੱਚ ਸਹਾਇਤਾ ਕਰਨੀ ਜਿਹੜੀਆਂ ਕਨੇਡਾ ਦੇ ਬਹੁਸੱਭਿਆਚਾਰਕ ਵਿਰਸੇ ਨੂੰ ਸਾਂਭਣ ਵਿੱਚ ਯੋਗਦਾਨ ਪਾਉਂਦੀਆਂ ਹੋਣ।'' ਇਹ ਗੱਲ ਸ਼ਰੇ ਆਮ ਦਿਸਦੀ ਹੈ ਕਿ ਕਨੇਡਾ ਦੇ ਬਹੁ-ਸੱਭਿਆਚਾਰਕ ਕਾਨੂੰਨ ਵਿਚ ਵੀ ਸਰਕਾਰੀ ਭਾਸ਼ਾਵਾਂ ਤੋਂ ਇਲਾਵਾ ਦੂਜੀਆਂ ਭਾਸ਼ਾਵਾਂ ਨੂੰ ਸਰਕਾਰੀ ਭਾਸ਼ਾਵਾਂ ਦੀ ਬਿਹਤਰੀ ਦੇ ਕਾਰਜ ਵਜੋਂ ਹੀ ਦੇਖਿਆ ਜਾ ਰਿਹਾ ਹੈ।[161]

ਇਹ ਗੱਲ ਦਿਲਚਸਪੀ ਵਾਲੀ ਹੈ ਕਿ ਕਨੇਡਾ ਵਾਂਗ ਇਸ ਦੇ ਨਾਲ਼ ਲਗਦੇ ਮੁਲਕ ਅਮਰੀਕਾ ਦੀ ਵੀ ਇਹੋ ਸਥਿਤੀ ਹੈ। ਅਮਰੀਕਾ ਵਿੱਚ ਭਾਸ਼ਾਈ ਵਿਤਕਰਾ (ਲਿੰਗਿਉਸਿਜ਼ਮ ਇਨ ਅਮੈਰਿਕਾ) ਨਾਂ ਦੀ ਲਿਖਤ ਵਿੱਚ ਜੋਨ ਰੇਅਨਰ[162] ਦਾ ਕਹਿਣਾ ਹੈ ਕਿ, ''ਅਮਰੀਕਾ ਵਿੱਚ ਨਸਲਵਾਦ ਬਾਰੇ ਤਾਂ ਕਾਫੀ ਗੱਲਬਾਤ ਹੁੰਦੀ ਹੈ ਪਰ ਭਾਸ਼ਾਈ ਵਿਤਕਰੇ ਬਾਰੇ ਸਮਝ ਬਹੁਤ ਘੱਟ ਹੈ।'' ਜਿੱਥੇ ਇਨ੍ਹਾਂ ਦੋਵਾਂ ਮੁਲਕਾਂ ਵਿੱਚ ਵੱਖਰੇ ਵੱਖਰੇ ਧਰਮਾਂ ਨੂੰ ਸਤਿਕਾਰ ਦਿੱਤਾ ਜਾਂਦਾ ਹੈ ਉੱਥੇ ਬੋਲੀ ਦੀ ਸਥਿਤੀ ਵੱਖਰੀ ਹੈ। ਅਮਰੀਕਾ ਵਿੱਚ ਹੁਣ ਲਗਾਤਾਰ ਇਹ ਕੋਸ਼ਿਸ਼ ਹੋ ਰਹੀ ਹੈ ਕਿ ਸੰਵਿਧਾਨ ਵਿੱਚ ਸੋਧ ਕਰ ਕੇ ਅੰਗ੍ਰੇਜ਼ੀ ਬੋਲੀ ਨੂੰ ਇੱਕੋ ਇੱਕ ਸਰਕਾਰੀ ਭਾਸ਼ਾ ਵਜੋਂ ਮਾਨਤਾ ਦਿੱਤੀ ਜਾਵੇ। ਦੂਜੇ ਸ਼ਬਦਾਂ 'ਚ ਅਮਰੀਕਾ ਵਿੱਚ ਉਹ ਕੁਝ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜੋ ਕਨੇਡਾ ਵਿੱਚ ਪਹਿਲਾਂ ਹੀ ਕੀਤਾ ਜਾ ਚੁੱਕਾ ਹੈ। ਜੋਨ ਰੇਅਨਰ ਅਨੁਸਾਰ:

> ਦੋ ਸਦੀਆਂ ਤੋਂ ਉੱਪਰ ਦੇ ਸਮੇਂ ਤੋਂ ਅਮਰੀਕਾ ਦੀ ਕੋਈ ਸਰਕਾਰੀ ਭਾਸ਼ਾ ਨਹੀਂ ਰਹੀ, ਅਤੇ ਅਮਰੀਕਾ ਦੇ ਸੰਵਿਧਾਨ ਵਿੱਚ ਪਹਿਲੀ ਤਰਮੀਮ ਨੇ ਧਰਮ ਦੀ ਅਜ਼ਾਦੀ ਦੀ ਗਰੰਟੀ ਦਿੱਤੀ ਹੈ ਅਤੇ ਇਸ ਗੱਲ ਦੀ ਮੰਗ ਕੀਤੀ ਹੈ ਕਿ ਕਾਂਗਰਸ ਕੋਈ ਇਹੋ ਜਿਹਾ ਕਾਨੂੰਨ ਪਾਸ ਨਾ ਕਰੇ, ''ਜਿਹੜਾ ਬੋਲਣ ਦੀ ਅਜ਼ਾਦੀ ਨੂੰ ਘਟਾਵੇ''। ਉਸੇ ਤਰਮੀਮ ਵਿੱਚ ਧਰਮ ਅਤੇ ਬੋਲਣ ਦੀ ਅਜ਼ਾਦੀ ਦੇ ਇਕੱਠੇ ਹੋਣ ਦੇ ਬਾਵਜੂਦ ਭਾਸ਼ਾ ਦੀ ਸਹਿਣਸ਼ੀਲਤਾ ਨੂੰ ਧਰਮ ਦੀ ਸਹਿਣਸ਼ੀਲਤਾ ਵਾਲੀ ਰੋਸ਼ਨੀ ਵਿੱਚ ਨਹੀਂ ਦੇਖਿਆ ਜਾ ਰਿਹਾ। ਕੋਈ ਵੀ ਜ਼ੁੰਮੇਵਾਰ ਵਿਅਕਤੀ ਇਹ ਸੁਝਾਅ ਨਹੀਂ ਦੇ ਰਿਹਾ ਕਿ 'ਆਫੀਸ਼ੀਅਲ ਮੈਥੋਡਿਸਟ', 'ਆਫੀਸ਼ੀਅਲ ਕੈਥੋਲਿਕ', ਜਾਂ 'ਆਫੀਸ਼ੀਅਲ ਕਰਿਸਚੀਅਨ' ਕਾਨੂੰਨ ਹੋਵੇ।

ਕਨੇਡਾ ਜਾਂ ਅਮਰੀਕਾ ਵਿੱਚ ਦੂਜੀਆਂ ਬੋਲੀਆਂ ਨਾਲ਼ ਇਹ ਵਿਤਕਰਾ ਕੋਈ ਹੈਰਾਨੀ ਵਾਲੀ ਗੱਲ ਨਹੀਂ। ਇਹ ਦੋਵੇਂ ਮੁਲਕ ਬੋਲੀ ਦੀ ਤਾਕਤ ਨੂੰ ਚੰਗੀ ਤਰ੍ਹਾਂ ਸਮਝਦੇ ਹਨ ਅਤੇ ਅੰਗ੍ਰੇਜ਼ੀ ਬੋਲੀ ਦੇ ਸਾਮਰਾਜ ਨੂੰ ਦੁਨੀਆ ਭਰ ਵਿੱਚ ਫੈਲਾਉਣ ਲਈ ਅੱਗੇ ਹਨ। ਇਸ ਵੇਲੇ ਦੁਨੀਆ ਦੇ ਤਕਰੀਬਨ ਹਰ ਮੁਲਕ 'ਚ ਹੀ ਚੰਗੀਆਂ ਨੌਕਰੀਆਂ ਅਤੇ ਕਿੱਤਿਆਂ ਵਿੱਚ ਪਹਿਲ ਉਨ੍ਹਾਂ ਲੋਕਾਂ ਨੂੰ ਮਿਲ ਰਹੀ ਹੈ ਜੋ ਅੰਗ੍ਰੇਜ਼ੀ ਜ਼ਬਾਨ ਦੀ

---

161 Ref. http://culturalpolicies.net/web/canada.php?aid=422

162 Jon Reyhner, Northern Arizona University, "Linguicism in America", - http://jan.ucc.nau.edu/~jar/LIA.html

ਜਾਣਕਾਰੀ ਰੱਖਦੇ ਹਨ। ਇਸ ਸਥਿਤੀ ਨੇ ਹਰ ਪਾਸੇ ਅੰਗ੍ਰੇਜ਼ੀ ਸਿੱਖਣ ਦੀ ਖ਼ਬਤ ਪੈਦਾ ਕਰ ਦਿੱਤੀ ਹੈ। ਇੱਕ ਅੰਦਾਜ਼ੇ ਮੁਤਾਬਕ ਮੌਜੂਦਾ ਸਮੇਂ ਦੋ ਬਿਲੀਅਨ ਤੋਂ ਉੱਤੇ ਲੋਕ ਅੰਗ੍ਰੇਜ਼ੀ ਸਿੱਖ ਰਹੇ ਹਨ। ਅੰਗ੍ਰੇਜ਼ੀ ਸਿਖਾਲਣ ਦਾ ਧੰਦਾ ਹੀ ਆਪਣੇ ਆਪ 'ਚ ਬੇਹੱਦ ਮੁਨਾਫੇ ਵਾਲ਼ਾ ਬਣ ਗਿਆ ਹੈ ਜਿਸ ਦਾ ਸਭ ਤੋਂ ਵਧ ਫਾਇਦਾ ਅਮਰੀਕਾ ਤੇ ਕਨੇਡਾ ਨੂੰ ਹੋ ਰਿਹਾ ਹੈ। ਇਹ ਗੱਲ ਆਪਣੇ ਆਪ ਨਹੀਂ ਵਾਪਰੀ ਸਗੋਂ ਇਸ ਪਿੱਛੇ ਸੋਚੀ ਸਮਝੀ ਯੋਜਨਾ ਕੰਮ ਕਰਦੀ ਰਹੀ ਹੈ। ਅਜਿਹੀ ਸੋਚ ਦੇ ਵਿਰੁੱਧ ਕਨੇਡਾ ਵਿੱਚ ਫਰਾਂਸੀਸੀ ਬੋਲੀ ਨੇ ਵੀ ਆਪਣੀ ਹੋਂਦ ਕਾਇਮ ਰੱਖਣ ਲਈ ਲੰਮੀ ਲੜਾਈ ਲੜੀ। ਹੁਣ ਕਨੇਡਾ ਦੇ ਆਦਿ-ਵਾਸੀ ਲੋਕ ਇਸ ਭਾਸ਼ਾਈ ਵਿਤਕਰੇ ਨੂੰ ਵੰਗਾਰ ਰਹੇ ਹਨ ਅਤੇ ਨਤੀਜੇ ਵਜੋਂ ਸਰਕਾਰੀ ਨੀਤੀ ਵਿੱਚ ਕੁਝ ਫਰਕ ਦੇਖਣ ਨੂੰ ਮਿਲਦਾ ਹੈ। ਉਦਾਹਰਨ ਵਜੋਂ, ਨੁਨਾਵਿੱਤ ਵਿੱਚ ਅੰਗ੍ਰੇਜ਼ੀ ਅਤੇ ਫਰਾਂਸੀਸੀ ਦੇ ਨਾਲ ਇਨੁਕਤੀਤੁੱਤ ਵੀ ਸਰਕਾਰੀ ਭਾਸ਼ਾ ਦਾ ਦਰਜਾ ਰੱਖਦੀ ਹੈ। ਅਤੇ ਨੌਰਥਵੈਸਟ ਟੈਰੇਟਰੀ ਵਿੱਚ ਅੰਗ੍ਰੇਜ਼ੀ ਅਤੇ ਫਰਾਂਸੀਸੀ ਦੇ ਨਾਲ਼ ਨੌਂ ਆਦਿ-ਵਾਸੀ ਭਾਸ਼ਾਵਾਂ ਵੀ ਸਰਕਾਰੀ ਦਰਜਾ ਰੱਖਦੀਆਂ ਹਨ। ਹੁਣ ਇਨ੍ਹਾਂ ਬੋਲੀਆਂ ਦੀ ਸਾਂਭ ਸੰਭਾਲ ਵਾਸਤੇ ਸਰਕਾਰ ਨੇ ਆਰਥਿਕ ਪੱਖੋਂ ਸਹਾਇਤਾ ਦੇਣੀ ਵੀ ਸ਼ੁਰੂ ਕੀਤੀ ਹੈ। ਉਦਾਹਰਨ ਵਜੋਂ,

> ਸਤੰਬਰ 2008 ਵਿੱਚ ਕਨੇਡਾ ਦੀ ਸਰਕਾਰ ਨੇ ਕਿਉਕਤਾਨੀ ਇਨਿਉਅਟ ਐਸੋਸੀਏਸ਼ਨ ਦੇ ਪਰਾਜੈਕਟ ਪਿਗੀਆਰਵਿਕ, ਲਈ ਪੈਸੇ ਦੇਣ ਦਾ ਐਲਾਨ ਕੀਤਾ ਹੈ, ਜਿਹੜਾ ਕਿ ਇਨਿਉਅਟ ਦੀਆਂ ਅਗਲੀਆਂ ਪੀੜ੍ਹੀਆਂ ਵਿੱਚ ਇਨੁਕਤੀਤੁਤ ਬੋਲੀ ਨੂੰ ਸਾਂਭਣ ਤੇ ਵਿਕਾਸ ਦੇ ਇਰਾਦੇ ਨਾਲ਼ ਤਿਆਰ ਕੀਤਾ ਗਿਆ ਹੈ। ਇਸ ਪਰਾਜੈਕਟ ਦੇ ਕਈ ਪਹਿਲੂ ਹਨ ਸਣੇ ਵਿਰਸੇ ਦੀ ਸਿੱਖਿਆ ਅਤੇ ਇਸ ਨੂੰ ਡਿਜੀਟਾਈਜ਼ ਕਰਨਾ ਅਤੇ ਬੱਚਿਆਂ ਅਤੇ ਨੌਜਵਾਨਾਂ ਵਾਸਤੇ ਇਨੁਕਤੀਤੁਤ ਵਿੱਚ ਮੈਗਜ਼ੀਨਾਂ ਆਦਿ ਦਾ ਵਿਕਾਸ ਕਰਨਾ।[163]

ਆਦਿ-ਵਾਸੀ ਲੋਕਾਂ ਦੀਆਂ ਬੋਲੀਆਂ ਪ੍ਰਤੀ ਆਈ ਇਸ ਤਬਦੀਲੀ ਤੋਂ ਇਸ ਗੱਲ ਦੀ ਆਸ ਬੱਝਦੀ ਹੈ ਕਿ ਕਨੇਡਾ ਵਿੱਚ ਬੋਲੀਆਂ ਜਾਂਦੀਆਂ ਪੰਜਾਬੀ ਵਰਗੀਆਂ ਹੋਰ ਬੋਲੀਆਂ ਵਲ ਵੀ ਨਜ਼ਰੀਏ ਵਿੱਚ ਤਬਦੀਲੀ ਵਾਪਰ ਸਕਦੀ ਹੈ।

ਜਿਵੇਂ ਪਹਿਲਾਂ ਜ਼ਿਕਰ ਕੀਤਾ ਗਿਆ ਹੈ ਕਿ ਕਨੇਡਾ ਵਿੱਚ ਦੂਜੀਆਂ ਭਾਸ਼ਾਵਾਂ ਨੂੰ ਬਰਾਬਰ ਦੇ ਹੱਕ ਦਿਵਾਉਣ ਵਾਸਤੇ ਯੂਰਪੀਅਨ ਪਿਛੋਕੜ ਦੇ ਲੋਕਾਂ, ਖਾਸ ਕਰ ਯੁਕਰੇਨੀਅਨਾਂ ਅਤੇ ਇਟੈਲੀਅਨਾਂ ਵੱਲੋਂ ਲੰਮੇ ਸਮੇਂ ਤੋਂ ਕੀਤੀ ਜੱਦੋਜਹਿਦ ਵੀ ਅਜੇ ਕੋਈ ਖੁਸ਼ਗਵਾਰ ਸਿੱਟੇ ਨਹੀਂ ਕੱਢ ਸਕੀ। ਪਰ ਉਨ੍ਹਾਂ ਵੱਲੋਂ ਇਸ ਪਾਸੇ ਵਲ ਕੋਸ਼ਿਸ਼ਾਂ ਬੰਦ ਨਹੀਂ ਹੋਈਆਂ। ਉਹ ਇਸ ਸਿੱਟੇ ਉੱਤੇ ਪਹੁੰਚ ਚੁੱਕੇ ਜਾਪਦੇ ਹਨ ਕਿ ਮਾਂ-ਬੋਲੀ ਦੀ ਸਿੱਖਿਆ ਦੀ ਜ਼ੁੰਮੇਵਾਰੀ ਕਨੇਡੀਅਨ ਸਮਾਜ ਦੇ ਸਿਰ ਹੈ। ਇਸ ਸੰਬੰਧ ਵਿੱਚ ਰੋਮਾ ਚੁਮਾਕ-ਹੌਰਬੈਸ਼ ਦਾ ਲੇਖ ''ਦਾ ਯੁਕਰੇਨੀਅਨ ਲੈਂਗੁਏਜ ਇਨ ਕੈਨੇਡਾ'', ਯੁਕਰੇਨੀਅਨ ਲੋਕਾਂ ਵੱਲੋਂ ਆਪਣੀ ਮਾਂ-ਬੋਲੀ ਨੂੰ ਸਾਂਭਣ ਲਈ ਕੀਤੇ ਲੰਮੇ ਸੰਘਰਸ਼ ਦੇ

---

163 Ref. http://culturalpolicies.net/web/canada.php?aid=422

ਵੇਰਵੇ ਦਿੰਦਾ ਹੈ।[164] ਦੂਜੀਆਂ ਕਈ ਭਾਸ਼ਾਵਾਂ ਤਾਂ ਸਾਡੇ ਤੋਂ ਵੀ ਪਹਿਲਾਂ ਦੀਆਂ ਇਸ ਦੇਸ਼ ਦਾ ਹਿੱਸਾ ਹਨ।

ਇੱਥੇ ਇਸ ਗੱਲ ਦਾ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਜਿੱਥੇ ਕਨੇਡਾ ਦੀ ਕੌਮੀ ਪੱਧਰ 'ਤੇ ਭਾਸ਼ਾ ਨੀਤੀ ਦੂਜੀਆਂ ਬੋਲੀਆਂ ਦੀ ਹੋਂਦ ਮੰਨਣ ਤੋਂ ਇਨਕਾਰੀ ਹੈ ਅਤੇ ਉਨ੍ਹਾਂ ਦੀ ਸਾਂਭ-ਸੰਭਾਲ ਜਾਂ ਵਿਕਾਸ ਵਿੱਚ ਸਰਕਾਰ ਕਿਸੇ ਕਿਸਮ ਦੀ ਜ਼ੁੰਮੇਵਾਰੀ ਲੈਣ ਲਈ ਤਿਆਰ ਨਹੀਂ ਉੱਥੇ ਸਰਕਾਰ ਭਾਈਚਾਰਿਆਂ ਵੱਲੋਂ ਖੁਦ ਕੀਤੇ ਯਤਨਾਂ ਦੀ ਕੋਈ ਵਿਰੋਧਤਾ ਵੀ ਨਹੀਂ ਕਰਦੀ। ਇਸੇ ਨਜ਼ਰੀਏ ਅਧੀਨ ਸਰਕਾਰ ਨੇ ਆਪਣੀ ਸੀ ਆਰ ਟੀ ਸੀ ਐਥਨਿਕ ਬਰੌਡਕਾਸਟਿੰਗ ਪਾਲਿਸੀ (1999) ਅਨੁਸਾਰ ਦੂਜੀਆਂ ਬੋਲੀਆਂ ਨੂੰ ਰੇਡੀਓ ਅਤੇ ਟੈਲੀਵਿਯਨ ਪ੍ਰੋਗਰਾਮਾਂ ਦੀ ਸੁਵਿਧਾ ਦਿੱਤੀ ਹੋਈ ਹੈ:

> ਕਨੇਡਾ ਵਿੱਚ ਗੈਰ-ਸਰਕਾਰੀ ਬੋਲੀਆਂ ਦੇ ਵਾਧੇ ਵਾਲੀ ਇੱਕ ਸਭ ਤੋਂ ਵਧ ਦਿਲਚਸਪ ਉਦਾਹਰਨ ਕਨੇਡੀਅਨ ਪ੍ਰਸਾਰਨ ਢਾਂਚੇ (ਬਰਾਡਕਾਸਟਿੰਗ ਸਿਸਟਮ) ਵਿੱਚ ਮਿਲਦੀ ਹੈ। ਬਹੁਤ ਸਾਰੇ ਡਿਜੀਟਲ ਸਪੈਸ਼ਿਲਟੀ ਅਤੇ ਪੇਅ-ਕੇਬਲ ਸੇਵਾਵਾਂ ਨੂੰ ਲਸੰਸ ਦਿੱਤੇ ਗਏ ਹਨ ਸਣੇ, "ਥਰਡ ਲੈਂਗੂਏਜ", ਐਥਨੋ ਕਲਚਰਲ ਸਟੇਸ਼ਨਾਂ ਦੇ। ਸੀ ਆਰ ਟੀ ਸੀ ਦੀ ਐਥਨਿਕ ਬਰਾਡਕਾਸਟਿੰਗ ਪਾਲਿਸੀ (1999) ਅਨੁਸਾਰ, ਐਥਨਿਕ ਟੈਲੀਵਿਯਨ ਅਤੇ ਸਟੇਸ਼ਨਾਂ ਲਈ ਜ਼ਰੂਰੀ ਹੈ ਕਿ ਉਹ ਆਪਣੇ ਕਾਰਜਕ੍ਰਮ (ਸਕੈਜੂਅਲ) ਦਾ 60% ਐਥਨਿਕ ਪ੍ਰੋਗਰਾਮਾਂ ਲਈ ਦੇਣ, ਅਤੇ ਉਨ੍ਹਾਂ ਦੀਆਂ ਸੂਚੀਆਂ ਵਿੱਚ ਘੱਟੋ ਘੱਟ 50% ਉਨ੍ਹਾਂ ਦੀਆਂ ਆਪਣੀਆਂ ਬੋਲੀਆਂ ਦੇ ਪ੍ਰੋਗਰਾਮ ਹੋਣ... । ਕਨੇਡਾ ਵਿੱਚ ਪ੍ਰਸਾਰਤ ਹੋਣ ਵਾਲੇ ਪ੍ਰੋਗਰਾਮਾਂ ਦੀਆਂ ਸੇਵਾਵਾਂ ਵਿੱਚ ਗੈਰ-ਕਨੇਡੀਅਨ ਤੀਜੀਆਂ ਬੋਲੀਆਂ ਦੇ ਪ੍ਰੋਗਰਾਮਾਂ ਦੀ ਵੀ ਕਮਿਸ਼ਨ ਖੁੱਲ੍ਹ ਦਿੰਦਾ ਹੈ।[165]

ਇਸ ਨੀਤੀ ਅਨੁਸਾਰ, ਦਸੰਬਰ 2006 ਤੋਂ ਸੀ ਆਰ ਟੀ ਸੀ ਨੇ ਐਥਨਿਕ ਭਾਈਚਾਰਿਆਂ ਲਈ 189 ਵਿਸ਼ੇਸ਼ ਸੇਵਾਵਾਂ ਨੂੰ ਮਾਨਤਾ ਦਿੱਤੀ ਹੈ। ਹੋਰ ਬੋਲੀਆਂ ਵਾਂਗ ਪੰਜਾਬੀ ਲਈ ਵੀ ਇਹ ਗੱਲ ਬਹੁਤ ਸਹਾਇਕ ਸਿੱਧ ਹੋ ਰਹੀ ਹੈ।

ਦੂਜੀਆਂ ਬੋਲੀਆਂ ਦੀ ਸਿੱਖਿਆ ਦੇ ਸਬੰਧ ਵਿਚ ਵਧੀਆ ਗੱਲ ਇਹ ਹੈ ਕਿ ਕਨੇਡਾ ਵਿੱਚ ਵਿੱਦਿਅਕ ਨੀਤੀ ਦਾ ਫੈਸਲਾ ਸੂਬੇ ਦੀਆਂ ਸਰਕਾਰਾਂ ਕੋਲ਼ ਹੈ। ਇਸ ਨਾਲ਼ ਵੀ ਪੰਜਾਬੀ ਨੂੰ ਫਾਇਦਾ ਹੋਇਆ ਹੈ। ਖਾਸ ਕਰ ਬ੍ਰਿਟਿਸ਼ ਕੋਲੰਬੀਆ ਅਤੇ ਅਲਬਰਟਾ ਵਿੱਚ ਪੰਜਾਬੀ ਬੋਲੀ ਨੂੰ ਸੂਬੇ ਦੇ ਵਿੱਦਿਅਕ ਢਾਂਚੇ ਵਿੱਚ ਮਾਨਤਾ ਪ੍ਰਾਪਤ ਹੋਈ ਹੈ ਅਤੇ ਪੰਜਾਬੀ ਬੋਲੀ ਦੀ ਸਕੂਲਾਂ ਵਿੱਚ ਪੜ੍ਹਾਈ ਸੰਭਵ ਹੋ ਸਕੀ ਹੈ।

---

164 Roma Chumak-Horbatsch, *The Ukrainian Language in Canada*, in Heritage Language and Education: The Canadian Experience. Ed. by Marcel Danesi, Keith McLeod and Sonia Morris.Mosain Press, Oakville, 1993. pp. 93-105.

165 Same as above.

8.

ਪੰਜਾਬੀ ਦੀਆਂ ਕਨੇਡਾ ਵਿੱਚ ਸੰਭਾਵਨਾਵਾਂ, ਭਵਿੱਖ ਤੇ ਕਾਰਜ

ਕਨੇਡਾ ਵਿਚ ਜੰਮ ਪਲ਼ ਰਹੀਆਂ ਪੰਜਾਬੀਆਂ ਦੀਆਂ ਅਗਲੀਆਂ ਪੀੜ੍ਹੀਆਂ ਨਾਲ ਪੰਜਾਬੀ ਦਾ ਰਿਸ਼ਤਾ ਕਾਇਮ ਕਰਨ ਸਬੰਧੀ ਹੁਣ ਤੱਕ ਕੀਤੀ ਗਈ ਵਿਚਾਰ ਚਰਚਾ ਤੋਂ ਕੁਝ ਗੱਲਾਂ ਉੱਭਰ ਕੇ ਸਾਹਮਣੇ ਆਉਂਦੀਆਂ ਹਨ: 1) ਕਨੇਡਾ ਵਿੱਚ ਪੰਜਾਬੀਆਂ ਦੀ ਪਹਿਲੀ ਪੀੜ੍ਹੀ ਨੇ ਕਾਫੀ ਹੱਦ ਤੱਕ ਆਪਣੀ ਬੋਲੀ ਨੂੰ ਸਾਂਭਣ ਦੀ ਕੋਸ਼ਿਸ਼ ਕੀਤੀ ਹੈ। 2) ਮੁੱਖ ਮਸਲਾ ਅਗਲੀਆਂ ਪੀੜ੍ਹੀਆਂ ਨੂੰ ਯੋਜਨਾਬੱਧ ਢੰਗ ਨਾਲ਼ ਪੰਜਾਬੀ ਸਿੱਖਾਲਣ ਦਾ ਹੈ। 3) ਕਨੇਡਾ ਵਿੱਚ ਪੰਜਾਬੀ ਨੂੰ ਕਾਇਮ ਰੱਖਣਾ ਸਾਡਾ ਮੁੱਢਲਾ ਹੱਕ ਹੈ ਤੇ ਬਹੁਤੇ ਮਾਪੇ ਵੀ ਤੇ ਬੱਚੇ ਵੀ ਪੰਜਾਬੀ ਨੂੰ ਕਾਇਮ ਰੱਖਣਾ ਚਾਹੁੰਦੇ ਹਨ। 4) ਛੋਟੇ ਬੱਚਿਆਂ ਨੂੰ ਮਾਤ-ਭਾਸ਼ਾ ਦੀ ਸਿੱਖਿਆ ਦੇਣ ਦੀ ਜ਼ੁੰਮੇਵਾਰੀ ਮਾਪਿਆਂ ਦੇ ਨਾਲ਼ ਸਟੇਟ ਦੀ ਵੀ ਹੈ। 5) ਪੰਜਾਬੀ ਦਾ ਇੱਕ ਅੰਤਰਰਾਸ਼ਟਰੀ ਭਾਸ਼ਾ ਵਜੋਂ ਉੱਭਰਨਾ ਇਸ ਦੇ ਵਿਕਾਸ ਵਿੱਚ ਸਹਾਈ ਹੋ ਸਕਦਾ ਹੈ। 6) ਤਕਨੀਕੀ ਵਿਕਾਸ ਪੰਜਾਬੀ ਲਈ ਸਹਾਈ ਹੋ ਰਿਹਾ ਹੈ ਤੇ ਇਸ ਵਿੱਚ ਬੇਸ਼ੁਮਾਰ ਸੰਭਾਵਨਾਵਾਂ ਹਨ।

ਇਨ੍ਹਾਂ ਤੱਥਾਂ ਨੂੰ ਕਨੇਡਾ ਵਿੱਚ ਪੰਜਾਬੀ ਦੇ ਵਿਕਾਸ ਹਿੱਤ ਵਰਤਿਆ ਜਾਣਾ ਚਾਹੀਦਾ ਹੈ। ਲੋੜ ਪੰਜਾਬੀ ਨਾਲ ਸੰਬੰਧਿਤ ਨਾਂਹ-ਪੱਖੀ ਵਿਚਾਰਾਂ ਅਤੇ ਪਹੁੰਚ ਵਿੱਚ ਤਬਦੀਲੀ ਲਿਆਉਣ ਦੀ ਹੈ। ਸਾਨੂੰ ਖੁਦ ਵੀ ਆਪਣੀ ਬੋਲੀ ਵਲ ਉਸੇ ਕਿਸਮ ਦਾ ਧਿਆਨ ਤੇ ਮਾਨਤਾ ਦੇਣੀ ਪਵੇਗੀ ਜਿਸ ਕਿਸਮ ਦੀ ਅਸੀਂ, ਉਦਾਹਰਨ ਵਜੋਂ, ਆਪਣੇ ਧਰਮ ਨੂੰ ਦਿੰਦੇ ਹਾਂ। ਕਨੇਡੀਅਨ ਸਰਕਾਰ ਨੂੰ ਮਨਾਉਣ ਤੋਂ ਪਹਿਲਾਂ ਸਾਨੂੰ ਖੁਦ ਪੰਜਾਬੀ ਬੋਲੀ ਨੂੰ ਪੂਰੇ ਮਨ ਨਾਲ ਕਨੇਡੀਅਨ ਬੋਲੀ ਸਮਝਣਾ ਹੋਵੇਗਾ। ਕਨੇਡੀਅਨ ਸਰਕਾਰ ਨੂੰ ਪੰਜਾਬੀ ਦੀ ਪੜ੍ਹਾਈ ਲਈ ਪੈਸਾ ਲਾਉਣ ਲਈ ਆਖਣ ਦੇ ਨਾਲ਼ ਨਾਲ਼ ਸਾਨੂੰ ਖੁਦ ਇਸ ਕੰਮ ਲਈ ਵੱਡੇ ਪੱਧਰ 'ਤੇ ਆਰਿਥਕ ਸੋਮੇ ਪੈਦਾ ਕਰਨੇ ਹੋਣਗੇ ਅਤੇ ਆਪਣੀ ਬੋਲੀ ਦੀ ਪੜ੍ਹਾਈ ਚਾਲੂ ਕਰਵਾਉਣ ਵਾਸਤੇ ਲੋੜ ਪੈਣ 'ਤੇ ਸਰਕਾਰ ਨੂੰ ਆਰਿਥਕ ਯੋਗਦਾਨ ਦੇਣਾ ਹੋਵੇਗਾ। ਪਰ ਇਸ ਸਮੇਂ ਸੋਚਣ ਸਮਝਣ ਵਾਲ਼ੀ ਗੱਲ ਇਹ ਹੈ ਕਿ ਕਨੇਡਾ ਵਿੱਚ ਪੰਜਾਬੀ ਵਾਸਤੇ ਕੀ ਸੰਭਾਵਨਾਵਾਂ ਹਨ ਜਾਂ ਹੋ ਸਕਦੀਆਂ ਹਨ, ਇਨ੍ਹਾਂ ਨੂੰ ਪਛਾਨਣਾ ਅਤੇ ਉਸ ਮੁਤਾਬਕ ਕੁਝ ਕਰਨਾ ਸਾਡਾ ਇਤਿਹਾਸਿਕ ਫਰਜ਼ ਬਣਦਾ ਹੈ।

ਕਨੇਡਾ ਵਿੱਚ ਪੰਜਾਬੀ ਦੇ ਭਵਿੱਖ ਬਾਰੇ ਸਾਨੂੰ ਇਸ ਤਰ੍ਹਾਂ ਨਹੀਂ ਸੋਚਣਾ ਚਾਹੀਦਾ ਕਿ ਭਵਿੱਖ ਇੱਕ ਦੂਰ ਦਿਸਦਾ ਜਾਂ ਛੁਪਿਆ ਹੋਇਆ ਬਿੰਦੂ ਹੈ, ਜਿੱਥੇ ਅਸੀਂ ਪਹੁੰਚਣਾ ਹੈ। ਇਹ ਅੰਦਾਜ਼ੇ ਲਾਉਣ ਵਿੱਚ ਕੋਈ ਤੁਕ ਨਹੀਂ ਹੈ ਕਿ ਅਸੀਂ ਉਸ ਬਿੰਦੂ ਉੱਤੇ ਪਹੁੰਚਾਂਗੇ ਜਾਂ ਨਹੀਂ। ਪੰਜਾਬੀ ਦੇ ਵਿਕਾਸ ਨੂੰ ਵਰਤਮਾਨ ਸਮੇਂ ਦੇ ਇੱਕ ਅਮਲ (ਪਰਾਸੈੱਸ) ਦੇ ਤੌਰ ਉੱਤੇ ਸੋਚਣਾ ਤੇ ਸਮਝਣਾ ਚਾਹੀਦਾ ਹੈ। ਠੀਕ ਹੈ, ਇਸ ਅਮਲ ਦੀ ਯੋਜਨਾ ਵਿੱਚ ਸਾਨੂੰ ਲੰਮੇ ਸਮੇਂ ਦੇ ਨਿਸ਼ਾਨੇ ਮਿੱਥਣੇ ਚਾਹੀਦੇ ਹਨ, ਪਰ ਸੋਚਣਾ ਇੱਕ ਅਮਲ ਦੇ ਤੌਰ ਉੱਤੇ ਹੀ ਚਾਹੀਦਾ ਹੈ। ਸਮੇਂ ਅਨੁਸਾਰ ਜੋ ਸੰਭਵ ਹੈ, ਜੋ ਅਸੀਂ

ਆਪਣੀ ਸ਼ਕਤੀ ਤੇ ਸੁਹਿਰਦਤਾ ਨਾਲ਼ ਕਰ ਸਕਦੇ ਹਾਂ, ਉਹ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜੇ ਅਸੀਂ ਅਗਲੇ ਦੋ ਢਾਈ ਦਹਾਕਿਆਂ ਵਿੱਚ (ਦੋ ਤਿੰਨ ਦਹਾਕੇ ਪਹਿਲਾਂ ਆਈ ਪੀੜ੍ਹੀ ਦੇ ਥੱਕਣ ਮੁੱਕਣ ਤੱਕ) ਪੰਜਾਬੀ ਦੇ ਵਿਕਾਸ ਦੇ ਅਮਲ ਨੂੰ ਇੱਕ ਨਿਰੰਤਰਤਾ ਦੇ ਸਕੀਏ ਤਾਂ ਅਸੀਂ ਕਦੇ ਨਿਰਾਸ਼ ਨਹੀਂ ਹੋਵਾਂਗੇ। ਇਹ ਵਰਤਮਾਨ ਸਮੇਂ ਦਾ ਅਮਲ ਹੀ ਕਨੇਡਾ ਵਿੱਚ ਪੰਜਾਬੀ ਦਾ ਭਵਿੱਖ ਹੈ।

ਪਰ ਜੇ ਅਸੀਂ ਅਜੇ ਤੱਕ ਇਸ ਪਾਸੇ ਲੋੜੀਂਦਾ ਧਿਆਨ ਨਹੀਂ ਦੇ ਸਕੇ ਤਾਂ ਵੀ ਇਸ ਵਿੱਚ ਦਿਲ ਛੋਟਾ ਕਰਨ ਵਾਲ਼ੀ ਜਾਂ ਨਿਰਾਸ਼ ਹੋਣ ਵਾਲ਼ੀ ਕੋਈ ਗੱਲ ਨਹੀਂ ਹੈ। ਭਾਸ਼ਾ ਦੇ ਹੱਕਾਂ ਬਾਰੇ ਇਸ ਕਿਸਮ ਦੀ ਚੇਤਨਾ ਮੁਕਾਬਲਤਨ ਨਵੀਂ ਹੈ। ਇਹ ਗੱਲ ਦਿਲਸਚਪੀ ਵਾਲ਼ੀ ਅਤੇ ਹੌਸਲਾ ਦੇਣ ਵਾਲ਼ੀ ਵੀ ਹੈ ਕਿ ਸਕੂਟਨਾਬ-ਕਾਂਗਾਸ ਅਤੇ ਜਿੰਮ ਕਮਿੰਨਜ਼ ਵੱਲੋਂ ਸੰਪਾਦਿਤ ਪੁਸਤਕ (ਜਿਸ ਵਿੱਚੋਂ ਪਹਿਲਾਂ ਕਈ ਹਵਾਲੇ ਦਿੱਤੇ ਗਏ ਹਨ) ਦਾ ਨਾਂ ਉਨ੍ਹਾਂ ਨੇ 'ਫਰੌਮ ਸ਼ੇਮ ਟੂ ਸਟਰੱਗਲ' (ਸ਼ਰਮ ਤੋਂ ਜੱਦੋਜਹਿਦ ਤੱਕ) ਰੱਖਿਆ। ਸਾਨੂੰ ਵੀ ਆਪਣੀ ਭਾਸ਼ਾ ਦੇ ਸੰਬੰਧ ਵਿੱਚ ਇਹ ਸਫਰ ਤੈਅ ਕਰਨਾ ਪਵੇਗਾ। ਸਾਡੇ ਵਾਸਤੇ ਇਹ ਹੋਰ ਵੀ ਮੁਸ਼ਕਲ ਹੈ ਕਿਉਂਕਿ ਅਸੀਂ ਤਾਂ ਆਪਣੀ ਭਾਸ਼ਾ ਸੰਬੰਧੀ ਬਹੁਤ ਕੁਝ ਗੁਲਾਮੀ ਵਾਲ਼ਾ ਨਾਲ਼ ਲਈ ਫਿਰਦੇ ਹਾਂ। ਸੋ ਲੋੜ ਹੈ ਸਾਨੂੰ ਆਪਣੇ ਪਿਛੋਕੜ ਦੀਆਂ ਨਾਂਹ-ਪੱਖੀ ਗੱਲਾਂ ਨੂੰ ਤਿਲਾਂਜਲੀ ਦੇਣ ਦੀ ਅਤੇ ਭਾਸ਼ਾ ਸੰਬੰਧੀ ਆਪਣੇ ਬਣਦੇ ਹੱਕਾਂ ਨੂੰ ਹਾਸਲ ਕਰਨ ਵਾਸਤੇ ਦੂਜੇ ਲੋਕਾਂ ਨਾਲ਼ ਮੋਢਾ ਜੋੜਨ ਦੀ।

ਪੰਜਾਬੀ ਬੋਲੀ ਦੇ ਸੰਬੰਧ 'ਚ ਸਾਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਇਸ ਦਾ ਕਨੇਡਾ ਵਿੱਚ ਵਰਤਮਾਨ ਜਾਂ ਭਵਿੱਖ ਜੋ ਵੀ ਹੈ, ਅਸੀਂ ਹਾਂ। ਭਾਰਤੀ ਪੰਜਾਬ ਜਾਂ ਪਾਕਿਸਤਾਨ ਉੱਪਰ ਇਸ ਬਾਰੇ ਕੋਈ ਆਸ ਰੱਖਣੀ ਸਿਆਣਪ ਨਹੀਂ ਹੋਵੇਗੀ। ਸੋ ਸਾਡੇ ਵਾਸਤੇ ਜ਼ਰੂਰੀ ਹੈ ਕਿ ਅਸੀਂ ਇਸ ਨੂੰ ਕਨੇਡਾ ਦੀ ਇੱਕ ਬੋਲੀ ਵਜੋਂ ਮਾਨਤਾ ਦਿਵਾਈਏ। ਇਸ ਗੱਲ 'ਤੇ ਜੋਰ ਦਿੱਤਾ ਜਾਵੇ ਕਿ ਕਨੇਡੀਅਨ ਸਰਕਾਰ ਇਸ ਦੀ ਸਾਂਭ-ਸੰਭਾਲ ਲਈ ਜ਼ੁੰਮੇਵਾਰੀ ਲਵੇ। ਜੇ ਇਸ ਵੇਲੇ ਕਨੇਡਾ ਵਸਦੇ ਪੰਜਾਬੀਆਂ ਨੇ ਇਸ ਨੂੰ ਕਨੇਡਾ ਵਿੱਚ ਇੱਕ ਸਰਕਾਰੀ ਬੋਲੀ ਵਜੋਂ ਮਾਨਤਾ ਨਾ ਦਿਵਾਈ ਤਾਂ ਇਹ ਬੋਲਚਾਲ ਤੱਕ ਸੀਮਤ ਰਹੇਗੀ ਤੇ ਆਉਣ ਵਾਲ਼ੀਆਂ ਪੀੜ੍ਹੀਆਂ ਵਿੱਚੋਂ ਹੌਲੀ ਹੌਲੀ ਖਤਮ ਹੁੰਦੀ ਜਾਵੇਗੀ। ਜਿਵੇਂ ਜਿਵੇਂ ਕਨੇਡਾ ਵਿੱਚ ਜੰਮੀਆਂ ਅਗਲੀਆਂ ਪੀੜ੍ਹੀਆਂ ਕੰਮਾਂ ਕਾਰਾਂ ਵਿੱਚ ਅੱਗੇ ਆਉਣਗੀਆਂ ਬਿਜ਼ਨੱਸ ਅਤੇ ਮੀਡੀਏ ਵਿੱਚ ਪੰਜਾਬੀ ਬੋਲੀ ਦਾ ਅਸਰ ਘਟੇਗਾ। ਪੰਜਾਬੀ ਭਾਈਚਾਰੇ ਦੇ ਪ੍ਰਿੰਟ ਅਤੇ ਬਿਜਲਈ ਸੰਚਾਰ ਮਾਧਿਅਮ ਵਿੱਚ ਪੰਜਾਬੀ ਦੇ ਨਾਲ਼ ਨਾਲ਼ ਅੰਗ੍ਰੇਜ਼ੀ ਦਾ ਵਧਦਾ ਰੁਝਾਨ ਹੁਣ ਵੀ ਦੇਖਿਆ ਜਾ ਸਕਦਾ ਹੈ ਜਿਸ ਬਾਰੇ ਪਹਿਲਾਂ ਵੀ ਚਰਚਾ ਕੀਤੀ ਜਾ ਚੁੱਕੀ ਹੈ।

ਕਨੇਡਾ ਵਿੱਚ ਪੰਜਾਬੀ ਬਾਰੇ ਚਿੰਤਾ ਕਰਨ ਵਾਲਾ ਹਰ ਵਿਅਕਤੀ ਜਾਣਦਾ ਹੈ ਕਿ ਇਸ ਭਾਸ਼ਾ ਦਾ ਵਿਕਾਸ ਉਸ ਗਤੀ ਨਾਲ਼ ਨਹੀਂ ਹੋ ਰਿਹਾ ਜਿਸ ਦੀਆਂ ਏਥੇ ਸੰਭਾਵਨਾਵਾਂ ਹਨ। ਇਸ ਦੇ ਬਾਵਜੂਦ ਏਥੇ ਸਥਿਤੀ ਏਨੀ ਨਿਰਾਸ਼ਾਜਨਕ ਨਹੀਂ। ਨਵੀਂਆਂ ਸੰਭਾਵਨਾਵਾਂ ਪੈਦਾ ਹੋ ਰਹੀਆਂ ਹਨ ਜੋ ਪੰਜਾਬੀ ਦੇ ਵਿਕਾਸ ਖਾਤਰ ਵਰਤੀਆਂ ਜਾ ਸਕਦੀਆਂ ਹਨ। ਪਰ ਇਸ ਤੋਂ ਪਹਿਲਾਂ ਲੋੜ ਹੈ ਸਮੁੱਚੀ ਸਥਿਤੀ ਨੂੰ ਠੀਕ ਤਰ੍ਹਾਂ ਸਮਝਣ ਦੀ, ਸਾਕਾਰ ਕੀਤੇ ਜਾਣ ਯੋਗ ਨਿਸ਼ਾਨੇ ਮਿੱਥਣ ਦੀ ਅਤੇ ਲੋੜੀਂਦੀ ਪਹੁੰਚ ਅਪਨਾਉਣ ਦੀ। ਇਸ ਮਸਲੇ ਨੂੰ ਅਸੀਂ ਹੇਠਲੇ ਤਿੰਨ ਹਿੱਸਿਆਂ ਵਿੱਚ ਰੱਖ ਕੇ ਵਿਚਾਰ

ਸਕਦੇ ਹਾਂ: (1) ਆਪਣੀ ਸੂਝ ਅਤੇ ਪਹੁੰਚ ਨੂੰ ਨਵੀਆਂ ਸਥਿਤੀਆਂ ਦੇ ਹਾਣ ਦਾ ਬਣਾਉਣਾ; (2) ਅਗਲੀ ਪੀੜ੍ਹੀ ਨੂੰ ਜੱਦੋਜਹਿਦ ਵਿੱਚ ਸ਼ਾਮਲ ਕਰਨਾ। (3) ਨਵੀਂ ਸੂਝ ਦੇ ਆਧਾਰ ਉੱਤੇ ਅੰਤਰਰਾਸ਼ਟਰੀ ਪੱਧਰ 'ਤੇ ਜਥੇਬੰਦਕ ਢਾਂਚਾ ਕਾਇਮ ਕਰਨਾ;

8.1

ਆਪਣੀ ਸੂਝ ਅਤੇ ਪਹੁੰਚ ਨੂੰ ਨਵੀਆਂ ਸਥਿਤੀਆਂ ਦੇ ਹਾਣ ਦਾ ਬਣਾਉਣਾ

ਪੰਜਾਬੀ ਭਾਈਚਾਰੇ ਵੱਲੋਂ ਆਪਣੀ ਬੋਲੀ ਵਲ ਗੰਭੀਰਤਾ ਨਾਲ਼ ਤੇ ਵਿਗਿਆਨਕ ਲੀਹਾਂ ਉੱਪਰ ਧਿਆਨ ਨਾ ਦੇਣ ਪਿੱਛੇ ਦੋ ਮੁੱਖ ਗੱਲਾਂ ਹਨ: ਇੱਕ ਤਾਂ ਪੰਜਾਬ ਅਤੇ ਪੰਜਾਬੀ ਭਾਸ਼ਾ ਨਾਲ਼ ਸੰਬੰਧਿਤ ਅਨੇਕਾਂ ਇਤਿਹਾਸਕ, ਧਾਰਿਮਕ, ਰਾਜਨੀਤਕ ਅਤੇ ਆਰਿਥਕ ਕਾਰਨ ਹਨ ਜੋ ਇਸਦੇ ਵਿਕਾਸ ਵਿੱਚ ਰੋੜਾ ਬਣਦੇ ਹਨ; ਦੂਜਾ ਆਵਾਸ ਦੀਆਂ ਆਪਣੀਆਂ ਸਮੱਸਿਆਵਾਂ ਅਤੇ ਪਰਿਸਥਿਤੀਆਂ ਹਨ ਜੋ ਪੰਜਾਬੀ ਭਾਸ਼ਾ ਦੀ ਪੜ੍ਹਾਈ ਦੇ ਵਿਕਾਸ ਵਿੱਚ ਸਹਾਇਕ ਸਿੱਧ ਨਹੀਂ ਹੋਈਆਂ। ਇਸ ਰਵੱਈਏ ਦੀ ਗਹੁ ਨਾਲ਼ ਪੜਤਾਲ 'ਤੇ ਕੁਝ ਇਸ ਤਰ੍ਹਾਂ ਦੇ ਕਾਰਨ ਉੱਭਰ ਕੇ ਸਾਹਮਣੇ ਆਉਂਦੇ ਹਨ: ੳ) ਮਾਂ-ਬੋਲੀ ਨਾਲ਼ ਰਿਸ਼ਤੇ ਵਿੱਚ ਕੁਝ ਅਣਸੁਲਝੀਆਂ ਸਮੱਸਿਆਵਾਂ; ਅ) ਜੀਵਨ ਪ੍ਰਤੀ ਪਹੁੰਚ ਲੋੜ ਤੋਂ ਜ਼ਿਆਦਾ ਵਿਹਾਰਕ (ਪਰੈਗਮੈਟਿਕ); ੲ) ਮਾਂ-ਬੋਲੀ ਦੀ ਸਿੱਖਿਆ ਦੀ ਜ਼ਰੂਰਤ ਸੰਬੰਧੀ ਨਵੀਂ ਖੋਜ ਅਤੇ ਦੂਜੀਆਂ ਭਾਸ਼ਾਵਾਂ ਦੇ ਲੋਕਾਂ ਦੀਆਂ ਕੋਸ਼ਿਸ਼ਾਂ ਦੀ ਪੂਰੀ ਜਾਣਕਾਰੀ ਨਾ ਹੋਣਾ; ਸ) ਕਨੇਡਾ ਦੇ ਬਹੁ-ਸੱਭਿਆਚਾਰਕ ਸਮਾਜ ਵਿਚਲੇ ਹੱਕਾਂ ਬਾਰੇ ਪੂਰੀ ਤਰ੍ਹਾਂ ਵਾਕਿਫ ਨਾ ਹੋਣਾ; ਹ) ਪੰਜਾਬੀ ਦੇ ਅੰਤਰਰਾਸ਼ਟਰੀ ਭਾਸ਼ਾ ਹੋਣ ਦੇ ਤੱਥ ਤੋਂ ਲੋੜੀਂਦੀ ਸ਼ਕਤੀ ਨਾ ਲੈਣੀ, ਆਦਿ।

ਵੀਹ ਸਾਲ ਪਹਿਲਾਂ ਬੀ ਸੀ ਵਿੱਚ ਪੰਜਾਬੀ ਭਾਸ਼ਾ ਨੂੰ ਦੁਨੀਆਂ ਦੀਆਂ ਦੂਜੀਆਂ ਵੱਡੀਆਂ ਭਾਸ਼ਾਵਾਂ, ਫਰਾਂਸੀਸੀ, ਸਪੇਨੀ, ਜਰਮਨ, ਜਪਾਨੀ, ਚੀਨੀ ਦੇ ਬਰਾਬਰ ਸਕੂਲਾਂ ਵਿੱਚ ਦੂਜੀ ਭਾਸ਼ਾ ਵਜੋਂ ਪੜ੍ਹਾਏ ਜਾਣ ਦਾ ਦਰਜਾ ਮਿਲਣ ਨਾਲ਼ ਜਿਹੜੀ ਇੱਕ ਸਚਾਈ ਸਾਡੇ ਸਾਰਿਆਂ ਦੇ ਸਾਹਮਣੇ ਸਾਕਾਰ ਹੋਈ, ਉਹ ਸੀ ਕਿ ਅਸੀਂ ਇਸ ਮੌਕੇ ਦੇ ਹਾਣ ਦੇ ਨਹੀਂ ਸਾਂ। ਭਾਵ ਕਿ ਨਾ ਤਾਂ ਸਾਡੇ ਕੋਲ਼ ਅਜਿਹੇ ਮੌਕੇ ਨੂੰ ਪੰਜਾਬੀ ਦੇ ਵਿਕਾਸ ਵਾਸਤੇ ਵਰਤਣ ਲਈ ਵਿਗਿਆਨਕ ਲੀਹਾਂ ਉੱਤੇ ਸੋਚਣ ਅਤੇ ਕੰਮ ਕਰਨ ਦੀ ਸੂਝ ਤੇ ਜਥੇਬੰਦਕ ਸ਼ਕਤੀ ਨਾ ਸੀ ਤੇ ਨਾ ਅਜੇ ਹੈ। ਪੰਜਾਬੀ ਬੋਲੀ ਲਈ, ਨਿਰੋਲ ਇੱਕ ਬੋਲੀ ਵਜੋਂ ਅਤੇ ਬਿਲਕੁਲ ਵੱਖਰੀਆਂ ਸਥਿਤੀਆਂ ਵਿੱਚ ਅੱਗੇ ਲਿਜਾਣ ਲਈ ਅਜਿਹੇ ਲੋਕ ਵੀ ਨਹੀਂ ਸਨ ਜੋ ਇਸ ਮਸਲੇ ਨੂੰ ਇਸ ਕਦਰ ਆਪਣੇ ਜੀਵਨ ਦਾ ਲਕਸ਼ ਬਣਾ ਲੈਣ, ਜਿਸ ਕਦਰ ਦੂਜੇ ਲੋਕ ਧਰਮ ਜਾਂ ਖੇਡਾਂ ਆਦਿ ਨੂੰ ਅਪਣਾ ਲੈਂਦੇ ਹਨ। ਪੰਜਾਬੀ ਭਾਸ਼ਾ ਵਲ ਬਹੁਤੇ ਪੰਜਾਬੀਆਂ ਦਾ ਰਵੱਈਆ ਉੱਪਭਾਵਕ ਪੱਧਰ ਦਾ ਹੈ ਅਤੇ ਇਸ ਨਾਲ਼ ਲਗਨ ਜਾਂ ਬੇਮੁੱਖਤਾ ਦਾ ਆਧਾਰ ਧਰਮ ਹੈ। ਇੱਕ ਭਾਸ਼ਾ ਦੇ ਤੌਰ ਉੱਤੇ ਪੰਜਾਬੀ ਨੂੰ ਦੇਖਣ ਸਾਂਭਣ ਦੀ ਲੋੜੀਂਦੀ ਜਾਚ ਅਤੇ ਖਾਹਿਸ਼ ਅਜੇ ਸਾਡੇ ਕੋਲ਼ ਨਹੀਂ ਹੈ। ਸਾਡੇ ਕੋਲ਼ ਭਾਸ਼ਾ ਦੇ ਵਿਸ਼ੇ ਵਿੱਚ ਯੋਗਤਾ ਰੱਖਣ ਵਾਲੇ ਬੁੱਧੀਜੀਵੀਆਂ, ਪੇਸ਼ਾਵਰਾਂ ਅਤੇ

ਵਿਸ਼ੇਸ਼ੱਗਾਂ ਦੀ ਬੇਹੱਦ ਘਾਟ ਹੈ। ਜੋ ਲੋਕ ਇਹ ਯੋਗਤਾ ਰੱਖਦੇ ਵੀ ਹਨ ਉਨ੍ਹਾਂ ਨੂੰ ਪੰਜਾਬੀ ਵਾਸਤੇ ਕੰਮ ਕਰਨ ਲਈ ਸਹੀ ਕਿਸਮ ਦੀ ਪ੍ਰੇਰਨਾ ਅਤੇ ਮਾਹੌਲ ਨਹੀਂ ਮਿਲਦਾ ਤੇ ਨਾ ਹੀ ਉਨ੍ਹਾਂ ਦੀ ਯੋਗਤਾ ਦਾ ਸਹੀ ਮੁੱਲ ਪਾਇਆ ਜਾ ਰਿਹਾ ਹੈ। ਪੰਜਾਬੀ ਪੜ੍ਹਾਉਣ ਵਾਸਤੇ ਕਨੇਡੀਅਨ ਸੰਦਰਭ ਅਨੁਸਾਰ ਢੁੱਕਵੀਂ ਸਮੱਗਰੀ ਨਹੀਂ ਹੈ। ਜ਼ਬਾਨ ਸਿਖਾਲਣ ਵਾਲੀਆਂ ਨਵੀਂਆਂ ਵਿਧੀਆਂ ਨੂੰ ਜਾਨਣ ਵਾਲੇ ਪੰਜਾਬੀ ਅਧਿਆਪਕ ਨਹੀਂ ਹਨ। ਇਸ ਕਿਸਮ ਦੇ ਅਨੇਕਾਂ ਹੋਰ ਖੇਤਰ ਹਨ ਜਿਨ੍ਹਾਂ ਵਿੱਚ ਬੇਹੱਦ ਘਾਟ ਮਹਿਸੂਸ ਹੁੰਦੀ ਹੈ।

ਕਨੇਡਾ ਵਿੱਚ ਪੰਜਾਬੀ ਭਾਸ਼ਾ ਦੇ ਮਸਲੇ ਬਾਰੇ ਇਹ ਗੱਲ ਅਕਸਰ ਰੜਕਦੀ ਹੈ ਕਿ ਬੁੱਧੀਜੀਵੀਆਂ ਅਤੇ ਲੇਖਕਾਂ ਵੱਲੋਂ ਲੋੜ ਨਾਲੋਂ ਘੱਟ ਧਿਆਨ ਦਿੱਤਾ ਗਿਆ ਹੈ। ਉਦਾਹਰਨ ਵਜੋਂ, ਇੰਗਲੈਂਡ ਵਿੱਚ ਪੰਜਾਬੀ ਲੇਖਕਾਂ ਅਤੇ ਅਧਿਆਪਕਾਂ ਨੇ ਇਸ ਪਾਸੇ ਵਲ ਕਾਫੀ ਗਿਣਤੀ ਵਿੱਚ ਖੋਜ ਭਰਪੂਰ ਲੇਖ ਤੇ ਕਿਤਾਬਾਂ ਲਿਖੀਆਂ ਹਨ। ਦਰਸ਼ਨ ਸਿੰਘ ਤਾਤਲਾ ਵਲੋਂ ਸੰਪਾਦਿਤ ਪੁਸਤਕ ਵਿੱਚ ਹੀ ਅਠਾਈ ਲੇਖ ਹਨ, ਜਿਸ ਵਿੱਚੋਂ ਪਹਿਲਾਂ ਕਈ ਹਵਾਲੇ ਵੀ ਦਿੱਤੇ ਗਏ ਹਨ। ਕਨੇਡਾ ਵਿੱਚ ਪੰਜਾਬੀ ਭਾਸ਼ਾ ਦੇ ਮਸਲੇ ਨੂੰ ਖੋਜ ਭਰਪੂਰ ਲੇਖਾਂ ਦਾ ਵਿਸ਼ਾ ਬਣਾਉਣ ਦੀ ਲੋੜ ਹੈ ਤਾਂਕਿ ਇਸ ਬਾਰੇ ਇੱਕ ਸਾਂਝੀ ਸੋਚ ਉਸਾਰੀ ਜਾ ਸਕੇ। ਇਸ ਸਮੱਸਿਆ ਦਾ ਇੱਕ ਪੱਖ ਇਹ ਵੀ ਹੈ ਕਿ ਅਜੇ ਵੀ ਪੰਜਾਬੀ ਭਾਈਚਾਰੇ ਵੱਲੋਂ ਅਚੇਤ ਹੀ ਇਹ ਆਸ ਕੀਤੀ ਜਾਂਦੀ ਹੈ ਕਿ ਪੰਜਾਬੀ ਦੇ ਲੇਖਕ ਵੀ ਤੇ ਭਾਸ਼ਾ ਵਿੱਚ ਯੋਗਤਾ ਰੱਖਣ ਵਾਲੇ ਲੋਕ ਇਸ ਕੰਮ ਲਈ ਖੁਦ ਵਲੰਟੀਅਰਾਂ ਵਜੋਂ ਕੰਮ ਕਰਨ। ਚਾਹੀਦਾ ਇਹ ਹੈ ਕਿ ਇਸ ਕੰਮ ਲਈ ਲੋੜੀਂਦੇ ਆਰਿਥਕ ਸੋਮੇ ਇਕੱਤਰ ਕੀਤੇ ਜਾਣ ਜਿਸ ਨਾਲ਼ ਪੇਸ਼ਾਵਰ ਤੇ ਵਿਸ਼ੇਸ਼ੱਗ ਲੋਕਾਂ ਨੂੰ ਬੋਲੀ ਦੇ ਵਿਕਾਸ ਵਾਸਤੇ ਕੰਮ ਕਰਨ ਲਈ ਯੋਗ ਤਨਖਾਹਾਂ ਦਿੱਤੀਆਂ ਜਾਣ ਅਤੇ ਖੋਜ ਵਾਸਤੇ ਲੋੜੀਂਦੀਆਂ ਸੁਵਿਧਾਵਾਂ ਮੁਹੱਈਆ ਕੀਤੀਆਂ ਜਾਣ।

ਸਾਡੇ ਲਈ ਅਜੇ ਇਹ ਵੀ ਇੱਕ ਸਿੱਖਣ ਵਾਲੀ ਗੱਲ ਹੈ ਕਿ ਕਿਸੇ ਵਿਸ਼ੇ ਬਾਰੇ ਗੱਲ ਕਰਦਿਆਂ ਉਸ ਉੱਪਰ ਧਿਆਨ ਕਿਸ ਤਰ੍ਹਾਂ ਕੇਂਦਰਤ ਰੱਖਣਾ ਹੈ। ਪੰਜਾਬੀ ਨਾਲ਼ ਸੰਬੰਧਤ ਕਨੇਡਾ ਵਿਚਲੇ ਮਸਲਿਆਂ ਬਾਰੇ ਮੀਡੀਏ ਵਿੱਚ (ਖਾਸ ਕਰ ਰੇਡੀਓ ’ਤੇ) ਗੱਲਬਾਤ ਸਮੇਂ ਜਾਂ ਸੈਮੀਨਾਰਾਂ/ਕਾਨਫਰੰਸਾਂ ਸਮੇਂ ਇਹ ਅਕਸਰ ਦੇਖਣ/ਸੁਣਨ ਵਿੱਚ ਆਇਆ ਹੈ ਕਿ ਅਸਲੀ ਮਸਲੇ ’ਤੇ ਧਿਆਨ ਕੇਂਦਰਤ ਰੱਖਣਾ ਮੁਸ਼ਕਲ ਹੋ ਜਾਂਦਾ ਹੈ। ਆਮ ਲੋਕਾਂ ਵੱਲੋਂ ਹੀ ਨਹੀਂ ਲੇਖਕਾਂ ਅਤੇ ਬੁੱਧੀਜੀਵੀਆਂ ਵੱਲੋਂ ਵੀ ਪੰਜਾਬੀ ਨਾਲ਼ ਸੰਬੰਧਤ ਹਰ ਮਸਲੇ ਨੂੰ ਹਰ ਸਮੇਂ ਅੱਗੇ ਲਿਆਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਸ ਨਾਲ਼ ਗੱਲ ਬਹੁਤ ਘੱਟ ਕਿਸੇ ਵੀ ਸਿਰੇ ਲਗਦੀ ਹੈ। ਉਦਾਹਰਨ ਵਜੋਂ, ਸਕੂਲਾਂ ਵਿੱਚ ਪੰਜਾਬੀ ਪੜ੍ਹਾਉਣ ਸੰਬੰਧੀ ਮੁਸ਼ਕਲਾਂ ਬਾਰੇ ਚਲਦੀ ਗੱਲ ਵਿੱਚ ਰੇਡੀਓ ’ਤੇ ਜਾਂ ਆਮ ਲੋਕਾਂ ਵਲੋਂ ਪੰਜਾਬੀ ਸ਼ਬਦਾਂ ਦੇ ਉਚਾਰਣ ਦਾ ਮਸਲਾ ਅੱਗੇ ਲੈ ਆਉਣਾ। ਪੰਜਾਬੀ ਦਾ ਹੀ ਨਹੀਂ ਕਈ ਵਾਰੀ ਤਾਂ ਅੰਗ੍ਰੇਜ਼ੀ ਦੇ ਸ਼ਬਦਾਂ ਦੇ ਉਚਾਰਣ ਬਾਰੇ ਵੀ ਬਹਿਸ ਸ਼ੁਰੂ ਕਰ ਦਿੱਤੀ ਜਾਂਦੀ ਹੈ। ਨਵੇਂ ਅੰਗ੍ਰੇਜ਼ੀ ਪੜ੍ਹਿਆਂ ਵੱਲੋਂ ਉਨ੍ਹਾਂ ਸ਼ਬਦਾਂ ਦੇ ਉਚਾਰਨ ਨੂੰ ਲੈ ਕੇ ਵੀ ਆਮ ਪੰਜਾਬੀਆਂ ਦਾ ਮਖੌਲ ਉਡਾਇਆ ਜਾਂਦਾ ਹੈ ਜਿਹੜੇ ਸ਼ਬਦਾਂ ਦਾ ਲੰਮੇ ਸਮੇਂ ਦੀ ਵਰਤੋਂ ਨਾਲ਼ ਲੋਕਾਂ ਨੇ ਪੰਜਾਬੀਕਰਨ ਕੀਤਾ ਹੋਇਆ ਹੈ। ਇਸੇ ਤਰ੍ਹਾਂ ਕਈ ਵਾਰੀ ਪੰਜਾਬੀ ਦੀ ਗੱਲ ਕਰਨ ਵਾਲਿਆਂ ਨੂੰ ਇਹ ਵੀ ਕਹਿ ਦਿੱਤਾ

ਜਾਂਦਾ ਹੈ ਕਿ ਇਸ ਵੇਲੇ ਮਨੁੱਖਤਾ ਦੇ ਸਨਮੁੱਖ ਹੋਰ ਬੜੇ ਜ਼ਰੂਰੀ ਮਸਲੇ ਹਨ ਉਨ੍ਹਾਂ ਬਾਰੇ ਗੱਲ ਕਰਨੀ ਚਾਹੀਦੀ ਹੈ। ਕਦੇ ਖੱਬੇ ਨਜ਼ਰੀਏ ਤੋਂ ਇਹ ਕਹਿਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਬੋਲੀ ਦੇ ਮਸਲੇ ਦਾ ਪੂੰਜੀਵਾਦ ਦੇ ਰਹਿੰਦਿਆਂ ਕੋਈ ਹੱਲ ਸੰਭਵ ਨਹੀਂ। ਕਨੇਡਾ ਵਿਚ ਰਹਿਣ ਲਈ ਸਾਡੇ ਸਾਰਿਆਂ ਲਈ ਤੇ ਖਾਸ ਕਰ ਏਥੇ ਜੰਮ ਪਲ਼ ਰਹੀਆਂ ਅਗਲੀਆਂ ਪੀੜ੍ਹੀਆਂ ਲਈ ਅੰਗ੍ਰੇਜ਼ੀ ਦੀ ਮਹੱਤਤਾ ਤੋਂ ਕੋਈ ਵੀ ਮੁਨਕਰ ਨਹੀਂ ਪਰ ਸਾਡੇ ਭਾਈਚਾਰੇ ਵਿਚ ਕਈ ਵਾਰੀ ਪੰਜਾਬੀ ਦੀ ਗੱਲ ਦਾ ਅਰਥ ਇਹ ਕੱਢਿਆ ਜਾਂਦਾ ਹੈ ਕਿ ਇਹ ਅੰਗ੍ਰੇਜ਼ੀ ਦੀ ਵਿਰੋਧਤਾ ਹੈ। ਅਜਿਹਾ ਵਿਚਾਰ ਰੱਖਣ ਵਾਲਿਆਂ ਵਲੋਂ ਅੰਗ੍ਰੇਜ਼ੀ ਦੇ ਫਾਇਦਿਆਂ ਬਾਰੇ ਇਸ ਅੰਦਾਜ਼ ਵਿਚ ਦੱਸਿਆ ਜਾਂਦਾ ਹੈ ਕਿ ਪੰਜਾਬੀ ਦੀ ਗੱਲ ਕਰਨ ਵਾਲੇ ਲੋਕ ਕੋਈ ਵੱਡਾ ਗੁਨਾਹ ਕਰਦੇ ਦਿਸਦੇ ਹਨ। ਇਸ ਕਿਸਮ ਦੇ ਵਿਚਾਰ ਨਸਲਵਾਦੀ ਚਿੱਟੇ ਲੋਕਾਂ ਵਲੋਂ ਤਾਂ ਕਿਸੇ ਨਾ ਕਿਸੇ ਰੂਪ ਵਿਚ ਅਕਸਰ ਸਾਹਮਣੇ ਆਉਂਦੇ ਰਹਿੰਦੇ ਹਨ ਤੇ ਉਨ੍ਹਾਂ ਦੇ ਇਸ ਘਿਰਨਾ ਭਰੇ ਨਜ਼ਰੀਏ ਨਾਲ ਦੁੱਖ ਤਾਂ ਹੁੰਦਾ ਹੈ ਪਰ ਘੱਟੋ ਘੱਟ ਇਸ ਗੱਲ ਦੀ ਸਮਝ ਤਾਂ ਆਉਂਦੀ ਹੈ ਕਿ ਉਹ ਅਜਿਹਾ ਕਿਉਂ ਕਰਦੇ ਹਨ। ਇਹ ਗੱਲ ਉਦੋਂ ਸਮਝਣੀ ਮੁਸ਼ਕਿਲ ਲਗਦੀ ਹੈ ਜਦੋਂ ਖੁਦ ਪੰਜਾਬੀ ਲੇਖਕ ਪੰਜਾਬੀ ਪੜ੍ਹਾਉਣ ਦੇ ਸਬੰਧ ਵਿਚ ਨਾਂਹ-ਪੱਖੀ ਨਜ਼ਰੀਆ ਅਪਣਾਉਂਦੇ ਹਨ[166]।

ਸਾਡੇ ਵਾਸਤੇ ਇਹ ਵੀ ਜ਼ਰੂਰੀ ਹੈ ਕਿ ਅਸੀਂ ਕਨੇਡਾ ਵਿੱਚ ਵਸਦੇ ਦੂਜੇ ਲੋਕਾਂ ਦੀਆਂ ਆਪਣੀਆਂ ਬੋਲੀਆਂ ਬਾਰੇ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਹਾਸਿਲ ਕਰੀਏ। ਇਸ ਸੰਦਰਭ ਵਿੱਚ ਯੁਕਰੇਨੀਅਨ, ਚੀਨੀ ਅਤੇ ਹੋਰ ਭਾਸ਼ਾਵਾਂ ਦੇ ਲੋਕਾਂ ਦਾ ਤਜਰਬਾ ਸਾਡੇ ਲਈ ਲਾਹੇਵੰਦ ਹੋ ਸਕਦਾ ਹੈ। ਕਨੇਡਾ ਦੇ ਤਕਰੀਬਨ ਹਰ ਸੂਬੇ ਵਿੱਚ ਹੀ ਅਜਿਹੀਆਂ ਜਥੇਬੰਦੀਆਂ ਹਨ ਜਿਹੜੀਆਂ ਵਿਰਾਸਤੀ ਭਾਸ਼ਾਵਾਂ ਦੇ ਹੱਕਾਂ ਵਾਸਤੇ ਜੱਦੋਜਹਿਦ ਕਰ ਰਹੀਆਂ ਹਨ। ਇਹ ਜਥੇਬੰਦੀਆਂ ਆਮ ਤੌਰ ਉੱਤੇ ਦੋ ਕਿਸਮ ਦੀਆਂ ਹਨ। ਇੱਕ ਤਾਂ ਹਰ ਭਾਸ਼ਾ ਦੇ ਲੋਕਾਂ ਦੀਆਂ ਆਪਣੀਆਂ ਅੰਦਰੂਨੀ ਜਥੇਬੰਦੀਆਂ ਹਨ ਅਤੇ ਦੂਜੀਆਂ ਕੁਝ ਸਾਂਝੀਆਂ ਜਥੇਬੰਦੀਆਂ ਹਨ ਜਿਨ੍ਹਾਂ

---

166 ਉਦਾਹਰਨ ਵਜੋਂ, ਪੰਜਾਬੀ ਲੇਖਿਕਾ ਸੁਰਜੀਤ ਕਲਸੀ ਨੇ ਆਪਣੇ ਇਕ ਪੇਪਰ – 'ਕੈਨੇਡਾ ਦੇ ਪੰਜਾਬੀ ਸਾਹਿਤ ਦਾ ਅੰਗ੍ਰੇਜ਼ੀ ਅਨੁਵਾਦ: ਇਤਹਾਸਿਕ ਪੱਖ' – ਵਿਚ ਕੁਝ ਇਸ ਤਰ੍ਹਾਂ ਦੇ ਵਿਚਾਰ ਪੇਸ਼ ਕੀਤੇ ਹਨ: "... ਇਹ ਐਨਥਾਲੌਜੀ – Glimpses of Twentieth Century Punjabi Poetry in English Translation - ਇਕ ਤਰ੍ਹਾਂ ਨਾਲ ਲੈਂਡਮਾਰਕ ਹੈ ਕਨੇਡੀਅਨ ਪੰਜਾਬੀ ਸਾਹਿਤ ਦੇ ਹੁਣ ਤੱਕ ਤੇ ਅਨੁਵਾਦਤ ਸਾਹਿਤ ਵਿਚ ਤੇ ਏਡੇ ਵੱਡੇ ਪੈਮਾਨੇ ਤੇ ਪੰਜਾਬੀ ਕਵਿਤਾ ਦੇ ਅਨੁਵਾਦ ਦੀ ਅਜੇ ਤੱਕ ਕੋਈ ਪੁਸਤਕ ਹੋਂਦ ਵਿਚ ਨਹੀਂ ਆਈ ਪਰ ਲੇਖਕਾਂ ਨੇ ਇਸ ਦਾ ਨੋਟਿਸ ਇਸ ਕਰਕੇ ਨਹੀਂ ਲਿਆ ਕਿਉਂਕਿ ਇਕ ਤਾਂ ਉਹਨਾਂ ਨੂੰ ਪੰਜਾਬੀ ਬੋਲੀ/ਭਾਸ਼ਾਂ ਦੇ ਖਤਮ ਹੋ ਜਾਣ ਦਾ ਡਰ ਸੀ ਤੇ ਦੂਜਾ ਕੈਨੇਡਾ ਵਿਚ ਇਕਾ ਦੁੱਕਾ ਲੇਖਕ ਨੇ ਆਪਣੀ ਪੰਜਾਬੀ ਪੜ੍ਹਾਉਣ ਦੀ ਜੌਬ ਦੀ ਸਲਾਮਤੀ ਲਈ ਅਨੁਵਾਦ ਨੂੰ ਸਾਹਮਣੇ ਲਿਆਉਣ ਦੀ ਲੋੜ ਨਹੀਂ ਸਮਝੀ ਤੇ ਇਸ ਵਿਰੁੱਧ ਪ੍ਰਚਾਰ ਦੀ ਭਾਵਨਾ ਰੱਖੀ। ਭਾਵੇਂ ਉਹ ਪੰਜਾਬੀ ਪੜ੍ਹਾਉਣ ਵਾਲੇ ਇੱਕਾ-ਦੁੱਕਾ ਅਧਿਆਪਕ ਆਪਣੀ ਅਰਜ਼ੀ, ਲੈਸਨ ਪਲ਼ੈਨ, ਇੰਮਪਲੋਇਰ ਨਾਲ ਗਲ ਬਾਤ, ਤੇ ਕਲਾਸਾਂ ਦੀ ਇਸ਼ਿਤਹਾਰਬਾਜ਼ੀ ਤੇ ਸੈਮੀਨਾਰ ਅੰਗ੍ਰੇਜ਼ੀ ਵਿਚ ਹੀ ਰੱਖਦੇ ਰਹੇ ਹਨ।"

ਵਿੱਚ ਵੱਖਰੀਆਂ ਬੋਲੀਆਂ ਦੇ ਲੋਕ ਰਲ਼ ਕੇ ਆਪਣੇ ਹੱਕਾਂ ਵਾਸਤੇ ਸੰਘਰਸ਼ ਕਰਦੇ ਹਨ। ਇਸ ਪਾਸੇ ਬੇਹੱਦ ਸਰਗਰਮੀ ਨਾਲ਼ ਕੰਮ ਕਰਨ ਵਾਲ਼ੀਆਂ ਸਾਂਝੀਆਂ ਜਥੇਬੰਦੀਆਂ ਵਿੱਚੋਂ ਕੁਝ ਇਹ ਹਨ: ਬੀ ਸੀ ਵਿੱਚ 'ਬੀ ਸੀ ਹੈਰੀਟੇਜ ਲੈਂਗੂਏਜ ਐਸੋਸੀਏਸ਼ਨ' (ਬੀ ਸੀ ਐਚ ਐੱਲ ਏ), ਅਲਬਰਟਾ ਵਿੱਚ 'ਸਾਊਥ ਅਲਬਰਟਾ ਹੈਰੀਟੇਜ ਲੈਂਗੂਏਜ ਐਸੋਸੀਏਸ਼ਨ' (ਐਸ ਏ ਐਚ ਐੱਲ ਏ), 'ਇੰਟਰਨੈਸ਼ਨਲ ਐਂਡ ਹੈਰੀਟੇਜ ਲੈਂਗੂਏਜਜ਼ ਐਸੋਸੀਏਸ਼ਨ', ਸੈਸਕੈਚਵਾਨ ਵਿੱਚ 'ਸੈਸਕੈਚਵਾਨ ਆਰਗੇਨਾਈਜ਼ੇਸ਼ਨ ਫਾਰ ਹੈਰੀਟੇਜ ਲੈਂਗੂਏਜ' (ਐਸ ਓ ਐਚ ਐਲ), 'ਮਲਟੀਲਿੰਗੁਅਲ ਐਸੋਸੀਏਸ਼ਨ ਆਫ ਰਿਜਾਈਨਾ', ਮੈਨੀਟੋਬਾ ਵਿੱਚ 'ਮੈਨੀਟੋਬਾ ਐਸੋਸੀਏਸ਼ਨ ਫਾਰ ਦਾ ਪਰੋਮੋਸ਼ਨ ਆਫ ਐਂਸੈਸਟਰਲ ਲੈਂਗੂਏਜਸ' (ਐੱਮ ਏ ਪੀ ਏ ਐਲ)। ਮੈਨੀਟੋਬਾ ਦੀ ਜਥੇਬੰਦੀ 'ਹੈਰੀਟੇਜ ਰੀਵੀਊ' ਨਾਂ ਦਾ ਮੈਗਜ਼ੀਨ 1985 ਤੋਂ ਲਗਾਤਾਰ ਕੱਢ ਰਹੀ ਹੈ ਜੋ ਵਿਰਾਸਤੀ ਭਾਸ਼ਾਵਾਂ ਦੇ ਸੰਬੰਧ ਵਿੱਚ ਸਾਰਿਥਕ ਸਮੱਗਰੀ ਛਾਪਦਾ ਹੈ। ਏਸੇ ਤਰ੍ਹਾਂ ਦੂਜੇ ਸੂਬਿਆਂ ਵਿੱਚ ਵੀ ਅਜਿਹੀਆਂ ਜਥੇਬੰਦੀਆਂ ਹਨ। 'ਕਨੇਡੀਅਨ ਲੈਂਗੂਏਜਜ਼ ਐਸੋਸੀਏਸ਼ਨ' (ਸੀ ਐੱਲ ਏ) ਕੌਮੀ ਪੱਧਰ ਦੀ ਜਥੇਬੰਦੀ ਹੈ। ਇਹ ਜਥੇਬੰਦੀਆਂ ਲਗਾਤਾਰਤਾ ਨਾਲ਼ ਆਪਸੀ ਤਾਲਮੇਲ ਵਾਸਤੇ ਮੀਟਿੰਗਾਂ ਅਤੇ ਕਾਂਨਫਰੰਸਾਂ ਕਰਦੀਆਂ ਹਨ। ਉਦਾਹਰਨ ਵਜੋਂ, ਬੀ ਸੀ ਐਚ ਐੱਲ ਏ ਹਰ ਸਾਲ ਵੈਨਕੂਵਰ ਵਿੱਚ ਇੱਕ ਕਾਨਫਰੰਸ ਕਰਦੀ ਹੈ।

8.2

ਅਗਲੀ ਪੀੜ੍ਹੀ ਨੂੰ ਜੱਦੋਜਹਿਦ ਵਿੱਚ ਸ਼ਾਮਲ ਕਰਨਾ।

ਅਸੀਂ ਇਸ ਖਿਆਲ ਨਾਲ਼ ਗੱਲ ਸ਼ੁਰੂ ਕੀਤੀ ਸੀ ਕਿ ਕਨੇਡਾ ਵਿੱਚ ਪੰਜਾਬੀ ਭਾਸ਼ਾ ਦੀ ਸੰਭਾਲ ਅਤੇ ਵਿਕਾਸ ਦਾ ਮਸਲਾ ਅਸਲ ਵਿੱਚ ਅਗਲੀਆਂ ਪੀੜ੍ਹੀਆਂ ਦੇ ਪੰਜਾਬੀ ਨਾਲ਼ ਰਿਸ਼ਤੇ ਦਾ ਮਸਲਾ ਹੈ। ਇਸ ਸੰਬੰਧ ਵਿੱਚ ਸਭ ਤੋਂ ਜ਼ਰੂਰੀ ਗੱਲ ਤਾਂ ਇਹੀ ਹੈ ਕਿ ਅਗਲੀ ਪੀੜ੍ਹੀ ਦੇ ਲੋਕ ਵੀ ਇਸ ਵਿੱਚ ਦਿਲਚਸਪੀ ਲੈਣ ਲੱਗਣ। ਏਥੋਂ ਦੇ ਜੰਮੇ ਪਲ਼ੇ ਲੋਕ ਜ਼ਿਆਦਾ ਆਸਾਨੀ ਨਾਲ਼ ਏਥੋਂ ਦੇ ਮਸਲਿਆਂ ਨੂੰ ਸਮਝ ਸਕਦੇ ਹਨ ਅਤੇ ਉਸ ਵਾਸਤੇ ਕੰਮ ਕਰ ਸਕਦੇ ਹਨ। ਇਹ ਕੰਮ ਕੁਝ ਹੱਦ ਤੱਕ ਹੋ ਵੀ ਰਿਹਾ ਹੈ। ਬੀ ਸੀ ਦੇ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਲਾਗੂ ਕਰਵਾਉਣ ਵਿੱਚ ਕਨੇਡਾ ਦੀ ਜੰਮੀ ਪਲ਼ੀ ਪੀੜ੍ਹੀ ਦੇ ਲੋਕਾਂ ਵਲੋਂ ਪਾਇਆ ਯੋਗਦਾਨ ਇਸ ਦੀ ਇੱਕ ਮਿਸਾਲ ਹੈ। ਇਸ ਸੰਬੰਧ 'ਚ ਮੋਅ ਸਹੋਤਾ, ਇੰਦਰ ਮੇਹਟ ਅਤੇ ਹੈਰੀ ਲਾਲੀ ਦੀ ਉਦਾਹਰਨ ਲਈ ਜਾ ਸਕਦੀ ਹੈ। ਇਹ ਕਨੇਡਾ ਵਿੱਚ ਪਲ਼ੇ ਲੋਕ ਹਨ ਜਿਨ੍ਹਾਂ ਨੇ ਪੰਜਾਬੀ ਨੂੰ ਬੀ ਸੀ ਦੇ ਸਕੂਲਾਂ ਵਿੱਚ ਲਾਗੂ ਕਰਵਾਉਣ ਵਿੱਚ ਵੱਡੀ ਭੂਮਿਕਾ ਨਿਭਾਈ। ਇਸ ਵੇਲੇ ਬੀ ਸੀ ਦੇ ਸਕੂਲਾਂ ਵਿੱਚ ਪੰਜਾਬੀ ਪੜ੍ਹਾ ਰਹੇ ਅਧਿਆਪਕਾਂ ਵਿੱਚੋਂ ਅੱਧੇ ਤੋਂ ਵੱਧ ਏਥੋਂ ਦੇ ਜੰਮੇ/ਪਲ਼ੇ ਅਤੇ ਏਥੋਂ ਦੇ ਹੀ ਪੜ੍ਹੇ ਹੋਏ ਹਨ।

ਲੋੜ ਹੈ ਕੁਝ ਏਹੋ ਜਿਹੇ ਕਦਮ ਪੁੱਟਣ ਦੀ ਜਿਨ੍ਹਾਂ ਨਾਲ਼ ਕਨੇਡਾ ਦੇ ਸਕੂਲਾਂ, ਯੂਨੀਵਰਸਿਟੀਆਂ ਵਿੱਚ ਪੜ੍ਹ ਰਹੇ ਵਿਦਿਆਰਥੀ ਪੰਜਾਬੀ ਭਾਸ਼ਾ ਅਤੇ ਸਾਹਿਤ ਨਾਲ਼ ਸੰਬੰਧਤ ਵਿਸ਼ਿਆਂ ਵਿੱਚ ਦਿਲਚਸਪੀ ਲੈਣ ਲੱਗਣ। ਅਜੋਕੇ ਸਮੇਂ ਕਨੇਡਾ ਵਿੱਚ ਪੰਜਾਬੀ ਬੋਲੀ ਦੇ ਨਾਲ਼ ਨਾਲ਼ ਪੰਜਾਬੀ ਸਾਹਿਤ ਦੀ ਸਥਿਤੀ ਵੀ ਇਸ ਮਸਲੇ ਨਾਲ਼ ਜੁੜੀ ਹੋਈ ਹੈ। ਕਿਉਂਕਿ ਪੰਜਾਬੀ ਬੋਲੀ ਨੂੰ ਕਨੇਡਾ ਵਿੱਚ ਕਨੇਡੀਅਨ ਬੋਲੀ ਨਹੀਂ ਮੰਨਿਆ ਜਾਂਦਾ, ਨਤੀਜੇ ਵਜੋਂ, ਏਥੇ ਰਚਿਆ ਪੰਜਾਬੀ ਸਾਹਿਤ ਵੀ 'ਆਫੀਸ਼ੀਅਲੀ' ਕਨੇਡੀਅਨ ਨਹੀਂ ਹੈ। ਇਸ ਦਾ ਇੱਕ ਅਸਰ ਇਹ ਹੈ ਕਿ ਕਨੇਡਾ ਦੀ ਕੋਈ ਵੀ ਯੂਨੀਵਰਸਿਟੀ ਪੰਜਾਬੀ ਸਾਹਿਤ ਵਲ ਧਿਆਨ ਨਹੀਂ ਦੇ ਰਹੀ। ਕਨੇਡਾ ਵਸਦੇ ਪੰਜਾਬੀ ਸਾਹਿਤਕਾਰਾਂ ਵਾਸਤੇ ਜ਼ਰੂਰੀ ਹੈ ਕਿ ਉਹ ਲੋੜੀਂਦਾ ਸੰਘਰਸ਼ ਕਰਕੇ ਆਪਣੇ ਸਾਹਿਤ ਨੂੰ ਕਨੇਡੀਅਨ ਸਾਹਿਤ ਦਾ ਦਰਜਾ ਦਿਵਾਉਣ। ਇਸ ਸੰਘਰਸ਼ ਦਾ ਅਮਲ ਹੀ ਬਹੁਤ ਸਾਰੇ ਨੌਜਵਾਨਾਂ ਵਿੱਚ ਪੰਜਾਬੀ ਸਾਹਿਤ ਤੇ ਇਸ ਨਾਲ਼ ਜੁੜੇ ਮਸਲਿਆਂ ਬਾਰੇ ਚੇਤਨਾ ਲਿਆਵੇਗਾ। ਉਦਾਹਰਨ ਵਜੋਂ, ਅਸੀਂ ਦੇਖ ਸਕਦੇ ਹਾਂ ਕਿ ਪੰਜਾਬੀ ਬੋਲੀ ਸੰਬੰਧੀ ਚਲਦੀ ਗੱਲਬਾਤ ਨਾਲ਼ ਘੱਟੋ ਘੱਟ ਬੀ ਸੀ ਵਿੱਚ ਮੁਕਾਬਲਤਨ ਵੱਡੀ ਗਿਣਤੀ ਵਿੱਚ ਨੌਜਵਾਨ ਇਸ ਬਾਰੇ ਚੇਤਨਾ ਰੱਖਦੇ ਹਨ।

ਇਸ ਸੰਬੰਧ 'ਚ ਸਕੂਲ ਅਤੇ ਯੂਨੀਵਰਸਿਟੀ ਦੀ ਪੱਧਰ ਉੱਤੇ ਭਾਈਚਾਰੇ ਵੱਲੋਂ ਅਤੇ ਲੇਖਕ ਜਥੇਬੰਦੀਆਂ ਵੱਲੋਂ ਖਾਸ ਕਰ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਪੰਜਾਬੀ ਪੜ੍ਹ ਰਹੇ ਵਿਦਿਆਰਥੀਆਂ ਵਾਸਤੇ ਇਨਾਮ, ਸਕਾਲਰਸ਼ਿੱਪ, ਗਰਾਂਟ ਆਦਿ ਦਾ ਪ੍ਰਬੰਧ ਕੀਤਾ ਜਾਵੇ। ਇਸ ਪਾਸੇ ਕੁਝ ਯਤਨ ਹੋ ਵੀ ਰਹੇ ਹਨ। ਪਰ ਅਜੋਕੇ ਸਮੇਂ ਇਸ ਪਾਸੇ ਜ਼ਿਆਦਾ ਸਰਗਰਮੀ ਧਰਮ ਜਾਂ ਵਪਾਰ ਦੇ ਨਜ਼ਰੀਏ ਤੋਂ ਹੋ ਰਹੀ ਹੈ। ਸਾਹਿਤ ਅਤੇ ਬੋਲੀ ਨੂੰ ਆਧਾਰ ਬਣਾ ਕੇ ਵੀ ਵੱਧ ਸਰਗਰਮੀਆਂ ਹੋਣੀਆਂ ਚਾਹੀਦੀਆਂ ਹਨ। ਇਨ੍ਹਾਂ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ ਅਤੇ ਸਾਹਿਤ ਨਾਲ਼ ਜੋੜਨ ਦੇ ਇਰਾਦੇ ਨਾਲ਼ ਪੰਜਾਬ ਭੇਜਣ ਦੇ ਯਤਨ ਕਰਨੇ ਚਾਹੀਦੇ ਹਨ। ਅਮਰੀਕਾ ਦੀਆਂ ਕੁਝ ਯੂਨੀਵਰਸਿਟੀਆਂ ਵੱਲੋਂ, ਖਾਸ ਕਰ ਡਾਕਟਰ ਗੁਰਿੰਦਰ ਸਿੰਘ ਮਾਨ ਦੇ ਯਤਨਾਂ ਨਾਲ ਕੋਲੰਬੀਆ ਯੂਨੀਵਰਸਿਟੀ ਤੇ ਫੇਰ ਸੈਂਟਾ ਬਾਰਬਰਾ ਯੂਨੀਵਰਸਿਟੀ ਵਲੋਂ ਇਸ ਕਿਸਮ ਦੇ ਯਤਨ ਹੋਏ ਵੀ ਹਨ[167]। ਚੰਗਾ ਹੋਵੇ ਕਿ ਇਨ੍ਹਾਂ ਯਤਨਾਂ ਦਾ ਫੋਕਸ ਮੁੱਖ ਤੌਰ 'ਤੇ ਪੰਜਾਬੀ ਬੋਲੀ ਅਤੇ ਸਾਹਿਤ ਹੋਵੇ।

8.3

ਨਵੀਂ ਸੂਝ ਅਤੇ ਗਲੋਬਲ ਸਥਿਤੀਆਂ ਦੇ ਆਧਾਰ ਉੱਤੇ ਅੰਤਰਰਾਸ਼ਟਰੀ ਪੱਧਰ 'ਤੇ ਜਥੇਬੰਦਕ ਢਾਂਚਾ ਕਾਇਮ ਕਰਨ ਦੀ ਲੋੜ

167

http://www.global.ucsb.edu/punjab/summerprogram/reports.htm

ਇਹ ਗੱਲ ਸਾਫ ਹੈ ਕਿ ਦੁਨੀਆਂ ਦੀਆਂ ਬਹੁ-ਗਿਣਤੀ ਬੋਲੀਆਂ ਵਾਂਗ ਪੰਜਾਬੀ ਦੇ ਵਿਕਾਸ ਲਈ ਵੀ ਕੋਈ ਸਟੇਟ ਫਿਕਰਮੰਦ ਨਹੀਂ ਹੈ। ਪੰਜਾਬ ਦੀਆਂ ਸਰਕਾਰਾਂ ਨੇ ਇਸ ਪਾਸੇ ਵਲ ਜਿੰਨਾ ਅਤੇ ਜਿਸ ਉਤਸ਼ਾਹ ਨਾਲ਼ ਹੁਣ ਤੱਕ ਯੋਗਦਾਨ ਪਾਇਆ ਹੈ ਉਹ ਨਿਰਾਸ਼ ਕਰਨ ਵਾਲਾ ਹੈ। ਪਰ ਪੰਜਾਬੀ ਦੀ ਸਥਿਤੀ ਫੇਰ ਵੀ ਏਨੀ ਮਾੜੀ ਨਹੀਂ ਹੈ। ਜਿਵੇਂ ਪਹਿਲਾਂ ਜ਼ਿਕਰ ਕੀਤਾ ਗਿਆ ਹੈ ਕਿ ਸੰਸਾਰ ਦੀਆਂ ਬੋਲੀਆਂ ਦੀ ਗਿਣਤੀ ਸਹਿਜੇ ਹੀ ਛੇ ਹਜ਼ਾਰ ਤੋਂ ਵੱਧ ਦੱਸੀ ਜਾਂਦੀ ਹੈ ਜਦ ਕਿ ਦੁਨੀਆਂ ਵਿੱਚ ਆਜ਼ਾਦ ਹਸਤੀ ਰੱਖਣ ਵਾਲੇ ਮੁਲਕ ਜਾਂ ਸਟੇਟਾਂ ਦੋ ਸੌ ਦੇ ਦੁਆਲੇ ਹਨ। ਬਹੁਤੇ ਮੁਲਕਾਂ ਦੀ ਆਰਿਥਕ ਅਤੇ ਰਾਜਨੀਤਕ ਕਾਰਨਾਂ ਵੱਸ ਕੋਸ਼ਿਸ਼ ਹੈ ਕਿ ਉਨ੍ਹਾਂ ਦੇ ਦੇਸ਼ ਦੀ ਇੱਕੋ ਕੌਮੀ ਬੋਲੀ ਹੋਵੇ। ਵੱਡੀ ਪੱਧਰ ਉੱਤੇ ਆਪਣੇ ਆਰਿਥਕ ਅਤੇ ਰਾਜਨੀਤਕ ਮਨਸੂਬਿਆਂ ਨੂੰ ਪੂਰਾ ਕਰਨ ਵਾਲੀਆਂ ਤਾਕਤਾਂ ਚਾਹੁੰਦੀਆਂ ਹਨ ਕਿ ਦੁਨੀਆਂ ਭਰ ਦਾ ਸਾਰਾ ਕਾਰੋਬਾਰ ਇੱਕੋ ਬੋਲੀ - ਅੰਗ੍ਰੇਜ਼ੀ - ਵਿੱਚ ਹੀ ਚਲਾਇਆ ਜਾਵੇ। ਇਹ ਗੱਲ ਦੁਖਦਾਈ ਦਿਲਚਸਪੀ ਵਾਲੀ ਹੈ ਕਿ ਦੁਨੀਆਂ ਵਿੱਚੋਂ ਬਰਤਾਨਵੀਂ ਸਾਮਰਾਜ ਦਾ ਭਾਵੇਂ ਖਾਤਮਾ ਹੋ ਗਿਆ ਹੈ ਪਰ ਅੰਗ੍ਰੇਜ਼ੀ ਸਾਮਰਾਜ ਲਗਾਤਾਰ ਤਰੱਕੀ ਕਰ ਰਿਹਾ ਹੈ ਅਤੇ ਜਿਸ ਦੀ ਤਰੱਕੀ ਵਿੱਚ ਦੁਨੀਆਂ ਭਰ ਦੇ ਲੋਕ ਚਾਹੇ ਅਣਚਾਹੇ ਆਪਣੀ ਯੋਗਤਾ ਅਤੇ ਸ਼ਕਤੀ ਲਾ ਰਹੇ ਹਨ। ਦੁਨੀਆਂ ਭਰ ਦੇ ਲੋਕਾਂ ਨੂੰ ਅੰਗ੍ਰੇਜ਼ੀ ਪੜ੍ਹਾਉਣ ਵਾਲੇ ਅਧਿਆਪਕ ਅਤੇ ਅੰਗ੍ਰੇਜ਼ੀ ਦੀ ਪੜ੍ਹਾਈ ਵਿੱਚ ਵਰਤੇ ਜਾਣ ਵਾਲੀ ਸਮੱਗਰੀ ਦੀ ਪੈਦਾਵਾਰ ਇੰਗਲੈਂਡ, ਅਮਰੀਕਾ, ਕਨੇਡਾ, ਅਸਟ੍ਰੇਲੀਆ ਵਰਗੇ ਮੁਲਕਾਂ ਲਈ ਵੱਡੀ ਪੱਧਰ 'ਤੇ ਪੈਸਾ ਕਮਾਉਣ ਦੇ ਸਾਧਨ ਹਨ। ਇਨ੍ਹਾਂ ਆਰਿਥਕ ਹਿੱਤਾਂ ਕਾਰਨ ਇਹ ਮੁਲਕ ਵੱਖਰੇ ਵੱਖਰੇ ਤਰੀਕੇ ਨਾਲ਼ ਦੂਜੀਆਂ ਬੋਲੀਆਂ ਬੋਲਣ ਵਾਲੇ ਲੋਕਾਂ ਦੇ ਸਮਾਜਿਕ, ਸੱਭਿਆਚਾਰਕ ਹਿੱਤਾਂ ਦੀ ਕੋਈ ਕੀਮਤ ਨਹੀਂ ਪੈਣ ਦਿੰਦੇ। ਇਸ ਦਾ ਨਤੀਜਾ ਇਹ ਹੈ ਕਿ ਦੁਨੀਆਂ ਦੀਆਂ ਬਹੁਤੀਆਂ ਬੋਲੀਆਂ ਬੇਆਸਰਾ ਹਨ ਅਤੇ ਖਤਮ ਹੋਣ ਦੇ ਖਤਰੇ ਵਿੱਚ ਹਨ। ਮੁਕਾਬਲਤਨ ਪੰਜਾਬੀ ਫੇਰ ਵੀ ਏਨੀ ਬੇਆਸਰਾ ਨਹੀਂ ਹੈ।

ਪੰਜਾਬੀ ਦੇ ਸੰਬੰਧ 'ਚ ਚੰਗੀ ਗੱਲ ਇਹ ਵਾਪਰੀ ਹੈ ਕਿ ਇਹ ਅਸਲੀ ਮਹਿਨਿਆਂ 'ਚ ਇੱਕ ਅੰਤਰਰਾਸ਼ਟਰੀ ਬੋਲੀ ਬਣ ਗਈ ਹੈ। ਪੰਜਾਬੀ ਇਸ ਵੇਲੇ ਦੁਨੀਆਂ ਦੇ 125 ਤੋਂ 130 ਮੁਲਕਾਂ ਵਿੱਚ ਬੋਲੀ ਜਾਂਦੀ ਹੈ। ਪਾਕਿਸਤਾਨ ਦੇ ਬਹੁ-ਗਿਣਤੀ ਲੋਕਾਂ ਦੀ ਜ਼ਬਾਨ ਪੰਜਾਬੀ ਹੈ ਭਾਵੇਂ ਕਿ ਇਸ ਤੱਥ ਦਾ ਇਸ ਦੇ ਵਿਕਾਸ ਉੱਤੇ ਕੋਈ ਅਸਰ ਨਹੀਂ ਹੈ। ਇੰਗਲੈਂਡ ਵਿੱਚ ਵੀ ਪੰਜਾਬੀ ਅੰਗ੍ਰੇਜ਼ੀ ਤੋਂ ਬਾਅਦ ਦੂਜੇ ਨੰਬਰ ਉੱਤੇ ਬੋਲੀ ਜਾਣ ਵਾਲੀ ਭਾਸ਼ਾ ਹੈ। ਸਿੰਘਾਪੁਰ, ਮਲੇਸ਼ੀਆ ਆਦਿ ਕਈ ਮੁਲਕਾਂ 'ਚ ਪੰਜਾਬੀ ਦੀ ਜ਼ਿਕਰਯੋਗ ਹੋਂਦ ਹੈ। ਯੂਰਪ ਦੇ ਵੀ ਕਈ ਮੁਲਕਾਂ ਵਿੱਚ ਪੰਜਾਬੀਆਂ ਦੀ ਵਸੋਂ ਵਿੱਚ ਹੌਲੀ ਹੌਲੀ ਵਾਧਾ ਹੋ ਰਿਹਾ ਹੈ। ਪਿਛਲੇ ਤਿੰਨ ਦਹਾਕਿਆਂ ਦੌਰਾਨ ਕਨੇਡਾ ਅਤੇ ਅਮਰੀਕਾ ਦੀ ਪੰਜਾਬੀ ਵਸੋਂ ਵਿੱਚ ਨਿੱਗਰ ਵਾਧੇ ਹੋਏ ਹਨ। ਜਿਸ ਤਰ੍ਹਾਂ ਪਹਿਲਾਂ ਕਈ ਵਾਰ ਜ਼ਿਕਰ ਆਇਆ ਹੈ ਕਿ ਕਨੇਡਾ ਵਿੱਚ ਪੰਜਾਬੀ ਬੋਲੀ ਇਸ ਵੇਲੇ ਤੀਜੇ ਸਥਾਨ 'ਤੇ ਹੈ।

ਇਸ ਦੇ ਨਾਲ਼ ਹੀ ਇੱਕ ਪੱਖ ਨਵੀਆਂ ਤਕਨੀਕੀ ਈਜਾਦਾਂ ਦਾ ਵੀ ਹੈ। ਕੰਪਿਊਟਰ ਦੇ ਵਿਕਾਸ ਨੇ ਪੰਜਾਬੀ ਵਾਸਤੇ ਅਨੇਕਾਂ ਅਜਿਹੇ ਦਰ ਖੋਲ੍ਹ ਦਿੱਤੇ ਹਨ ਜਿਨ੍ਹਾਂ ਦਾ ਕੁਝ ਦੇਰ ਪਹਿਲਾਂ ਸੁਪਨਾ ਵੀ ਨਹੀਂ ਸੀ ਲਿਆ ਜਾ ਸਕਦਾ। ਪੰਜਾਬੀ

ਦੀਆਂ ਅਖਬਾਰਾਂ, ਮੈਗਜ਼ੀਨ ਅਤੇ ਕਿਤਾਬਾਂ ਦੀ ਛਪਾਈ ਦਾ ਬਹੁਤਾ ਕੰਮ ਹੁਣ ਕੰਪਿਊਟਰ ਰਾਹੀਂ ਹੁੰਦਾ ਹੈ। ਬਹੁਤ ਸਾਰੇ ਲੋਕ ਪੰਜਾਬੀ ਲਿਖਣ ਵਾਸਤੇ ਕੰਪਿਊਟਰ ਦੀ ਵਰਤੋਂ ਕਰ ਰਹੇ ਹਨ। ਬੱਚਿਆਂ ਨੂੰ ਪੰਜਾਬੀ ਸਿਖਾਲਣ ਲਈ ਸਾਫਟ ਵੇਅਰ ਤਿਆਰ ਹੋਣ ਲੱਗ ਪਏ ਹਨ। ਇੰਟਰਨੈੱਟ ਉੱਤੇ ਪੰਜਾਬੀ ਦੇ ਅਨੇਕਾਂ ਅਖਬਾਰ ਅਤੇ ਰਸਾਲੇ ਪਬਲਿਸ਼ ਹੋ ਰਹੇ ਹਨ। ਇਸ ਮਾਧਿਅਮ ਰਾਹੀਂ ਅਨੇਕਾਂ ਵੱਖਰੇ ਵੱਖਰੇ ਰੂਪਾਂ ਵਿੱਚ ਪੰਜਾਬੀ ਭਾਸ਼ਾ ਦੀ ਵਰਤੋਂ ਹੋ ਰਹੀ ਹੈ। ਇਹ ਤੱਥ ਕਿਸੇ ਵੀ ਪੰਜਾਬੀ ਨੂੰ ਉਸਦੀ ਮਾਤ-ਭਾਸ਼ਾ ਬਾਰੇ ਮਾਣ ਮਹਿਸੂਸ ਕਰਵਾ ਸਕਦੇ ਹਨ। ਪੰਜਾਬੀ ਭਾਸ਼ਾ ਦੇ ਸੰਬੰਧ 'ਚ ਜਿਹੜੀ ਨਿਰਾਸ਼ਾ ਜਾਂ ਗਰੀਬੀ ਦਾ ਉਨ੍ਹਾਂ ਨੂੰ ਇਤਿਹਾਸਕ ਤੌਰ ਉੱਤੇ ਅਹਿਸਾਸ ਕਰਵਾਇਆ ਗਿਆ ਹੈ ਉਹ ਸਹੀ ਨਹੀਂ ਹੈ। ਲੋੜ ਹੈ ਇਸ ਜਾਣਕਾਰੀ ਨੂੰ ਆਮ ਪੰਜਾਬੀਆਂ ਦੀ ਚੇਤਨਾ ਦਾ ਹਿੱਸਾ ਬਣਾਉਣ ਦੀ।

ਪੰਜਾਬੀਆਂ ਨੇ ਧਰਮ, ਗੀਤ-ਸੰਗੀਤ, ਫਿਲਮਾਂ, ਖੇਡਾਂ, ਸਿਆਸਤ ਤੇ ਪਰਿਵਾਰਿਕ ਰਿਸ਼ਤਿਆਂ ਆਦਿ ਦੇ ਖੇਤਰ ਵਿੱਚ ਪਹਿਲਾਂ ਹੀ ਅਮਲੀ ਤੌਰ ਉੱਤੇ ਇੱਕ ਅੰਤਰਰਾਸ਼ਟਰੀ ਭਾਈਚਾਰੇ ਵਜੋਂ ਵਿਚਰਨਾ ਸ਼ੁਰੂ ਕਰ ਦਿੱਤਾ ਹੈ। ਇਨ੍ਹਾਂ ਹੀ ਲੀਹਾਂ ਉੱਪਰ ਪੰਜਾਬੀ ਭਾਸ਼ਾ ਦੇ ਵਿਕਾਸ ਨੂੰ ਵੀ ਅੰਤਰਰਾਸ਼ਟਰੀ ਪੱਧਰ 'ਤੇ ਸੋਚਿਆ ਤੇ ਵਿਚਾਰਿਆ ਜਾਣਾ ਚਾਹੀਦਾ ਹੈ। ਇਹ ਗੱਲ ਜੱਗ-ਜ਼ਾਹਿਰ ਹੈ ਕਿ ਬਹੁਤੇ ਪੰਜਾਬੀ ਜਿੱਥੇ ਵੀ ਹਨ, ਆਰਿਥਕ ਪੱਖੋਂ ਮੁਕਾਬਲਤਨ ਖੁਸ਼ਹਾਲ ਹਨ। ਇਸ ਵਿੱਚ ਵੀ ਕੋਈ ਸ਼ੱਕ ਨਹੀਂ ਹੈ ਕਿ ਹਰ ਥਾਂ ਵਸਦੇ ਪੰਜਾਬੀਆਂ ਦੀ ਸਿਰਤੋੜ ਕੋਸ਼ਿਸ਼ ਹੈ ਕਿ ਉਹ ਸਨਅਤੀ ਸਮਾਜਾਂ ਵਿੱਚ ਰਹਿ ਕੇ ਵੀ ਆਪਣੇ ਪਿਛਲੇ ਸਮਾਜ ਦੇ ਕੁਝ ਅੰਸ਼ਾਂ ਨੂੰ ਬਚਾ ਕੇ ਰੱਖ ਸਕਣ - ਸੱਭਿਆਚਾਰ ਨੂੰ ਬਚਾਉਣ ਦਾ ਤੌਖਲਾ ਇਸੇ ਕੋਸ਼ਿਸ਼ ਦਾ ਹਿੱਸਾ ਹੈ। ਪੰਜਾਬੀ ਸਭਿਆਚਾਰ ਦੇ ਕੁਝ ਚੰਗੇ ਪੱਖਾਂ ਵਿੱਚੋਂ ਇੱਕ ਚੰਗਾ ਪੱਖ ਇਹ ਵੀ ਹੈ ਕਿ ਪੰਜਾਬੀ ਹਮੇਸ਼ਾ ਸਾਂਝੇ ਕੰਮਾਂ ਵਾਸਤੇ ਹਰ ਕਿਸਮ ਦੀ ਲੋੜੀਂਦੀ ਸਹਾਇਤਾ ਕਰਨ ਨੂੰ ਤਿਆਰ ਰਹਿੰਦੇ ਹਨ। ਇਸ ਵੇਲੇ ਲੋੜ ਹੈ ਵਿਸ਼ਵ ਪੱਧਰ ਉੱਤੇ ਪੰਜਾਬੀ ਭਾਸ਼ਾ ਦੇ ਵਿਕਾਸ ਵਾਸਤੇ ਕੰਮ ਕਰਨ ਵਾਲੀ ਕਿਸੇ ਸੁਹਿਰਦ ਜਥੇਬੰਦੀ ਦੀ ਜਿਹੜੀ ਵੱਖਰੇ ਵੱਖਰੇ ਮੁਲਕਾਂ ਵਿੱਚੋਂ ਵਸੀਲੇ ਇਕੱਤਰ ਕਰਕੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਵੱਡੇ ਪੱਧਰ ਉੱਤੇ ਮਨਸੂਬੇ ਬਣਾ ਸਕੇ। ਜਿੱਥੇ ਜਿੱਥੇ ਪੰਜਾਬੀ ਵਸਦੇ ਹਨ ਉੱਥੇ ਹਰ ਪੱਧਰ ਦੀਆਂ ਸਰਕਾਰਾਂ ਕੋਲ ਪੰਜਾਬੀ ਦੇ ਹੱਕ ਵਿੱਚ ਲਾਬੀ ਕਰ ਸਕੇ। ਸਥਾਨਕ ਪੱਧਰ ਉੱਤੇ ਹੁੰਦੀਆਂ ਕੋਸ਼ਿਸ਼ਾਂ ਵਿੱਚ ਸਹਾਇਕ ਹੋ ਸਕੇ। ਪੰਜਾਬੀ ਦੀ ਪੜ੍ਹਾਈ ਲਈ ਲੋੜੀਂਦੀ ਸਮੱਗਰੀ ਤਿਆਰ ਕਰਨ ਵਾਸਤੇ ਲੋੜੀਂਦੀ ਯੋਗਤਾ ਦੀ ਭਾਲ ਕਰ ਸਕੇ ਅਤੇ ਆਰਿਥਕ ਸਾਧਨ ਮੁਹੱਈਆ ਕਰ ਸਕੇ। ਦੂਜੇ ਸ਼ਬਦਾਂ ਵਿੱਚ ਪੰਜਾਬੀ ਭਾਸ਼ਾ ਦੀ ਸਾਰ ਲੈਣ ਵਾਲੀ ਸਟੇਟ ਦੀ ਅਣਹੋਂਦ ਨੂੰ ਪੂਰਾ ਕਰਨ ਦਾ ਯਤਨ ਕੀਤਾ ਜਾਣਾ ਚਾਹੀਦਾ ਹੈ।

ਇਹ ਕਿਹਾ ਜਾ ਸਕਦਾ ਹੈ ਕਿ ਵਿਸ਼ਵ ਪੱਧਰ ਦੀ ਜਥੇਬੰਦੀ ਦੀ ਕਾਮਨਾ ਸ਼ਾਇਦ ਵੱਡਾ ਸੁਪਨਾ ਹੈ। ਤੇ ਸ਼ਾਇਦ ਇਸ ਵਕਤ ਕਨੇਡਾ ਪੱਧਰ ਉੱਤੇ ਜਥੇਬੰਦ ਹੋਣਾ ਵੀ ਸੁਪਨਾ ਹੀ ਹੋਵੇ। ਪਰ ਮੇਰਾ ਸੁਝਾਅ ਹੈ ਕਿ ਇਹ ਸੁਪਨੇ ਲੈਣੇ ਚਾਹੀਦੇ ਹਨ। ਜੇ ਅਸੀਂ ਪੰਜਾਬੀ ਬੋਲੀ ਦੀ ਸਥਿਤੀ ਨੂੰ ਰਿਵਾਜਨ ਨਾਂਹ-ਪੱਖੀ ਤਰੀਕਿਆਂ ਨਾਲ਼ ਦੇਖਣਾ ਛੱਡ ਕੇ ਇਸ ਨੂੰ ਹਾਂ-ਪੱਖੀ ਤਰੀਕੇ ਨਾਲ਼ (ਪਾਣੀ ਦੇ ਅੱਧੇ ਗਲਾਸ ਨੂੰ ਅੱਧਾ ਖਾਲੀ ਕਹਿਣ ਦੀ ਥਾਂ ਅੱਧਾ ਭਰਿਆ ਕਹਿਣ ਵਾਂਗ) ਦੇਖਣ ਲੱਗੀਏ ਤਾਂ ਸਾਨੂੰ

ਅਜਿਹੇ ਸੁਪਨੇ ਲੈਣ ਤੋਂ ਡਰ ਨਹੀਂ ਲੱਗੇਗਾ। ਸਾਡੀ ਆਪਣੀ ਖਾਹਿਸ਼ ਅਤੇ ਕੋਸ਼ਿਸ਼ ਤੋਂ ਬਿਨਾਂ ਹੀ ਪੰਜਾਬੀ ਇੱਕ ਅੰਤਰਰਾਸ਼ਟਰੀ ਭਾਸ਼ਾ ਬਣ ਗਈ ਹੈ। ਹੁਣ ਸਾਡੇ ਲਈ ਜ਼ਰੂਰੀ ਹੈ ਕਿ ਇਸ ਹਕੀਕਤ ਨੂੰ ਸਮਝ ਕੇ, ਅਪਣਾ ਕੇ, ਖੁਦ ਨੂੰ ਇਸ ਦੇ ਹਾਣ ਦੇ ਬਣਾਈਏ।

ਜਿੱਥੇ ਅੰਤਰਰਾਸ਼ਟਰੀ, ਉੱਤਰੀ ਅਮਰੀਕਾ ਜਾਂ ਕਨੇਡਾ ਦੀ ਪੱਧਰ ਉੱਤੇ ਜਥੇਬੰਦੀਆਂ ਬਾਰੇ ਸੋਚਣਾ ਚਾਹੀਦਾ ਹੈ ਅਤੇ ਵਿਚਾਰ ਵਟਾਂਦਰਾ ਹੋਣਾ ਚਾਹੀਦਾ ਹੈ ਉੱਥੇ ਸਥਾਨਕ ਪੱਧਰ ਉੱਤੇ ਗੱਲ ਸੁਪਨੇ ਤੋਂ ਅੱਗੇ ਵੱਧਣੀ ਚਾਹੀਦੀ ਹੈ। ਇਹ ਕੰਮ ਹੋ ਵੀ ਰਿਹਾ ਹੈ। ਬਹੁਤੇ ਥਾਵਾਂ ਉੱਪਰ ਇਹ ਕੰਮ ਧਾਰਿਮਕ ਜਾਂ ਸੱਭਿਆਚਾਰਕ ਸੰਸਥਾਵਾਂ ਕਰ ਕਰਵਾ ਰਹੀਆਂ ਹਨ। ਇਨ੍ਹਾਂ ਮੌਜੂਦਾ ਸੰਸਥਾਵਾਂ ਅਤੇ ਸਕੂਲੀਂ ਪੜ੍ਹਦੇ ਬੱਚਿਆਂ ਦੇ ਮਾਪਿਆਂ ਦੇ ਸਹਿਯੋਗ ਨਾਲ਼ ਅਜਿਹੀਆਂ ਜਥੇਬੰਦੀਆਂ ਕਾਇਮ ਕਰਨੀਆਂ ਚਾਹੀਦੀਆਂ ਹਨ ਜੋ ਨਿਰੋਲ ਪੰਜਾਬੀ ਦੇ ਵਿਕਾਸ ਲਈ ਕੰਮ ਕਰਨ। ਇਹ ਜਥੇਬੰਦੀਆਂ ਆਪਣੇ ਆਲੇ ਦੁਆਲੇ ਭਾਸ਼ਾ ਦੇ ਸੰਬੰਧ 'ਚ ਹੋ ਰਹੀਆਂ ਗਤੀ-ਵਿਧੀਆਂ ਦੀ ਸਾਰ ਰੱਖਣ। ਪੰਜਾਬੀ ਪੜ੍ਹਾਉਣ ਦੀਆਂ ਸੰਭਾਵਨਾਵਾਂ ਸੰਬੰਧੀ ਹਰ ਪੱਧਰ ਦੀ ਸਰਕਾਰ ਅਤੇ ਵਿਦਿਅਕ ਅਦਾਰਿਆਂ ਤੱਕ ਪਹੁੰਚ ਕਰਨ। ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਦੇ ਕੰਮ ਨੂੰ ਕਨੇਡੀਅਨ ਸਮਾਜ ਦੀ ਜ਼ੁੰਮੇਵਾਰੀ ਸਮਝਦਿਆਂ ਆਪਣੇ ਹੱਕਾਂ ਦੀ ਮੰਗ ਕਰਨ। ਮਾਤ-ਭਾਸ਼ਾ ਦੇ ਹੱਕਾਂ ਲਈ ਜੱਦੋਜਹਿਦ ਕਰ ਰਹੀਆਂ ਦੂਜੀਆਂ ਜਥੇਬੰਦੀਆਂ ਨਾਲ਼ ਤਾਲਮੇਲ ਪੈਦਾ ਕਰਨ। ਆਦਿ।

ਅੰਤਰਰਾਸ਼ਟਰੀ ਪੱਧਰ 'ਤੇ ਸਥਾਪਿਤ ਜਥੇਬੰਦੀ ਪੰਜਾਬੀ ਬੋਲੀ ਦੀ ਬਿਹਤਰੀ ਲਈ ਕਈ ਕਿਸਮ ਦੇ ਉਪਰਾਲੇ ਕਰ ਸਕਦੀ ਹੈ। ਉਦਾਹਰਨ ਵਜੋਂ, ਉਹ ਕੋਸ਼ਿਸ਼ ਕਰ ਸਕਦੀ ਹੈ ਕਿ ਉਹ ਹਵਾਈ ਕੰਪਨੀਆਂ ਜਿਨ੍ਹਾਂ ਵਿੱਚ ਪੰਜਾਬੀ ਹਰ ਵਰ੍ਹੇ ਵੱਡੀ ਗਿਣਤੀ ਵਿੱਚ ਸਫਰ ਕਰਦੇ ਹਨ, ਪੰਜਾਬੀ ਵਲ ਲੋੜੀਂਦਾ ਧਿਆਨ ਦੇਣ।[168] ਹਰ ਵਰ੍ਹੇ ਲੱਖਾਂ ਦੀ ਗਿਣਤੀ ਵਿੱਚ ਪੰਜਾਬੀ ਲੋਕ ਹਵਾਈ ਜਹਾਜ਼ਾਂ ਵਿੱਚ ਸਫਰ ਕਰਦੇ ਹਨ ਖਾਸ ਕਰ ਭਾਰਤ/ਪਾਕਿਸਤਾਨ, ਯੂਰਪ ਅਤੇ ਉੱਤਰੀ ਅਮਰੀਕਾ ਦਰਿਮਆਨ। ਕਈ ਵਾਰ ਵੈਨਕੂਵਰ ਜਾਂ ਟੋਰਾਂਟੋ ਤੋਂ ਭਾਰਤ ਜਾਣ ਵਾਲ਼ੀਆਂ ਉਡਾਣਾਂ ਵਿੱਚ ਅੱਸੀ ਨੱਬੇ ਪ੍ਰਤੀਸ਼ੱਤ ਪੰਜਾਬੀ ਹੁੰਦੇ ਹਨ। ਹੁਣ ਤੱਕ ਕਿਸੇ ਵੀ ਹਵਾਈ ਕੰਪਨੀ ਨੇ ਪੰਜਾਬੀਆਂ ਨੂੰ ਆਪਣੀ ਵਲ ਖਿੱਚਣ ਵਾਸਤੇ ਕੋਈ ਖਾਸ ਤਰੱਦਦ ਨਹੀਂ ਕੀਤਾ। ਪਰ ਜੇ ਪੰਜਾਬੀ ਲੋਕਾਂ ਵਿੱਚ ਆਪਣੀ ਭਾਸ਼ਾ ਲਈ, ਆਪਣੇ ਸੱਭਿਆਚਾਰ ਲਈ ਸਵੈਮਾਣ ਜਾਗ ਪਵੇ ਅਤੇ ਉਹ ਇਹ ਮੰਗ ਕਰਨੀ ਸ਼ੁਰੂ ਕਰ ਦੇਣ ਕਿ ਉਨ੍ਹਾਂ ਦੀ ਸਹੂਲਤ ਵਾਸਤੇ ਹਵਾਈ ਕੰਪਨੀਆਂ ਕੋਲ਼ ਪੰਜਾਬੀ ਬੋਲਣ, ਸਮਝਣ ਵਾਲ਼ੇ ਕਰਮਚਾਰੀ ਹੋਣ, ਪੰਜਾਬੀ ਖਾਣੇ ਹੋਣ, ਪੰਜਾਬੀ ਅਖਬਾਰਾਂ ਅਤੇ ਮੈਗਜ਼ੀਨ ਹੋਣ, ਪੰਜਾਬੀ ਸੰਗੀਤ ਹੋਵੇ, ਪੰਜਾਬੀ ਫਿਲਮਾਂ ਹੋਣ ਤਾਂ

168 ਪਿਛਲੇ ਕੁਝ ਸਮੇਂ ਤੋਂ ਪਲੀ ਵਲੋਂ ਇਹ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਸਬੰਧ ਵਿਚ ਕੁਝ ਉਨ੍ਹਾਂ ਹਵਾਈ ਕੰਪਨੀਆਂ ਨਾਲ ਵਾਰਤਾਲਾਪ ਸ਼ੁਰੂ ਕੀਤਾ ਹੈ ਜਿਨ੍ਹਾਂ ਵਿਚ ਪੰਜਾਬੀ ਵੱਡੀ ਗਿਣਤੀ ਵਿਚ ਸਫਰ ਕਰਦੇ ਹਨ। ਪਰ ਇਸ ਕੰਮ ਵਿਚ ਕਾਮਯਾਬੀ ਤਾਂ ਹੀ ਸੰਭਵ ਹੈ ਜੇ ਵੱਡੀ ਗਿਣਤੀ ਪੰਜਾਬੀ ਲੋਕ ਆਪਣੀ ਬੋਲੀ ਨੂੰ ਨੂੰ ਅਹਿਮੀਅਤ ਦੇਣ ਤੇ ਬੋਲੀ ਦੀ ਵੱਖਰੇ ਵੱਖਰੇ ਰੂਪਾਂ ਵਿਚ ਵਰਤੋਂ ਦੀ ਮੰਗ ਕਰਨ।

ਮੁਕਾਬਲੇ ਵਿੱਚ ਪਈਆਂ ਇਹ ਹਵਾਈ ਕੰਪਨੀਆਂ ਸਹਿਜੇ ਹੀ ਪੰਜਾਬੀਆਂ ਦੀਆਂ ਅਜਿਹੀਆਂ ਮੰਗਾਂ ਮੰਨਣ ਲਈ ਕਦਮ ਪੁੱਟ ਸਕਦੀਆਂ ਹਨ। ਅਜਿਹੀ ਹਾਲਤ ਵਿੱਚ ਵੱਖਰੀਆਂ ਵੱਖਰੀਆਂ ਸਨਅਤਾਂ ਲਈ ਆਰਿਥਕ ਮੌਕੇ ਪੈਦਾ ਹੋ ਸਕਦੇ ਹਨ ਅਤੇ ਸੈਂਕੜੇ ਪੰਜਾਬੀ ਜਾਨਣ ਵਾਲਿਆਂ ਲਈ ਵਧੀਆ ਪੱਧਰ ਦੀਆਂ ਨੌਕਰੀਆਂ ਪੈਦਾ ਹੋ ਸਕਦੀਆਂ ਹਨ। ਦੁਨੀਆ ਭਰ ਵਿੱਚ ਵਸਦੇ 150 ਮਿਲੀਅਨ ਪੰਜਾਬੀ ਜੇ ਕਿਸੇ ਹੋਰ ਜ਼ੋਰ ਨਹੀਂ ਤਾਂ ਆਪਣੀ ਖ੍ਰੀਦ ਸ਼ਕਤੀ ਰਾਹੀਂ ਹੀ ਆਪਣੀ ਬੋਲੀ ਵਾਸਤੇ ਕਈ ਹੱਕ ਜਿੱਤ ਸਕਦੇ ਹਨ। ਪਰ ਇਸ ਵਾਸਤੇ ਪਹਿਲਾਂ ਬੋਲੀ ਨੂੰ ਅਪਨਾਉਣ ਅਤੇ ਉਸ ਉੱਪਰ ਮਾਣ ਕਰਨਾ ਸਿੱਖਣਾ ਪਵੇਗਾ।

9.

ਆਖਰ ਵਿਚ ਕੁਝ ਵਿਚਾਰ[169]

9.1

ਪੰਜਾਬੀ ਦੀ ਆਮ ਸਥਿਤੀ ਬਾਰੇ

ਅਜੋਕੇ ਸਮੇਂ ਕਈ ਕੁਝ ਬੜੀ ਤੇਜ਼ੀ ਨਾਲ ਬਦਲ ਰਿਹਾ ਹੈ ਤੇ ਨਾਲ ਹੀ ਇਹ ਅਹਿਸਾਸ ਵੀ ਹਰ ਵੇਲੇ ਰਹਿੰਦਾ ਹੈ ਕਿ ਬਹੁਤਾ ਕੁਝ ਜਿਉਂ ਦਾ ਤਿਉਂ ਹੈ। ਪੰਜਾਬੀ ਦੇ ਵਿਕਾਸ ਸਬੰਧੀ ਵੀ ਇਹ ਦੋਵੇਂ ਕਿਸਮ ਦੇ ਅਹਿਸਾਸ ਨਾਲੋਂ ਨਾਲ ਚੱਲ ਰਹੇ ਹਨ।

ਪੰਜਾਬੀ ਇਸ ਵੇਲੇ ਤਿੰਨ ਵੱਖਰੇ ਖਿੱਤਿਆਂ ਵਿਚ ਵਿਚਰ ਰਹੀ ਹੈ – ਪਾਕਿਸਤਾਨੀ ਪੰਜਾਬ, ਭਾਰਤੀ ਪੰਜਾਬ ਤੇ ਇਨ੍ਹਾਂ ਪੰਜਾਬਾਂ ਤੋਂ ਬਾਹਰ ਵਸਦੇ ਪੰਜਾਬੀ। ਪਾਕਿਸਤਾਨੀ ਪੰਜਾਬ, ਜਿੱਥੇ ਗਿਣਤੀ ਪੱਖੋਂ ਸਭ ਤੋਂ ਵੱਧ ਪੰਜਾਬੀ ਬੋਲਣ ਵਾਲੇ ਵਸਦੇ ਹਨ, ਦੀ ਅਜੋਕੇ ਸਮੇਂ ਪੰਜਾਬੀ ਦੇ ਵਿਕਾਸ ਵਿਚ ਕੋਈ ਜ਼ਿਕਰਯੋਗ ਭੂਮਿਕਾ ਨਹੀਂ ਤੇ ਨਾ ਹੀ ਇਸ ਦੀ ਕੋਈ ਆਸ ਨਜ਼ਰ ਆਉਂਦੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕੁਝ ਲੋਕ ਬੜੀ ਹਿੰਮਤ ਨਾਲ ਪੰਜਾਬੀ ਦੀ ਗੱਲ ਤੋਰਨ ਦੀ ਕੋਸ਼ਿਸ਼ ਕਰਦੇ ਹਨ ਪਰ ਪਾਕਿਸਤਾਨ ਵਿਚਲੀਆਂ ਸਥਿਤੀਆਂ ਉਨ੍ਹਾਂ ਦੀ ਕਿਸੇ ਤਰ੍ਹਾਂ ਵੀ ਪੇਸ਼ ਨਹੀਂ ਜਾਣ ਦਿੰਦੀਆਂ। ਭਾਰਤੀ ਪੰਜਾਬ ਵਿਚ ਵੀ ਬਹੁਤ ਸਾਰੇ ਲੋਕਾਂ ਦੀਆਂ ਸੁਹਿਰਦ ਕੋਸ਼ਿਸ਼ਾਂ ਅਤੇ ਕੁਝ ਹੱਦ ਤੱਕ ਹੋ ਰਹੀਆਂ ਪ੍ਰਾਪਤੀਆਂ ਦੇ ਬਾਵਜੂਦ ਸਥਿਤੀ ਨਿਰਾਸ਼ਾਜਨਕ ਹੀ ਰਹਿ ਰਹੀ ਹੈ। ਜਿੱਥੋਂ ਤੱਕ ਇਨ੍ਹਾਂ ਪੰਜਾਬਾਂ ਤੋਂ ਬਾਹਰ ਵਸਦੇ ਪੰਜਾਬੀਆਂ ਦਾ ਸਵਾਲ ਹੈ, ਪੱਕੇ ਤੌਰ ’ਤੇ ਕੁਝ ਵੀ ਕਹਿ ਸਕਣਾ ਸੰਭਵ ਨਹੀਂ ਕਿਉਂਕਿ ਇਸ ਬਾਰੇ ਸਾਰੇ ਥਾਵਾਂ ਸਬੰਧੀ ਲੋੜੀਂਦੀ ਜਾਣਕਾਰੀ ਪ੍ਰਾਪਤ ਨਹੀਂ ਹੈ।

ਮੈਂ ਜਦੋਂ ਪੰਜਾਬੀ ਦੀ ਸਥਿਤੀ ਬਾਰੇ ਸੋਚਦਾ ਹਾਂ ਤੇ ਇਸ ਸਿੱਟੇ ਤੇ ਪਹੁੰਚਦਾ ਹਾਂ ਕਿ ਪੰਜਾਬੀਆਂ ਦੇ ਵੱਖਰੇ ਵੱਖਰੇ ਧਰਮਾਂ ਵਿਚ ਵੰਡੇ ਹੋਣ ਕਾਰਨ ਪੰਜਾਬੀ ਨੂੰ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ। ਅਜਿਹੇ ਸਮੇਂ ਮੈਨੂੰ ਜੌਹਨ ਲੈਨਿਨ ਦਾ ਗੀਤ ‘ਇਮੈਜਿਨ ਨੋ ਰਿਲੀਜਨ’[170] ਬਹੁਤ ਯਾਦ ਆਉਂਦਾ ਹੈ। ਜ਼ਰਾ ਸੋਚੋ ਜੇ ਕਿਤੇ ਸਾਰੇ

---

[169] ਇਸ ਕਿਤਾਬ ਦਾ ਬਹੁਤਾ ਹਿੱਸਾ ਮੈਂ ਤਿੰਨ ਕੁ ਸਾਲ ਪਹਿਲਾਂ ਖਤਮ ਕਰ ਲਿਆ ਸੀ। ਪਰ ਕੁਝ ਕਾਰਨਾਂ ਵਸ ਇਹ ਛਪਣ ਤੱਕ ਨਹੀਂ ਪਹੁੰਚੀ। ਇਸ ਦਾ ਇਹ ਅਖੀਰਲਾ ਹਿੱਸਾ ਹੁਣ ਸਾਲ 2014 ਦੇ ਅੰਤ ’ਤੇ ਲਿਖਿਆ ਜਾ ਰਿਹਾ ਹੈ।

[170] ਜੌਹਨ ਲੈਨਿਨ ਦੇ ਗੀਤ ‘ਇਮੈਜਿਨ ਨੋ ਰਿਲੀਜਨ’ ਦਾ ਪੰਜਾਬੀ ਅਨੁਵਾਦ: ਜ਼ਰਾ ਸੋਚੋ ਕੋਈ ਸਵਰਗ ਨਾ/ ਸੌਖਾ ਹੈ ਜੇ ਕੋਸ਼ਿਸ਼ ਕਰੋ/ ਥੱਲੇ ਕੋਈ ਨਰਕ ਨਾ/ ਉੱਪਰ ਸਿਰਫ ਅਸਮਾਨ/ ਜ਼ਰਾ ਸੋਚੋ ਸਾਰੇ ਲੋਕੀਂ / ਜੀਅ ਰਹੇ ਅੱਜ ਲਈ/ ਜ਼ਰਾ ਸੋਚੋ ਕੋਈ ਦੇਸ ਨਾ/ ਔਖਾ ਨਹੀਂ ਹੈ ਇਹ/ ਮਾਰਨ ਜਾਂ ਮਰਨ ਲਈ ਕੁਝ ਨਾ/ ਕੋਈ ਧਰਮ ਵੀ ਨਾ / ਜ਼ਰਾ ਸੋਚੋ ਸਾਰੇ ਲੋਕੀਂ / ਜੀਅ ਰਹੇ ਸ਼ਾਂਤੀ ਨਾਲ/ ਤੁਸੀਂ ਸ਼ਾਇਦ ਕਹੋ ਸੁਪਨਦਰਸ਼ੀ ਹਾਂ / ਪਰ ਕੱਲਾ ਨਹੀਂ ਹਾਂ ਮੈਂ/ ਆਸ ਹੈ ਤੁਸੀਂ ਵੀ ਨਾਲ ਰਲੋਗੇ ਸਾਡੇ/ ਦੁਨੀਆ ਇਕ ਹੋ ਜਾਵੇ/ ਜ਼ਰਾ ਸੋਚੋ ਕੋਈ

ਪੰਜਾਬੀ ਪਹਿਲਾਂ ਸਿਰਫ ਪੰਜਾਬੀ ਹੁੰਦੇ ਤੇ ਫੇਰ ਮੁਸਲਮਾਨ, ਹਿੰਦੂ ਤੇ ਸਿੱਖ ਹੁੰਦੇ ਤਾਂ ਸਾਡੀ ਬੋਲੀ ਦੀ ਤਸਵੀਰ ਸ਼ਾਇਦ ਹੁਣ ਨਾਲੋਂ ਬਹੁਤ ਵੱਖਰੀ ਹੁੰਦੀ। ਪਰ ਜਿਸ ਤਰ੍ਹਾਂ ਜੌਹਨ ਲੈਨਿਨ ਕਹਿੰਦਾ ਹੈ ਉਸੇ ਤਰ੍ਹਾਂ ਮੇਰਾ ਵੀ ਕਹਿਣ ਨੂੰ ਜੀਅ ਕਰਦਾ ਹੈ ਸ਼ਾਇਦ ਤੁਸੀਂ ਕਹੋ ਕਿ ਮੈਂ ਸੁਪਨਦਰਸ਼ੀ ਹਾਂ ਪਰ ਮੈਂ ਕੱਲਾ ਨਹੀਂ ਹਾਂ ਤੇ ਆਸ ਹੈ ਕਿ ਬਾਕੀ ਲੋਕ ਵੀ ਜ਼ਰੂਰ ਨਾਲ ਰਲ਼ਨਗੇ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬੀ ਦੇ ਭਵਿੱਖ ਦਾ ਅਸਲੀ ਫੈਸਲਾ ਤਾਂ ਪੰਜਾਬ ਵਿਚ ਰਹਿੰਦੇ ਲੋਕਾਂ ਨੇ ਹੀ ਕਰਨਾ ਹੈ। ਇਸ ਗੱਲ ਦਾ ਨਿਰਨਾ ਕਰਨਾ ਏਨਾ ਸੁਖਾਲਾ ਨਹੀਂ ਕਿ ਪੰਜਾਬੀ ਦੇ ਮੁੱਖ ਖੇਤਰ ਪੰਜਾਬ ਵਿਚ ਕਿਹੜੀਆਂ ਸ਼ਕਤੀਆਂ ਪੰਜਾਬੀ ਦੀ ਇਸ ਨਿਰਾਸ਼ਾਜਨਕ ਸਥਿਤੀ ਲਈ ਵੱਧ ਜ਼ੁੰਮੇਵਾਰ ਹਨ। ਇਕ ਪਾਸੇ ਸਾਮਰਾਜਵਾਦੀ ਸ਼ਕਤੀਆਂ ਵੀ ਅੰਗ੍ਰੇਜ਼ੀ ਜ਼ਬਾਨ ਨੂੰ ਸਮੁੱਚੀ ਦੁਨੀਆ ਉੱਪਰ ਠੋਸਣ ਲਈ ਵਾਹ ਲਾ ਰਹੀਆਂ ਹਨ। ਪਰ ਇਨ੍ਹਾਂ ਬਾਹਰੀ ਸ਼ਕਤੀਆਂ ਵਿਰੁੱਧ ਲੜਨ/ਖੜ੍ਹਨ ਦੀ ਥਾਂ ਪੰਜਾਬੀ ਖੁਦ ਹੀ ਆਪਣੀ ਬੋਲੀ ਦੇ ਖਿਲਾਫ ਇਹ ਕਾਰਜ ਕਰ ਰਹੇ ਨਜ਼ਰ ਆਉਂਦੇ ਹਨ। ਲੱਗਦਾ ਇਹ ਹੈ ਕਿ ਜਿਸ ਤਬਦੀਲੀ ਨੂੰ 67 ਵਰ੍ਹੇ ਪਹਿਲਾਂ ਆਜ਼ਾਦੀ ਕਿਹਾ ਗਿਆ ਸੀ ਉਹ ਅਸਲ ਵਿਚ ਹੈ ਨਹੀਂ ਸੀ। ਪੰਜਾਬ ਵਿਚ (ਭਾਰਤ ਤੇ ਪਾਕਿਸਤਾਨ ਵਿਚ ਵੀ) ਅਜੇ ਵੀ ਉਹ ਲੋਕ ਹੀ ਤਾਕਤ ਵਿਚ ਹਨ ਜੋ ਲਾਰਡ ਮੈਕਾਲੇ ਨੇ ਪੈਦਾ ਕੀਤੇ ਸਨ। ਕਿਸੇ ਵਿਸ਼ੇਸ਼ ਮਕਸਦ ਲਈ ਘੜੀ ਗਈ ਵਿਦਿਅਕ ਪ੍ਰਨਾਲੀ ਰਾਹੀਂ ਇਨ੍ਹਾਂ ਲੋਕਾਂ ਦੇ ਮਨਾਂ ਵਿਚੋਂ ਆਪਣੀ ਬੋਲੀ ਤੇ ਸੱਭਿਆਚਾਰ ਨੂੰ ਪਿਛਾਂਹ ਧੱਕ ਦਿੱਤਾ ਗਿਆ ਹੈ। ਆਪਣੀ ਰਾਜਸੀ ਤੇ ਆਰਿਥਕ ਤਾਕਤ ਦੀ ਵਰਤੋਂ ਨਾਲ ਇਨ੍ਹਾਂ ਨੇ ਅੱਗੋਂ ਲਈ ਵੀ ਅਜਿਹੀ ਸਥਿਤੀ ਪੈਦਾ ਕਰ ਦਿੱਤੀ ਹੈ ਕਿ ਆਪਣੇ ਬੱਚਿਆਂ ਦੀ ਖੈਰ ਸੁੱਖ ਚਾਹੁਣ ਵਾਲਾ ਹਰ ਮਾਪਾ ਵੀ ਆਪਣੇ ਬੱਚਿਆਂ ਨੂੰ ਉਸੇ ਹੀ ਵਿਦਿਅਕ ਢਾਂਚੇ ਵਿਚ ਫਿੱਟ ਕਰੇ ਜਿੱਥੋਂ ਉਹਨੂੰ ਰੋਜ਼ੀ ਦੀ ਆਸ ਹੋਵੇ। ਮੈਂ ਇਹ ਗੱਲ ਮੰਨਣ ਨੂੰ ਤਿਆਰ ਨਹੀਂ ਕਿ ਲੋਕ ਆਪਣੀ ਮਾਂ-ਬੋਲੀ ਨੂੰ ਪਿਆਰ ਨਹੀਂ ਕਰਦੇ। ਇਸ ਤਰ੍ਹਾਂ ਕਰਨਾ ਕੁਦਰਤੀ ਨਿਯਮਾਂ ਦੇ ਵਿਰੋਧ ਵਿਚ ਹੋਵੇਗਾ। ਸੋ ਜੇ ਪੰਜਾਬ ਵਿਚ ਜਾਂ ਕਿਤੇ ਵੀ ਵਸਦੇ ਪੰਜਾਬੀ, ਆਪਣੀ ਮਾਂ-ਬੋਲੀ ਦੀ ਥਾਂ ਕਿਸੇ ਹੋਰ ਬੋਲੀ ਨਾਲ ਨਾਤਾ ਜੋੜ ਰਹੇ ਹਨ ਤਾਂ ਮੁੱਖ ਤੌਰ 'ਤੇ ਇਹ ਉਨ੍ਹਾਂ ਦਾ ਨਹੀਂ ਸਗੋਂ ਉਨ੍ਹਾਂ ਸਥਿਤੀਆਂ ਦਾ ਕਸੂਰ ਹੈ ਜੋ ਉਨ੍ਹਾਂ ਨੂੰ ਅਜਿਹਾ ਕਰਨ ਲਈ ਮਜਬੂਰ ਕਰ ਰਹੀਆਂ ਹਨ। ਇਸ ਸੰਦਰਭ ਵਿਚ ਮੈਨੂੰ ਡਾਕਟਰ ਰਘਬੀਰ ਸਿੰਘ ਸਿਰਜਣਾ ਦਾ ਇਹ ਵਿਚਾਰ ਵਜ਼ਨਦਾਰ ਲਗਦਾ ਹੈ: "... ਪੰਜਾਬੀ ਜ਼ੁਬਾਨ ਦਾ ਮਸਲਾ ਅੱਜ ਇਕ ਬੰਨੇ ਸਮਰੱਥਾਵਾਨ ਤੇ ਦੂਜੇ ਬੰਨੇ ਸਾਧਨਹੀਣ ਲੋਕਾਂ ਦਾ ਜਮਾਤੀ ਮਸਲਾ ਹੈ।"[171] ਮੇਰੇ ਵਿਚਾਰ ਵਿਚ ਪੰਜਾਬੀ ਦੀ ਅਜੋਕੀ ਸਥਿਤੀ ਨੂੰ ਸਮਝਣ ਦਾ ਇਹ ਸਹੀ ਤਰੀਕਾ ਹੈ।

ਮਲਕੀਅਤ ਨਾ/ ਜੇ ਏਦਾਂ ਕਰ ਸਕੋ ਤੁਸੀਂ/ ਲਾਲਚ ਜਾਂ ਭੁੱਖ ਲਈ ਕੋਈ ਥਾਂ ਨਾ/ ਮਨੁੱਖਤਾ ਦਾ ਭਾਈਚਾਰਾ/ ਜ਼ਰਾ ਸੋਚੋ ਸਾਰੇ ਲੋਕੀਂ/ ਦੁਨੀਆ ਨੂੰ ਸਾਂਝਿਆਂ ਜੀਂਦੇ/ ਤੁਸੀਂ ਸ਼ਾਇਦ ਕਹੋ ਸੁਪਨੇ ਲੈਂਦਾ ਹਾਂ ਮੈਂ।

[171] 'ਮੁੜ ਪੰਜਾਬੀ ਦੀ ਗੱਲ', ਸੰਪਾਦਕੀ, ਸਿਰਜਣਾ, 174, ਅਕਤੂਬਰ-ਦਸੰਬਰ, 2014, ਸਫਾ 2 ।

ਪੰਜਾਬੀ ਬੋਲੀ ਦੇ ਮਸਲੇ ਨੂੰ ਇਸ ਪਹੁੰਚ ਰਾਹੀਂ ਸਮਝਣ ਨਾਲ ਇਕ ਤਾਂ ਹੋ ਰਹੀਆਂ ਕੋਸ਼ਿਸ਼ਾਂ ਦੀਆਂ ਵਕਤੀ ਨਾਕਾਮਯਾਬੀਆਂ ਤੋਂ ਛੇਤੀ ਕੀਤੇ ਨਿਰਾਸ਼ਤਾ ਨਹੀਂ ਹੋਵੇਗੀ ਤੇ ਦੂਜਾ ਇਸ ਨਾਲ ਹੋ ਰਹੀਆਂ ਕੋਸ਼ਿਸ਼ਾਂ ਦਾ ਰੂਪ ਬਦਲਣ ਵੱਲ ਵੀ ਕਦਮ ਪੁੱਟੇ ਜਾ ਸਕਦੇ ਹਨ। ਜਮਾਤਾਂ ਵਿਚ ਵੰਡੇ ਹੋਏ ਪੰਜਾਬ (ਧਰਮ ਤੇ ਜਾਤ ਪਾਤ ਦੇ ਰੌਲੇ ਗੌਲੇ ਨਾਲ ਸਥਿਤੀ ਬੇਹੱਦ ਗੁੰਝਲਦਾਰ ਦਿਸਦੀ ਹੈ) ਦੇ ਲੋਕ ਆਪਣੀਆਂ ਸਮਾਜਿਕ ਤੇ ਆਰਿਥਕ ਸਥਿਤੀਆਂ ਨੂੰ ਸੁਧਾਰਨ ਲਈ ਹਮੇਸ਼ਾ ਸੰਘਰਸ਼ ਵਿਚ ਰਹਿੰਦੇ ਹਨ। ਪੰਜਾਬੀ ਬੋਲੀ ਦਾ ਮਸਲਾ ਵੀ ਉਨ੍ਹਾਂ ਦੇ ਸੰਘਰਸ਼ ਦਾ ਹਿੱਸਾ ਬਣ ਜਾਣਾ ਚਾਹੀਦਾ ਹੈ। ਕੁਝ ਵਰ੍ਹੇ ਪਹਿਲਾਂ ਪੰਜਾਬ ਤੋਂ ਦਲਿਤ ਲਹਿਰ ਨਾਲ ਸਬੰਧਤ ਇਕ ਆਗੂ ਏਥੇ ਵੈਨਕੂਵਰ ਆਏ ਸਨ। ਮੇਰਾ ਇਹ ਸੁਝਾਅ ਉਨ੍ਹਾਂ ਨੂੰ ਬੇਹੱਦ ਪਸੰਦ ਆਇਆ ਸੀ ਕਿ ਪੰਜਾਬ ਦੀ ਦਲਿਤ ਲਹਿਰ ਨੂੰ ਪੰਜਾਬੀ ਬੋਲੀ ਨੂੰ ਆਪਣੀ ਪਛਾਣ ਦਾ ਅਤੇ ਆਪਣੇ ਸੰਘਰਸ਼ ਦਾ ਹਿੱਸਾ ਬਣਾਉਣਾ ਚਾਹੀਦਾ ਹੈ। ਮੇਰੀ ਜਾਚੇ ਅਜਿਹਾ ਹੋਣ ਨਾਲ ਪੰਜਾਬ ਵਿਚ ਪੰਜਾਬੀ ਦੀ ਸਰਦਾਰੀ ਕਾਇਮ ਕਰਨ ਲਈ ਪੰਜਾਬ ਦੇ ਸਭ ਤੋਂ ਵੱਧ ਦੱਬੇ ਕੁਚਲੇ ਲੋਕਾਂ ਵਲੋਂ ਵੱਡਾ ਯੋਗਦਾਨ ਪਾਇਆ ਜਾ ਸਕਦਾ ਹੈ। ਪਰ ਅਜੇ ਅਸਲੀਅਤ ਇਹ ਹੈ ਕਿ "ਸੱਭਿਆਚਾਰਕ ਚੇਤਨਾ ਦੀ ਗੈਰਹਾਜ਼ਰੀ ਵਿਚ ਲੋਕ ਭੁਲਾਂਦਰੇ ਵਾਲੀ ਬਿਰਤੀ ਵਿਚ ਗ੍ਰੱਸੇ ਹੋਏ ਹਨ। ਆਪਣੇ ਵਿਤ ਅਨੁਸਾਰ ਹਾਕਮ ਜਮਾਤਾਂ ਦੀ ਰੀਸ ਕਰਨ ਦੇ ਰਾਹ ਤੁਰਦੇ ਹੋਏ ਉਹ ਵੀ ਆਪਣੀ ਜ਼ੁਬਾਨ ਨੂੰ ਤ੍ਰਿਸਕਾਰ ਦੀ ਪਾਤਰ ਬਣਾਉਂਦੇ ਹਨ।"[172]

ਪਿਛਲੇ ਕੁਝ ਸਮੇਂ ਦੌਰਾਨ ਆਪਣੇ ਮਨ ਨੂੰ ਤਸੱਲੀ ਦੇਣ ਲਈ ਮੈਂ ਪੰਜਾਬ ਬਾਰੇ ਇਹ ਸੁਪਨਾ ਸਿਰਜਦਾ ਰਿਹਾ ਹਾਂ ਕਿ ਜਿਨ੍ਹਾਂ ਲੋਕਾਂ ਨੂੰ ਇਸ ਵੇਲੇ ਪੰਜਾਬ ਵਿਚ ਅੰਗ੍ਰੇਜ਼ੀ ਪੜ੍ਹਾਈ ਜਾ ਰਹੀ ਹੈ ਉਨ੍ਹਾਂ ਵਿਚੋਂ ਕੁਝ ਆਪਣੀ ਅੰਗ੍ਰੇਜ਼ੀ ਦੀ ਵਰਤੋਂ ਨਾਲ ਕਦੇ ਨਾ ਕਦੇ ਇਹ ਜਾਣ ਜਾਣਗੇ ਕਿ ਉਨ੍ਹਾਂ ਨਾਲ ਬੜਾ ਵੱਡਾ ਧੋਖਾ ਹੋਇਆ ਹੈ, ਉਨ੍ਹਾਂ ਨੂੰ ਉਨ੍ਹਾਂ ਦੇ ਅਮੀਰ ਵਿਰਸੇ ਤੋਂ ਵਾਂਜਿਆਂ ਰੱਖਿਆ ਗਿਆ ਹੈ। ਇਸ ਚਾਨਣ ਨਾਲ ਉਹ ਮੁੜ ਆਪਣੀਆਂ ਜੜ੍ਹਾਂ ਵੱਲ ਜਾਣ ਲਈ ਲਹਿਰ ਬਣ ਉੱਠ ਖਲੋਣਗੇ। ਪਰ ਅਜੋਕੀਆਂ ਸਥਿਤੀਆਂ ਦਰਿਮਆਨ ਮੈਨੂੰ ਮੇਰਾ ਇਹ ਸੁਪਨਾ ਇਕ ਸੁਪਨੇ ਤੋਂ ਵਾਧੂ ਨਹੀਂ ਲੱਗਦਾ।

ਕੁਝ ਸਮਾਂ ਪਹਿਲਾਂ (ਅਕਤੂਬਰ 25, 2014) ਸਾਡੇ ਵੈਨਕੂਵਰ ਵਿਚ ਢਾਹਾਂ ਪਰਿਵਾਰ ਵਲੋਂ ਯੂ ਬੀ ਸੀ ਦੇ ਸਹਿਯੋਗ ਨਾਲ ਪੰਜਾਬੀ ਨਾਵਲ ਤੇ ਕਹਾਣੀ ਦੇ ਤਿੰਨ ਲੇਖਕਾਂ ਨੂੰ ਪੈਂਤੀ ਹਜ਼ਾਰ ਡਾਲਰ ਦਾ ਵੱਡਾ ਇਨਾਮ ਦਿੱਤਾ ਗਿਆ ਹੈ[173]। ਪੰਜਾਬੀ

172 ਉਹੀ।

173 ਇਸ ਇਨਾਮ ਦਾ ਪਲੇਠਾ ਇਨਾਮ ਵੰਡ ਸਮਾਗਮ, ਯੂ ਬੀ ਸੀ ਸਥਿੱਤ ਆਦਿ-ਵਾਸੀਆਂ ਦੇ ਸੰਸਾਰ ਪ੍ਰਸਿੱਧ ਅਜਾਇਬ ਘਰ (ਮਿਊਜ਼ਿਅਮ ਆਫ ਐਂਥਰੋਪੋਲੋਜੀ) ਦੀ ਪੁੱਜ ਕੇ ਸੁੰਦਰ ਇਮਾਰਤ ਅੰਦਰ ਉੱਚੇ ਉੱਚੇ ਟੋਟਮ ਪੋਲਾਂ ਦਰਿਮਆਨ ਇਕ ਭਰਵੇਂ ਇਕੱਠ ਵਿਚ ਕੀਤਾ ਗਿਆ। ਪੱਚੀ ਹਜ਼ਾਰ ਡਾਲਰ ਦਾ ਪਹਿਲਾ ਇਨਾਮ ਪੰਜਾਬੀ ਦੇ ਨਾਵਲਕਾਰ ਸ੍ਰੀ ਅਵਤਾਰ ਬਿਲਿੰਗ ਨੂੰ, ਤੇ ਪੰਜ ਪੰਜ ਹਜ਼ਾਰ ਡਾਲਰ ਦੇ ਦੋ ਇਨਾਮ, ਇਕ ਸ਼ਾਹਮੁਖੀ ਵਿਚ ਪੰਜਾਬੀ ਲਿਖਣ ਵਾਲੇ ਪਾਕਿਸਤਾਨ ਦੇ ਕਹਾਣੀਕਾਰ ਜ਼ੁਬੇਰ ਅਹਿਮਦ ਨੂੰ ਤੇ ਦੂਜਾ ਕਹਾਣੀਕਾਰ ਜਸਵੀਰ ਭੁੱਲਰ ਨੂੰ ਦਿੱਤਾ ਗਿਆ।

ਲਈ ਇਹ ਮਹੱਤਵਪੂਰਨ ਘਟਨਾ ਹੈ ਤੇ ਇਸ ਨਾਲ ਨਿਰਸੰਦੇਹ ਪੰਜਾਬੀ ਦੀ ਗੱਲ ਕਈ ਉਨ੍ਹਾਂ ਥਾਵਾਂ 'ਤੇ ਵੀ ਪਹੁੰਚੀ ਹੈ ਤੇ ਪਹੁੰਚੇਗੀ ਜਿੱਥੇ ਇਸ ਦਾ ਪਹਿਲਾ ਕੋਈ ਮੌਕਾ ਨਹੀਂ ਸੀ। ਇਨਾਮ ਵਾਲੇ ਦਿਨ ਵੈਨਕੂਵਰ ਸ਼ਹਿਰ ਦੇ ਮੇਅਰ ਵਲੋਂ ਉਸ ਦਿਨ ਨੂੰ ਪੰਜਾਬੀ ਸਾਹਿਤ ਦਿਨ (ਪੰਜਾਬੀ ਲਿਟਰੇਚਰ ਡੇਅ) ਐਲਾਨਿਆ ਗਿਆ। ਇਹ ਆਪਣੇ ਆਪ ਵਿਚ ਬੇਹੱਦ ਮਹੱਤਵਪੂਰਨ ਸੰਕੇਤ ਹੈ, ਉਸ ਸ਼ਹਿਰ ਵਲੋਂ ਜਿੱਥੋਂ ਸੌ ਸਾਲ ਪਹਿਲਾਂ ਕਾਮਗਾਟਾ ਮਾਰੂ ਨੂੰ ਬੇਰਿਹਮੀ ਨਾਲ ਮੋੜਿਆ ਗਿਆ ਸੀ। ਇਸ ਇਨਾਮ ਨਾਲ ਪੰਜਾਬੀ ਲੇਖਕਾਂ ਨੂੰ ਤਾਂ ਆਪਣੀ ਲਿਖਤ ਵੱਲ ਹੋਰ ਸੰਜੀਦਾ ਹੋਣ ਲਈ ਉਤਸ਼ਾਹ ਮਿਲੇਗਾ ਹੀ, ਇਸ ਨਾਲ ਆਸੇ ਪਾਸੇ ਹੋਈ ਤੇ ਹੋਣ ਵਾਲੀ ਚਰਚਾ ਨਾਲ ਪੰਜਾਬੀ ਸਾਹਿਤ ਬਹੁਤ ਸਾਰੇ ਉਨ੍ਹਾਂ ਲੋਕਾਂ ਦੇ ਧਿਆਨ ਵਿਚ ਵੀ ਆਵੇਗਾ ਜੋ ਇਸ ਨੂੰ ਹੁਣ ਤੱਕ ਨਿਗੂਣੀ ਗੱਲ ਸਮਝ ਕੇ ਅੱਖੋਂ ਪਰੋਖੇ ਕਰਦੇ ਰਹੇ ਹਨ। ਪਰ ਕੀ ਇਸ ਇਨਾਮ ਨਾਲ ਕੋਈ ਵੱਡੀ ਤਬਦੀਲੀ ਵਾਪਰਨ ਦੇ ਵੀ ਮੌਕੇ ਪੈਦਾ ਹੋਏ ਹਨ? ਪੈਸੇ ਪੱਖੋਂ ਇਸ ਅਮੀਰ ਪੰਜਾਬੀ ਪਰਿਵਾਰ ਦੇ ਇਸ ਕਦਮ ਦੇ ਦੇਖਾ ਰੇਖੀ ਸੰਭਵ ਹੈ ਕਿ ਇਸੇ ਸਥਿਤੀ ਵਿਚਲੇ ਦੂਜੇ ਪੰਜਾਬੀ ਵੀ, ਜਿੱਥੇ ਕਿਤੇ ਵੀ ਉਹ ਵਸਦੇ ਹੋਣ, ਪੰਜਾਬੀ ਦੇ ਵਿਕਾਸ ਲਈ ਇਸ ਕਿਸਮ ਦੇ ਕਦਮ ਚੁਕਣੇ ਸ਼ੁਰੂ ਕਰ ਦੇਣ। ਭਾਵੇਂ ਇਸ ਗੱਲ ਦੀ ਉਮੀਦ ਤਾਂ ਬਹੁਤੀ ਜ਼ਿਆਦਾ ਨਹੀਂ ਪਰ ਇਸ ਸੰਭਾਵਨਾ ਤੋਂ ਇਨਕਾਰ ਵੀ ਨਹੀਂ ਕੀਤਾ ਜਾ ਸਕਦਾ। ਅਜੋਕੇ ਸਮੇਂ ਪੰਜਾਬੀ ਬੋਲੀ ਨੂੰ ਮਿਲੀ ਇਸ ਕਿਸਮ ਦੀ ਇਮਦਾਦ ਕਾਫੀ ਸਾਰਿਥਕ ਸਿੱਧ ਹੋ ਸਕਦੀ ਹੈ ਤੇ ਨਿਰਸੰਦੇਹ ਪੰਜਾਬੀ ਦੀ ਹੋਂਦ ਕਾਇਮ ਰੱਖਣ ਵਿਚ ਸਹਾਈ ਹੋ ਸਕਦੀ ਹੈ। ਪਰ ਇਸ ਚਮਤਕਾਰ ਨਾਲ ਵੀ ਪੰਜਾਬੀ ਨੂੰ ਪਿਆ ਉਹ ਖੱਪਾ ਨਹੀਂ ਭਰੇਗਾ ਜਿਸ ਦਾ ਜ਼ਿਕਰ ਡੇੜ ਦਹਾਕਾ ਪਹਿਲਾਂ ਗੁਰਬਚਨ ਨੇ ਕੀਤਾ ਸੀ। ਉਸ ਅਨੁਸਾਰ ਪੰਜਾਬੀ ਸਮਾਜ ਅੰਦਰ ਪਈਆਂ ਅਨੇਕਾਂ ਵੰਡੀਆਂ ਪੰਜਾਬੀ ਬੋਲੀ ਦੇ ਵਿਕਾਸ 'ਤੇ ਅਸਰ ਪਾਉਂਦੀਆਂ ਹਨ ਤੇ ਨਤੀਜੇ ਵਜੋਂ ਪੰਜਾਬੀ ਬੋਲੀ ਤੇ ਸਾਹਿਤ ਨਾਲ ਜੁੜੇ ਮਸਲਿਆਂ ਨਾਲ ਸਾਰੇ ਪੰਜਾਬੀਆਂ ਦੀ ਇਕੋ ਜਿਹੀ ਨੇੜਤਾ ਨਹੀਂ।[174] ਇਸ ਡੂੰਘੇ ਸੰਕਟ ਵਿੱਚੋਂ ਕੱਢਣ ਲਈ ਪੰਜਾਬ ਵਿਚਲੇ ਵਿਦਿਅਕ ਢਾਂਚੇ ਵਿਚ ਵੱਡੀਆਂ ਤਬਦੀਲੀਆਂ ਦੀ ਲੋੜ ਹੈ।

---

174 ਭਾਸ਼ਾ/ਕਲਚਰ ਦੇ ਪ੍ਰਸੰਗ ਵਿਚ ਪੰਜਾਬੀ ਜਾਤੀ ਵਿਭਾਜਨ ਦਾ ਸ਼ਿਕਾਰ ਹੋਣ ਕਰਕੇ ਪੰਜਾਬੀ ਸਾਹਿਤਕ ਅਮਲ ਵਿਚ ਸਮੂਹ ਜਾਤੀ ਦੀ ਸ਼ਮੂਲੀਅਤ ਨਹੀਂ। ਜਿਹੜੇ ਲੇਖਕ ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚ ਪੰਜਾਬੀ ਸਾਹਿਤਕਾਰੀ ਵੱਲ ਪਰਤੇ, ਜਿਵੇਂ ਭਾਈ ਵੀਰ ਸਿੰਘ, ਭਾਈ ਜੋਧ ਸਿੰਘ, ਪੂਰਨ ਸਿੰਘ, ਮੋਹਨ ਸਿੰਘ, ਗੁਰਬਖਸ਼ ਸਿੰਘ, ਤੇਜਾ ਸਿੰਘ, ਕਰਤਾਰ ਸਿੰਘ ਦੁੱਗਲ, ਅੰਮ੍ਰਿਤਾ ਪ੍ਰੀਤਮ, ਮਹਿੰਦਰ ਸਿੰਘ ਸਰਨਾ, ਆਦਿ। ਉਹ ਪੜ੍ਹੀ ਲਿਖੀ ਸ਼ਹਿਰੀ ਪਿਛੋਕੜ ਵਾਲੀ ਜਮਾਤ 'ਚੋਂ ਤੇ ਸਾਰੇ ਦੇ ਸਾਰੇ ਸਿੱਖ ਜਾਤੀ 'ਚੋਂ ਸਨ। ਸਮੇਂ ਦੇ ਬੀਤਣ ਨਾਲ ਇਹ ਜਮਾਤ ਪੰਜਾਬੀ ਸਾਹਿਤ ਸੰਸਾਰ 'ਚੋਂ ਲਗਭਗ ਗਾਇਬ ਹੋ ਚੁੱਕੀ ਹੈ। ਜਿਸ ਦਾ ਮਤਲਬ ਇਹ ਹੈ ਕਿ ਇਹ ਜਮਾਤ ਤਾਕਤੀ ਪੌੜ੍ਹਾਂ 'ਤੇ ਚੜ੍ਹਦੀ ਆਪਣੀ ਭੋਇੰ/ਕਲਚਰ ਤੇ ਦੇਸ-ਕੌਮ ਦੀ ਤਕਦੀਰ ਤੋਂ ਖਾਰਜ ਹੋ ਕੇ ਨਵੀਂਆਂ ਦਿਸ਼ਾਵਾਂ ਵਿਚ ਮਸਰੂਫ ਹੋ ਚੁੱਕੀ ਹੈ। - ਲਕੀਰ, ਅਪ੍ਰੈਲ-ਮਈ-ਜੂਨ 2000, ਸਫਾ ਇਕ।

9.2

ਪੰਜਾਬੀ ਦੀ ਕਨੇਡਾ ਵਿਚਲੀ ਸਥਿਤੀ ਬਾਰੇ

ਪੰਜਾਬੀ ਭਾਸ਼ਾ ਦੇ ਵਿਕਾਸ ਨਾਲ ਸਬੰਧਤ ਹਰ ਕਿਸਮ ਦੇ ਨਾਂ-ਪੱਖੀ ਤੱਥਾਂ ਤੇ ਪੰਜਾਬੀਆਂ ਦੇ ਆਪਣੀ ਬੋਲੀ ਨਾਲ ਵਿਗਾੜ ਵਾਲੇ ਰਿਸ਼ਤੇ ਦੇ ਬਾਵਜੂਦ ਪੰਜਾਬੀ ਕੁਝ ਹੱਦ ਤੱਕ ਵਿਕਾਸ ਕਰ ਰਹੀ ਹੈ, ਘੱਟੋ ਘੱਟ ਇਹ ਗੱਲ ਵੈਨਕੂਵਰ ਬੀ ਸੀ ਦੇ ਸਬੰਧ ਵਿਚ ਵਿਸ਼ੇਸ਼ ਕਰਕੇ ਤੇ ਕਨੇਡਾ ਦੇ ਸਬੰਧ ਵਿਚ ਆਮ ਕਰਕੇ ਕਹੀ ਜਾ ਸਕਦੀ ਹੈ।

ਜਿਸ ਤਰ੍ਹਾਂ ਜੋਸ਼ੂਆ ਫਿਸ਼ਮੈਨ[175] ਦੇ ਹਵਾਲੇ ਨਾਲ ਪਹਿਲਾਂ ਇਕ ਜਗ੍ਹਾ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਨਵੇਂ ਥਾਂ ਜਾ ਕੇ ਤੀਜੀ ਪੀੜ੍ਹੀ ਤੱਕ ਭਾਸ਼ਾ ਆਪਣੀ ਹੋਂਦ ਗਵਾ ਦਿੰਦੀ ਹੈ। ਪਰ ਤਕਨੀਕੀ ਵਿਕਾਸ ਨੇ ਹੁਣ ਬਹੁਤ ਕੁਝ ਬਦਲ ਦਿੱਤਾ ਹੈ। ਹੁਣ ਜੀਵਨ ਵਿਚ ਭੁਗੋਲਿਕ ਦੂਰੀਆਂ ਆਪਣੀ ਪਹਿਲੀ ਥਾਂ ਗੁਆ ਚੁੱਕੀਆਂ ਹਨ। ਇਸ ਕਰਕੇ ਇਹ ਪਹਿਲਾਂ ਵਾਲੀ ਗੱਲ ਦੀ ਹੁਣ ਸੰਭਾਵਨਾ ਨਹੀਂ ਰਹੀ। ਪਰ ਕੀ ਇਹ ਮੰਨਿਆਂ ਜਾ ਸਕਦਾ ਹੈ ਕਿ ਹੁਣ ਕਨੇਡਾ ਵਿਚ ਪੰਜਾਬੀ ਦਾ ਭਵਿੱਖ ਪੂਰੀ ਤਰ੍ਹਾਂ ਸੁਰੱਖਿਅਤ ਹੈ? ਇਸ ਸਬੰਧੀ ਲੋਕਾਂ ਦੇ ਵੱਖਰੇ ਵੱਖਰੇ ਵਿਚਾਰ ਹਨ। ਜਿੱਥੇ ਬਾਹਰ ਵਸਦੇ ਕੁਝ ਲੋਕ ਆਪੋ ਆਪਣੀ ਸਮਰੱਥਾ ਅਨੁਸਾਰ ਕੋਸ਼ਿਸ਼ਾਂ ਕਰ ਰਹੇ ਹਨ ਉੱਥੇ ਕੁਝ ਲੋਕਾਂ ਦਾ ਵਿਚਾਰ ਹੈ ਕਿ ਇਨ੍ਹਾਂ ਕੋਸ਼ਿਸ਼ਾਂ ਦਾ ਕੋਈ ਸਾਰਿਥਕ ਸਿੱਟਾ ਨਿਕਲਣਾ ਸੰਭਵ ਨਹੀਂ ਜਾਪਦਾ। ਅਜਿਹਾ ਹੀ ਵਿਚਾਰ ਪੰਜਾਬੀ ਲੇਖਕ ਗੁਰਬਚਨ ਭੁੱਲਰ ਹੋਰਾਂ ਪਰਗਟ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ "ਕਿਸੇ ਵੀ ਬਿਗਾਨੇ ਦੇਸ਼ ਵਿੱਚ ਪੰਜਾਬੀ ਦਾ ਜੀਵਤ ਰਹਿਣਾ ਸੰਭਵ ਨਹੀਂ।"[176] ਇਨਸਾਨ ਇਸ ਵੇਲੇ ਅਜਿਹੇ ਸਮੇਂ ਵਿਚ ਵਿਚਰ ਰਿਹਾ ਹੈ ਕਿ ਅਨੇਕਾਂ ਕਾਰਨਾਂ ਵੱਸ (ਵਾਤਾਵਰਨ ਦੀ ਤਬਦੀਲੀ ਦਾ ਖਤਰਾ ਸਿਰਫ ਇਕ ਉਦਾਹਰਨ ਹੈ) ਆਉਣ ਵਾਲੇ ਸਮੇਂ ਬਾਰੇ ਕੁਝ ਵੀ ਨਹੀਂ ਕਿਹਾ ਜਾ ਸਕਦਾ ਕਿ ਕੀ ਵਾਪਰੇਗਾ। ਪਰ ਕੀ ਇਸ ਕਾਰਨ ਇਨਸਾਨ ਅਜੋਕੇ ਸਮੇਂ ਜੀਣਾ ਛੱਡ ਦੇਵੇ ਤੇ ਆਪਣੇ ਆਉਣ ਵਾਲੇ ਅੰਤ ਦੀ ਉਡੀਕ ਵਿਚ ਹੱਥ 'ਤੇ ਹੱਥ ਧਰ ਕੇ ਬੈਠ ਜਾਵੇ? ਇਸ ਦਾ ਜਵਾਬ ਹੋਵੇਗਾ ਕਿ ਨਹੀਂ। ਮੌਤ ਤੋਂ ਪਹਿਲਾਂ ਮਰਨ ਵਿਚ ਕੋਈ ਤੁੱਕ ਨਹੀਂ। ਮੇਰੇ ਖਿਆਲ ਵਿਚ ਸਾਨੂੰ ਗੀਤਾ ਤੋਂ ਸੇਧ ਲੈ ਕੇ ਪੰਜਾਬੀ ਬੋਲੀ ਦੇ ਕਨੇਡਾ ਵਿਚ ਵਿਕਾਸ ਹਿੱਤ ਆਪਣੀਆਂ ਸੁਹਿਰਦ ਕੋਸ਼ਿਸ਼ਾਂ ਕਰਦੇ ਰਹਿਣਾ ਚਾਹੀਦਾ ਹੈ। ਨਤੀਜਿਆਂ ਬਾਰੇ ਫਿਕਰ ਸਿਰਫ ਇਸ ਸੰਦਰਭ ਵਿਚ ਹੀ ਕਰਨਾ ਚਾਹੀਦਾ ਹੈ ਕਿ ਅਸੀਂ ਆਪਣੀਆਂ ਕੋਸ਼ਿਸ਼ਾਂ ਨੂੰ ਸਹੀ ਦਿਸ਼ਾ ਵਿਚ ਰੱਖੀਏ।

---

175 Joshua Fishman, Language and Ethnicity, Multilingual Matters, 1989.

176 'ਪਰਦੇਸਾਂ 'ਚ ਪੰਜਾਬੀ ਮਾਂ ਬੋਲੀ ਦੀ ਚੜ੍ਹਤ ਦਾ ਰੋਲ-ਘਚੋਲ', ਗੁਰਬਚਨ ਸਿੰਘ ਭੁੱਲਰ, ਪੰਜਾਬੀ ਜੌਰਨਲ ਅਕਤੂਬਰ 24, 2014, ਸਫਾ 6

ਪੰਜਾਬੀ ਸੋਮੇ

ਆਲੋਚਨਾ: ਪੰਜਾਬੀ ਭਾਸ਼ਾ ਵਿਸ਼ੇਸ਼ ਅੰਕ: (ਪੰਜਾਬੀ ਭਾਸ਼ਾਦਾ ਭਵਿੱਖ, ਤੌਖਲੇ, ਆਸਾਂ ਅਤੇ ਯੋਜਨਾਵਾਂ) ਮੁੱਖ ਸੰਪਾਦਕ ਪ੍ਰੋ: ਰਵਿੰਦਰ ਭੱਠਲ ਪੰਜਾਬੀ ਸਾਹਿਤ ਅਕਾਦਮੀ, ਪੰਜਾਬੀ ਭਵਨ ਲੁਧਿਆਣਾ, ਜਨਵਰੀ-ਮਾਰਚ 2003.

ਆਲੋਚਨਾ: ਪੰਜਾਬੀ ਭਾਸ਼ਾ ਵਿਸ਼ੇਸ਼ ਅੰਕ, ਮੁੱਖ ਸੰਪਾਦਕ ਡਾ: ਸੁਖਦੇਵ ਸਿੰਘ, ਪੰਜਾਬੀ ਸਾਹਿਤ ਅਕਾਦਮੀ, ਪੰਜਾਬੀ ਭਵਨ ਲੁਧਿਆਣਾ, ਅਪ੍ਰੈਲ-ਸਤੰਬਰ 2008.

ਸੰਘਾ, ਸੁਖਵਿੰਦਰ ਸਿੰਘ, *'ਭਾਸ਼ਾਈ ਸੰਕਟ ਅਤੇ ਪੰਜਾਬੀ ਭਾਸ਼ਾ'*, ਆਲੋਚਨਾ: ਪੰਜਾਬੀ ਭਾਸ਼ਾ ਵਿਸ਼ੇਸ਼ ਅੰਕ, ਮੁੱਖ ਸੰਪਾਦਕ ਡਾ: ਸੁਖਦੇਵ ਸਿੰਘ, ਪੰਜਾਬੀ ਸਾਹਿਤ ਅਕਾਦਮੀ, ਪੰਜਾਬੀ ਭਵਨ ਲੁਧਿਆਣਾ, ਅਪ੍ਰੈਲ-ਸਤੰਬਰ 2008. ਸਫਾ 54-62.

ਸਿੰਘ, ਸਰਬਜੀਤ, *'ਪੰਜਾਬੀ ਭਾਸ਼ਾ: ਵਰਤਮਾਨ ਅਤੇ ਭਵਿੱਖ'*, ਅਲੋਚਨਾ, ਪੰਜਾਬੀ ਭਾਸ਼ਾ ਵਿਸ਼ੇਸ਼ ਅੰਕ, ਅਪ੍ਰੈਲ-ਸਤੰਬਰ 2008, ਸਫਾ 107-122.

ਸਿੰਘ, ਸਾਧੂ ਡਾ:, *ਪੰਜਾਬੀ ਬੋਲੀ ਦੀ ਵਿਰਾਸਤ,* ਚੇਤਨਾ ਪ੍ਰਕਾਸ਼ਨ, ਲੁਧਿਆਣਾ, 2010

ਸਿੰਘ, ਪ੍ਰੇਮ ਪ੍ਰਕਾਸ਼, *ਪੰਜਾਬੀ ਭਾਸ਼ਾ ਲਈ ਕਿਹੜੀ ਲਿਪੀ ਢੁਕਵੀਂ ਹੈ?,* ਵਤਨ, ਅਪ੍ਰੈਲ-ਮਈ-ਜੂਨ 1993, ਸਫਾ 35-38

ਸਿੰਘ, ਪ੍ਰੇਮ ਪ੍ਰਕਾਸ਼, *ਸਵਾਲ ਲਿਪੀ ਦਾ ਇਕ ਪ੍ਰਤੀਉੱਤਰ,* ਵਤਨ, ਜਨਵਰੀ/ਫਰਵਰੀ/ਮਾਰਚ 1994, ਸਫਾ 9-18

ਸਿੱਧੂ, ਗੁਰਮੇਲ ਡਾ: *'ਪੰਜਾਬੀ ਬੋਲੀ ਅਤੇ ਸੱਭਿਆਚਾਰ ਨੂੰ ਕਿਵੇਂ ਬਚਾਇਆ ਜਾਵੇ'* - ਇੰਡੋ-ਕਨੇਡੀਅਨ ਟਾਇਮਜ਼ ਇੰਟਰਨੈਸ਼ਨਲ, ਅਪ੍ਰੈਲ 2-8, 2009.

ਸੂਫੀ, ਅਮਰਜੀਤ, *'ਕੈਨੇਡਾ ਵਿੱਚ ਪੰਜਾਬੀ ਪੱਤਰਕਾਰੀ, ਕੈਨੇਡੀਅਨ ਪੰਜਾਬੀ ਸਾਹਿਤ ਅਤੇ ਸੱਭਿਆਚਾਰ'*, ਥਰਡ ਆਈ ਪਬਲੀਕੇਸ਼ਨਜ਼, ਲੰਡਨ, ਓਨਟੈਰੀਓ, 1990, ਸਫਾ 47-90.

ਸੂਮਲ, ਮੁਹਿੰਦਰ *'ਖੱਟਣ ਗਏ ਪ੍ਰਦੇਸ'* (1985)।

ਹੁੰਦਲ, ਸੁਖਵੰਤ, *'ਦੁਨੀਆ ਵਿੱਚ ਅੰਗ੍ਰੇਜ਼ੀ ਦਾ ਗਲਬਾ'*,

ਹੁੰਦਲ, ਸੁਖਵੰਤ ਅਤੇ ਬਿਨਿੰਗ, ਸਾਧੂ, *'ਭਾਰਤੀਆਂ ਨੇ ਕਨੇਡਾ ਵਿੱਚ ਵੋਟ ਦਾ ਹੱਕ ਕਿਸ ਤਰ੍ਹਾਂ ਲਿਆ'*, ਸੱਥ ਪਬਲੀਕੇਸ਼ਨਜ਼, ਵੈਨਕੂਵਰ ਬੀ ਸੀ, 1997

ਹੁੰਦਲ, ਸੁਖਵੰਤ, *ਕੈਨੇਡਾ ਵਿੱਚ ਪੰਜਾਬੀ ਰੰਗਮੰਚ: ਇਕ ਸਰਵੇਖਣ,* ਵਤਨ, ਕੈਨੇਡੀਅਨ ਪੰਜਾਬੀ ਰੰਗਮੰਚ ਵਿਸ਼ੇਸ਼ ਅੰਕ, ਜੁਲਾਈ-ਸਤੰਬਰ 1991.

ਕਵੈਂਟਰੀ, ਅਜਮੇਰ, *ਬੋਲੀ ਅਤੇ ਮਾਂ ਬੋਲੀ,* ਪੰਜਾਬੀ ਸੱਥ, ਪੰਜ ਨਦ ਪ੍ਰਕਾਸ਼ਨ, ਲਾਂਬੜਾ ਜਲੰਧਰ, 2003

ਕੈਲੇ, ਸੁਰਿੰਦਰ. ਸੰਪਾਦਕ *ਅਣੂ*

ਗਿੱਲ, ਦਰਸ਼ਨ ਡਾ:, ਸੰਪਾਦਕ, *ਪੰਜਾਬੀ ਭਾਸ਼ਾ: ਕੌਮਾਂਤਰੀ ਪਰਿਪੇਖ,* ਚੇਤਨਾ ਪ੍ਰਕਾਸ਼ਨ, 2005.

ਗੁਰਬਚਨ, *ਸੰਸਾਰੀਕਰਨ ਤੇ ਪੰਜਾਬੀ ਭਾਸ਼ਾ,* ਲਕੀਰ, ਅਪ੍ਰੈਲ-ਜੂਨ 2000

ਚੰਦਨ, ਸਵਰਨ, *ਬਰਤਾਨੀਆ ਵਿਚ ਪੰਜਾਬੀ ਬੱਚਿਆਂ ਦੀ ਮਾਤ-ਭਾਸ਼ਾ,* ਬਰਤਾਨੀਆ ਵਿਚ ਪੰਜਾਬੀ ਭਾਸ਼ਾ, ਸੰਪਾਦਕ ਦਰਸ਼ਨ ਸਿੰਘ ਤਾਤਲਾ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1996, ਸਫਾ, 259-261.

ਜਗਤਾਰ, ਜਗੀਰ ਸਿੰਘ, ਸੰਪਾਦਕ, *ਪੰਜਾਬੀ ਭਾਸ਼ਾ: ਅਜੋਕੀ ਸਥਿਤੀ 'ਤੇ ਇਕ ਝਾਤ,* ਰਵੀ ਸਾਹਿੱਤ ਪ੍ਰਕਾਸ਼ਨ, ਹਾਲ ਬਾਜ਼ਾਰ, ਅੰਮ੍ਰਿਤਸਰ, 1979.

ਜ਼ੀਰਵੀ, ਸੁਰਜਨ *'ਸਵਾਲ ਲਿਪੀ ਦਾ',* ਵਤਨ, ਜਨਵਰੀ/ਫਰਵਰੀ/ਮਾਰਚ 1993, ਸਫਾ 15.

ਢੇਸੀ, ਹਰਦੇਵ ਸਿੰਘ, *ਬਰਤਾਨਵੀ ਪੰਜਾਬੀਆਂ ਦੀ ਪੰਜਾਬੀ ਦਾ ਸਵਾਲ,* ਬਰਤਾਨੀਆ ਵਿਚ ਪੰਜਾਬੀ ਭਾਸ਼ਾ, ਸੰਪਾਦਕ ਦਰਸ਼ਨ ਸਿੰਘ ਤਾਤਲਾ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1996, ਸਫਾ, 270-279.

ਤਾਤਲਾ, ਦਰਸ਼ਨ ਸਿੰਘ, *ਦੂਜੀ ਪੀੜ੍ਹੀ ਦੀ ਮਾਂ-ਬੋਲੀ: ਕੁਝ ਨਿਰਣੇ,* ਬਰਤਾਨੀਆ ਵਿਚ ਪੰਜਾਬੀ ਭਾਸ਼ਾ, ਸੰਪਾਦਕ ਦਰਸ਼ਨ ਸਿੰਘ ਤਾਤਲਾ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1996. 280-286.

ਧਾਮੀ, ਸਾਧੂ ਸਿੰਘ, *ਮਲੂਕਾ,* ਅਨੁਵਾਦ: ਸਾਧੂ ਬਿਨਿੰਗ, ਸੁਖਵੰਤ ਹੁੰਦਲ ਤੇ ਗੁਰਮੇਲ ਰਾਏ, ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ, ਅੰਮਿਰਤਸਰ, 1988. ਸਫਾ 35. (ਇਸ ਨਾਵਲ ਦਾ ਦੂਜਾ ਹਿੱਸਾ ਡਾਕਟਰ ਸਾਧੂ ਸਿੰਘ ਨੇ ਅਨੁਵਾਦ ਕੀਤਾ ਸੀ।)

ਨੂਰ, ਨਿਰੰਜਣ ਸਿੰਘ, *ਬਰਤਾਨੀਆਂ ਵਿਚ ਮਾਂ-ਬੋਲੀ ਦੀ ਕਦਰ ਤੇ ਸੰਭਾਲ,* ਬਰਤਾਨੀਆ ਵਿਚ ਪੰਜਾਬੀ ਭਾਸ਼ਾ, ਸੰਪਾਦਕ ਦਰਸ਼ਨ ਸਿੰਘ ਤਾਤਲਾ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1996, ਸਫਾ, 84-98.

ਪੂੰਨੀ, ਸੋਹਣ ਸਿੰਘ, *ਕਨੇਡਾ ਦੇ ਗਦਰੀ ਯੋਧੇ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2009

ਪੂੰਨੀ, ਸੋਹਣ ਸਿੰਘ, *'ਕਨੇਡਾ ਦੀ ਹਿੰਦੁਸਤਾਨੀ ਕਮਿਊਨਿਟੀ ਵਿੱਚ ਅਗਾਂਹਵਧੂ ਸਿਆਸੀ ਚੇਤਨਤਾ ਪੈਦਾ ਕਰਨ ਵਿੱਚ ਸੋਸ਼ਿਲਸਟਾਂ ਦਾ ਰੋਲ', 'ਸੰਘਰਸ਼ ਦੇ ਸੌ ਵਰ੍ਹੇ: ਕਨੇਡਾ ਵਿੱਚ ਪ੍ਰਗਤੀਸ਼ੀਲ ਲਹਿਰ',* ਬਿਨਿੰਗ, ਸਾਧੂ ਅਤੇ ਹੁੰਦਲ, ਸੁਖਵੰਤ, ਚੇਤਨਾ ਪ੍ਰਕਾਸ਼ਨ, 2000।

ਬਿਨਿੰਗ, ਸਾਧੂ ਅਤੇ ਹੁੰਦਲ, ਸੁਖਵੰਤ, *'ਸੰਘਰਸ਼ ਦੇ ਸੌ ਵਰ੍ਹੇ: ਕਨੇਡਾ ਵਿੱਚ ਪ੍ਰਗਤੀਸ਼ੀਲ ਲਹਿਰ',* ਚੇਤਨਾ ਪ੍ਰਕਾਸ਼ਨ, 2000.

ਬਿਨਿੰਗ, ਸਾਧੂ, *ਕੈਨੇਡਾ ਦੀ 2011 ਦੀ ਮਰਦਮਸ਼ੁਮਾਰੀ ਤੇ ਪੰਜਾਬੀ ਬੋਲੀ,* ਨਵਾਂ ਜ਼ਮਾਨਾ, ਐਤਵਾਰ 18 ਨਵੰਬਰ, 2011. ਸਫਾ 2

ਬਿਨਿੰਗ, ਸਾਧੂ ਅਤੇ ਹੁੰਦਲ, ਸੁਖਵੰਤ, ਸੰਪਾਦਕ *ਪੰਜਾਬੀ ਲੇਖਕ ਮੰਚ: ਸਿਰਜਣਾ ਦੇ 25 ਵਰ੍ਹੇ,* ਵੈਨਕੂਵਰ, 1999.

ਭਾਰਦਵਾਜ, ਮਾਂਗਤ ਰਾਏ, *ਲਿਪੀ ਦਾ ਸਵਾਲ: ਸ਼ਾਵਨਵਾਦ ਜਾਂ ਵਿਗਿਆਨ,* ਵਤਨ, ਜੁਲਾਈ/ਅਗਸਤ/ਸਤੰਬਰ 1993, ਸਫਾ 15-18

ਭਾਰਦਵਾਜ, ਮਾਂਗਤ ਰਾਏ ਅਤੇ ਸਿੰਘ ਨਰਿੰਦਰ, *ਬਰਤਾਨੀਆਂ ਵਿਚ ਪੰਜਾਬੀ ਬੋਲੀ ਦੀ ਸੰਭਾਲ, ਸਮੱਸਿਆਵਾਂ ਤੇ ਚੁਣੌਤੀਆਂ,* ਬਰਤਾਨੀਆ ਵਿਚ ਪੰਜਾਬੀ ਭਾਸ਼ਾ, ਸੰਪਾਦਕ ਦਰਸ਼ਨ ਸਿੰਘ ਤਾਤਲਾ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1996, ਸਫਾ, 57-67.

ਮਕਸੂਦਪੁਰੀ, ਹਰਬਖਸ਼, *ਬਰਤਾਨੀਆਂ ਦੇ ਪੰਜਾਬੀਆਂ ਦੀ ਮਾਂ-ਬੋਲੀ,* ਬਰਤਾਨੀਆ ਵਿਚ ਪੰਜਾਬੀ ਭਾਸ਼ਾ, ਸੰਪਾਦਕ ਦਰਸ਼ਨ ਸਿੰਘ ਤਾਤਲਾ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1996, ਸਫਾ, 262-269.

ਮੋਮੀ, ਬਲਬੀਰ ਸਿੰਘ, *ਕਨੇਡਾ ਵਿਚ ਪੰਜਾਬੀ ਭਾਸ਼ਾ ਦਾ ਭਵਿੱਖ,* ਕਨੇਡੀਅਨ ਪੰਜਾਬੀ ਸਾਹਿਤ ਅਤੇ ਸੱਭਿਆਚਾਰ, ਥਰਡ ਆਈ ਪ੍ਰਕਾਸ਼ਨ, ਲੰਡਨ, ਓਨਟੈਰੀਓ, 1990.

ਰੋਡੇ, ਅਜਮੇਰ, *ਆਪਣੇ ਲੋਕ,* ਵਤਨ, ਅਕਤੂਬਰ/ਨਵੰਬਰ/ਦਸੰਬਰ 1989.

ਰਾਮੂਵਾਲੀਆ, ਇਕਬਾਲ, *ਕੈਨਡਾ ਦਾ ਬਦਲ ਰਿਹਾ ਮੁਹਾਂਦਰਾ*, ਖਬਰਨਾਮਾ

ਵੈਦਿਕ, ਡਾਕਟਰ ਵੇਦ ਪ੍ਰਤਾਪ, *'ਅੰਗ੍ਰੇਜ਼ੀ ਦੀ ਚੱਕੀ 'ਚ ਪਿਸ ਰਹੇ ਭਾਰਤੀ ਬੱਚੇ'*, ਡਾਕਟਰ ਵੇਦ ਪ੍ਰਤਾਪ ਵੈਦਿਕ। ਹਮਦਰਦ ਵੀਕਲੀ, ਵੈਨਕੂਵਰ ਐਡੀਸ਼ਨ, ਮਈ 29, 2009, ਸਫਾ 4.

ENGLISH RESOURCES:

Ada, Alma Flor. *Linguistic Human Rights and Education*. almaflorada.com

Ashworth, Mary. *Blessed with Bilingual Brains: Education of Immigrant Children with English as a Second Language.* Pacific Educational Press, UBC, Vancouver, 1988.

Beardsmore, Hugo Baetens. *An Overview of European Models of Bilingual Education*, in Towards Global Multilingualism, ed. by Rosemary Khoo, Ursula Kreher and Ruth Wong. Cleveland. 1994. pp 1-12

Binning, Sadhu, *Letter to the Editor,* Vancouver Sun, Monday, April 18, 1994. p A13.

Chair in Sikh Studies, published by Federation of Sikh Societies of Canada, 1985.

Chumak-Horbatsch, Roma. *The Ukrainian Language in Canada*, in Heritage Language and Education: The Canadian Experience. Ed. by Marcel Danesi, Keith McLeod and Sonia Morris.Mosain Press, Oakville, 1993. pp. 93-105.

Cummins, Jim. *Bilingualism and Minority-Language Children*, The Ontario Institute for Studies in Education, Toronto, 1981.

Cummins, Jim and Danesi, Marcel. Hertiage Languages: *The development and denial of Canada's linguistic resources.* Our Schools/Our Selves Education Foundation, Toronto, 1990.

Danesi, Marcel, McLeod, Keith and Morris, Sonia (editors). *Heritage Language and Education: The Canadian Experience.* Mosaic Pr. June 1993.

Danesi, Marcel *Revisiting the Research Findings on Heritage Language Learning: Three Interpretive Frames,* 1991 The Canadian Modern Language Review, 47,4 June.

Dhami, Sadhu Singh. *Maluka,* a novel. Arnold-Heinemann, New Delhi, 1978.

Fishman, Joshua. *Language and Ethnicity*, Multilingual Matters, 1989.

Ghuman, P.A. Singh. *Asian Teachers in British Schools.* Multilingual Matters, 1995.

Language Policy and Education in Canada Volume 1: Language Policy and Political Issues in Education .Barbara Burnaby. Memorial University of Newfoundland

Language Education in B C Schools: Policy and Guidelines. British Columbia, Ministry of Education, Skills and Training

Oberoi, Harjot. *The Construction of Religious Boundaries: Culture, Identity, and Diversity in the Sikh Tradition,* University of Chicago Press, 1994.

Philipson, Robert. *Lingucism: Structure and Ideologies in Linguistic Imperialism. in Multiligualism and the Education of Minority Children*, in Minority Education: From Shame to Struggle, ed. by T. Skutnabb-Kangas and J. Cummins, Multilingual Matters Ltd. Clevedon, 1988.

Ramaswamy, Sumathi. *Passions of the Tongue: Language Development in Tamil India,* 1891-1971. University of California Press, 1997.

Research Connections Canada features research and development projects in support of children and families. Published by the Canadian Child Care Federation. 2005. p. 9

Reyhner, Jon. *"Linguicism in America",* Northern Arizona University, - http://jan.ucc.nau.edu/~jar/LIA.html

Singh, Atamjit. *The Language Divide in Punjab,* South Asian Graduate Research Journal, Volume 4, No. 1, Spring 1997

Singh, Attar. *Secularization of Modern Punjabi Poetry,* Chandigarh, Punjab Prakashan, 1988. Quoted in Atamjit, The Language Divide in Punjab, South Asian Graduate Research Journal, Volume 4, No. 1, Spring 1997

Singh, Gurbachan. *Language, Race and Education.* Jason and Company. 1988.

Skutnabb-Kangas, Tove and Cummins, Jim, *Minority Education: From Shame to Struggle,* Multilingual Matters Ltd. Clevedon, 1988.

Skutnabb-Kangas, T and Robert Phillipson. Ed. *Linguistic Human Rights: Overcoming Linguistic Discrimination*. New York 1995.

Tandon, Prakash. *Punjabi Century 1847-1947*. Harcourt, Brace and World, Inc. New York. 1961.

Vancouver Sun, *Asian Languages Made Compulsory in Austrailia*, April 28, 1994. A 12.

INTERNET RESOURCES

http://plea4punjabi.wordpress.com/

http://www.watanpunjabi.ca/

http://watanarchives.wordpress.com/

http://komagatamarujourney.ca

http://sukhwanthundal.wordpress.com/

http://sadhubinning.wordpress.com/

http://sadhubinning.blogspot.ca/

http://www.apnaorg.com/book-chapters/language/

http://www.museumofvancouver.ca/exhibitions/exhibit/bhangrame-vancouvers-bhangra-story

http://www.bced.gov.bc.ca/irp/course.php?lang=en&subject=International_Languages&course=Punjabi_5_to_12&year=1995

http://punjabipost.ca/canadian-punjabi-post/

http://www.khabarnama.com

http://www.fedcan.ca/english/fromold/publicstatementmodernlang.cfm

http://culturalpolicies.net/web/canada.php?aid=422

punjabilekhakmanch.wordpress.com

http://wp.me/P2i63h-1L

ਇੰਟਰਵਿਊ

ਸਾਧੂ ਬਿਨਿੰਗ, ਸੁਖਵੰਤ ਹੁੰਦਲ, ਡਾਕਟਰ ਹਰੀ ਸ਼ਰਮਾ ਤੇ ਮੱਖਣ ਟੁੱਟ ਵੱਲੋਂ ਦਰਸ਼ਨ ਸਿੰਘ ਕਨੇਡੀਅਨ ਨਾਲ ਉਨ੍ਹਾਂ ਦੀ ਵੈਨਕੂਵਰ ਦੀ ਆਖਰੀ ਫੇਰੀ ਦੌਰਾਨ ਮਾਰਚ 1985 ਨੂੰ ਕੀਤੀ ਇੰਟਰਵਿਊ। ਇਹ ਇੰਟਰਵਿਊ ਇੰਟਰਨੈੱਟ ਉੱਪਰ ਸੁਣੀ ਜਾ ਸਕਦੀ ਹੈ: http://komagatamarujourney.ca/node/3169



ਇਨਸਾਨ ਦੀ ਆਪਣੀ ਬੋਲੀ ਵਾਸਤੇ ਵਰਤਿਆ ਜਾਂਦਾ ਸ਼ਬਦ 'ਮਾਂ-ਬੋਲੀ' ਇਸ ਦੇ ਗੂੜ੍ਹੇ ਰਿਸ਼ਤੇ ਦਾ ਹੀ ਲਖਾਇਕ ਹੈ। ਪਰ ਹਰ ਇਨਸਾਨ ਏਨਾ ਖੁਸ਼ਕਿਸਮਤ ਨਹੀਂ ਹੁੰਦਾ ਕਿ ਉਹ ਆਪਣੀ ਮਾਂ ਦੀ ਗੋਦ ਵਿੱਚ ਹੀ ਪਲ਼ੇ। ਵੱਖਰੇ ਵੱਖਰੇ ਕਾਰਨਾਂ ਵੱਸ ਕੁਝ ਲੋਕਾਂ ਨੂੰ ਆਪਣੀ ਮਾਂ-ਬੋਲੀ ਤੋਂ ਇਲਾਵਾ ਕਿਸੇ ਦੂਜੀ ਬੋਲੀ ਦੀਆਂ ਬਾਹਾਂ ਵਿੱਚ ਪਲ਼ਣਾ ਪੈਂਦਾ ਹੈ। ਅਜਿਹੀ ਹੀ ਕੁਝ ਸਥਿਤੀ ਪੰਜਾਬ ਤੋਂ ਬਾਹਰ ਰਹਿ ਰਹੇ ਪੰਜਾਬੀਆਂ ਦੀਆਂ ਅਗਲੀਆਂ ਪੀੜ੍ਹੀਆਂ ਦੀ ਹੈ ਤੇ ਪੰਜਾਬ ਵਸਦੇ ਖਾਂਦੇ ਪੀਂਦੇ ਘਰਾਂ ਦੇ ਬੱਚਿਆਂ ਦੀ ਵੀ। ਇਹ ਸੰਭਵ ਹੈ ਕਿ ਪੰਜਾਬ ਵਿੱਚ ਅੰਗ੍ਰੇਜ਼ੀ ਸਿੱਖ ਰਹੇ ਬੱਚਿਆਂ ਵਿੱਚੋਂ ਕੁਝ ਇਕ ਨੂੰ ਆਰਥਿਕ ਪੱਖੋਂ ਫਾਇਦਾ ਹੋਵੇ ਪਰ ਜੋ ਨੁਕਸਾਨ ਉਨ੍ਹਾਂ ਦੀ ਸੱਭਿਆਚਾਰਕ ਪਛਾਣ ਗੁਆਚਣ ਨਾਲ ਉਨ੍ਹਾਂ ਦੇ ਵਿਕਅਤੀਗਤ ਵਿਕਾਸ ਦਾ ਹੋ ਰਿਹਾ ਹੈ ਉਹ ਸ਼ਾਇਦ ਕਦੇ ਵੀ ਪੂਰਾ ਨਾ ਕੀਤਾ ਜਾ ਸਕੇ। ਕਨੇਡਾ ਵਿੱਚ ਪੰਜਾਬੀ ਬੱਚਿਆਂ ਲਈ ਸਕੂਲੀ ਪੜ੍ਹਾਈ ਸਮੇਂ ਪਹਿਲੀ ਭਾਸ਼ਾ ਵਜੋਂ ਅੰਗ੍ਰੇਜ਼ੀ ਸਿੱਖਣ ਦੀ ਲੋੜ ਤੋਂ ਕੋਈ ਵੀ ਮੁਨਕਰ ਨਹੀਂ ਪਰ ਦੂਜੀ ਭਾਸ਼ਾ ਵਜੋਂ ਪੰਜਾਬੀ ਸਿੱਖਣਾ ਉਨ੍ਹਾਂ ਲਈ ਹਰ ਪੱਖੋਂ ਲਾਹੇਵੰਦ ਹੈ। ਏਥੇ ਸਮੱਸਿਆ ਇਹ ਹੈ ਕਿ ਕਨੇਡਾ ਵਿੱਚ ਬਹੁਤੇ ਮਾਪੇ ਆਪਣੇ ਬੱਚਿਆਂ ਨੂੰ ਦੂਜੀ ਭਾਸ਼ਾ ਵਜੋਂ ਵੀ ਪੰਜਾਬੀ ਦੀ ਚੋਣ ਕਰਨ ਤੋਂ ਵੱਖਰੇ ਵੱਖਰੇ ਕਾਰਨਾਂ ਵੱਸ ਕੰਨੀ ਕਤਰਾਉਂਦੇ ਹਨ। ਕਿਸੇ ਵੀ ਹੋਰ ਬੋਲੀ ਬੋਲਣ ਵਾਲ਼ੇ ਚੇਤਨ ਲੋਕਾਂ ਦੀ ਤਰ੍ਹਾਂ ਪੰਜਾਬੀਆਂ ਵਿੱਚ ਵੀ ਇਸ ਬਾਰੇ ਚਿੰਤਾ ਕਰਨ ਵਾਲੇ ਲੋਕ ਹਨ ਜੋ ਸਥਿਤੀ ਨੂੰ ਕੋਈ ਸੁਖਾਵਾਂ ਮੋੜ ਦੇਣ ਬਾਰੇ ਹਰ ਵੇਲੇ ਕੁਝ ਨਾ ਕੁਝ ਕਰਨ ਦੀ ਸੋਚਦੇ ਰਹਿੰਦੇ ਹਨ। ਕਨੇਡਾ ਦੇ ਪੱਛਮੀ ਤੱਟ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਵਿੱਚ ਰਹਿੰਦੇ ਪੰਜਾਬੀ ਵੀ ਇਸ ਪਾਸੇ ਕੋਸ਼ਿਸ਼ਾਂ ਕਰਦੇ ਰਹੇ ਹਨ ਅਤੇ ਕਰ ਰਹੇ ਹਨ।